ਬੁੱਧਵਾਰ, 12 ਨਵੰਬਰ, 2025

27 ਕੱਤਕ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 162

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 12 NOVEMBER, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12







# ਬਿਹਾਰ : ਦੂਜੇ ਪੜਾਅ 'ਚ 68 ਫੀਸਦੀ ਵੋਟਿੰਗ



ਪਟਨਾ : ਬਿਹਾਰ ਵਿਧਾਨ ਸਭਾ ਚੋਣਾਂ ਦੇ ਦੂਜੇ ਤੇ ਆਖ਼ਰੀ ਗੇੜ ਤਹਿਤ 122 ਹਲਕਿਆਂ ਲਈ ਸ਼ਾਂਤੀਪੂਰਵਕ ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਸ਼ਾਮ 5 ਵਜੇ ਤੱਕ ਜਾਰੀ ਰਹੀ। ਸ਼ਾਮ ਪੰਜ ਵਜੇ ਤੱਕ 67.14 ਫੀਸਦੀ ਵੋਟਾਂ ਪਈਆਂ। ਇਸ ਗੇੜ ਵਿੱਚ ਨਿਤੀਸ਼ ਕੁਮਾਰ ਸਰਕਾਰ ਦੇ ਅੱਧੀ ਦਰਜਨ ਮੰਤਰੀਆਂ ਸਮੇਤ 1302 ਉਮੀਦਵਾਰਾਂ ਦੀ ਸਿਆਸੀ ਕਿਸਮਤ ਇਲੈਕਟਰੌਨਿਕ ਵੋਟਿੰਗ ਮਸ਼ੀਨਾਂ ਵਿਚ ਬੰਦ ਹੋ ਗਈ। ਇਸ ਤੋਂ ਪਹਿਲਾਂ ਸਵੇਰੇ 11 ਵਜੇ ਤੱਕ 31.4 ਫੀਸਦੀ ਪੋਲਿੰਗ ਦਰਜ ਕੀਤੀ ਗਈ। 3.7 ਕਰੋੜ ਵੋਟਰਾਂ ਵਿੱਚੋਂ 47.62 ਫੀਸਦੀ ਵੋਟਰਾਂ ਨੇ ਦੁਪਹਿਰ 1 ਵਜੇ ਤੱਕ ਵੋਟ ਪਾਈ। ਇਸ ਤੋਂ ਬਾਅਦ ਦੁਪਹਿਰ ਤਿੰਨ ਵਜੇ ਤਕ 60.40 ਫੀਸਦੀ ਵੋਟਾਂ ਪਈਆਂ। ਦੂਜੇ ਗੇੜ 'ਚ ਜਿਨ੍ਹਾਂ ਜ਼ਿਲ੍ਹਿਆਂ 'ਚ ਵੋਟਾਂ ਪਈਆਂ, ਉਨ੍ਹਾਂ 'ਚ ਪੱਛਮੀ ਚੰਪਾਰਨ, ਪੂਰਬੀ ਚੰਪਾਰਨ, ਸੀਤਾਮੜ੍ਹੀ, ਮਧੂਬਨੀ, ਸੁਪੌਲ, ਅਰਰੀਆ ਤੇ ਕਿਸ਼ਨਗੰਜ ਸ਼ਾਮਲ ਹਨ। ਪੂਰੇ ਸੂਬੇ 'ਚ ਵੱਡੇ ਪੱਧਰ 'ਤੇ ਸੁਰੱਖਿਆ ਦੇ ਇੰਤਜ਼ਾਮ ਕੀਤੇ ਗਏ ਹਨ। ਇਹ ਗੇੜ ਸੱਤਾ ਤੇ ਵਿਰੋਧੀ ਧਿਰ ਦੋਵਾਂ ਲਈ ਅਹਿਮ ਮੰਨਿਆ ਜਾ ਰਿਹਾ ਹੈ। ਇੱਕ ਪਾਸੇ ਮਹਾਂਗੱਠਜੋੜ ਘੱਟ ਗਿਣਤੀ ਭਾਈਚਾਰੇ ਦੀ ਹਮਾਇਤ 'ਤੇ ਭਰੋਸਾ ਕਰ ਰਿਹਾ ਹੈ, ਦੂਜੇ ਪਾਸੇ ਐੱਨ ਡੀ ਏ ਵਿਰੋਧੀ ਧਿਰ 'ਤੇ 'ਘੁਸਪੈਠੀਆਂ ਦੀ ਰਾਖੀ' ਦਾ ਦੋਸ਼ ਲਾ ਰਿਹਾ ਹੈ।

## ਬਹੁਤੇ ਐਗਜ਼ਿਟ ਪੋਲਾਂ 'ਚ ਫਿਰ ਐੱਨ ਡੀ ਏ

ਬਿਹਾਰ ਵਿੱਚ ਬਹੁਤੇ ਐਗਜ਼ਿਟ ਪੋਲ ਅਨੁਸਾਰ ਇਕ ਵਾਰ ਫਿਰ ਸੂਬੇ ਵਿੱਚ ਐੱਨ ਡੀ ਏ ਦੀ ਸਰਕਾਰ ਬਣ ਰਹੀ ਹੈ। ਪੀਪਲਜ਼ ਇਨਸਾਈਟ ਨੇ ਆਪਣੇ ਐਗਜ਼ਿਟ ਪੋਲ ਸਰਵੇ ਵਿੱਚ ਐੱਨ ਡੀ ਏ ਨੂੰ 133-148 ਸੀਟਾਂ, ਜਦ ਕਿ ਮਹਾਂਗਠਜੋੜ ਨੂੰ 75 ਤੋਂ 101 ਸੀਟਾਂ ਦਿੱਤੀਆਂ ਹਨ। ਮੈਟਰਿਜ਼ ਨੇ ਐੱਨ ਡੀ ਏ ਵੱਲੋਂ 147 ਤੋਂ 167 ਸੀਟਾਂ, ਜਦ ਕਿ ਮਹਾਂਗਠਜੋੜ ਵੱਲੋਂ 70 ਤੋਂ 90 ਸੀਟਾਂ ਜਿੱਤਣ ਦਾ ਅਨੁਮਾਨ ਲਾਇਆ ਹੈ। 0 ਤੋਂ 2 ਸੀਟਾਂ ਜਨ ਸੂਰਾਜ ਪਾਰਟੀ ਤੇ 2 ਤੋਂ 8 ਸੀਟਾਂ ਹੋਰ ਪਾਰਟੀਆਂ ਨੂੰ ਦਿੱਤੀਆਂ ਹਨ। ਦੈਨਿਕ ਭਾਸਕਰ ਨੇ ਐਗਜ਼ਿਟ ਪੋਲ ਵਿੱਚ ਐੱਨ ਡੀ ਏ ਨੂੰ 145-160, ਮਹਾਂਗਠਜੋੜ ਨੂੰ 73-91, ਜਨ ਸੂਰਾਜ ਪਾਰਟੀ ਨੂੰ 0 ਤੇ ਹੋਰਨਾਂ ਪਾਰਟੀਆਂ ਨੂੰ 5-10 ਸੀਟਾਂ ਦਿੱਤੀਆਂ ਹਨ। • ਬਾਕੀ ਸਫਾ 2 'ਤੇ

# ਤਰਨ ਤਾਰਨ 'ਚ 60 ਫੀਸਦੀ ਤੋਂ ਵੱਧ ਪੋਲਿੰਗ



ਤਰਨ ਤਾਰਨ (ਪ੍ਰਿਤਪਾਲ ਸਿੰਘ)

ਤਰਨ ਤਾਰਨ ਵਿਧਾਨ ਸਭਾ ਦੀ ਜ਼ਿਮਨੀ ਚੋਣ ਲਈ ਵੋਟਿੰਗ ਮੰਗਲਵਾਰ ਸਵੇਰੇ ਸਖ਼ਤ ਸੁਰੱਖਿਆ ਪ੍ਰਬੰਧਾਂ ਵਿਚਕਾਰ ਸ਼ੁਰੂ ਹੋਈ ਤੇ 60.95 ਫੀਸਦੀ ਮਤਦਾਨ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਇਹ ਸ਼ਾਮ 6 ਵਜੇ ਤੱਕ ਜਾਰੀ ਰਹੀ। ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਸ਼ਾਮ 5 ਵਜੇ ਤੱਕ 59.21 ਫੀਸਦੀ ਪੋਲਿੰਗ ਦਰਜ ਕੀਤੀ ਗਈ। ਪੋਲਿੰਗ ਲਈ ਲੋਕਾਂ ਅੰਦਰ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਲੋਕ ਸਵੇਰੇ 7 ਵਜੇ ਤੋਂ ਪਹਿਲਾਂ ਹੀ ਪੋਲਿੰਗ ਸਟੇਸ਼ਨਾਂ ਅੰਦਰ ਆ ਗਏ।

ਤਰਨ ਤਾਰਨ ਵਿਧਾਨ ਸਭਾ ਸੀਟ ਜੂਨ ਵਿੱਚ ਆਮ ਆਦਮੀ ਪਾਰਟੀ ਦੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੀ ਮੌਤ ਤੋਂ ਬਾਅਦ ਖਾਲੀ ਹੋ ਗਈ ਸੀ। ਜ਼ਿਮਨੀ ਚੋਣ ਦੌਰਾਨ ਬਹੁ-ਕੋਣਾ ਮੁਕਾਬਲਾ ਦੇਖਣ ਨੂੰ ਮਿਲਣ ਵਾਲਾ ਹੈ। ਚੋਣ ਮੈਦਾਨ ਵਿੱਚ ਕੁੱਲ 15 ਉਮੀਦਵਾਰ ਹਨ। ਯੋਗ ਵੋਟਰਾਂ ਦੀ ਗਿਣਤੀ 1,92,838 ਹੈ, ਜਿਨ੍ਹਾਂ ਵਿਚ 1,00,933 ਪੁਰਸ਼, 91,897 ਔਰਤਾਂ ਅਤੇ ਅੱਠ ਤੀਜੇ ਲਿੰਗ ਨਾਲ ਸੰਬੰਧਤ ਹਨ। ਆਪ' ਨੇ ਤਰਨ ਤਾਰਨ ਤੋਂ ਤਿੰਨ ਵਾਰ ਵਿਧਾਇਕ ਰਹੇ ਹਰਮੀਤ ਸਿੰਘ ਸੰਧੂ ਨੂੰ ਮੈਦਾਨ ਵਿੱਚ ਉਤਾਰਿਆ ਹੈ, ਜੋ ਇਸ ਸਾਲ ਜੁਲਾਈ ਵਿੱਚ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਇਸ ਜ਼ਿਮਨੀ ਚੋਣ ਨੂੰ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਆਗੂਆਂ ਲਈ ਇੱਕ ਅਜ਼ਮਾਇਸ਼ ਵਜੋਂ ਦੇਖਿਆ ਜਾ ਰਿਹਾ ਹੈ, ਜਿਨ੍ਹਾਂ ਇਸ ਸੀਟ ਨੂੰ ਬਰਕਰਾਰ ਰੱਖਣ ਲਈ ਹਮਲਾਵਰ ਢੰਗ ਨਾਲ ਪ੍ਰਚਾਰ ਕੀਤਾ।

ਉਧਰ ਕਾਂਗਰਸ ਲਈ ਵੀ ਇਹ ਸੀਟ ਵਕਾਰ ਦਾ ਸਵਾਲ ਹੈ। ਪਾਰਟੀ ਨੇ ਆਪਣੀ ਤਰਨ ਤਾਰਨ ਜ਼ਿਲ੍ਹਾ ਇਕਾਈ ਦੇ ਮੁਖੀ ਕਰਨਬੀਰ ਸਿੰਘ ਬੁਰਜ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਭਾਜਪਾ ਨੇ ਪਾਰਟੀ ਦੀ ਜ਼ਿਲ੍ਹਾ ਇਕਾਈ ਦੇ ਪ੍ਰਧਾਨ ਹਰਜੀਤ ਸਿੰਘ ਸੰਧੂ ਨੂੰ ਆਪਣਾ ਉਮੀਦਵਾਰ • ਬਾਕੀ ਸਫਾ 2 'ਤੇ

## ਸਹਾਇਕ ਪ੍ਰੋਫੈਸਰਾਂ ਨੂੰ ਰੈਗੂਲਰ ਕਰਨ ਦੇ ਹੁਕਮ

ਚੰਡੀਗੜ੍ਹ : ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਯੂਨੀਵਰਸਿਟੀ ਦੇ ਕਾਂਸਟੀਚਿਊਟ ਕਾਲਜਾਂ ਵਿੱਚ 12 ਸਾਲਾਂ ਤੋਂ ਵੱਧ ਸਮੇਂ ਤੋਂ ਸੇਵਾ ਨਿਭਾਅ ਰਹੇ ਠੇਕੇ 'ਤੇ ਰੱਖੇ ਸਹਾਇਕ ਪ੍ਰੋਫੈਸਰਾਂ ਨੂੰ ਨਿਯਮਤ ਕਰਨ ਦਾ ਹੁਕਮ ਦਿੱਤਾ ਹੈ। ਹਾਈ ਕੋਰਟ ਨੇ ਕਿਹਾ ਕਿ ਰਾਜ ਅਤੇ ਇਸ ਦੀਆਂ ਸੰਸਥਾਵਾਂ "ਨਾਗਰਿਕਾਂ ਦਾ ਸ਼ੋਸ਼ਣ ਨਹੀਂ ਕਰ ਸਕਦੀਆਂ ਅਤੇ ਨਾ ਹੀ ਵੱਡੇ ਪੱਧਰ 'ਤੇ ਬੇਰੁਜ਼ਗਾਰੀ ਦਾ ਫਾਇਦਾ ਉਠਾ ਸਕਦੀਆਂ ਹਨ।"

ਜਸਟਿਸ ਜਗਮੋਹਨ ਬਾਂਸਲ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਪਟੀਸ਼ਨਰ, ਜਿਨ੍ਹਾਂ ਨੂੰ 2012 ਵਿੱਚ ਮਨਜ਼ੂਰਸ਼ੁਦਾ ਅਸਾਮੀਆਂ ਲਈ ਇੱਕ ਵਾਜਬ ਚੋਣ ਅਮਲ ਵਿੱਚੋਂ ਲੰਘਣ ਤੋਂ ਬਾਅਦ ਨਿਯੁਕਤ ਕੀਤਾ ਗਿਆ ਸੀ, 'ਪਿਛਲੇ ਦਰਵਾਜ਼ਿਓਂ ਦਾਖ਼ਲ' ਉਮੀਦਵਾਰ ਨਹੀਂ ਸਨ। ਹਾਈ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਸਿਰਫ਼ ਇਸ ਲਈ ਨਿਯਮਤ ਕਰਨ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿਉਂਕਿ ਉਨ੍ਹਾਂ ਨੂੰ ਸ਼ੁਰੂ ਵਿੱਚ ਠੇਕਾ ਆਧਾਰ 'ਤੇ ਨਿਯੁਕਤ ਕੀਤਾ ਗਿਆ ਸੀ। ਬੈਂਚ ਨੇ ਕਿਹਾ, "ਪਟੀਸ਼ਨਰਾਂ ਨੂੰ ਢੁਕਵੇਂ ਅਮਲ ਦੀ ਪਾਲਣਾ ਕਰਨ ਤੋਂ ਬਾਅਦ ਨਿਯੁਕਤ ਕੀਤਾ ਗਿਆ ਸੀ। ਉਹ ਪੂਰੀ ਤਰ੍ਹਾਂ ਯੋਗ ਹਨ। ਉਹ 2012 ਤੋਂ ਯੂਨੀਵਰਸਿਟੀ ਨਾਲ ਕੰਮ ਕਰ ਰਹੇ ਹਨ ਅਤੇ ਉਹ ਵੀ ਇਸ ਅਦਾਲਤ ਜਾਂ ਕਿਸੇ ਹੋਰ ਅਦਾਲਤ ਦੀ ਸੁਰੱਖਿਆ ਤੋਂ ਬਗੈਰ। ਬੈਂਚ ਨੇ ਪੰਜਾਬ ਯੂਨੀਵਰਸਿਟੀ ਨੂੰ ਛੇ ਹਫ਼ਤਿਆਂ ਅੰਦਰ ਉਨ੍ਹਾਂ ਦੀਆਂ ਸੇਵਾਵਾਂ ਨਿਯਮਤ ਕਰਨ ਦਾ ਨਿਰਦੇਸ਼ ਦਿੱਤਾ। ਪਟੀਸ਼ਨਰਾਂ ਦੀ ਨੁਮਾਇੰਦਗੀ ਵਕੀਲ ਸਾਰਥਕ ਗੁਪਤਾ ਨੇ ਕੀਤੀ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਧੰਨ-ਧੰਨ ਬਾਬਾ ਸ਼ਾਮ ਸਿੰਘ ਜੀ ਪਿੰਡ ਨਾਰਲਾ ਦੇ ਸਾਲਾਨਾ 335ਵੇਂ ਜੋੜ ਮੇਲੇ ਨੂੰ ਸਮਰਪਿਤ **ਭਿੱਖੀਵਿੰਡ** ਵਿਸ਼ੇਸ਼ ਸਪਲੀਮੈਂਟ 25 ਨਵੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਲਖਵਿੰਦਰ ਸਿੰਘ ਗੋਲਣ** ਨਾਲ ਮੋਬਾਇਲ ਨੰਬਰ 70094-77561 'ਤੇ ਸੰਪਰਕ ਕੀਤਾ ਜਾ ਸਕਦਾ ਹੈ। *-ਜਨਰਲ ਮੈਨੇਜਰ*

## ਪੀ ਆਰ ਟੀ ਸੀ ਵਰਕਰਾਂ ਤੇ ਪੈਨਸ਼ਨਰਾਂ ਵੱਲੋਂ ਜ਼ਬਰਦਸਤ ਧਰਨਾ



ਪਟਿਆਲਾ : ਇੱਥੇ ਨਵੇਂ ਬੱਸ ਸਟੈਂਡ ਵਿਖੇ ਪੀ ਆਰ ਟੀ ਸੀ ਵਰਕਰਜ ਐਕਸ਼ਨ ਕਮੇਟੀ ਵਿੱਚ ਸ਼ਾਮਲ ਜਥੇਬੰਦੀਆਂ ਏਟਕ, ਇੰਟਕ, ਐੱਸ ਸੀ ਬੀ ਸੀ, ਸੀਟੂ, ਅਜ਼ਾਦ ਅਤੇ ਰਿਟਾਇਰਡ ਵਰਕਰਜ਼ ਭਾਈਚਾਰਾ ਯੂਨੀਅਨ ਏਟਕ ਵੱਲੋਂ ਵਰਕਰਾਂ ਦੀਆਂ ਹੱਕੀ ਮੰਗਾਂ ਅਤੇ ਤਨਖਾਹ ਪੈਨਸ਼ਨ ਦਾ ਅਜੇ ਤੱਕ ਵੀ ਭੁਗਤਾਨ ਨਾ ਕੀਤੇ ਜਾਣ ਦੇ ਸੰਬੰਧ ਵਿੱਚ ਮੰਗਲਵਾਰ ਰੋਸ ਭਰਪੂਰ ਧਰਨਾ ਅਤੇ ਰੈਲੀ ਕੀਤੀ ਗਈ। ਧਰਨੇ ਵਿੱਚ ਪੀ ਆਰ ਟੀ ਸੀ ਦੇ ਸਾਰੇ ਡਿਪੂਆਂ ਵਿਚੋਂ ਵੱਡੀ ਗਿਣਤੀ ਵਿੱਚ ਮੌਜੂਦਾ ਅਤੇ ਸੇਵਾ-ਮੁਕਤ ਕਰਮਚਾਰੀ ਪੁੱਜੇ। ਐਕਸ਼ਨ ਕਮੇਟੀ ਦੇ ਕਨਵੀਨਰ ਨਿਰਮਲ ਸਿੰਘ ਧਾਲੀਵਾਲ ਅਤੇ ਮੈਂਬਰਾਨ ਬਲਦੇਵ ਰਾਜ ਬੱਤਾ, ਰਾਕੇਸ਼ ਕੁਮਾਰ ਦਾਤਾਰਪੁਰੀ, ਇੰਦਰਪਾਲ ਸਿੰਘ ਅਤੇ ਉਤਮ ਸਿੰਘ ਬਾਗੜੀ ਨੇ ਵਿਸ਼ਾਲ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲ ਪੀ ਆਰ ਟੀ ਸੀ ਦੀ 600 ਕਰੋੜ ਰੁਪਏ ਤੋਂ ਵੱਧ ਦੀ ਰਕਮ ਮੁਫ਼ਤ ਸਫਰ ਸਹੂਲਤਾਂ ਦੀ ਪੈਂਡਿੰਗ ਪਈ ਹੈ, ਪਰ ਇਹ ਮੁਲਾਜ਼ਮ-ਮਜ਼ਦੂਰ ਵਿਰੋਧੀ ਸਰਕਾਰ ਵਰਕਰਾਂ ਨੂੰ ਤਨਖਾਹ-ਪੈਨਸ਼ਨ ਦਾ ਭੁਗਤਾਨ ਕਰਨ ਲਈ ਵੀ ਪੈਸੇ ਨਹੀਂ ਦੇ ਰਹੀ। ਹਰ ਮਹੀਨੇ ਇਹੀ ਹਾਲ ਹੁੰਦਾ ਹੈ, ਕਦੇ 10 ਤਰੀਕ, ਕਦੇ 15 ਤਰੀਕ ਅਤੇ ਕਦੇ 20 ਤਰੀਕ ਨੂੰ ਧਰਨੇ-ਮੁਜ਼ਾਹਰੇ ਕਰਨ ਉਪਰੰਤ ਹੀ ਭੁਗਤਾਨ ਹੁੰਦਾ ਹੈ। ਚੇਅਰਮੈਨ ਪੀ ਆਰ ਟੀ ਸੀ ਅਤੇ ਉਨ੍ਹਾਂ ਨਾਲ ਵਾਈਸ ਚੇਅਰਮੈਨ ਅਤੇ 5—6 ਡਾਇਰੈਕਟਰ ਇਹ ਸਾਰੇ 'ਆਪ' ਦੇ ਸਿਆਸੀ ਕਾਰਕੁਨ ਅਹੁਦਿਆਂ ਨਾਲ ਇੱਥੇ ਨਿਵਾਜੇ ਹੋਏ ਹਨ, ਪਰ ਜੇਕਰ ਪੀ ਆਰ ਟੀ ਸੀ ਵਿੱਚ ਕਿਸੇ ਕਿਸਮ ਦੀ ਬਿਹਤਰੀ ਜਾਂ ਸਮੱਸਿਆਵਾਂ ਦੇ ਹੱਲ ਵੱਲ ਨਜ਼ਰ ਮਾਰੀਏ ਤਾਂ ਇਨ੍ਹਾਂ ਸਭਨਾਂ ਦੀ ਕਾਰਗੁਜ਼ਾਰੀ ਜ਼ੀਰੋ ਦੇ ਬਰਾਬਰ ਹੈ। ਵਰਕਰਾਂ ਦੇ ਹੱਕਾਂ 'ਤੇ ਸ਼ਰੇਆਮ ਡਾਕਾ ਵੱਜ ਰਿਹਾ ਹੈ। ਨਾ ਤਨਖਾਹ—ਨਾ ਪੈਨਸ਼ਨ ਸਮੇਂ ਸਿਰ ਮਿਲਦੀ ਹੈ, ਨਾ ਹੀ ਚਾਰ ਸਾਲਾਂ ਵਿੱਚ ਇੱਕ ਵੀ ਬੱਸ ਦੀ ਖਰੀਦ ਕੀਤੀ ਗਈ, ਸਰਕਾਰ ਪੀ ਆਰ ਟੀ ਸੀ ਸਫਰ ਦੀਆਂ ਮੁਫ਼ਤ ਸਹੂਲਤਾਂ ਬਦਲੇ ਬਣਦੇ 600 ਕਰੋੜ ਰੁਪਏ ਨਹੀਂ ਦੇ ਰਹੀ, ਵਰਕਰਾਂ ਦੇ 150 ਕਰੋੜ ਰੁਪਏ ਦੇ ਬਕਾਏ ਖੜੇ ਹਨ। ਕੰਟਰੈਕਟ/ਆਊਟ ਸੋਰਸ ਵਰਕਰਾਂ ਨੂੰ ਅਦਾਲਤ ਦੇ ਫੈਸਲੇ ਦੇ ਬਾਵਜੂਦ ਪੱਕੇ ਨਹੀਂ ਕੀਤਾ ਜਾ ਰਿਹਾ, ਡਰਾਈਵਰ, ਕੰਡਕਟਰਾਂ ਅਤੇ ਸੁਪਰਵਾਈਜ਼ਰੀ ਸਟਾਫ ਨੂੰ ਟੀ ਏ/ਡੀ ਏ ਦੀ ਵਧੇ ਹੋਏ ਰੇਟਾਂ ਮੁਤਾਬਿਕ ਅਦਾਇਗੀ ਨਹੀਂ ਕੀਤੀ ਜਾ ਰਹੀ। 8240 ਨੰਬਰ ਰਿੱਟ ਅਨੁਸਾਰ ਰੈਗੂਲਰ ਹੋਏ ਕਰਮਚਾਰੀਆਂ ਨੂੰ ਅਜੇ ਤੱਕ ਪੈਨਸ਼ਨ ਸਕੀਮ ਦਾ ਮੈਂਬਰ ਨਹੀਂ ਬਣਾਇਆ ਗਿਆ, ਤਰਸ ਦੇ ਆਧਾਰ 'ਤੇ ਨੌਕਰੀਆਂ ਨਹੀਂ ਦਿੱਤੀਆਂ ਜਾ ਰਹੀਆਂ, ਸੰਨ 2004 ਤੋਂ ਬਾਅਦ ਭਰਤੀ ਹੋਏ ਕੁਝ ਹੱਕਦਾਰ ਵਰਕਰਾਂ ਨੂੰ ਪੈਨਸ਼ਨ ਸਕੀਮ ਵਿੱਚ ਨਹੀਂ ਲਿਆ ਜਾ ਰਿਹਾ। ਸੇਵਾ-ਮੁਕਤ ਕਰਮਚਾਰੀਆਂ ਨੂੰ 2 ਸਾਲਾਂ ਬਾਅਦ ਮਿਲਣ ਵਾਲੀ ਐੱਲ ਟੀ ਸੀ ਨਹੀਂ ਦਿੱਤੀ ਜਾ ਰਹੀ, ਪੇ ਕਮਿਸ਼ਨ ਦੇ ਬਕਾਏ ਸਰਕਾਰੀ ਹਦਾਇਤਾਂ ਦੇ ਬਾਵਜੂਦ ਦੇਣੇ ਸ਼ੁਰੂ ਨਹੀਂ ਕੀਤੇ ਗਏ। 1992 ਦੀ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਗਏ 400 ਕੁ ਸੋ ਸੇਵਾ ਮੁਕਤ ਬਜ਼ੁਰਗ ਕਰਮਚਾਰੀਆਂ ਨੂੰ ਪੈਨਸ਼ਨ ਦੇ ਘੇਰੇ ਵਿੱਚ ਨਹੀਂ ਲਿਆ ਜਾ ਰਿਹਾ। ਪੀ ਆਰ ਟੀ ਸੀ ਦੀਆਂ ਕੁੱਝ ਜਾਇਦਾਦਾਂ ਨੂੰ ਬੇਲੋੜੇ ਹੀ ਵੇਚਣ ਦੀਆ ਯੋਜਨਾਵਾਂ ਬਣਾਈਆਂ ਜਾ ਰਹੀਆਂ ਹਨ। ਵਰਕਰਾਂ ਨਾਲ ਬਦਲੀਆਂ ਅਤੇ ਪ੍ਰਸ਼ਾਸ਼ਨਿਕ ਕਾਰਵਾਈਆਂ ਕਰਨ ਸਮੇਂ ਭਾਰੀ ਵਿਤਕਰੇਬਾਜੀ ਕੀਤੀ ਜਾਦੀ ਹੈ। ਪਟਿਆਲਾ ਦੇ ਨਵੇਂ ਬੱਸ ਸਟੈਂਡ ਅਤੇ ਵਰਕਸ਼ਾਪ ਵਿੱਚ ਕਾਫੀ ਘਾਟਾ ਪਾਈਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਦੂਰ ਨਹੀਂ ਕੀਤਾ ਜਾ ਰਿਹਾ। ਬੱਸ ਸਟੈਂਡ ਦੀ ਬੇਮਿਆਰੀ ਉਸਾਰੀ ਅਤੇ ਗਲਤ ਯੋਜਨਾਬੰਦੀ ਨਾਲ ਹੋਏ ਜਾਂ ਭਵਿੱਖ ਵਿੱਚ ਹੋਣ ਵਾਲੇ ਖਰਚੇ ਅਤੇ ਨੁਕਸਾਨ ਦਾ ਕੋਈ ਨੋਟਿਸ ਨਹੀਂ ਲਿਆ ਜਾ ਰਿਹਾ ਆਦਿ। ਅਨੇਕਾਂ ਮਸਲੇ ਹਨ, ਜਿਨ੍ਹਾਂ ਸੰਬੰਧੀ ਮੈਨੇਜਮੈਂਟ ਨਾਲ ਅਨੇਕਾਂ ਮੀਟਿੰਗਾਂ ਵੀ ਹੋਈਆਂ ਹਨ, ਪਰ ਕੋਈ ਸਾਰਥਕ ਹੱਲ ਨਹੀਂ ਕੱਢਿਆ ਜਾਂਦਾ, ਜਿਸ ਕਰਕੇ ਵਰਕਰਾਂ ਅਤੇ ਸੇਵਾ-ਮੁਕਤ ਕਰਮਚਾਰੀਆਂ ਵਿੱਚ ਨਾਰਾਜਗੀ ਅਤੇ ਗੁੱਸਾ ਪਾਇਆ ਜਾ ਰਿਹਾ ਹੈ।

ਰੈਲੀ ਦੇ ਅੰਤ ਵਿੱਚ ਐਕਸ਼ਨ ਕਮੇਟੀ ਵੱਲੋਂ ਐਲਾਨ ਕੀਤਾ ਗਿਆ ਕਿ ਜੇਕਰ ਤਨਖਾਹ—ਪੈਨਸ਼ਨ ਤੁਰੰਤ ਨਾ ਪਾਈ ਗਈ ਅਤੇ ਬਾਕੀ ਮੰਗਾਂ ਤੇ ਸਰਕਾਰ ਅਤੇ ਮੈਨੇਜਮੈਂਟ ਵੱਲੋਂ ਕੋਈ ਜਲਦੀ ਹੱਲ ਨਾ ਕੱਢਿਆ ਗਿਆ ਤਾਂ 24 ਨਵੰਬਰ ਨੂੰ ਮੁੱਖ ਦਫਤਰ ਪੀ ਆਰ ਟੀ ਸੀ ਪਟਿਆਲਾ ਦੇ ਸਾਹਮਣੇ ਵਿਸ਼ਾਲ ਰੋਸ ਧਰਨਾ ਖਾਲੀ ਪੀਪੇ ਖੜਕਾ ਕੇ ਦਿੱਤਾ ਜਾਵੇਗਾ। ਰੈਲੀ ਵਿੱਚ ਜਿਹੜੇ ਹੋਰ ਮੁੱਖ ਆਗੂ ਹਾਜ਼ਰ ਸਨ, ਉਨ੍ਹਾਂ ਵਿੱਚ ਦਲਜੀਤ ਸਿੰਘ, ਗੰਡਾ ਸਿੰਘ, ਤਰਸੇਮ ਸਿੰਘ, ਰਮੇਸ਼ ਕੁਮਾਰ ਤੇ ਨਸੀਬ ਚੰਦ ਆਦਿ ਸ਼ਾਮਲ ਸਨ।

## 'ਮਾਨਸਾ ਦੇ ਦੁਕਾਨਦਾਰ 'ਤੇ ਫਾਇਰਿੰਗ ਦੀ ਸਾਜ਼ਿਸ਼ ਕੈਨੇਡਾ 'ਚ ਰਚੀ ਗਈ'



ਮਾਨਸਾ (ਆਤਮਾ ਸਿੰਘ ਪਮਾਰ)

ਪੁਲਸ ਨੇ ਸ਼ਹਿਰ ਦੇ ਕੀਟਨਾਸ਼ਕ ਦਵਾਈਆਂ ਦੇ ਵਿਕਰੇਤਾ ਸਤੀਸ਼ ਕੁਮਾਰ ਨੀਟੂ 'ਤੇ ਫਾਇਰਿੰਗ ਵਿੱਚ ਕੈਨੇਡਾ ਕੁਨੈਕਸ਼ਨ ਦੀ ਥਿਊਰੀ ਪੇਸ਼ ਕੀਤੀ ਹੈ। ਐੱਸ ਐੱਸ ਪੀ ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਨੀਟੂ ਦਾ ਬੇਟਾ ਕੈਨੇਡਾ ਦੇ ਸਰੀ ਵਿਖੇ ਪੜ੍ਹਦਾ ਹੈ ਅਤੇ ਕੁਆਇੰਟਲ ਸਟੂਡੈਂਟਸ ਯੂਨੀਅਨ ਦਾ ਮੀਤ ਪ੍ਰਧਾਨ ਹੈ। ਉਹ ਪ੍ਰਧਾਨ ਵੀ ਰਹਿ ਚੁੱਕਾ ਹੈ। ਉਸ ਦਾ ਵਿਰੋਧੀ ਗਰੁੱਪ ਉਸ ਦੀਆਂ ਸਰਗਰਮੀਆਂ ਤੋਂ ਔਖਾ ਸੀ। ਉਸ ਨੂੰ ਯਰਕਾਉਣ ਲਈ ਉਸ ਗਰੁੱਪ ਨੇ ਨੀਟੂ ਦੀ ਦੁਕਾਨ 'ਤੇ ਫਾਇਰਿੰਗ ਕਰਵਾਈ। ਇਸ ਦੇ ਪਿੱਛੇ ਮਕਸਦ ਪਰਵਾਰ ਨੂੰ ਸਿਰਫ ਡਰਾਉਣਾ-ਧਮਕਾਉਣਾ ਹੀ ਸੀ। ਪੁਲਸ ਨੇ ਇਹ ਸਾਰੀ ਸਾਜ਼ਿਸ਼ ਰਚਣ ਵਾਲੇ ਰਾਜਨ ਭਗਤ ਵਾਸੀ ਬਟਾਲਾ ਹਾਲ ਆਬਾਦ ਕੈਨੇਡਾ, ਸ਼ਰਨਜੀਤ ਸਿੰਘ ਔਲਖ ਉਰਫ ਸ਼ਰਨ ਔਲਖ ਵਾਸੀ ਗੁਰਦਾਸਪੁਰ ਹਾਲ ਆਬਾਦ ਕੈਨੇਡਾ ਤੇ ਜਸਪ੍ਰੀਤ ਸਿੰਘ ਉਰਫ ਜਸ ਗਿੱਲ ਵਾਸੀ ਲਾਲੋਮਾਜਰਾ ਹਾਲ ਆਬਾਦ ਆਸਟਰੇਲੀਆ ਨੂੰ ਨਾਮਜ਼ਦ ਕੀਤਾ ਹੈ। ਦੋਸ਼ੀਆਂ ਨੂੰ ਫੜਨ ਲਈ ਲੋਕਾਂ ਨੇ ਸ਼ਹਿਰ ਬੰਦ ਰੱਖ ਕੇ ਰੋਸ ਪ੍ਰਦਰਸ਼ਨ ਵੀ ਕੀਤਾ ਸੀ। 28 ਅਕਤੂਬਰ ਨੂੰ ਨੀਟੂ 'ਤੇ ਮੋਟਰ ਸਾਈਕਲ ਸਵਾਰ 2 ਵਿਅਕਤੀ ਗੋਲੀਆਂ ਵਰ੍ਹਾ ਕੇ ਫਰਾਰ ਹੋ ਗਏ ਸਨ। ਪੁਲਸ ਨੇ ਜਾਂਚ ਦੌਰਾਨ ਗੁਰਸਾਹਿਬ ਸਿੰਘ ਵਾਸੀ ਨਾਨਕਪੁਰਾ ਰੋਪੜ, ਰਮਨਪ੍ਰੀਤ ਸਿੰਘ ਵਾਸੀ ਪੁਖਰਾਲੀ ਰਾਮਪੁਰ ਅਤੇ ਉਨ੍ਹਾਂ ਦੇ ਇੱਕ ਹੋਰ ਸਾਥੀ ਬਲਜਿੰਦਰ ਸਿੰਘ ਵਾਸੀ ਚਮਕੌਰ ਸਾਹਿਬ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਪਾਸੋਂ 2 ਪਿਸਤੌਲ, 8 ਕਾਰਤੂਸ ਬਰਾਮਦ ਕੀਤੇ ਸਨ। ਗੁਰਸਾਹਿਬ ਸਿੰਘ ਤੋਂ ਪੁੱਛਗਿੱਛ ਦੌਰਾਨ ਪੁਲਸ ਨੇ ਮਨਜੋਤ ਸਿੰਘ ਵਾਸੀ ਮਸਾਣੀ, ਜ਼ਿਲਾ ਜਲੰਧਰ ਨੂੰ ਪਿੰਡ ਖਾਨਪੁਰ ਤੋਂ ਕਾਬੂ ਕਰਕੇ ਉਸ ਪਾਸੋਂ ਇਕ ਪਿਸਤੌਲ 9 ਐੱਮ ਐੱਮ, 2 ਕਾਰਤੂਸ, 1 ਪਿਸਤੌਲ 32 ਬੋਰ ਤੇ 4 ਕਾਰਤੂਸ ਬਰਾਮਦ ਕੀਤੇ ਸਨ।

## ਇਸਲਾਮਾਬਾਦ ਦੀ ਅਦਾਲਤ ਦੇ ਬਾਹਰ ਧਮਾਕਾ, 12 ਮੌਤਾਂ

ਇਸਲਾਮਾਬਾਦ : ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਚ ਇੱਕ ਸਥਾਨਕ ਅਦਾਲਤ ਦੇ ਬਾਹਰ ਆਤਮਘਾਤੀ ਬੰਬ ਧਮਾਕਾ ਹੋਇਆ, ਜਿਸ ਵਿੱਚ 12 ਜਣਿਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਇਹ ਧਮਾਕਾ ਇਸਲਾਮਾਬਾਦ ਜ਼ਿਲ੍ਹਾ ਅਦਾਲਤ ਦੇ ਐਂਟਰੀ ਪੁਆਇੰਟ ਨੇੜੇ ਹੋਇਆ, ਜਿੱਥੇ ਆਮ ਤੌਰ 'ਤੇ ਵੱਡੀ ਗਿਣਤੀ ਵਿੱਚ ਲੋਕਾਂ ਦੀ ਭੀੜ ਰਹਿੰਦੀ ਹੈ। ਸਥਾਨਕ ਮੀਡੀਆ ਨੇ ਘਟਨਾ ਸਥਾਨ ਦੀਆਂ ਕੁਝ ਤਸਵੀਰਾਂ ਵੀ ਨਸ਼ਰ ਕੀਤੀਆਂ ਹਨ, ਜਿਸ ਵਿਚ ਇੱਕ ਪੁਲਸ ਵੈਨ ਨੇੜੇ ਕਈ ਜਣੇ ਜ਼ਖਮੀ ਹੋਏ ਦਿਖਾਈ ਦੇ ਰਹੇ ਹਨ। ਪੁਲਸ ਦੇ ਬੁਲਾਰੇ ਨੇ ਕਿਹਾ ਕਿ ਜ਼ਖਮੀਆਂ ਵਿੱਚੋਂ ਕੁਝ ਦੀ ਹਾਲਤ ਗੰਭੀਰ ਹੈ। ਉਨ੍ਹਾ ਕਿਹਾ, 'ਅਸੀਂ ਜਾਂਚ ਕਰ ਰਹੇ ਹਾਂ ਕਿ ਇਹ ਧਮਾਕਾ ਕਿਵੇਂ ਹੋਇਆ, ਪਰ ਇਹ ਹਾਲੇ ਸਪੱਸ਼ਟ ਨਹੀਂ ਹੋਇਆ। ਅਸੀਂ ਆਪਣੀ ਫੋਰੈਂਸਿਕ ਟੀਮ ਤੋਂ ਰਿਪੋਰਟ ਮਿਲਣ ਤੋਂ ਬਾਅਦ ਹੋਰ ਵੇਰਵੇ ਦੇ ਸਕਾਂਗੇ।'

## ਦਿੱਲੀ ਧਮਾਕੇ ਦੀ ਪਾਰਦਰਸ਼ੀ ਜਾਂਚ ਹੋਵੇ : ਸੀ ਪੀ ਆਈ

ਲੁਧਿਆਣਾ (ਐੱਮ ਐੱਸ ਭਾਟੀਆ)-ਸੀ ਪੀ ਆਈ ਦੇ ਰਾਸ਼ਟਰੀ ਸਕੱਤਰੇਤ ਨੇ ਰਾਜਧਾਨੀ ਦਿੱਲੀ ਵਿੱਚ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ 'ਚ ਜਾਨੀ ਨੁਕਸਾਨ 'ਤੇ ਡੂੰਘੇ ਸਦਮੇ ਅਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਪਾਰਟੀ ਨੇ ਦੁਖੀ ਪਰਵਾਰਾਂ ਪ੍ਰਤੀ ਦਿਲੋਂ ਸੰਵੇਦਨਾ ਪ੍ਰਗਟ ਕਰਦਿਆਂ ਸਾਰੇ ਜ਼ਖਮੀਆਂ ਦੀ ਜਲਦੀ ਸਿਹਤਯਾਬੀ ਦੀ ਕਾਮਨਾ ਕੀਤੀ ਹੈ। ਪਾਰਟੀ ਨੇ ਘਟਨਾ ਦੀ ਪੂਰੀ, ਪਾਰਦਰਸ਼ੀ ਅਤੇ ਸਮਾਂਬੱਧ ਜਾਂਚ ਦੀ ਮੰਗ ਕੀਤੀ ਹੈ। ਪਾਰਟੀ ਨੇ ਕਿਹਾ ਹੈ ਕਿ ਸਰਕਾਰ ਨੂੰ ਜ਼ਖਮੀਆਂ ਲਈ ਸਭ ਤੋਂ ਵਧੀਆ ਸੰਭਵ ਡਾਕਟਰੀ ਇਲਾਜ ਯਕੀਨੀ ਬਣਾਉਣਾ ਚਾਹੀਦਾ ਹੈ ਅਤੇ ਸ਼ਾਂਤੀ ਅਤੇ ਜਨਤਕ ਸੁਰੱਖਿਆ ਬਣਾਈ ਰੱਖਣ ਲਈ ਸਾਰੇ ਜ਼ਰੂਰੀ ਕਦਮ ਚੁੱਕਣੇ ਚਾਹੀਦੇ ਹਨ।

## ਅੱਜ-ਨਾਮਾ

ਦਿੱਲੀ ਅੰਦਰ ਆ ਵਰਤਿਆ ਕਹਿਰ ਬੇਲੀ,
ਕਈਆਂ ਲੋਕਾਂ ਦੀ ਗਈ ਫਿਰ ਜਾਨ ਬੇਲੀ।
ਦਾਅਵੇ ਚੌਕਸੀ ਦੇ ਰਹਿ ਗਏ ਕਿਸੇ ਪਾਸੇ,
ਝੰਜੋੜਿਆ ਗਿਆ ਸਭ ਹਿੰਦੁਸਤਾਨ ਬੇਲੀ।
ਹਾਈ ਅਲਰਟ ਲਈ ਹੁਕਮ ਨੇ ਹੋਣ ਲੱਗੇ,
ਆਏ ਸਭ ਪਾਸਿਉਂ ਸਖਤ ਬਿਆਨ ਬੇਲੀ।
ਜ਼ਿਲ੍ਹਿਆਂ ਤੱਕ ਸਰਗਰਮੀ ਆ ਵਧੀ ਹੋਈ,
ਸਖਤੀ-ਸਖਤੀ ਦੇ ਆਉਣ ਐਲਾਨ ਬੇਲੀ।
ਹੁੰਦੇ ਅਲਰਟ ਆ ਚਾਰ ਕੁ ਦਿਨਾਂ ਤੀਕਰ,
ਜਾਂਦੀ ਵਿੱਸਰ ਆ ਪਿੱਛੋਂ ਹਰ ਬਾਤ ਬੇਲੀ।
ਰਹਿੰਦੀ ਚੋਣਾਂ ਦੇ ਵੰਨੀਂ ਹਰ ਨਜ਼ਰ ਲੱਗੀ,
ਚੱਲਦੀ ਰਹਿੰਦੀ ਹੈ ਸ਼ਹਿ ਜਾਂ ਮਾਤ ਬੇਲੀ।

-ਤੀਸ ਮਾਰ ਖਾਂ

# ਦਿੱਲੀ ਧਮਾਕੇ ਦੀ ਜਾਂਚ ਐੱਨ ਆਈ ਏ ਹਵਾਲੇ, ਮੌਤਾਂ ਦੀ ਗਿਣਤੀ 13



ਨਵੀਂ ਦਿੱਲੀ : ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਲਾਲ ਕਿਲ੍ਹੇ ਨੇੜੇ ਧਮਾਕੇ ਦੀ ਜਾਂਚ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਨੂੰ ਸੌਂਪ ਦਿੱਤੀ ਗਈ ਹੈ। ਉਧਰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਥਿਤੀ ਦਾ ਮੁਲਾਂਕਣ ਕਰਨ ਲਈ ਇੱਕ ਹੋਰ ਉੱਚ-ਪੱਧਰੀ ਸੁਰੱਖਿਆ ਸਮੀਖਿਆ ਮੀਟਿੰਗ ਸੱਦੀ ਹੈ। ਦਿੱਲੀ ਪੁਲਸ ਨੇ ਮੰਗਲਵਾਰ ਨੂੰ ਲਾਲ ਕਿਲ੍ਹੇ ਨੇੜੇ ਹੋਏ ਧਮਾਕੇ ਦੇ ਮਾਮਲੇ ਵਿਚ ਗੈਰਕਾਨੂੰਨੀ ਸਰਗਰਮੀਆਂ ਰੋਕੂ ਐਕਟ ਤੇ ਵਿਸਫੋਟਕ ਐਕਟ ਤਹਿਤ ਐੱਫ ਆਈ ਆਰ ਦਰਜ ਕੀਤੀ ਹੈ। ਪੁਲਸ ਨੇ ਕੌਮੀ ਰਾਜਧਾਨੀ ਵਿੱਚ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਕਿਉਂਕਿ ਮੁੱਢਲੀ ਜਾਂਚ ਵਿਚ ਧਮਾਕੇ ਦੇ ਤਾਰ ਫਰੀਦਾਬਾਦ 'ਚ ਸਾਹਮਣੇ ਆਏ ਅੱਤਵਾਦੀ ਮਾਡਿਊਲ ਨਾਲ ਜੁੜੇ ਹੋਣ ਦਾ ਸੰਕੇਤ ਮਿਲਿਆ ਹੈ। ਧਮਾਕੇ ਵਿਚ ਮਰਨ ਵਾਲਿਆਂ ਦੀ ਗਿਣਤੀ ਵਧ ਕੇ 13 ਹੋ ਗਈ ਹੈ। ਕੌਮੀ ਰਾਜਧਾਨੀ ਨੂੰ ਹਾਈ ਅਲਰਟ 'ਤੇ ਰੱਖਿਆ ਗਿਆ ਹੈ। ਹਵਾਈ ਅੱਡੇ, ਰੇਲਵੇ ਸਟੇਸ਼ਨਾਂ ਅਤੇ ਬੱਸ ਟਰਮੀਨਲਾਂ 'ਤੇ ਸਖ਼ਤ ਨਿਗਰਾਨੀ ਰੱਖੀ ਜਾ ਰਹੀ ਹੈ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਧਮਾਕੇ ਦੇ ਸਾਜ਼ਿਸ਼ਘਾੜਿਆਂ ਨੂੰ ਨਹੀਂ ਬਖ਼ਸ਼ਿਆ ਜਾਵੇਗਾ ਤੇ ਉਨ੍ਹਾਂ ਨੂੰ ਨਿਆਂ ਦੇ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ। ਇਸੇ ਦੌਰਾਨ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਬਾਹਰ ਹੋਏ ਧਮਾਕੇ ਤੋਂ ਇੱਕ ਦਿਨ ਬਾਅਦ, ਜੰਮੂ-ਕਸ਼ਮੀਰ ਪੁਲਸ ਨੇ ਪੁੱਛਗਿੱਛ ਲਈ ਚਾਰ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ। ਜੰਮੂ-ਕਸ਼ਮੀਰ ਪੁਲਸ ਦੇ ਸੂਤਰਾਂ ਨੇ ਦੱਸਿਆ ਕਿ ਹਿਰਾਸਤ ਵਿੱਚ ਲਏ ਗਏ ਲੋਕਾਂ ਵਿੱਚ ਡਾਕਟਰ ਉਮਰ ਨਬੀ ਦਾ ਭਰਾ ਵੀ ਸ਼ਾਮਲ ਹੈ, ਜੋ ਜੰਮੂ ਕਸ਼ਮੀਰ ਪੁਲਸ ਵੱਲੋਂ ਫਰੀਦਾਬਾਦ ਵਿੱਚ ਉਸੇ ਅਲ-ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲੇ ਇੱਕ ਹੋਰ ਡਾਕਟਰ ਨੂੰ ਫੜਨ ਅਤੇ ਇੱਕ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਬਾਅਦ ਫਰਾਰ ਹੋ ਗਿਆ ਸੀ। ਸੂਤਰਾਂ ਨੇ ਕਿਹਾ ਕਿ ਦਿੱਲੀ ਵਿਚ ਸੋਮਵਾਰ ਨੂੰ ਹੋਏ ਧਮਾਕੇ ਨੂੰ ਜੰਮੂ-ਕਸ਼ਮੀਰ ਪੁਲੀਸ ਵੱਲੋਂ ਬੇਨਕਾਬ ਕੀਤੇ ਗਏ ਅਤਿਵਾਦੀ ਮਾਡਿਊਲ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਵਿੱਚ ਡਾਕਟਰ ਮੁਜ਼ਾਮਿਲ ਅਹਿਮਦ ਗਨਾਈ ਉਰਫ਼ ਮੁਸਾਇਬ ਵੀ ਸ਼ਾਮਲ ਹੈ, ਜੋ ਪੁਲਵਾਮਾ ਦੇ ਕੋਇਲ ਦਾ ਰਹਿਣ ਵਾਲਾ ਸੀ ਅਤੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਫਰੀਦਾਬਾਦ ਦੇ ਧੌਜ ਵਿੱਚ ਯੂ ਜੀ ਸੀ-ਮਾਨਤਾ ਪ੍ਰਾਪਤ ਅਲ-ਫਲਾਹ ਯੂਨੀਵਰਸਿਟੀ ਵਿੱਚ ਕੰਮ ਕਰ ਰਿਹਾ ਸੀ। ਯੂ ਪੀ ਦੀ ਇੱਕ ਮਹਿਲਾ ਡਾਕਟਰ ਅਤੇ ਯੂਨੀਵਰਸਿਟੀ ਦੇ ਹਸਪਤਾਲ ਵਿੱਚ ਕੰਮ ਕਰਨ ਵਾਲੀ ਸ਼ਾਹੀਨ ਸ਼ਾਹਿਦ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਸੂਤਰਾਂ ਨੇ ਮੰਗਲਵਾਰ ਨੂੰ ਕਿਹਾ ਕਿ ਇਸ ਗੱਲ ਦੀ ਸੰਭਾਵਨਾ ਹੈ ਕਿ ਉਮਰ ਹੀ ਸੋਮਵਾਰ ਸ਼ਾਮ ਨੂੰ ਆਈ-20 ਕਾਰ ਚਲਾ ਰਿਹਾ ਸੀ। ਇੱਕ ਅਧਿਕਾਰੀ ਨੇ ਕਿਹਾ, 'ਉਮਰ ਦੀ ਭੂਮਿਕਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਜਾਂਚ ਜਾਰੀ ਹੈ।' ਅਧਿਕਾਰੀਆਂ ਨੇ ਕਿਹਾ ਕਿ ਜੰਮੂ-ਕਸ਼ਮੀਰ ਪੁਲਸ ਵੱਲੋਂ ਮੁਜ਼ਾਮਿਲ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ, ਉਮਰ ਫਰਾਰ ਹੈ। ਪੁਲਸ ਅਨੁਸਾਰ ਸੋਮਵਾਰ ਨੂੰ ਦਿੱਲੀ ਵਿਚ ਧਮਾਕੇ ਲਈ ਵਰਤੀ ਗਈ ਕਾਰ ਦੀ ਮਾਲਕੀ ਦਾ ਪਤਾ ਲਗਾਉਂਦੇ ਹੋਏ ਦੱਖਣੀ ਕਸ਼ਮੀਰ ਵਿੱਚ ਉਪਰੋਕਤ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਦੱਖਣੀ ਕਸ਼ਮੀਰ ਦੇ ਪੁਲਵਾਮਾ ਜ਼ਿਲ੍ਹੇ ਦੇ ਆਮੀਰ ਰਸ਼ੀਦ, ਜਿਸ ਦੇ ਆਧਾਰ ਕਾਰਡ ਨੂੰ ਕਾਰ ਖਰੀਦਣ ਵੇਲੇ ਵਰਤਿਆ ਗਿਆ ਸੀ, ਤੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ। ਉੱਤਰ ਪ੍ਰਦੇਸ਼ ਦੇ ਸ਼ਾਮਲੀ ਜ਼ਿਲ੍ਹੇ ਦਾ 18 ਸਾਲਾ ਨੌਮਾਨ ਅੰਸਾਰੀ ਜੋ ਆਪਣੀ ਦੁਕਾਨ ਲਈ ਕਾਸਮੈਟਿਕਸ ਖਰੀਦਣ ਦਿੱਲੀ ਆਇਆ ਸੀ, ਦਿੱਲੀ ਦੇ ਲਾਲ ਕਿਲ੍ਹੇ ਨੇੜੇ ਹੋਏ ਜ਼ਬਰਦਸਤ ਧਮਾਕੇ 'ਚ ਮਾਰਿਆ ਗਿਆ। ਨੌਮਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਉਸ ਦਾ ਚਚੇਰਾ ਭਰਾ ਅਮਨ ਜ਼ਖਮੀ ਹੋ ਗਿਆ ਅਤੇ ਦਿੱਲੀ ਦੇ ਲੋਕ ਨਾਇਕ ਹਸਪਤਾਲ ਵਿੱਚ ਜ਼ੇਰੇ ਇਲਾਜ ਹੈ। ਮਾਰੇ ਗਏ ਲੋਕਾਂ ਵਿੱਚ ਇੱਕ ਡੀ.ਟੀ.ਸੀ. ਕੰਡਕਟਰ ਅਸ਼ੋਕ ਕੁਮਾਰ (34) ਵੀ ਸ਼ਾਮਲ ਹੈ, ਜੋ ਅਮਰੋਹਾ ਜ਼ਿਲ੍ਹੇ ਦਾ ਰਹਿਣ ਵਾਲਾ ਸੀ। ਇੱਕ ਹੋਰ ਮ੍ਰਿਤਕ ਦੀ ਪਛਾਣ 22 ਸਾਲਾ ਪੰਕਜ ਸਾਹਨੀ ਵਜੋਂ ਹੋਈ ਹੈ, ਜੋ ਟੈਕਸੀ ਚਲਾਉਂਦਾ ਸੀ।

12-NOV-PAGE-1.qxd 11/11/2025 8:27 PM Page 2



## ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ 16 ਨੂੰ : ਢੋਸੀਵਾਲ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜਾ)**-ਦੇਸ਼ ਦੀ ਮਹਿਲਾ ਕ੍ਰਿਕਟ ਟੀਮ ਨੇ ਵਰਲਡ ਕੱਪ ਜਿੱਤ ਕੇ ਭਾਰਤ ਦਾ ਸਾਰੀ ਦੁਨੀਆ ਵਿੱਚ ਸਿਰ ਮਾਣ ਨਾਲ ਉੱਚਾ ਕੀਤਾ ਹੈ।ਸਮੁੱਚੇ ਦੇਸ਼ ਵਾਸੀਆਂ ਵੱਲੋਂ ਇਸ ਸ਼ਾਨਦਾਰ ਪ੍ਰਾਪਤੀ ਦੀਆਂ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ।ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਵਰਕਿੰਗ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਨੇ ਮਹਿਲਾ ਕ੍ਰਿਕਟ ਟੀਮ ਦੀ ਉਕਤ ਜਿੱਤ ਨੂੰ ਅਨੋਖੇ ਢੰਗ ਨਾਲ ਮਨਾਉਣ ਦਾ ਫੈਸਲਾ ਕੀਤਾ ਹੈ।ਮਿਸ਼ਨ ਵੱਲੋਂ ਇਸ ਜਿੱਤ ਨੂੰ ਸਮਰਪਤ 'ਪ੍ਰਤਿਭਾਸ਼ਾਲੀ ਕੰਨਿਆ ਸਨਮਾਨ ਸਮਾਰੋਹ' ਮਨਾਇਆ ਜਾਵੇਗਾ।ਇਹ ਸਮਾਰੋਹ ਆਉਂਦੀ 16 ਨਵੰਬਰ ਨੂੰ ਸਥਾਨਕ ਕੋਟਕਪੂਰਾ ਰੋਡ ਸਥਿਤ ਰਾਹਤ ਹੋਟਲ ਵਿਖੇ ਸਵੇਰੇ 11:00 ਵਜੇ ਕੀਤਾ ਜਾਵੇਗਾ। ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਦੇ ਪ੍ਰੋ. ਵੰਦਨਾ ਢੋਸੀਵਾਲ ਸਮਾਰੋਹ ਦੀ ਪ੍ਰਧਾਨਗੀ ਕਰਨਗੇ।ਨੌਜਵਾਨ ਸਮਾਜ ਸੇਵਿਕਾ ਤੇ ਕੌਂਸਲਰ ਇੰਦਰਜੀਤ ਕੌਰ ਸਮਾਰੋਹ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਨਗੇ।ਇਹ ਫੈਸਲਾ ਅੱਜ ਸਥਾਨਕ ਨਿੱਜੀ ਹੋਟਲ ਵਿਖੇ ਮਿਸ਼ਨ ਮੁਖੀ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਪ੍ਰਧਾਨਗੀ ਹੇਠ ਹੋਈ ਮਿਸ਼ਨ ਆਗੂਆਂ ਦੀ ਉੱਚ ਪੱਧਰੀ ਮੀਟਿੰਗ ਦੌਰਾਨ ਕੀਤਾ ਗਿਆ।ਮੀਟਿੰਗ ਦੌਰਾਨ ਮਿਸ਼ਨ ਗਾਇਡ ਇੰਜ. ਅਸ਼ੋਕ ਕੁਮਾਰ ਭਾਰਤੀ, ਚੇਅਰਮੈਨ ਨਿਰੰਜਣ ਸਿੰਘ ਰੱਖਰਾ, ਪੈਟਰਨ ਡਾ. ਸੁਰਿੰਦਰ ਗਿਰਧਰ, ਜਨਰਲ ਸਕੱਤਰ ਡਾ. ਜਸਵਿੰਦਰ ਸਿੰਘ, ਲੋਕ ਸੰਪਰਕ ਵਿੰਗ ਦੇ ਡਾਇਰੈਕਟਰ ਵਿਜੇ ਸਿਡਾਨਾ, ਡਿਪਟੀ ਡਾਇਰੈਕਟਰ ਸਾਹਿਲ ਕੁਮਾਰ ਹੈਪੀ, ਸਹਾਇਕ ਸਕੱਤਰ ਬਲਜੀਤ ਸਿੰਘ ਕੋਅਪ੍ਰੇਟਿਵ ਅਤੇ ਸਲਾਹਕਾਰ ਪ੍ਰੋ. ਕੁਲਵੰਤ ਸ਼ਰਮਾ ਸਮੇਤ ਨਰਿੰਦਰ ਕਾਕਾ ਆਦਿ ਮੌਜੂਦ ਸਨ।

## ਬਾਬਾ ਸ਼ੇਖ ਫਰੀਦ ਕੁਸ਼ਤੀ ਅਖਾੜੇ ਨੇ ਜਿੱਤੇ ਦੋ ਮੈਡਲ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਪਿਛਲੇ ਦਿਨੀਂ ਭਗਤਾ ਭਾਈ ਕਾ ਵਿਖੇ ਹੋਈ ਸੀਨੀਅਰ ਸਟੇਟ ਕੁਸ਼ਤੀ ਚੈਂਪੀਅਨਸ਼ਿਪ ਪੰਜਾਬ ਪੱਧਰੀ ਮੁਕਾਬਲਿਆਂ ਵਿੱਚ 'ਬਾਬਾ ਸ਼ੇਖ ਫਰੀਦ ਕੁਸ਼ਤੀ ਅਖਾੜਾ' ਪਿੰਡ ਧੂੜਕੋਟ ਰਣਸੀਂਹ (ਮੋਗਾ) ਨੇ ਦੋ ਮੈਡਲ ਜਿੱਤੇ।ਸੀਨੀਅਰ ਸਟੇਟ ਕੁਸ਼ਤੀ ਮੁਕਾਬਲਿਆਂ ਵਿੱਚ ਪਹਿਲਵਾਨ ਬੇਟੀ ਕਿਰਨ ਨੇ ਚਾਂਦੀ ਦਾ ਤਮਗਾ ਤੇ ਪਹਿਲਵਾਨ ਬੇਟੀ ਅਮਨ ਨੇ ਕਾਂਸੇ ਦਾ ਤਮਗਾ ਜਿੱਤ ਕੇ ਆਪਣੇ ਪਿੰਡ, ਮਾਪਿਆਂ, ਕੋਚ ਤੇ ਕੁਸ਼ਤੀ ਅਖਾੜੇ ਦਾ ਨਾਮ ਰੋਸ਼ਨ ਕੀਤਾ।ਉਨ੍ਹਾ ਦੀ ਇਸ ਅਹਿਮ ਪ੍ਰਾਪਤੀ 'ਤੇ ਅਖਾੜੇ ਦੇ ਪ੍ਰਧਾਨ ਡਾਕਟਰ ਹਰਗੁਰਪ੍ਰਤਾਪ ਸਿੰਘ ਦੀਪ ਹਸਪਤਾਲ ਵਾਲੇ ਤੇ ਸੀਨੀਅਰ ਮੀਤ ਪ੍ਰਧਾਨ ਮਾਸਟਰ ਰਵਿੰਦਰ ਸਿੰਘ ਨੇ ਵਧਾਈ ਦਿੱਤੀ।ਕੋਚ ਰੁਪਿੰਦਰ ਕੌਰ ਰਣਸੀਂਹ ਦੇ ਕਾਰਨ ਕਾਲ ਵਿੱਚ ਇਹ ਮੈਡਲ ਜਿੱਤਣਾ ਅਖਾੜੇ ਦੀ ਇੱਕ ਅਹਿਮ ਪ੍ਰਾਪਤੀ ਹੈ।ਜ਼ਿਕਰਯੋਗ ਹੈ ਕਿ ਦੋਨੋਂ ਵਿਜੇਤਾ ਪਹਿਲਵਾਨ ਬੇਟੀਆਂ ਪਿੰਡ ਧੂੜਕੋਟ ਰਣਸੀਂਹ ਦੇ ਸ. ਸੁਖਦੇਵ ਸਿੰਘ ਸਪੁੱਤਰ ਸ. ਨਾਜਰ ਸਿੰਘ ਦੀਆਂ ਬੇਟੀਆਂ ਹਨ।

## ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਤ ਸਮਾਗਮ



**ਅਜੀਤਵਾਲ (ਨਛੱਤਰ ਸੰਧੂ)**-ਇਲਾਕੇ ਦੀ ਪ੍ਰਸਿੱਧ ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਤ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ।ਇਸ ਮੌਕੇ ਸਕੂਲ ਵਿੱਚ ਸਵੇਰ ਦੀ ਸਭਾ ਰਾਹੀਂ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਜੀ ਦੇ ਬਲੀਦਾਨ, ਉਪਦੇਸ਼ਾਂ ਤੇ ਮਨੁੱਖਤਾ ਲਈ ਕੀਤੀਆਂ ਮਹਾਨ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਨੇ ਧਰਮ, ਸੱਚਾਈ ਤੇ ਇਨਸਾਨੀਅਤ ਦੀ ਰੱਖਿਆ ਲਈ ਆਪਣਾ ਸਿਰ ਤਾਂ ਕਟਾ ਦਿੱਤਾ, ਪਰ ਆਪਣੇ ਧਰਮ ਦੇ ਮੂਲ ਸਿਧਾਂਤਾਂ ਤੋਂ ਪਿੱਛੇ ਨਹੀਂ ਹਟੇ।ਵਿਦਿਆਰਥੀਆਂ ਨੇ ਵੀ ਗੁਰੂ ਜੀ ਦੀ ਜੀਵਨੀ ਬਾਰੇ ਪ੍ਰਸ਼ਨ ਪੁੱਛੇ ਤੇ ਉਨ੍ਹਾਂ ਦੇ ਆਦਰਸ਼ਾਂ 'ਤੇ ਚੱਲਣ ਦਾ ਸੰਕਲਪ ਲਿਆ।ਸਕੂਲ ਪ੍ਰਬੰਧਕਾਂ ਵੱਲੋਂ ਅੰਤ ਵਿੱਚ ਸਭ ਨੂੰ ਗੁਰੂ ਤੇਗ ਬਹਾਦਰ ਜੀ ਦੇ ਉਪਦੇਸ਼ਾਂ ਨੂੰ ਜੀਵਨ ਵਿੱਚ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ।ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਅਤੇ ਸਕੂਲ ਸਟਾਫ ਮੌਜੂਦ ਸੀ।

## ਸਰਕਾਰ ਬੰਦੀ ਸਿੰਘਾਂ ਦੀ ਰਿਹਾਈ ਕਰੇ : ਡਾ. ਫ਼ਕੀਰ ਮੁਹੰਮਦ



**ਨਿਹਾਲ ਸਿੰਘ ਵਾਲਾ (ਨਛੱਤਰ ਸੰਧੂ)**-ਪਿਛਲੇ ਦਿਨੀਂ ਸ਼ਹਿਰ ਨਿਹਾਲ ਸਿੰਘ ਵਾਲਾ ਦੇ ਪ੍ਰਮੁੱਖ ਸਮਾਜ ਸੇਵੀ ਅਲਾਇੰਸ ਇੰਟਰਨੈਸ਼ਨਲ ਕਲੱਬ ਦੀ ਵਿਸ਼ੇਸ਼ ਮੀਟਿੰਗ ਕਲੱਬ ਦੇ ਜਨਰਲ ਸਕੱਤਰ ਸ਼ਿਵਦੇਵ ਸਿੰਘ ਦੀ ਅਗਵਾਈ ਵਿੱਚ ਹੋਈ, ਜਿਸ ਵਿੱਚ ਕਲੱਬ ਦੇ ਪ੍ਰਧਾਨ ਡਾਕਟਰ ਫ਼ਕੀਰ ਮੁਹੰਮਦ, ਕੈਸ਼ੀਅਰ ਡਾਕਟਰ ਮਨਪ੍ਰੀਤ ਸਿੰਘ ਅਪੋਲੋ, ਪ੍ਰੈੱਸ ਸਕੱਤਰ ਗੁਰਚਰਨ ਸਿੰਘ ਰਾਜੂ ਪੱਤੋ, ਮਾਸਟਰ ਜੁਗਿੰਦਰ ਸਿੰਘ ਡੀ. ਪੀ., ਪ੍ਰਿੰਸੀਪਲ ਜਗਤਾਰ ਸਿੰਘ ਸੈਦੋਕੇ, ਸੁਖਦੇਵ ਲੱਧੜ, ਬੇਅੰਤ ਸਿੰਘ ਮਾਣੂੰਕੇ ਤੇ ਡਾਕਟਰ ਹਰਗੁਰਪ੍ਰਤਾਪ ਸਿੰਘ ਸ਼ਾਮਲ ਹੋਏ।ਇਸ ਮੌਕੇ ਡਾਕਟਰ ਫ਼ਕੀਰ ਮੁਹੰਮਦ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਮਤਾ ਪੇਸ਼ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਸਮੂਹ ਪੰਜਾਬੀਆਂ ਦੀਆਂ ਭਾਵਨਾਵਾਂ ਨੂੰ ਦੇਖਦੇ ਹੋਏ ਲੰਬੇ ਸਮੇਂ ਤੋਂ ਜੇਲ੍ਹਾਂ ਵਿੱਚ ਡੱਕੇ ਹੋਏ ਜੁਝਾਰੂ ਸਿੰਘਾਂ, ਬੰਦੀ ਸਿੰਘਾਂ ਨੂੰ ਤੁਰੰਤ ਰਿਹਾਅ ਕਰ ਦੇਣਾ ਚਾਹੀਦਾ ਹੈ ਅਤੇ ਆਪਣੇ ਇੱਕ ਲੋਕ-ਪੱਖੀ ਸਰਕਾਰ ਹੋਣ ਦਾ ਸਬੂਤ ਦੇਣਾ ਚਾਹੀਦਾ ਹੈ।ਸਾਰੇ ਹੀ ਹਾਜ਼ਰ ਮੈਂਬਰਾਂ ਨੇ ਇਸ ਮਤੇ ਦੀ ਸਰਬਸੰਮਤੀ ਨਾਲ ਹਮਾਇਤ ਕੀਤੀ।ਸਾਰੇ ਹੀ ਮੈਂਬਰਾਂ ਨੇ ਭਵਿੱਖ ਵਿੱਚ ਬੰਦੀ ਸਿੰਘਾਂ ਦੀ ਰਿਹਾਈ ਸੰਬੰਧੀ ਹੋਣ ਵਾਲੇ ਸੰਘਰਸ਼ਾਂ ਨਾਲ ਜੁੜ ਕੇ ਚੱਲਣ ਦਾ ਪ੍ਰਣ ਕੀਤਾ ਅਤੇ ਸੰਘਰਸ਼ਾਂ ਨੂੰ ਆਰਥਿਕ ਤੌਰ 'ਤੇ ਸਹਾਇਤਾ ਪ੍ਰਦਾਨ ਕਰਨ ਦੀ ਗੱਲ ਵੀ ਕਹੀ। ਡਾਕਟਰ ਹਰਗੁਰਪ੍ਰਤਾਪ ਸਿੰਘ ਨੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ 'ਤੇ ਆਪਣੀ ਹਮਾਇਤ ਦਿੰਦਿਆਂ ਕਿਹਾ ਕਿ ਸਰਕਾਰ ਨੂੰ ਐੱਨ ਐੱਸ ਏ ਤੇ ਯੂ ਏ ਪੀ ਏ ਵਰਗੇ ਕਠੋਰ ਕਨੂੰਨਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ ਤੇ ਸਮੂਹ ਰਾਜਨੀਤਕ ਕੈਦੀਆਂ ਨੂੰ ਰਿਹਾਅ ਕਰ ਦੇਣਾ ਚਾਹੀਦਾ ਹੈ।ਇਸ ਤਰ੍ਹਾਂ ਕਰਕੇ ਆਪਣੇ ਲੋਕ-ਪੱਖੀ ਸਰਕਾਰ ਹੋਣ ਦਾ ਸਬੂਤ ਦੇਣਾ ਚਾਹੀਦਾ ਹੈ।ਅਲਾਇੰਸ ਇੰਟਰਨੈਸ਼ਨਲ ਕਲੱਬ ਦੇ ਮੈਂਬਰਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਹੋਣ ਜਾ ਰਹੇ ਮਾਰਚ ਵਿੱਚ ਸ਼ਾਮਲ ਹੋਣ ਦੀ ਗੱਲ ਵੀ ਕਹੀ।

## ਮਾਤਾ ਗੁਜਰੀ ਕਾਲਜ ਵਿਖੇ ਕਰਵਾਇਆ ਵਿਸ਼ੇਸ਼ ਲੈਕਚਰ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਇੰਸਟੀਚਿਊਟ ਇੰਨੋਵੇਸ਼ਨ ਸੈੱਲ ਵੱਲੋਂ ਫੂਡ ਟੈਕਨਾਲੋਜੀ ਵਿਭਾਗ ਦੇ ਸਹਿਯੋਗ ਨਾਲ ਆਨਲਾਈਨ ਤੇ ਆਫਲਾਈਨ ਮਾਧਿਅਮ ਰਾਹੀਂ 'ਇਨੋਵੇਸ਼ਨ ਤੇ ਆਂਤ੍ਰਪ੍ਰਨਿਓਰਸ਼ਿਪ ਲਈ ਇੰਟਲੈਕਚੁਅਲ ਪ੍ਰਾਪਰਟੀ ਰਾਈਟਜ਼ ਦੀਆਂ ਬੁਨਿਆਦੀ ਗੱਲਾਂ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ ਕਰਵਾਇਆ ਗਿਆ, ਜਿਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਲਗਭਗ 100 ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ ਮੁੱਖ ਬੁਲਾਰੇ ਵਜੋਂ ਮਹਾਂਰਿਸ਼ੀ ਮਾਰਕੰਡੇਸ਼ਵਰ ਯੂਨੀਵਰਸਿਟੀ ਮੌਲਾਨਾ ਅੰਬਾਲਾ ਤੋਂ ਮੈਨੇਜਮੈਂਟ ਵਿਭਾਗ ਦੇ ਪ੍ਰੋਫੈਸਰ ਡਾ. ਦਿਵਿਆ ਠਾਕੁਰ ਮੁੱਖ ਬੁਲਾਰੇ ਦੇ ਤੌਰ 'ਤੇ ਪਹੁੰਚੇ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਕਾਪੀਰਾਈਟ, ਪੇਟੈਂਟ ਤੇ ਉਦਯੋਗਿਕ ਡਿਜ਼ਾਈਨ ਆਦਿ ਵਿਸ਼ਿਆਂ ਸਬੰਧੀ ਜਾਣਕਾਰੀ ਸਾਂਝੀ ਕੀਤੀ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਵਿਦਿਆਰਥੀਆਂ ਦੇ ਵਿੱਦਿਅਕ ਤੇ ਵਿਹਾਰਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।ਇਸ ਮੌਕੇ ਇੰਸਟੀਚਿਊਟ ਇੰਨੋਵੇਸ਼ਨ ਸੈੱਲ ਦੀ ਪ੍ਰਧਾਨ ਡਾ. ਸੰਗੀਤਾ ਜੋਸ਼ੀ ਨੇ ਕਿਹਾ ਕਿ ਕਾਲਜ ਵਿਖੇ ਸਮੇਂ-ਸਮੇਂ 'ਤੇ ਵਿਦਿਆਰਥੀਆਂ ਨੂੰ ਵਡਮੁੱਲੀ ਉਦਯੋਗਿਕ ਜਾਣਕਾਰੀ ਪ੍ਰਦਾਨ ਕਰਨ ਲਈ ਅਜਿਹੇ ਸਿੱਖਿਆ ਭਰਪੂਰ ਲੈਕਚਰ ਕਰਵਾਏ ਜਾਂਦੇ ਹਨ।ਇਸ ਮੌਕੇ ਕਾਲਜ ਦੇ ਫੂਡ ਟੈਕਨਾਲੋਜੀ ਵਿਭਾਗ ਦੇ ਮੁਖੀ ਤੇ ਆਈ.ਆਈ.ਸੀ. ਕੋਆਰਡੀਨੇਟਰ ਡਾ. ਅਜੈ ਸਿੰਘ, ਆਈ.ਆਈ.ਸੀ. ਮੈਂਬਰ ਡਾ. ਜੁਝਾਰ ਸਿੰਘ, ਹੋਰ ਅਧਿਆਪਕ ਸਾਹਿਬਾਨ ਤੇ ਵਿਦਿਆਰਥੀ ਹਾਜ਼ਰ ਸਨ।

## ਸਰਕਾਰੀ ਜੇ ਬੀ ਟੀ ਟ੍ਰੇਨਿੰਗ ਸੰਸਥਾ ਬੁਢਲਾਡਾ ਦੇ ਸਾਬਕਾ ਵਿਦਿਆਰਥੀਆਂ ਵੱਲੋਂ ਸਮਾਰੋਹ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸਰਕਾਰੀ ਜੇ.ਬੀ.ਟੀ. ਟ੍ਰੇਨਿੰਗ ਸੰਸਥਾ ਬੁਢਲਾਡਾ ਸੈਸ਼ਨ (1973-75) ਦੇ ਸਾਬਕਾ ਵਿਦਿਆਰਥੀਆਂ ਨੇ ਆਪਣੀ ਸਿੱਖਿਆ ਪੂਰੀ ਹੋਣ ਤੋਂ ਬਾਅਦ ਨਵੰਬਰ 1975 ਦੇ ਪਹਿਲੇ ਹਫਤੇ ਵਿੱਚ ਨੌਕਰੀ ਮਿਲਣ ਦੀ ਗੋਲਡਨ ਜੁਬਲੀ ਮਨਾਉਣ ਲਈ ਬਠਿੰਡਾ ਦੇ ਟੀਚਰਜ਼ ਹੋਮ ਵਿਖੇ ਇੱਕ ਭਾਵੁਕ ਸਮਾਰੋਹ ਕੀਤਾ ਗਿਆ।ਇਸ ਮੌਕੇ ਸਾਰੇ ਸਾਬਕਾ ਵਿਦਿਆਰਥੀ, ਜੋ ਹੁਣ ਕਈ ਸਾਲਾਂ ਤੋਂ ਅਧਿਆਪਨ ਕਿੱਤੇ ਤੋਂ ਸੇਵਾ-ਮੁਕਤ ਹੋ ਚੁੱਕੇ ਹਨ, ਨੇ ਦੁਬਾਰਾ ਮਿਲ ਕੇ ਆਪਣੇ ਪੁਰਾਣੇ ਸਮਿਆਂ ਨੂੰ ਯਾਦ ਕੀਤਾ।ਸੰਨ 1973-75 ਦੇ ਸਮੇਂ ਦੌਰਾਨ ਜਦੋਂ ਇਹ ਵਿਦਿਆਰਥੀ ਬੁਢਲਾਡਾ ਜੇ.ਬੀ.ਟੀ. ਸੰਸਥਾ ਵਿੱਚ ਇਕੱਠੇ ਪੜ੍ਹਦੇ ਸਨ, ਉਸ ਵੇਲੇ ਉਨ੍ਹਾਂ ਨੇ ਸਿੱਖਿਆ ਦੇ ਨਾਲ ਨਾਲ ਪੰਜਾਬ ਪੱਧਰ 'ਤੇ ਖੇਡਾਂ, ਸੱਭਿਆਚਾਰਕ ਤੇ ਸੰਗੀਤਕ ਪ੍ਰੋਗਰਾਮ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਸੀ।ਉਨ੍ਹਾਂ ਦੀਆਂ ਟੀਮਾਂ ਨੇ ਵਾਲੀਬਾਲ, ਕਬੱਡੀ, ਨਾਟਕ ਤੇ ਗੀਤ-ਸੰਗੀਤ ਵਿੱਚ ਚੰਗੀਆਂ ਪੁਜ਼ੀਸ਼ਨਾਂ ਪੰਜਾਬ ਵਿੱਚੋਂ ਪ੍ਰਾਪਤ ਕੀਤੀਆਂ ਸਨ।ਇਸ ਤੋਂ ਇਲਾਵਾ ਉਨ੍ਹਾਂ ਨੇ ਉਸ ਸਮੇਂ ਵਿਦਿਆਰਥੀਆਂ, ਕਿਸਾਨਾਂ ਤੇ ਹੋਰ ਮਜ਼ਦੂਰ ਵਰਗਾਂ ਦੇ ਲੋਕਾਂ ਦੇ ਹੱਕਾਂ ਲਈ ਹੋ ਰਹੇ ਸੰਘਰਸ਼ਾਂ ਵਿੱਚ ਵੀ ਸਰਗਰਮ ਭੂਮਿਕਾ ਨਿਭਾਈ ਸੀ। ਸਮਾਰੋਹ ਦੌਰਾਨ ਸਾਰੇ ਸਾਬਕਾ ਅਧਿਆਪਕਾਂ ਨੇ ਆਪਣੇ ਤਜਰਬੇ ਸਾਂਝੇ ਕੀਤੇ ਤੇ ਉਸ ਸਮੇਂ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ।ਸਮਾਗਮ ਵਿੱਚ ਪੁਰਾਣੀ ਕਲਾਸ ਦੀ ਤਸਵੀਰ ਵੀ ਪ੍ਰਦਰਸ਼ਤ ਕੀਤੀ ਗਈ ਤੇ ਉਸ ਸਮੇਂ ਦੇ ਉਨ੍ਹਾਂ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ, ਜੋ ਹੁਣ ਸਾਡੇ ਵਿੱਚ ਨਹੀਂ ਰਹੇ।ਇਸ ਇਤਿਹਾਸਕ ਗੋਲਡਨ ਜੁਬਲੀ ਸਮਾਰੋਹ ਦੀ ਜਾਣਕਾਰੀ ਉਸ ਸਮੇਂ ਦੇ ਅਗਵਾਈ ਕਰਦੇ ਵਿਦਿਆਰਥੀ ਆਗੂ ਤੇ ਡੀ. ਟੀ. ਐੱਫ. ਪੰਜਾਬ ਦੇ ਸਾਬਕਾ ਸੂਬਾ ਕਮੇਟੀ ਮੈਂਬਰ ਕ੍ਰਿਸ਼ਨ ਮੰਨਣ ਨੇ ਦਿੱਤੀ।ਇਸ ਸਮਾਗਮ ਦੀ ਸਮਾਪਤੀ ਸਮੂਹਕ ਤਸਵੀਰਾਂ ਖਿਚਾਉਣ ਤੇ ਜਵਾਨੀ ਤੋਂ ਬੁਢਾਪੇ ਵਿਚਲੀਆਂ ਮਿੱਠੀਆਂ ਗੱਲਾਂ ਯਾਦ ਕਰਦਿਆਂ ਇਕੱਠਿਆਂ ਭੋਜਨ ਕਰਨ ਨਾਲ ਹੋਈ।

## ਕੇ ਕੇ ਯੂ ਵੱਲੋਂ ਬੰਦੀ ਸਿੰਘਾਂ ਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਦਿੱਲੀ ਵੱਲ ਕੂਚ



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਰਤੀ ਕਿਸਾਨ ਯੂਨੀਅਨ ਦੇ ਬਲਾਕ ਨਿਹਾਲ ਸਿੰਘ ਵਾਲਾ ਦੀ ਬਲਾਕ ਕਮੇਟੀ ਦੀ ਮੀਟਿੰਗ ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ ਦੀ ਪ੍ਰਧਾਨਗੀ ਹੇਠ ਪਿੰਡ ਮੱਲੇਆਣਾ ਵਿਖੇ ਹੋਈ।ਇਸ ਮੀਟਿੰਗ ਵਿੱਚ ਸੂਬਾਈ ਆਗੂ ਤੇ ਜ਼ਿਲ੍ਹਾ ਸਕੱਤਰ ਚਮਕੌਰ ਸਿੰਘ ਰੋਡੇ ਖੁਰਦ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸੂਬਾ ਆਗੂ ਚਮਕੌਰ ਸਿੰਘ ਰੋਡੇ ਖੁਰਦ, ਬਲਾਕ ਪ੍ਰਧਾਨ ਬੇਅੰਤ ਸਿੰਘ ਮੱਲੇਆਣਾ, ਬਲਾਕ ਮੀਤ ਪ੍ਰਧਾਨ ਬਲਦੇਵ ਸਿੰਘ ਲੋਪੋ ਤੇ ਬਲਾਕ ਪ੍ਰੈੱਸ ਸਕੱਤਰ ਨਛੱਤਰ ਸਿੰਘ ਦੌਧਰ ਨੇ ਦੱਸਿਆ ਕਿ ਪਿਛਲੇ ਲੰਬੇ ਸਮੇਂ ਤੋਂ ਚੰਡੀਗੜ੍ਹ ਵਿਖੇ ਕੌਮੀ ਇਨਸਾਫ ਮੋਰਚੇ ਵੱਲੋਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਮੋਰਚਾ ਚੱਲ ਰਿਹਾ ਹੈ। ਇਸ ਮੋਰਚੇ ਦੀ ਹਮਾਇਤ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਕੌਮੀ ਇਨਸਾਫ ਮੋਰਚੇ ਦੀ ਕਾਲ 'ਤੇ 14 ਨਵੰਬਰ ਨੂੰ ਬੰਦੀ ਸਿੰਘਾਂ ਤੇ ਸਿਆਸੀ ਕੈਦੀਆਂ ਦੀ ਰਿਹਾਈ ਲਈ ਕੇਂਦਰ ਸਰਕਾਰ ਖਿਲਾਫ਼ ਧਰਨੇ-ਪ੍ਰਦਰਸ਼ਨ ਦਾ ਐਲਾਨ ਕੀਤਾ ਗਿਆ ਹੈ, ਕਿਉਂਕਿ ਭਾਰਤੀ ਕਾਨੂੰਨ ਅਨੁਸਾਰ ਸਿੱਖ ਕੈਦੀ ਤੇ ਸਿਆਸੀ ਕੈਦੀ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪ੍ਰੰਤੂ ਉਨ੍ਹਾਂ ਨੂੰ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਅੱਜ ਵੀ ਜੇਲ੍ਹਾਂ ਵਿੱਚ ਡੱਕਿਆ ਹੋਇਆ ਹੈ, ਜੋ ਲੋਕਤੰਤਰ ਦਾ ਘਾਣ ਹੈ।ਇਸ ਲਈ ਕੇਂਦਰ ਸਰਕਾਰ ਖਿਲਾਫ਼ ਕੌਮੀ ਇਨਸਾਫ ਮੋਰਚੇ ਦੇ ਸੱਦੇ ਤਹਿਤ ਬੰਦੀ ਸਿੰਘਾਂ ਤੇ ਸਿਆਸੀਆਂ ਦੀ ਰਿਹਾਈ ਲਈ 14 ਨਵੰਬਰ ਨੂੰ ਦਿੱਲੀ ਵੱਲ ਕੀਤੇ ਜਾ ਰਹੇ ਮਾਰਚ ਵਿੱਚ ਬਲਾਕ ਨਿਹਾਲ ਸਿੰਘ ਵਾਲਾ ਵੱਲੋਂ ਵੱਡੀ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ।ਇਸ ਦੌਰਾਨ ਜਾਣਕਾਰੀ ਸਾਂਝੀ ਕਰਦਿਆਂ ਆਗੂਆਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਕਿਸਾਨੀ ਨਾਲ ਜੁੜੀਆਂ ਮੰਗਾਂ ਤੇ ਮਾਮਲਿਆਂ ਨੂੰ ਲੈ ਕੇ ਆਉਣ ਵਾਲੀ 26 ਨਵੰਬਰ ਨੂੰ ਚੰਡੀਗੜ੍ਹ ਵੱਲ ਪੰਜਾਬ ਸਰਕਾਰ ਖਿਲਾਫ਼ ਰੋਸ ਮਾਰਚ ਕੀਤਾ ਜਾਵੇਗਾ।ਇਸ ਮੀਟਿੰਗ ਵਿੱਚ ਸ਼ਾਮਲ ਬਲਾਕ ਸਲਾਹਕਾਰ ਛਿੰਦਰ ਸਿੰਘ ਮੱਲੇਆਣਾ, ਅਵਤਾਰ ਸਿੰਘ ਖਾਈ, ਬਲਜਿੰਦਰ ਸਿੰਘ ਮਾਛੀਕੇ, ਜਗਦੀਪ ਸਿੰਘ ਫੋਰਮੈਨ ਦੌਧਰ ਹਾਜ਼ਰ ਹੋਏ।

## ਸੇਵਾ-ਮੁਕਤ ਮੁਲਾਜ਼ਮਾਂ ਲਈ ਪੈਨਸ਼ਨਰ ਸੇਵਾ ਮੇਲਾ 13 ਤੋਂ : ਜ਼ਿਲ੍ਹਾ ਖ਼ਜ਼ਾਨਾ ਅਫ਼ਸਰ

**ਸੰਗਰੂਰ (ਪ੍ਰਵੀਨ ਸਿੰਘ)**-ਜ਼ਿਲ੍ਹਾ ਖ਼ਜ਼ਾਨਾ ਅਫ਼ਸਰ ਸੰਗਰੂਰ ਪਰਦੀਪ ਕੁਮਾਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ 14 ਹਜ਼ਾਰ ਪੈਨਸ਼ਨਰਾਂ ਤੇ ਫੈਮਿਲੀ ਪੈਨਸ਼ਨਰਾਂ ਦੀ ਈ-ਕੇਵਾਈਸੀ ਕਰਨ ਲਈ ਜ਼ਿਲ੍ਹਾ ਖ਼ਜ਼ਾਨਾ ਦਫ਼ਤਰ ਸੰਗਰੂਰ ਵਿਖੇ 13, 14 ਤੇ 15 ਨਵੰਬਰ ਨੂੰ ਪੈਨਸ਼ਨਰ ਸੇਵਾ ਮੇਲਾ ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੇਵਾ ਤੋਂ ਸੇਵਾ ਮੁਕਤ ਹੋਏ ਮੁਲਾਜ਼ਮਾਂ ਲਈ ਪੈਨਸ਼ਨ ਸੇਵਾਵਾਂ ਨੂੰ ਸੁਚਾਰੂ ਬਣਾਉਣ ਲਈ 'ਪੈਨਸ਼ਨ ਸੇਵਾ ਪੋਰਟਲ' ਦੀ ਸ਼ੁਰੂਆਤ ਕੀਤੀ ਗਈ ਹੈ।ਇਸ ਸੇਵਾ ਦਾ ਪੂਰਾ ਲਾਭ ਲੈਣ ਲਈ ਪੈਨਸ਼ਨਰ ਦਾ ਈ-ਕੇਵਾਈਸੀ ਹੋਇਆ ਹੋਣਾ ਜ਼ਰੂਰੀ ਹੈ। ਇਸ ਲਈ ਵਿਸ਼ੇਸ਼ ਕੈਂਪ ਲਗਾ ਕੇ ਪੈਨਸ਼ਨਰਾਂ ਦਾ ਈ-ਕੇਵਾਈਸੀ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਤੇ ਪਰਿਵਾਰਕ ਪੈਨਸ਼ਨਰਾਂ ਲਈ ਸ਼ੁਰੂ ਕੀਤੀ ਗਈ ਸੇਵਾ ਦਾ ਉਹ ਪੂਰਾ ਲਾਭ ਉਠਾ ਸਕਣ।ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਸ਼ਾਮਲ ਹੋਣ ਵਾਲੇ ਪੈਨਸ਼ਨਰਜ਼ ਪੀ.ਪੀ.ਓ ਦੀ ਕਾਪੀ/ਪੀ.ਪੀ.ਓ ਨੰਬਰ, ਆਧਾਰ ਕਾਰਡ, ਬੈਂਕ ਖਾਤੇ ਦਾ ਵੇਰਵਾ ਤੇ ਮੋਬਾਇਲ ਨੰਬਰ ਜੋ ਆਧਾਰ ਕਾਰਡ ਨਾਲ ਲਿੰਕ ਹੋਵੇ ਨਾਲ ਜ਼ਰੂਰ ਲਿਆਂਦਾ ਜਾਵੇ।

## ਸਟੇਡੀਅਮ ਰੋਡ ਸਥਿਤ ਰੇਲਵੇ ਅੰਡਰ ਬ੍ਰਿਜ ਢਾਂਚਾਗਤ ਤੌਰ 'ਤੇ ਮਜ਼ਬੂਤ : ਐੱਸ ਡੀ ਐੱਮ

### ਕਿਸੇ ਵੀ ਅਫਵਾਹ 'ਤੇ ਧਿਆਨ ਨਾ ਦੇਣ ਦੀ ਅਪੀਲ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਸੁਨਾਮ ਊਧਮ ਸਿੰਘ ਵਾਲਾ ਦੇ ਐੱਸ.ਡੀ.ਐੱਮ. ਪ੍ਰਮੋਦ ਸਿੰਗਲਾ ਨੇ ਰੇਲਵੇ ਵੱਲੋਂ ਪ੍ਰਾਪਤ ਪੱਤਰ ਦੇ ਅਧਾਰ 'ਤੇ ਪੁਸ਼ਟੀ ਕੀਤੀ ਹੈ ਕਿ ਸਟੇਡੀਅਮ ਰੋਡ ਸਥਿਤ ਰੇਲਵੇ ਅੰਡਰ ਬ੍ਰਿਜ ਢਾਂਚਾਗਤ ਤੌਰ 'ਤੇ ਮਜ਼ਬੂਤ ਹੈ ਤੇ ਇਸ ਸਬੰਧੀ ਰੇਲ ਗੱਡੀਆਂ ਜਾਂ ਵਾਹਨਾਂ ਜਾਂ ਕਿਸੇ ਵੀ ਹੋਰ ਰੂਪ ਵਿੱਚ ਲੋਕਾਂ ਦੀ ਆਵਾਜਾਈ ਨੂੰ ਕੋਈ ਖ਼ਤਰਾ ਨਹੀਂ ਹੈ।

ਐੱਸ.ਡੀ.ਐੱਮ. ਸਿੰਗਲਾ ਨੇ ਦੱਸਿਆ ਕਿ ਰੇਲਵੇ ਅਧਿਕਾਰੀਆਂ ਤੋਂ ਪ੍ਰਾਪਤ ਰਿਪੋਰਟ ਅਨੁਸਾਰ, ਉਨ੍ਹਾਂ ਦੀ ਇੰਜੀਨੀਅਰਿੰਗ ਤੇ ਰੱਖ-ਰਖਾਅ ਟੀਮ ਵੱਲੋਂ ਨਿਰੀਖਣ ਕੀਤਾ ਗਿਆ ਹੈ।ਨਿਰੀਖਣ ਵਿੱਚ ਪਤਾ ਲੱਗਾ ਹੈ ਕਿ ਪੁਲ ਦੀ ਢਾਂਚਾਗਤ ਅਖੰਡਤਾ ਬਰਕਰਾਰ ਹੈ ਤੇ ਕਿਸੇ ਕਿਸਮ ਦੇ ਨੁਕਸਾਨ ਜਾਂ ਖ਼ਤਰੇ ਦੇ ਕੋਈ ਸੰਕੇਤ ਨਹੀਂ ਹਨ।ਇੱਕ ਮਾਮੂਲੀ ਗੈਰ-ਢਾਂਚਾਗਤ ਸਮੱਸਿਆ, ਜਿਸ ਵਿੱਚ ਦੋ ਬਾਕਸ ਹਿੱਸਿਆਂ ਵਿਚਕਾਰ ਢਿੱਲੀ ਪੈਕਿੰਗ ਸਮੱਗਰੀ ਸ਼ਾਮਲ ਸੀ, ਦੀ ਪਛਾਣ ਕੀਤੀ ਗਈ ਸੀ ਅਤੇ ਇਸ ਨੂੰ ਪਹਿਲਾਂ ਹੀ ਠੀਕ ਕਰ ਦਿੱਤਾ ਗਿਆ ਹੈ।ਰੇਲਵੇ ਨੇ ਪੁਸ਼ਟੀ ਕੀਤੀ ਹੈ ਕਿ ਸਾਰੇ ਲੋੜੀਂਦੇ ਸੁਰੱਖਿਆ ਉਪਾਅ ਮੁਕੰਮਲ ਹਨ ਤੇ ਹੁਣ ਸਾਈਟ ਪੂਰੀ ਤਰ੍ਹਾਂ ਸੁਰੱਖਿਅਤ ਹੈ।ਐੱਸ.ਡੀ.ਐੱਮ. ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੁਲ ਦੀ ਸਥਿਤੀ ਬਾਰੇ ਕਿਸੇ ਵੀ ਅਫਵਾਹ 'ਤੇ ਧਿਆਨ ਨਾ ਦੇਣ।ਉਨ੍ਹਾਂ ਭਰੋਸਾ ਦਿੱਤਾ ਕਿ ਪ੍ਰਸ਼ਾਸਨ ਜਨਤਕ ਬੁਨਿਆਦੀ ਢਾਂਚੇ ਦੀ ਸੁਰੱਖਿਆ ਤੇ ਖੇਤਰ ਵਿੱਚ ਆਵਾਜਾਈ ਦੇ ਸੁਚਾਰੂ ਸੰਚਾਲਨ ਨੂੰ ਯਕੀਨੀ ਬਣਾਉਣ ਲਈ ਨਿਰੰਤਰ ਨਿਗਰਾਨੀ ਕੀਤੀ ਜਾਵੇਗੀ।

## ਪੰਜਾਬ ਕੋ-ਐਜੂਕੇਸ਼ਨ ਦੇ ਪ੍ਰਾਇਮਰੀ ਵਿਭਾਗ ਵੱਲੋਂ ਸਾਲਾਨਾ ਸਪੋਰਟਸ ਮੀਟ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ-ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਬਾਘਾ ਪੁਰਾਣਾ ਵਿਖੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਸ. ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਦੀ ਯੋਗ ਅਗਵਾਈ ਹੇਠ ਪ੍ਰਾਇਮਰੀ ਵਿਭਾਗ ਵੱਲੋਂ ਸਾਲਾਨਾ 'ਸਪੋਰਟਸ ਮੀਟ' ਦਾ ਆਯੋਜਨ ਕੀਤਾ ਗਿਆ, ਜਿਸ ਦਾ ਆਗਾਜ਼ ਰਾਸ਼ਟਰੀ ਗਾਣ ਗਾ ਕੇ ਕੀਤਾ। ਉਪਰੰਤ ਚਾਰੇ ਹਾਊਸ ਦੇ ਬੱਚਿਆਂ ਵੱਲੋਂ ਫਲੈਗ ਮਾਰਚ ਪਾਸ ਕਰਕੇ ਸਲਾਮੀ ਦਿੱਤੀ।ਇਸ ਵਿੱਚ ਵਿਦਿਆਰਥੀਆਂ ਵੱਲੋਂ ਹਰਡਲ ਰੇਸ, ਪਿਕ ਦਾ ਥਿੰਗਸ, ਜਿਗ ਜੈਗ, ਚੇਅਰ ਗੇਮ, ਕੋਨ ਰੇਸ, ਬੈਮਬੋ ਰੇਸ, ਹੁਲਾ-ਹਿਪ ਰੇਸ, ਥਰੀ ਲੈਗ ਰੇਸ, ਸੈਕ ਰੇਸ, ਕੋਨ ਫਰਨਿੰਗ ਰੇਸ, ਗੋਰੀਲਾ ਰੇਸ, ਸਿੰਪਲ ਰੇਸ, 50 ਮੀਟਰ, 100 ਮੀਟਰ, 200 ਮੀਟਰ, 400 ਮੀਟਰ ਰੇਸ ਰਿਲੇਅ ਰੇਸ, ਖੋ-ਖੋ, ਲੌਂਗ ਜੰਪ, ਟਗ ਔਫ ਵਾਰ ਆਦਿ ਖੇਡਾਂ ਦਾ ਪ੍ਰਦਰਸ਼ਨ ਕੀਤਾ ਗਿਆ।ਸਟੇਜ ਸੰਚਾਲਨ ਦੀ ਭੂਮਿਕਾ ਮੈਡਮ ਪ੍ਰਿਅੰਕਾ, ਮੈਡਮ ਗੁਰਪ੍ਰੀਤ ਕੌਰ ਨੇ ਬਾਖ਼ੂਬੀ ਨਿਭਾਈ।ਕੋਚ ਮੈਡਮ ਕਾਜਲ ਦੀ ਅਗਵਾਈ ਵਿੱਚ ਕਰਾਈ ਸਪੋਰਟਸ ਮੀਟ ਵਿੱਚ ਬੱਚਿਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ ਤੇ ਆਪਣੀ ਅਣਥੱਕ ਮਿਹਨਤ ਸਦਕਾ ਮੈਡਲ ਹਾਸਲ ਕੀਤੇ।ਇਸ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ ਨੇ ਜੇਤੂ ਬੱਚਿਆਂ ਨੂੰ ਸ਼ਾਬਾਸ਼ੀ ਦਿੱਤੀ। ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ ਨੇ ਦੱਸਿਆ ਕਿ ਖੇਡਾਂ ਵਿਦਿਆਰਥੀਆਂ ਦਾ ਮਨੋਬਲ ਵਧਾਉਣ ਦੇ ਨਾਲ ਨਾਲ ਸਰੀਰ ਨੂੰ ਰਿਸ਼ਟ ਪੁਸ਼ਟ ਰੱਖਦੀਆਂ ਹਨ ਤੇ ਖੇਡਾਂ ਨਾਲ ਬੱਚੇ ਦਾ ਆਤਮ ਵਿਸ਼ਵਾਸ ਵਧਦਾ ਹੈ।ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।ਇਸ ਸਮੇਂ ਸੰਸਥਾ ਦੇ ਬਾਨੀ ਪ੍ਰਿੰਸੀਪਲ ਗੁਰਦੇਵ ਸਿੰਘ, ਪ੍ਰਿੰਸੀਪਲ ਤੇ ਡਾਇਰੈਕਟਰ ਸੰਦੀਪ ਮਹਿਤਾ, ਮੈਡਮ ਪ੍ਰਮਿੰਦਰ ਕੌਰ, ਮੈਡਮ ਖੁਸ਼ਪ੍ਰੀਤ ਕੌਰ, ਕੋਆਰਡੀਨੇਟਰ ਮੁਕੇਸ਼ ਅਰੋੜਾ, ਕੋਆਰਡੀਨੇਟਰ (ਪ੍ਰਾਇਮਰੀ) ਮੈਡਮ ਰਿਚਾ ਨੇ ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ।

## ਪੀ ਏ ਯੂ ਦੇ ਯੁਵਕ ਮੇਲੇ ਦੇ ਤੀਜੇ ਦਿਨ ਵਿਦਿਆਰਥੀਆਂ ਨੇ ਲੋਕ ਕਲਾ ਦੇ ਰੰਗ ਬਿਖੇਰੇ



**ਲੁਧਿਆਣਾ (ਰੈਕਟਰ ਕਥੂਰੀਆ)**

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿੱਚ ਚੱਲ ਰਹੇ ਸਾਲਾਨਾ ਯੁਵਕ ਮੇਲੇ ਦੇ ਤੀਜੇ ਦਿਨ ਵੱਖ-ਵੱਖ ਕਾਲਜਾਂ ਦੇ ਵਿਦਿਆਰਥੀਆਂ ਨੇ ਲੋਕ ਕਲਾ ਦੇ ਪ੍ਰਦਰਸ਼ਨ ਰਾਹੀਂ ਮਨ ਮੋਹ ਲਿਆ।ਇਨੂੰ ਬਣਾਉਣ, ਨਾਲ਼ੇ ਬੁਣਨ, ਮਿੱਟੀ ਦੇ ਖਿਡੌਣੇ ਬਣਾਉਣ, ਛਿੱਕੂ ਬਣਾਉਣ ਤੇ ਪੀੜ੍ਹੀ ਬੁਣਨ ਦੇ ਨਾਲ-ਨਾਲ ਕਰੋਸ਼ੀਆ, ਮੁਹਾਵਰੇਦਾਰ ਵਾਰਤਾਲਾਪ ਤੇ ਕਵੀਸ਼ਰੀ ਦੇ ਮੁਕਾਬਲੇ ਆਯੋਜਤ ਕੀਤੇ ਗਏ।ਵੱਖ-ਵੱਖ ਖੇਤਰਾਂ ਦੇ ਮਾਹਰ ਵਿਦਵਾਨਾਂ ਨੇ ਜੱਜਮੈਂਟ ਦੀ ਭੂਮਿਕਾ ਅਦਾ ਕਰਦਿਆਂ ਵਿਦਿਆਰਥੀਆਂ ਵਲੋਂ ਪ੍ਰਦਰਸ਼ਿਤ ਕਲਾ ਵੰਨਗੀਆਂ ਦੀ ਸ਼ਲਾਘਾ ਕੀਤੀ।ਸਟੂਡੈਂਟਸ ਹੋਮ ਦੇ ਆਸ-ਪਾਸ ਯੁਵਕ ਮੇਲੇ ਦੇ ਆਯੋਜਨ ਲਈ ਉਸਾਰੇ ਗਏ ਮਾਹੌਲ ਨੇ ਸਮੁੱਚੇ ਪੀ ਏ ਯੂ ਕੈਂਪਸ ਨੂੰ ਕਲਾਤਮਕ ਰੰਗਣ ਵਿਚ ਰੰਗ ਦਿੱਤਾ।

ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦੇ ਪ੍ਰਿੰਸੀਪਲ ਡਾ ਗੁਰਸ਼ਰਨ ਜੀਤ ਸਿੰਘ ਸੰਧੂ ਨੇ ਵਿਦਿਆਰਥੀਆਂ ਦੀ ਕਲਾਤਮਕ ਪ੍ਰਤਿਭਾ ਬਾਰੇ ਖੁਸ਼ੀ ਭਰੀ ਹੈਰਾਨੀ ਪ੍ਰਗਟਾਈ।ਉਨ੍ਹਾਂ ਕਿਹਾ ਕਿ ਪੀ ਏ ਯੂ ਨੇ ਖੇਤੀ ਖੋਜ ਰਾਹੀਂ ਦੇਸ਼ ਦੀ ਖੇਤੀ ਨੂੰ ਨਵੀਂ ਦਿਸ਼ਾ ਦੇਣ ਦੇ ਨਾਲ-ਨਾਲ ਸੱਭਿਆਚਾਰਕ ਮੁੱਲਾਂ ਦੀ ਪੈਰਵੀ ਕੀਤੀ ਹੈ।ਯੂਨੀਵਰਸਿਟੀ ਨੇ ਕਲਾ ਅਤੇ ਸੱਭਿਆਚਾਰ ਨੂੰ ਬੜੇ ਉੱਘੇ ਨਾਂਅ ਦਿੱਤੇ। ਉਨ੍ਹਾਂ ਵਿਦਿਆਰਥੀਆਂ ਨੂੰ ਇਹ ਅਪੀਲ ਵੀ ਕੀਤੀ ਕਿ ਉਹ ਆਪਣੀ ਵਿਰਾਸਤ ਦੀ ਸੰਭਾਲ ਲਈ ਵਿਸ਼ੇਸ਼ ਯਤਨ ਕਰਦੇ ਰਹਿਣ।ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ ਪੀ ਏ ਯੂ ਦੇ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਨੇ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਉਤਸ਼ਾਹ ਲਈ ਸ਼ਾਬਾਸ਼ ਕਿਹਾ।ਉਨ੍ਹਾਂ ਕਿਹਾ ਕਿ ਰਵਾਇਤੀ ਕਲਾ ਦੀ ਸੰਭਾਲ ਤੇ ਅਗਲੀਆਂ ਪੀੜ੍ਹੀਆਂ ਤੱਕ ਇਨ੍ਹਾਂ ਦੇ ਪਸਾਰ ਲਈ ਕਲਾ ਨਾਲ ਜੁੜੇ ਲੋਕਾਂ ਦਾ ਯੋਗਦਾਨ ਬੜਾ ਅਹਿਮ ਹੁੰਦਾ ਹੈ।ਡਾ. ਗੋਸਲ ਨੇ ਇਸ ਗੱਲ ਉੱਪਰ ਤਸੱਲੀ ਪ੍ਰਗਟਾਈ ਕਿ ਯੂਨੀਵਰਸਿਟੀ ਵੱਲੋਂ ਸੱਭਿਆਚਾਰ ਤੇ ਵਿਰਸੇ ਦੇ ਰੱਖ ਰਖਾਅ ਦੇ ਯਤਨਾਂ ਨੂੰ ਮੌਜੂਦਾ ਵਿਦਿਆਰਥੀਆਂ ਨੇ ਹੁੰਗਾਰਾ ਦਿੱਤਾ ਹੈ।

ਸਵੇਰ ਦੇ ਮੁਕਾਬਲਿਆਂ ਵਿੱਚ ਮੁੱਖ ਮਹਿਮਾਨ ਵਜੋਂ ਖੇਤੀਬਾੜੀ ਕਾਲਜ ਦੇ ਡੀਨ ਡਾ. ਚਰਨਜੀਤ ਸਿੰਘ ਔਲਖ ਅਤੇ ਕਮਿਊਨਿਟੀ ਸਾਇੰਸ ਕਾਲਜ ਦੇ ਡੀਨ ਡਾ ਕਿਰਨ ਬੈਂਸ ਸ਼ਾਮਿਲ ਹੋਏ।ਦੋਵਾਂ ਉੱਚ ਅਧਿਕਾਰੀਆਂ ਨੇ ਵਿਦਿਆਰਥੀਆਂ ਨੂੰ ਬਿਨਾਂ ਜਿੱਤ ਹਾਰ ਦੀ ਚਿੰਤਾ ਕੀਤੇ ਅਨੁਸ਼ਾਸਨ ਨਾਲ ਮੁਕਾਬਲਿਆਂ 'ਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਵਾਗਤ ਦੇ ਸ਼ਬਦ ਕਹਿੰਦਿਆਂ ਨਿਰਦੇਸ਼ਕ ਵਿਦਿਆਰਥੀ ਭਲਾਈ ਡਾ. ਨਿਰਮਲ ਜੌੜਾ ਨੇ ਯੁਵਕ ਮੇਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਦੇ ਜੋਸ਼ ਖਰੋਸ਼ ਦੀ ਸਿਫ਼ਤ ਕੀਤੀ।ਉਨ੍ਹਾਂ ਕਿਹਾ ਕਿ ਵਿਗਿਆਨ ਦੀ ਸੰਸਥਾ ਹੋਣ ਦੇ ਬਾਵਜੂਦ ਸਾਡੇ ਕਲਾਕਾਰਾਂ ਨੇ ਗਾਹੇ ਬਗਾਹੇ ਆਪਣੀ ਹੋਂਦ ਦਰਜ ਕਰਾਈ ਹੈ।

## 'ਲਾਈਟ ਐਂਡ ਸਾਊਂਡ' ਧਾਰਮਿਕ ਸਮਾਗਮ ਦੀਆਂ ਤਿਆਰੀਆਂ ਦਾ ਲਿਆ ਜਾਇਜ਼ਾ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਤੇ ਐਸਐਸਪੀ ਅਮਨੀਤ ਕੌਂਡਲ ਨੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਆਦਿ ਮਹਾਨ ਸ਼ਹੀਦਾਂ ਦੀ ਅਮਰ ਸ਼ਹਾਦਤ ਨੂੰ ਸਮਰਪਤ ਸ਼ਹੀਦ ਭਗਤ ਸਿੰਘ ਬਹੁਮੰਤਵੀ ਖੇਡ ਸਟੇਡੀਅਮ ਵਿਖੇ 17 ਨਵੰਬਰ ਨੂੰ ਕਰਾਏ ਜਾਣ ਵਾਲੇ ਲਾਈਟ ਐਂਡ ਸਾਊਂਡ ਧਾਰਮਿਕ ਸਮਾਗਮ ਦੇ ਸਬੰਧ 'ਚ ਜਿੱਥੇ ਆਗਾਊਂ ਤਿਆਰੀਆਂ ਦਾ ਜਾਇਜ਼ਾ ਲਿਆ, ਉੱਥੇ ਹੀ ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ। ਡਿਪਟੀ ਕਮਿਸ਼ਨਰ ਸ਼੍ਰੀ ਰਾਜੇਸ਼ ਧੀਮਾਨ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਮਾਗਮ ਨੂੰ ਸਫ਼ਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਕਿਸੇ ਵੀ ਤਰ੍ਹਾਂ ਦਾ ਕੋਈ ਢਿੱਲ-ਮੱਠ ਨਾ ਵਰਤੀ ਜਾਵੇ ਤੇ ਆਪੋ-ਆਪਣੀ ਡਿਊਟੀ ਨੂੰ ਸੇਵਾ ਭਾਵਨਾ ਨਾਲ ਨਿਭਾਉਣਾ ਯਕੀਨੀ ਬਣਾਇਆ ਜਾਵੇ।ਉਨ੍ਹਾਂ ਪੁਲਸ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਸਮਾਗਮ ਵਾਲੀ ਥਾਂ 'ਤੇ ਸੁਰੱਖਿਆ ਦੇ ਪੁਖਤਾਂ ਪ੍ਰਬੰਧਾਂ ਤੋਂ ਇਲਾਵਾ ਟ੍ਰੈਫਿਕ ਨੂੰ ਸੁਚਾਰੂ ਢੰਗ ਨਾਲ ਨਿਰਵਿਘਨ ਚਲਾਉਣਾ ਯਕੀਨੀ ਬਣਾਇਆ ਜਾਵੇ।ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਡਾਕਟਰੀ ਟੀਮਾਂ ਸਮੇਤ ਐਂਬੂਲੈਂਸਾਂ ਦਾ ਖਾਸ ਪ੍ਰਬੰਧ ਕਰਨਾ ਲਾਜ਼ਮੀ ਬਣਾਇਆ ਜਾਵੇ।ਉਨ੍ਹਾਂ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਵੀ ਆਦੇਸ਼ ਦਿੰਦਿਆਂ ਕਿਹਾ ਕਿ ਸਮਾਗਮ ਵਾਲੀ ਥਾਂ 'ਤੇ ਸਾਫ਼-ਸਫ਼ਾਈ ਆਦਿ ਕਰਨੀ ਯਕੀਨੀ ਬਣਾਈ ਜਾਵੇ।ਇਸ ਤੋਂ ਇਲਾਵਾ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਕਿਹਾ ਕਿ ਬੈਰੀਕੇਡਿੰਗ, ਬਿਜਲੀ, ਆਰਜ਼ੀ ਪਖਾਨੇ, ਪੀਣ ਵਾਲੇ ਪਾਣੀ ਆਦਿ ਸਾਰੇ ਪ੍ਰਬੰਧ ਕਰਨੇ ਲਾਜ਼ਮੀ ਬਣਾਏ ਜਾਣ।ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਉਹ 17 ਨਵੰਬਰ 2025 ਦੀ ਸ਼ਾਮ ਨੂੰ ਸ਼ਹੀਦ ਭਗਤ ਸਿੰਘ ਬਹੁ ਮੰਤਵੀ ਖੇਡ ਸਟੇਡੀਅਮ ਵਿੱਚ ਕਰਾਏ ਜਾ ਰਹੇ ਲਾਈਟ ਐਂਡ ਸਾਊਂਡ ਸਮਾਗਮ 'ਚ ਵੱਧ ਤੋਂ ਵੱਧ ਸ਼ਮੂਲੀਅਤ ਕਰਨ ਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ ਲਾਸਾਨੀ ਸ਼ਹਾਦਤ ਬਾਰੇ ਵਡਮੁੱਲੀ ਜਾਣਕਾਰੀ ਹਾਸਲ ਕਰਨ।

## ...ਸਫ਼ਾ 1 ਦੇ ਬਾਕੀ

### ਤਰਨ ਤਾਰਨ ਜ਼ਿਮਨੀ ...

ਨਾਮਜ਼ਦ ਕੀਤਾ ਹੈ। ਇਹ ਚੋਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਵੀ ਓਨੀ ਹੀ ਅਹਿਮ ਹੈ। ਉਨ੍ਹਾ ਆਪਣੀ ਪਤਨੀ ਹਰਸਿਮਰਤ ਕੌਰ ਬਾਦਲ ਨਾਲ ਮਿਲ ਕੇ ਪਾਰਟੀ ਉਮੀਦਵਾਰ ਸੁਖਵਿੰਦਰ ਕੌਰ ਰੰਧਾਵਾ ਲਈ ਜ਼ੋਰਦਾਰ ਢੰਗ ਨਾਲ ਪ੍ਰਚਾਰ ਕੀਤਾ। ਚੋਣ ਮੈਦਾਨ ਵਿੱਚ ਆਜ਼ਾਦ ਉਮੀਦਵਾਰ ਮਨਦੀਪ ਸਿੰਘ ਵੀ ਹੈ, ਜੋ ਕਿ ਸੰਦੀਪ ਸਿੰਘ ਉਰਫ਼ ਸੰਨੀ ਦਾ ਭਰਾ ਹੈ, ਜੋ 2022 ਵਿੱਚ ਸ਼ਿਵ ਸੈਨਾ (ਟਕਸਾਲੀ) ਦੇ ਨੇਤਾ ਸੁਧੀਰ ਸੂਰੀ ਦੇ ਕਤਲ ਦਾ ਦੋਸ਼ੀ ਹੈ। ਮਨਦੀਪ ਸਿੰਘ ਨੂੰ ਖਡੂਰ ਸਾਹਿਬ ਤੋਂ ਐੱਮ ਪੀ ਤੇ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲੇ ਅਕਾਲੀ ਦਲ (ਵਾਰਿਸ ਪੰਜਾਬ ਦੇ), ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ), ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਸਿੱਖ ਯੂਥ ਫੈਡਰੇਸ਼ਨ (ਭਿੰਡਰਾਂਵਾਲਾ) ਸਮੇਤ ਕੁਝ ਕੱਟੜਪੰਥੀ ਸਿੱਖ ਸੰਗਠਨਾਂ ਦਾ ਸਮਰਥਨ ਪ੍ਰਾਪਤ ਹੈ।

### ਬਹੁਤੇ ਐਗਜ਼ਿਟ...

ਪੀਪਲਜ਼ ਪਲਸ ਨੇ ਆਪਣੇ ਐਗਜ਼ਿਟ ਪੋਲ ਸਰਵੇ ਵਿੱਚ ਐੱਨ ਡੀ ਏ ਵੱਲੋਂ 133-159, ਮਹਾਂਗਠਜੋੜ ਵੱਲੋਂ 75-101 ਸੀਟਾਂ ਜਿੱਤਣ ਦਾ ਅਨੁਮਾਨ ਲਾਇਆ ਹੈ, ਜਦ ਕਿ ਜਨ ਸੂਰਾਜ ਪਾਰਟੀ ਨੂੰ 0-5 ਤੇ ਹੋਰਨਾਂ ਪਾਰਟੀਆਂ ਨੂੰ 2-8 ਸੀਟਾਂ ਦਿੱਤੀਆਂ ਹਨ। ਜੇ ਵੀ ਸੀ ਦੇ ਐਗਜ਼ਿਟ ਪੋਲ ਅਨੁਸਾਰ ਐੱਨ ਡੀ ਏ ਨੂੰ 135-150, ਮਹਾਂਗਠਜੋੜ ਨੂੰ 88-103, ਜਨ ਸੂਰਾਜ ਪਾਰਟੀ ਨੂੰ 0-1 ਤੇ ਬਾਕੀ ਪਾਰਟੀਆਂ ਨੂੰ 3-6 ਮਿਲਣਗੀਆਂ। ਪੀ ਮਾਰਗ ਐਗਜ਼ਿਟ ਪੋਲ ਅਨੁਸਾਰ ਐੱਨ ਡੀ ਏ ਵੱਲੋਂ 142 ਤੋਂ 162, ਮਹਾਂਗਠਜੋੜ ਵੱਲੋਂ 88 ਤੋਂ 103 ਸੀਟਾਂ ਜਿੱਤਣ ਦਾ ਅਨੁਮਾਨ ਲਾਇਆ ਹੈ, ਜਦ ਕਿ ਪ੍ਰਸ਼ਾਂਤ ਕਿਸ਼ੋਰ ਦੀ ਜਨ ਸੂਰਾਜ ਪਾਰਟੀ ਨੂੰ 1-4 ਤੇ ਹੋਰਨਾਂ ਪਾਰਟੀਆਂ ਨੂੰ 0-3 ਸੀਟਾਂ ਦਿੱਤੀਆਂ ਹਨ। ਚਾਣਕਿਆ ਸਟਰੈਟਜੀਜ਼ ਐਗਜ਼ਿਟ ਪੋਲ ਅਨੁਸਾਰ ਐੱਨ ਡੀ ਏ ਨੂੰ 130-138, ਮਹਾਂਗਠਜੋੜ ਨੂੰ 100-108 ਸੀਟਾਂ ਮਿਲਣਗੀਆਂ, ਜਦ ਕਿ ਬਾਕੀ ਪਾਰਟੀਆਂ 3 ਤੋਂ 5 ਸੀਟਾਂ ਉਪਰ ਜੇਤੂ ਰਹਿਣਗੀਆਂ।

## ਕਾਸੋ ਅਪ੍ਰੇਸ਼ਨ ਦੌਰਾਨ ਪੁਲਸ ਵੱਲੋਂ ਨਸ਼ਾ ਪ੍ਰਭਾਵਿਤ ਸਥਾਨਾਂ ਦੀ ਸਰਚ ਤੇ ਚੈਕਿੰਗ

**ਮੋਗਾ (ਇਕਬਾਲ ਸਿੰਘ ਖਹਿਰਾ)**-ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਪੁਲਸ ਵੱਲੋਂ ਨਸ਼ਿਆਂ ਦੀ ਰੋਕਥਾਮ ਤੇ ਸਮਾਜ ਦੇ ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਚਲਾਈ ਜਾ ਰਹੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਮੋਗਾ ਵਿਖੇ ਵਿਸ਼ੇਸ਼ ਘੇਰਾਬੰਦੀ ਤੇ ਸਰਚ ਆਪ੍ਰੇਸ਼ਨ (ਕਾਸੋ) ਅਭਿਆਨ ਜਾਰੀ ਹੈ।ਇਸ ਮਹਿਮ ਤਹਿਤ ਏਡੀਜੀਪੀ ਅੰਦਰੂਨੀ ਸੁਰੱਖਿਆ ਪੰਜਾਬ ਸ਼ਿਵ ਕੁਮਾਰ ਵਰਮਾ, ਐੱਸ.ਐੱਸ.ਪੀ. ਮੋਗਾ ਅਜੇ ਗਾਂਧੀ ਦੀ ਯੋਗ ਅਗਵਾਈ ਹੇਠ ਸਵੇਰੇ 10:00 ਵਜੇ ਤੋਂ ਦੁਪਹਿਰ 12:00 ਵਜੇ ਤੱਕ ਥਾਣਾ ਸਿਟੀ ਸਾਊਥ ਮੋਗਾ ਦੇ ਹਦੂਦ ਵਿੱਚ ਆਉਣ ਵਾਲੇ ਡਰੱਗ ਹਾਟਸਪੌਟ ਤੇ ਹੋਰ ਸ਼ੱਕੀ ਥਾਵਾਂ ਉੱਤੇ ਵਿਸ਼ੇਸ਼ ਸਰਚ ਆਪ੍ਰੇਸ਼ਨ ਚਲਾਇਆ ਗਿਆ।ਇਸ ਕਾਰਵਾਈ ਦੌਰਾਨ ਲਗਭਗ 100 ਪੁਲਸ ਕਰਮਚਾਰੀਆਂ ਦੀਆਂ ਵੱਖ-ਵੱਖ ਟੀਮਾਂ ਵੱਲੋਂ ਖੇਤਰ ਵਿੱਚ ਕਾਸੋ ਆਪ੍ਰੇਸ਼ਨ ਹੇਠ ਚੈਕਿੰਗ ਕੀਤੀ ਗਈ।ਇਸ ਦੌਰਾਨ 46 ਸ਼ੱਕੀ ਵਿਅਕਤੀਆਂ ਦੇ ਘਰਾਂ ਤੇ ਅਸਥਾਨਾਂ ਦੀ ਤਲਾਸ਼ੀ ਲਈ ਗਈ ਤੇ 32 ਦੇ ਕਰੀਬ ਸ਼ੱਕੀ ਵਾਹਨ ਵੀ ਚੈੱਕ ਕੀਤੇ ਗਏ।ਸ਼ੱਕੀ ਵਿਅਕਤੀਆਂ ਦੀ ਪੁੱਛਗਿੱਛ ਜਾਰੀ ਹੈ। ਏ.ਡੀ.ਜੀ.ਪੀ. ਅੰਦਰੂਨੀ ਸੁਰੱਖਿਆ ਪੰਜਾਬ ਵੱਲੋਂ ਆਮ ਜਨਤਾ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਨਸ਼ਾ-ਮੁਕਤ ਪੰਜਾਬ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਪੁਲਸ ਵਿਭਾਗ ਨਾਲ ਸਹਿਯੋਗ ਕਰਨ।ਜੇ ਕਿਸੇ ਵਿਅਕਤੀ ਕੋਲ ਨਸ਼ਾ ਵੇਚਣ ਜਾਂ ਖ੍ਰੀਦਣ ਸੰਬੰਧੀ ਕੋਈ ਜਾਣਕਾਰੀ ਹੈ ਤਾਂ ਉਹ ਮੋਗਾ ਪੁਲਸ ਦੇ ਕੰਟਰੋਲ ਰੂਮ ਨੰਬਰ 96568-96568 ਜਾਂ ਸੇਫ ਪੰਜਾਬ ਹੈਲਪਲਾਈਨ ਨੰਬਰ 97791-00200 'ਤੇ ਸੂਚਿਤ ਕਰ ਸਕਦਾ ਹੈ।ਜਾਣਕਾਰੀ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।ਮੋਗਾ ਪੁਲਸ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਨੂੰ ਰੋਕਣ ਲਈ ਵਚਨਬੱਧ ਹੈ ਤੇ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਖ਼ਤ ਕਾਰਵਾਈਆਂ ਜਾਰੀ ਰਹਿਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੇ ਸਮਾਜਕ ਬੁਰਾਈਆਂ ਦੇ ਖ਼ਾਤਮੇ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

## ਮੰਗਲ ਮੀਤ ਵੱਲੋਂ ਆਪਣਾ 'ਰੂਹ ਦੇ ਬੋਲ' ਕਾਵਿ ਸੰਗ੍ਰਹਿ ਦਰਸ਼ਨ ਗਿੱਲ ਨੂੰ ਭੇਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਦੀ ਰਿਟਾਇਰਡ ਰੈਵੀਨਿਊ ਕਾਨੂੰਨਗੋ ਪਟਵਾਰੀ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਚਾਰ ਸਕੱਤਰ ਮੈਂਬਰ ਮੰਗਲ ਮੀਤ ਪੱਤੋ ਦੀ ਕਲਮ ਤੋਂ ਪ੍ਰਕਾਸ਼ਤ ਜਾਣਕਾਰੀ ਭਰਪੂਰ ਕਾਵਿ-ਸੰਗ੍ਰਹਿ 'ਰੂਹ ਦੇ ਬੋਲ' ਸਵ. ਮਾਤਾ ਨਿਹਾਲ ਕੌਰ, ਪਿਤਾ ਬਜਿੰਦਰ ਰਾਮ ਨੂੰ ਸਮਰਪਤ ਤੇ ਮਿਹਨਤਕਸ਼, ਸੰਘਰਸ਼ਸ਼ੀਲ ਮਨੁੱਖਤਾਂ ਦੇ ਹਿੱਤ ਲਈ ਜੂਝਣ ਵਾਲੇ ਅਤੇ ਸਰਕਾਰੀ ਦਫਤਰਾਂ ਵਿੱਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ, ਦੇ ਬਰਖਿਲਾਫ ਲੜਨ ਵਾਲੇ ਸੂਰਮਿਆਂ, ਮਾਂ ਬੋਲੀ ਲਈ ਚਿੰਤਤ ਤੇ ਪੰਜਾਬੀ ਸੱਭਿਆਚਾਰ ਦੀ ਹੋਂਦ ਨੂੰ ਬਰਕਰਾਰ ਰੱਖਣ ਵਾਲੇ ਅਣਖੀ ਲੋਕਾਂ, ਸਰਕਾਰੀ ਤੇ ਰਾਜਨੀਤਕ ਲੋਕਾਂ ਦੀ ਬੁਰਛਾਗਰਦੀ ਨੂੰ ਨੰਗਾ ਕਰਨ ਲਈ ਹਮੇਸ਼ਾ ਯਤਨਸ਼ੀਲ ਰਹਿੰਦੇ ਹੋਏ ਚੰਗੀ ਨਿੱਗਰ ਸੋਚ ਦੇ ਧਾਰਨੀਆਂ ਦੇ ਹੱਕ ਵਿੱਚ ਲਿਖਤ ਰਾਹੀਂ ਸਾਂਝ ਪਾਈ ਗਈ ਹੈ, ਜਿਸ ਨੂੰ ਸੀਮਤ ਸ਼ਬਦਾਂ ਵਿੱਚ ਕਲਮਬੰਦ ਕਰਕੇ ਵੱਖੋ-ਵੱਖ ਪਹਿਲੂਆਂ 'ਤੇ ਰੌਸ਼ਨੀ ਪਾਈ ਗਈ ਹੈ।ਉਨ੍ਹਾਂ ਆਪਣਾ ਇਹ 'ਰੂਹ ਦੇ ਬੋਲ+ ਕਾਵਿ ਸੰਗ੍ਰਹਿ ਅਦਬ ਤੇ ਸਤਿਕਾਰ ਸਹਿਤ ਦਰਸ਼ਨ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਨੂੰ ਭੇਟ ਕੀਤਾ।ਇਸ ਰਸਮ ਦੌਰਾਨ ਗੁਰਮੇਲ ਸਿੰਘ ਗੌਂਦਾਰਾ ਜਨਰਲ ਸਕੱਤਰ, ਗੁਰਮੇਲ ਸਿੰਘ ਖਜ਼ਾਨਚੀ, ਬਲਜੀਤ ਸਿੰਘ ਸਹਾਇਕ ਸਕੱਤਰ, ਗੁਰਦੋਰ ਸਿੰਘ ਸੀਨੀਅਰ ਮੀਤ ਪ੍ਰਧਾਨ, ਮੱਖਣ ਜੀਤ ਕਾਨੂੰਨੀ ਸਕੱਤਰ, ਕੇਵਲ ਸਿੰਘ ਪ੍ਰੈੱਸ ਸਕੱਤਰ, ਗੁਰਚਰਨ ਸਿੰਘ ਢਿਪਾਲੀ ਮੀਤ ਪ੍ਰਧਾਨ, ਸਵਰਨ ਸਿੰਘ ਬਰਾੜ, ਜਸਵੰਤ ਸਿੰਘ ਸੂਬੇਦਾਰ, ਸੁਰਜੀਤ ਸਿੰਘ, ਜਰਨੈਲ ਸਿੰਘ, ਸੁਰਜੀਤ ਸਿੰਘ ਢਿਪਾਲੀ, ਗੁਰਮੀਤ ਸਿੰਘ ਘੋਲੀਆ ਇਸ ਰਸਮ ਦੌਰਾਨ ਸ਼ਾਮਲ ਹੋਏ।

## ਅੱਜ ਰਿਲੀਜ਼ ਹੋਵੇਗਾ ਬਲਧੀਰ ਮਾਹਲਾ ਦਾ ਗੀਤ 'ਦਾਨਾ ਪਾਣੀ'



**ਫ਼ਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਗਾਇਕ ਬਲਧੀਰ ਮਾਹਲਾ ਦਾ ਬਹੁਪ੍ਰਤੀਤ ਸਮਾਜਿਕ ਸੰਦੇਸ਼ ਨਾਲ ਭਰਪੂਰ ਨਵਾਂ ਗੀਤ 'ਦਾਨਾ ਪਾਣੀ' 12 ਨਵੰਬਰ ਨੂੰ ਭਾਰਤੀ ਸਮੇਂ ਮੁਤਾਬਕ ਸ਼ਾਮ 6 ਵਜੇ ਇੰਟਰਨੈਸ਼ਨਲ ਪੱਧਰ 'ਤੇ ਰਿਲੀਜ਼ ਹੋਣ ਜਾ ਰਿਹਾ ਹੈ। ਇਹ ਗੀਤ ਖਾਸ ਤੌਰ 'ਤੇ ਸਾਡੀ ਧਰਤੀ, ਪਾਣੀ ਤੇ ਹਵਾ ਦੀ ਸਫ਼ਾਈ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਦੇ ਮਹੱਤਵਪੂਰਨ ਉਦੇਸ਼ ਨਾਲ ਤਿਆਰ ਕੀਤਾ ਗਿਆ ਹੈ।ਬਲਧੀਰ ਮਾਹਲਾ ਨੇ ਖ਼ੁਦ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਧਰਤੀ ਸਾਡੀ ਮਾਂ ਹੈ, ਇਸ ਨੂੰ ਬਚਾਉਣਾ ਸਾਡਾ ਫਰਜ਼ ਤੇ ਧਰਮ ਹੈ।ਗਗੀਤ ਦੇ ਬੋਲ ਸ਼ਾਇਰ ਮਰਹੂਮ ਕੰਵਲਜੀਤ ਸਿੰਘ ਢਿੱਲੋਂ ਦੇ ਹਨ, ਜੋ ਯਕੀਨਨ ਲੋਕਾਂ ਦੇ ਦਿਲਾਂ ਨੂੰ ਛੂਹਣਗੇ।ਸੰਗੀਤ ਰਵਿੰਦਰ ਟੀਨਾ ਨੇ ਤਿਆਰ ਕੀਤਾ ਹੈ।ਫਿਲਮਾਂਕਣ ਗੁਰਬਾਜ ਗਿੱਲ ਦੀ ਟੀਮ ਵੱਲੋਂ ਕੀਤਾ ਗਿਆ ਹੈ।ਮਿਕਸ ਮਾਸਟਰ ਸੰਗੀਤ ਕੰਡਿਆਰਾ ਦਾ ਹੈ।

## ਅਰਿਹੰਤ ਕਾਲਜ ਆਫ਼ ਐਜੂਕੇਸ਼ਨ ਬਰੇਟਾ ਦੇ ਬੀ.ਐੱਡ ਸਮੈਸਟਰ ਦੂਜਾ ਦਾ ਨਤੀਜਾ ਸ਼ਾਨਦਾਰ ਰਿਹਾ



**ਬਰੇਟਾ (ਗੀਤਵਾਲ)**-ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਬੀ.ਐੱਡ ਸਮੈਸਟਰ ਦੂਜਾ ਦੇ ਨਤੀਜਿਆਂ ਵਿੱਚ ਅਰਿਹੰਤ ਕਾਲਜ ਆਫ ਐਜੂਕੇਸ਼ਨ ਬਰੇਟਾ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ।ਸੰਸਥਾ ਦੇ ਪ੍ਰਿੰਸੀਪਲ ਡਾ ਰਘੂਵੀਰ ਸਿੰਘ ਨੇ ਦੱਸਿਆ ਕਿ ਪਹਿਲੀ ਪੁਜੀਸ਼ਨ 84.8 ਪ੍ਰਤੀਸ਼ਤ ਅੰਕਾਂ ਨਾਲ ਨੇਹਾ ਰਾਣੀ ਪੁੱਤਰੀ ਨਿਰਮਲ ਸਿੰਘ ਦੂਜੀ ਪੁਜੀਸ਼ਨ 84.6 ਪ੍ਰਤੀਸ਼ਤ ਅੰਕਾਂ ਨਾਲ ਮੁਨੀਸ਼ਾ ਰਾਣੀ ਪੁੱਤਰੀ ਖ਼ਜ਼ਾਨਚੀ ਰਾਮ ਅਤੇ ਤੀਜੀ ਪੁਜੀਸ਼ਨ 83.8 ਪ੍ਰਤੀਸ਼ਤ ਅੰਕਾਂ ਨਾਲ ਅਕਾਸ਼ਦੀਪ ਕੌਰ ਪੁੱਤਰੀ ਗੁਰਚਰਨ ਸਿੰਘ ਨੇ ਹਾਸਲ ਕੀਤੇ ਇਸ ਤੋਂ ਇਲਾਵਾ ਜਸਪ੍ਰੀਤ ਕੌਰ ਪੁੱਤਰੀ ਬਲਕਾਰ ਸਿੰਘ, ਕੁਲਜੀਤ ਕੌਰ ਪੁੱਤਰੀ ਅਨੂਪ ਸਿੰਘ, ਚਰਨਜੀਤ ਕੌਰ ਪੁੱਤਰੀ ਕੁਲਦੀਪ ਸਿੰਘ ਤੇ ਪ੍ਰਨੀਤ ਕੌਰ ਪੁੱਤਰੀ ਲਖਵਿੰਦਰ ਸਿੰਘ ਨੇ 82 ਪ੍ਰਤੀਸ਼ਤ ਅੰਕ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਕਾਲਜ ਦੇ ਚੇਅਰਪਰਸਨ ਡਾ ਮਨੋਜ ਬਾਲਾ ਨੇ ਵਿਦਿਆਰਥੀਆਂ, ਉਹਨਾਂ ਦੇ ਮਾਪਿਆਂ ਅਤੇ ਸਮੂਹ ਸਟਾਫ਼ ਨੂੰ ਵਧਾਈ ਦਿੱਤੀ। ਇਸ ਮੌਕੇ ਕਾਲਜ ਸਟਾਫ 'ਚ ਅਸਿਸਟੈਂਟ ਪ੍ਰੋਫੈਸਰ ਰਿੰਪੀ, ਅਸਿਸਟੈਂਟ ਪ੍ਰੋਫੈਸਰ ਕੁਲਦੀਪ ਸਿੰਘ, ਅਸਿਸਟੈਂਟ ਪ੍ਰੋਫੈਸਰ ਅੰਮ੍ਰਿਤਪਾਲ ਸਿੰਘ ਤੇ ਅਸਿਸਟੈਂਟ ਪ੍ਰੋਫੈਸਰ ਬਲਵਿੰਦਰ ਸਿੰਘ ਮੌਜੂਦ ਸਨ।

## ਗੁਰਦੁਆਰਾ ਪਾਤਸ਼ਾਹੀ ਨੌਵੀਂ ਅਗੌਲ ਵਿਖੇ ਨਤਮਸਤਕ ਹੋਈ ਸੰਗਤ



**ਨਾਭਾ (ਵਰਿੰਦਰ ਵਰਮਾ)**-ਪਿੰਡ ਅਗੌਲ ਵਿਖੇ ਸਥਿਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨਛੋਹ ਅਸਥਾਨ ਗੁਰਦੁਆਰਾ ਪਾਤਸ਼ਾਹੀ ਨੌਵੀਂ ਸਾਹਿਬ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਮਹਾਨ ਗੁਰਮਤਿ ਸਮਾਗਮ ਕਰਾਇਆ ਗਿਆ।ਸਮਾਗਮ ਮੌਕੇ ਵੱਡੀ ਗਿਣਤੀ ਸੰਗਤ ਨੇ ਗੁਰੂ ਘਰ ਵਿਖੇ ਨਤਮਸਤਕ ਹੁੰਦੀ ਹੋਈ ਗੁਰੂ ਇਤਿਹਾਸ ਨੂੰ ਸਰਵਣ ਕੀਤਾ।ਗੁਰਦੁਆਰਾ ਪਾਤਸ਼ਾਹੀ ਨੌਵੀਂ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੁਰਿਆਈ ਦਿਵਸ ਦੇ 350 ਸਾਲਾ ਸਮੇਤ ਮਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਇਸ ਮੌਕੇ ਰਾਗੀ ਜਥਾ ਜਸਪਾਲ ਸਿੰਘ ਨਾਭਾ ਵਾਲੇ ਤੇ ਕਾਰ ਸੇਵਾ ਵਾਲੇ ਜਥੇਦਾਰ ਬਾਬਾ ਮੰਗਾ ਸਿੰਘ ਨੇ ਸੰਗਤ ਨੂੰ ਗੁਰੂ ਸਾਹਿਬ ਦੇ ਇਤਿਹਾਸ ਨਾਲ ਜੋੜਿਆ। ਬੀ.ਡੀ.ਪੀ.ਓ. ਬਲਜੀਤ ਕੌਰ ਢਿੱਲੋਂ ਨੇ ਦੱਸਿਆ ਕਿ ਇਹ ਸਮਾਗਮ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਇਲਾਕੇ ਦੀ ਸੰਗਤ ਦੇ ਸਹਿਯੋਗ ਨਾਲ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਹੈ। ਇਸ ਮੌਕੇ ਸਰਪੰਚ ਸੰਦੀਪ ਕੌਰ, ਉਕਾਂਰ ਸਿੰਘ ਅਗੌਲ ਤੇ ਸਕੱਤਰ ਜਸਵੰਤ ਸਿੰਘ ਰੋਹਟਾ ਸਮੇਤ ਪਿੰਡ ਪੰਚਾਇਤ ਅਤੇ ਇਲਾਕਾ ਨਿਵਾਸੀ ਸੰਗਤ ਨੇ ਪੂਰੇ ਉਤਸ਼ਾਹ ਨਾਲ ਗੁਰਪੁਰਬ ਮਨਾਉਣ ਲਈ ਗੁਰੂ ਘਰ ਵਿਖੇ ਹਾਜ਼ਰੀ ਭਰੀ।

## ਮਾਡਰਨ ਕਾਲਜ 'ਚ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ

**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ਼ ਕਾਲਜਿਜ਼ ਬੀਰ ਕਲਾਂ ਸੰਗਰੂਰ ਵੱਲੋਂ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ.ਕੇ ਰਾਏ ਦੀ ਰਹਿਨੁਮਾਈ ਹੇਠ ਰਾਸ਼ਟਰੀ ਸਿੱਖਿਆ ਦਿਵਸ ਮਨਾਇਆ ਗਿਆ।ਰਾਸ਼ਟਰੀ ਸਿੱਖਿਆ ਦਿਵਸ ਹਰ ਸਾਲ 11 ਨਵੰਬਰ ਨੂੰ ਭਾਰਤ ਦੇ ਪਹਿਲੇ ਸਿੱਖਿਆ ਮੰਤਰੀ ਮੌਲਾਨਾ ਅਬੁਲ ਕਲਾਮ ਆਜ਼ਾਦ ਦੀ ਜਯੰਤੀ ਦੇ ਸਨਮਾਨ ਵਿੱਚ ਮਨਾਇਆ ਜਾਂਦਾ ਹੈ। ਕਾਲਜ ਦੇ ਵਿਦਿਆਰਥੀਆਂ ਵੱਲੋਂ ਵੀ ਰਾਸ਼ਟਰੀ ਸਿੱਖਿਆ ਦਿਵਸ ਸਬੰਧੀ ਆਪਣੇ ਵਿਚਾਰ ਦਿੱਤੇ ਗਏ ਤੇ ਪੋਸਟਰ ਮੇਕਿੰਗ ਮੁਕਾਬਲੇ ਕਰਾਏ ਗਏ।ਕਾਲਜ ਦੇ ਚੇਅਰਮੈਨ ਨੇ ਸਿੱਖਿਆ ਦੀ ਮਹੱਤਤਾ ਤੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖਿਆ ਬੱਚੇ ਦੇ ਸਰਵਪੱਖੀ ਸਖਸ਼ੀਅਤ ਦੇ ਵਿਕਾਸ ਵਿੱਚ ਅਹਿਮ ਰੋਲ ਅਦਾ ਕਰਦੀ ਹੈ ਤੇ ਵਿਦਿਆਰਥੀਆਂ ਦੇ ਸਮਾਜ ਸਮਾਯੋਜਨ ਵਿੱਚ ਸਹਾਈ ਹੁੰਦੀ ਹੈ। ਸਿੱਖਿਆ ਵਿਅਕਤੀ ਨੂੰ ਜੀਵਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਕੁਦਰਤੀ ਸ਼ਕਤੀਆਂ ਨੂੰ ਸਹੀ ਦਿਸ਼ਾ ਵਿੱਚ ਚਲਾਉਣ ਵਿੱਚ ਮਦਦ ਕਰਦੀ ਹੈ।ਇਸ ਮੌਕੇ ਸਮੂਹ ਪ੍ਰੋਫੈਸਰ ਸਾਹਿਬਾਨ ਤੇ ਵਿਦਿਆਰਥੀ ਹਾਜ਼ਰ ਸਨ।

## ਸ਼ਿਵਾਲਿਕ ਸਕੂਲ ਦੀ ਵਿਦਿਆਰਥਣ ਨੂੰ ਵੈਦਿਕ ਭਾਸ਼ਣ ਮੁਕਾਬਲੇ 'ਚ ਪ੍ਰਸੰਸਾਯੋਗ ਪੁਰਸਕਾਰ



**ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)**-ਵੇਦ ਪ੍ਰਚਾਰ ਮੰਡਲ ਲੁਧਿਆਣਾ ਵੱਲੋਂ ਆਯੋਜਤ ਅੰਤਰ-ਵਿਦਿਆਲਿਆ ਵੈਦਿਕ ਭਾਸ਼ਣ ਮੁਕਾਬਲੇ ਵਿੱਚ ਸ਼ਿਵਾਲਿਕ ਮਾਡਲ ਸਕੂਲ ਜਗਰਾਉਂ ਦੀ 10ਵੀਂ ਕਲਾਸ ਦੀ ਵਿਦਿਆਰਥਣ ਅੰਜਲੀ ਜੁਨੇਜਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪ੍ਰਸੰਸਾਯੋਗ ਪੁਰਸਕਾਰ ਪ੍ਰਾਪਤ ਕੀਤਾ।ਇਹ ਮੁਕਾਬਲਾ ਗੁਰੂ ਤੇਗ ਬਹਾਦੁਰ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਕਾਲਜ ਰੋਡ, ਮੁੱਲਾਂਪੁਰ ਦਾਖਾ ਵਿੱਚ ਆਯੋਜਿਤ ਕੀਤਾ ਗਿਆ, ਜਿਸ ਵਿੱਚ 16 ਸਕੂਲਾਂ ਨੇ ਭਾਗ ਲਿਆ। ਇਨ੍ਹਾਂ ਵਿੱਚੋਂ 6 ਸਕੂਲ ਜਗਰਾਉਂ ਖੇਤਰ ਦੇ ਸਨ।ਇਸ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਵੈਦਿਕ ਤੇ ਨੈਤਿਕ ਵਿਸ਼ਿਆਂ 'ਤੇ ਪ੍ਰਭਾਵਸ਼ਾਲੀ ਭਾਸ਼ਣ ਪੇਸ਼ ਕੀਤੇ ਤੇ ਆਪਣੀ ਬੋਲਣ ਦੀ ਕਲਾ ਤੇ ਆਤਮਵਿਸ਼ਵਾਸ ਨਾਲ ਸਭ ਦਾ ਮਨ ਮੋਹ ਲਿਆ।ਅੰਜਲੀ ਜੁਨੇਜਾ ਦੀ ਪੇਸ਼ਕਾਰੀ ਦੀ ਜੱਜਾਂ ਤੇ ਦਰਸ਼ਕਾਂ ਨੇ ਬਹੁਤ ਪ੍ਰਸ਼ੰਸਾ ਕੀਤੀ ਅਤੇ ਅੰਜਲੀ ਜੁਨੇਜਾ ਨੂੰ ਪ੍ਰਸੰਸਾਯੋਗ ਪੁਰਸਕਾਰ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮਾਣਮੱਤੀ ਪ੍ਰਾਪਤੀ 'ਤੇ ਸਕੂਲ ਦੇ ਡਾਇਰੈਕਟਰ ਡੀ. ਕੇ. ਸ਼ਰਮਾ, ਪ੍ਰਿੰਸੀਪਲ ਸ੍ਰੀਮਤੀ ਨੀਲਮ ਸ਼ਰਮਾ ਤੇ ਉਪ-ਪ੍ਰਧਾਨ ਈਸ਼ਿਤਾ ਗੁਪਤਾ ਨੇ ਵਿਦਿਆਰਥਣ ਅੰਜਲੀ ਨੂੰ ਦਿਲੋਂ ਵਧਾਈ ਦਿੱਤੀ ਅਤੇ ਉਸ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।ਸਕੂਲ ਪਰਿਵਾਰ ਨੇ ਇਸ ਪ੍ਰਾਪਤੀ 'ਤੇ ਮਾਣ ਪ੍ਰਗਟ ਕੀਤਾ ਤੇ ਹੋਰ ਵਿਦਿਆਰਥੀਆਂ ਨੂੰ ਵੀ ਇਸੇ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

CMYK

12 Nov Page 3.qxd 11/11/2025 11:00 PM Page 1



# ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੈਂਪਸ 'ਚ ਪੁਲਸ ਵੱਲੋਂ ਕੀਤੀ ਗਈ ਦਮਨਕਾਰੀ ਕਾਰਵਾਈ ਦੀ ਸਖਤ ਨਿੰਦਾ

**ਅੰਮ੍ਰਿਤਸਰ, (ਜਸਵੀਰ ਸਿੰਘ ਪੱਟੀ)**- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਕੈਂਪਸ ਵਿੱਚ ਪੁਲਿਸ ਵੱਲੋਂ ਕੀਤੀ ਗਈ ਦਮਨਕਾਰੀ ਕਾਰਵਾਈ, ਜਿਸ ਵਿੱਚ ਲਾਠੀਚਾਰਜ ਵੀ ਸ਼ਾਮਲ ਹੈ, ਬਹੁਤ ਹੀ ਸ਼ਰਮਨਾਕ ਅਤੇ ਨਿੰਦਣਯੋਗ ਹੈ।ਆਲ ਇੰਡੀਆ ਸੇਵ ਐਜੂਕੇਸ਼ਨ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਨੇ ਇਸਦੀ ਸਖ਼ਤ ਨਿੰਦਾ ਕੀਤੀ।ਕੱਲ੍ਹ ਦੀ ਦਮਨਕਾਰੀ ਕਾਰਵਾਈ ਵਿੱਚ ਬਹੁਤ ਸਾਰੇ ਵਿਦਿਆਰਥੀ, ਅਧਿਆਪਕ ਅਤੇ ਸਿੱਖਿਆ ਪ੍ਰੇਮੀ ਜ਼ਖਮੀ ਹੋਏ।ਭਾਰਤ ਸਰਕਾਰ ਵੱਲੋਂ ਸੈਨੇਟ ਨੂੰ ਭੰਗ ਕਰਨ, ਪੰਜਾਬ ਯੂਨੀਵਰਸਿਟੀ ਸਮੇਤ ਵਿਦਿਅਕ ਸੰਸਥਾਵਾਂ ਵਿੱਚ ਬਾਕੀ ਬਚੀ ਖੁਦਮੁਖਤਿਆਰੀ ਅਤੇ ਖੁੱਲ੍ਹੇ ਵਾਤਾਵਰਣ ਨੂੰ ਖਤਮ ਕਰਨ ਲਈ ਜਾਰੀ ਕੀਤੇ ਗਏ ਨਿੰਦਣਯੋਗ ਕਾਲੇ ਫ਼ਰਮਾਨ ਦਾ ਯੂਨੀਵਰਸਿਟੀ ਕੈਂਪਸ ਸਮੇਤ ਪੂਰੇ ਪੰਜਾਬ ਵਿੱਚ ਸਖ਼ਤ ਵਿਰੋਧ ਹੋਇਆ ਅਤੇ ਦਬਾਅ ਹੇਠ ਕੇਂਦਰ ਸਰਕਾਰ ਨੂੰ ਇਸਨੂੰ ਵਾਪਸ ਲੈਣ ਲਈ ਮਜਬੂਰ ਹੋਣਾ ਪਿਆ। ਆਲ ਇੰਡੀਆ ਸੇਵ ਐਜੂਕੇਸ਼ਨ ਕਮੇਟੀ ਪੰਜਾਬ ਦੇ ਪ੍ਰਧਾਨ ਡਾ. ਸ਼ਿਆਮ ਸੁੰਦਰ ਦੀਪਤੀ ਅਤੇ ਸੂਬਾ ਸਕੱਤਰ ਪ੍ਰੋਫੈਸਰ ਅਮਿੰਦਰਪਾਲ ਸਿੰਘ ਗਰੇਵਾਲ ਨੇ ਅੱਜ ਮੀਡੀਆ ਨੂੰ ਜਾਰੀ ਇੱਕ ਬਿਆਨ ਵਿੱਚ ਆਪਣੀ ਖੁਸ਼ੀ ਪ੍ਰਗਟ ਕੀਤੀ ਅਤੇ ਇਸਨੂੰ ਸਹੀ ਸਮੇਂ ਤੇ ਸਹੀ ਕਦਮ ਵਜੋਂ ਸ਼ਲਾਘਾ ਕੀਤੀ।ਉਨ੍ਹਾਂ ਸੈਨੇਟ ਚੋਣਾਂ ਅਤੇ ਯੂਨੀਵਰਸਿਟੀ ਵਿੱਚ ਲੋਕਤੰਤਰੀ ਮਾਹੌਲ ਦੀ ਬਹਾਲੀ ਲਈ ਵਿਦਿਆਰਥੀਆਂ ਦੇ ਸੱਦੇ ਦਾ ਵੀ ਸਮਰਥਨ ਕੀਤਾ ਅਤੇ ਇੱਕ ਵਾਰ ਫਿਰ ਭਾਰਤ ਸਰਕਾਰ ਤੋਂ ਅਜਿਹੀਆਂ ਨਾਜਾਇਜ਼ ਕਾਰਵਾਈਆਂ ਤੋਂ ਬਚਣ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਸੈਨੇਟ ਭੰਗ ਕਰਨਾ ਅਤੇ ਕਾਲਾ ਫ਼ਰਮਾਨ ਪੰਜਾਬ ਦੇ ਲੋਕਾਂ ਦੇ ਵਿਦਿਅਕ ਅਧਿਕਾਰਾਂ 'ਤੇ ਹਮਲਾ ਹੈ। ਦਰਅਸਲ, ਇਹ ਕੇਂਦਰ ਦੀ ਭਾਜਪਾ-ਆਰਐੱਸਐੱਸ ਸਰਕਾਰ ਦੁਆਰਾ ਲਾਗੂ ਕੀਤੀ ਗਈ ਰਾਸ਼ਟਰੀ ਸਿੱਖਿਆ ਨੀਤੀ 2020 ਦਾ ਨਤੀਜਾ ਹੈ। ਕੋਵਿਡ-19 ਮਹਾਂਮਾਰੀ ਦੌਰਾਨ ਬਣਾਈ ਗਈ ਇਹ ਸੁਚੱਜੀ ਸਿੱਖਿਆ ਨੀਤੀ ਸਿੱਖਿਆ ਦੀ ਲਾਗਤ ਵਧਾਉਣ, ਪਾਠਕ੍ਰਮ ਵਿੱਚੋਂ ਪ੍ਰਗਤੀਸ਼ੀਲ ਪਹਿਲੂਆਂ ਨੂੰ ਹਟਾਉਣ, ਵਿਗਿਆਨਕ ਅਤੇ ਤਰਕਪੂਰਨ ਦ੍ਰਿਸ਼ਟੀਕੋਣਾਂ ਨੂੰ ਦਬਾਉਣ, ਇਤਿਹਾਸ ਨੂੰ ਵਿਗਾੜਨ ਅਤੇ ਦੂਜੇ ਪਾਸੇ, ਪੰਜਾਬ ਯੂਨੀਵਰਸਿਟੀ ਸਮੇਤ ਸਾਰੇ ਵਿਦਿਅਕ ਅਦਾਰਿਆਂ ਵਿੱਚ ਜੋ ਵੀ ਥੋੜ੍ਹੀ ਜਿਹੀ ਖੁਦਮੁਖਤਿਆਰੀ ਅਤੇ ਖੁੱਲ੍ਹਾ ਵਾਤਾਵਰਣ ਬਚਿਆ ਹੈ, ਨੂੰ ਖਤਮ ਕਰਕੇ ਸਿੱਖਿਆ ਨੂੰ ਕੇਂਦਰੀਕਰਨ ਅਤੇ ਗੰਭੀਰਤਾ ਨਾਲ ਸੀਮਤ ਕਰਨ ਦਾ ਉਦੇਸ਼ ਰੱਖਦੀ ਹੈ।ਇਸ ਰਾਹੀਂ, ਭਾਜਪਾ-ਆਰਐੱਸਐੱਸ ਸਰਕਾਰ ਕੁਝ ਪੂੰਜੀਵਾਦੀ ਕਾਰਪੋਰੇਟ ਘਰਾਣਿਆਂ ਦੇ ਹਿੱਤਾਂ ਦੀ ਪੂਰਤੀ ਲਈ ਸਿੱਖਿਆ ਨੂੰ ਘਟਾਉਣ ਅਤੇ ਮੱਧਯੁਗੀ ਤੰਗ-ਦਿਮਾਗੀ ਥੋਪਣ ਦੀ ਕੋਸ਼ਿਸ਼ ਕਰਦੀ ਹੈ।ਡਾ. ਦੀਪਤੀ ਅਤੇ ਪ੍ਰੋਫੈਸਰ ਗਰੇਵਾਲ, ਦੋਵੇਂ ਸਿੱਖਿਆ ਸ਼ਾਸਤਰੀ ਨੇ ਕਿਹਾ ਕਿ ਆਲ ਇੰਡੀਆ ਸਿੱਖਿਆ ਕਮੇਟੀ ਦੀ ਪਹਿਲਕਦਮੀ ਤੇ, ਇੱਕ ਦੇਸ਼ ਵਿਆਪੀ ਮੁਹਿੰਮ ਰਾਹੀਂ ਮੋਦੀ ਸਰਕਾਰ ਦੀ ਰਾਸ਼ਟਰੀ ਸਿੱਖਿਆ ਨੀਤੀ 2020 ਦੇ ਵਿਕਲਪ ਵਜੋਂ 'ਲੋਕ-ਅਨੁਕੂਲ ਸਿੱਖਿਆ ਨੀਤੀ' ਦਾ ਖਰੜਾ ਤਿਆਰ ਕੀਤਾ ਗਿਆ ਹੈ।ਅਸੀਂ ਵਿਦਿਆਰਥੀਆਂ, ਅਧਿਆਪਕਾਂ ਅਤੇ ਸਾਰੇ ਸਿੱਖਿਆ ਪ੍ਰੇਮੀਆਂ ਨੂੰ ਅਪੀਲ ਕਰਦੇ ਹਾਂ ਕਿ ਉਹ ਇਸ ਲੋਕ-ਪੱਖੀ ਸਿੱਖਿਆ ਨੀਤੀ ਨੂੰ ਲਾਗੂ ਕਰਨ ਲਈ ਆਪਣੀ ਆਵਾਜ਼ ਬੁਲੰਦ ਕਰਨ ਤਾਂ ਜੋ ਪੰਜਾਬ ਯੂਨੀਵਰਸਿਟੀ ਦੁਆਰਾ ਜਾਰੀ ਕੀਤੇ ਗਏ ਕਠੋਰ ਫ਼ਰਮਾਨਾਂ ਨੂੰ ਦੇਸ਼ ਵਿੱਚ ਕਿਤੇ ਵੀ ਜਾਰੀ ਹੋਣ ਤੋਂ ਰੋਕਿਆ ਜਾ ਸਕੇ।

# ਲਾਇਬ੍ਰੇਰੀ ਚੌਕ ਤੋਂ ਦਊਵਾਲ ਨਾਕੇ ਤੱਕ ਬਣੀ ਸੜਕ ਕੰਢੇ ਪੀਲੀ ਪੱਟੀ ਨਾ ਲੱਗਣ ਕਾਰਨ ਰਾਹਗੀਰ ਡਾਢੇ ਪ੍ਰੇਸ਼ਾਨ

**ਗੁਰਦਾਸਪੁਰ (ਜਨਕ ਮਹਾਜਨ)**- ਲਾਇਬ੍ਰੇਰੀ ਚੌਕ ਤੋਂ ਦਰਿਆ ਬਿਆਸ ਕੰਢੇ ਪੈਂਦੇ ਦਊਵਾਲ ਨਾਕੇ ਤੱਕ ਕਰੋੜਾਂ ਰੁਪਏ ਦੀ ਲਾਗਤ ਨਾਲ ਸ਼ਹਿਰ ਅੰਦਰ ਬਣੀ ਸੜਕ ਕੰਢੇ ਪੀਲੀ ਪੱਟੀ ਨਾ ਲੱਗਣ ਕਾਰਨ ਲੋਕ



ਆਪਣੇ ਵਾਹਨ ਬੇਤਰਤੀਬੇ ਖੜੇ ਕਰ ਰਹੇ ਹਨ ਜਿਸ ਨਾਲ ਲੋਕਾਂ ਦਾ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਖਿਲਾਫ ਭਾਰੀ ਰੋਸ ਪਾਇਆ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਇਹ ਸੜਕ ਲੋਕ ਨਿਰਮਾਣ ਵਿਭਾਗ ਗੁਰਦਾਸਪੁਰ ਦੀ ਦੇਖ-ਰੇਖ ਹੇਠ ਕਰੋੜਾਂ ਰੁਪਏ ਦੀ ਲਾਗਤ ਨਾਲ ਕੁਝ ਮਹੀਨੇ ਪਹਿਲਾਂ ਹੀ ਬਣਾਈ ਗਈ ਸੀ ਜਿਸ 'ਤੇ ਲਾਇਬ੍ਰੇਰੀ ਚੌਕ ਤੇ ਤਿਬੜੀ ਬਾਈਪਾਸ ਤੱਕ ਸੜਕ ਦੇ ਦੋਵੇਂ ਕੰਢਿਆਂ 'ਤੇ ਪੀਲੀ ਪੱਟੀ ਨਹੀਂ ਲਗਾਈ ਗਈ। ਰੋਜ਼ਾਨਾ ਬਾਜ਼ਾਰ ਵਿਚ ਸਾਮਾਨ ਖਰੀਦਣ ਵਾਲੇ ਕਾਰ ਚਾਲਕ ਅਕਸਰ ਹੀ ਦੁਕਾਨਾਂ ਮੋਹਰੇ ਆਪਣੀਆਂ ਕਾਰਾਂ ਬੇਤਰਤੀਬੇ ਢੰਗ ਨਾਲ ਖੜੀਆਂ ਕਰ ਦਿੰਦੇ ਹਨ ਜਿਸ ਨਾਲ ਆਮ ਲੋਕਾਂ ਨੂੰ ਕਾਫੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ। ਬੇਤਰਤੀਬੇ ਢੰਗ ਨਾਲ ਖੜੀਆਂ ਕਾਰਾਂ ਟਰੈਫਿਕ ਵਿਚ ਵੀ ਭਾਰੀ ਵਿਘਨ ਪਾਉਂਦੀਆਂ ਹਨ ਅਤੇ ਕਈ ਵਾਰ ਇਹ ਕਾਰਾਂ ਹਾਦਸੇ ਦਾ ਕਾਰਨ ਵੀ ਬਣ ਜਾਂਦੀਆਂ ਹਨ। ਲਾਇਬ੍ਰੇਰੀ ਚੌਕ ਤੋਂ ਹਨੂੰਮਾਨ ਚੌਕ ਤੱਕ ਸੜਕ ਕੰਢੇ ਪਹਿਲਾਂ ਹੀ ਕੁਝ ਰੇਹੜੀ ਵਾਲਿਆਂ ਨੇ ਕਾਫੀ ਜਗ੍ਹਾ ਮੱਲੀ ਪਈ ਹੈ, ਉਪਰੋਂ ਇਨ੍ਹਾਂ ਗੱਡੀਆਂ ਕਾਰਨ ਸੜਕ 'ਤੇ ਲੰਘਣ ਸਮੇਂ ਜਗ੍ਹਾ ਬਹੁਤ ਘੱਟ ਰਹਿ ਜਾਂਦੀ ਹੈ ਜਿਸ ਨਾਲ ਰਾਹਗੀਰਾਂ ਨੂੰ ਰੋਜ਼ਾਨਾ ਹੀ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਲੋਕਾਂ ਨੇ ਟਰੈਫਿਕ ਪੁਲਸ ਗੁਰਦਾਸਪੁਰ ਪਾਸੋਂ ਮੰਗ ਕੀਤੀ ਗਈ ਲਾਇਬ੍ਰੇਰੀ ਚੌਕ ਤੋਂ ਹਨੂੰਮਾਨ ਚੌਕ ਸੜਕ ਕੰਡੇ ਖੜੀਆਂ ਰੇਹੜੀਆਂ ਤੋਂ ਇਲਾਵਾ ਬੇਤਰਤੀਬੇ ਢੰਗ ਨਾਲ ਖੜੇ ਹੁੰਦੇ ਵਾਹਨਾਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

# 7 ਦੁਕਾਨਾਂ ਉੱਪਰੋਂ ਏ ਸੀ ਦੀਆਂ ਗੈਸ ਪਾਈਪਾਂ ਚੋਰੀ



**ਕਲਾਨੌਰ (ਮਨਦੀਪ ਕੋਹਲੀ)**- ਕਲਾਨੌਰ ਵਿਖੇ ਰਾਤ ਦੇ ਸਮੇਂ ਅਣਪਛਾਤੇ ਚੋਰਾਂ ਵਲੋਂ 7 ਦੁਕਾਨਾਂ ਉਪਰੋਂ ਏ ਸੀ ਦੀਆਂ ਗੈਸ ਪਾਈਪਾਂ ਚੋਰੀ ਕਰਕੇ ਰਫੂਚੱਕਰ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬੀਡੀਪੀਓ ਦਫਤਰ ਕਲਾਨੌਰ ਦੇ ਨਜ਼ਦੀਕ ਦੁਕਾਨਦਾਰਾਂ ਜਗਮੋਹਨ ਸਟੂਡੀਓ, ਬੇਦੀ ਲੈਬਾਰਟਰੀ, ਅਮਨ ਬੁੱਕ ਸਟੋਰ, ਰਣਜੀਤ ਕਰਿਆਨਾ ਸਟੋਰ, ਮੁਨਿਸ਼ ਐਂਡ ਕੰਪਨੀ, ਗੁਰੂ ਨਾਨਕ ਬਰਤਨ ਸਟੋਰ, ਸ਼ੰਕਰ ਜਿਊਲਰ ਦੇ ਮਲਿਕਾ ਨੇ ਦਿਨ ਸਮੇਂ ਦੁਕਾਨ ਦੀਆਂ ਛੱਤਾਂ ਉੱਪਰ ਦੇਖਿਆ ਕਿ ਏ ਸੀ ਦੇ ਪੱਖੇ ਨਾਲ ਲੱਗੀਆਂ ਗੈਸ ਵਾਲੀਆਂ ਤਾਂਬੇ ਦੀਆਂ ਪਾਈਪਾਂ ਗਾਇਬ ਸਨ ਜੋ ਚੋਰਾਂ ਜਾਂ ਨਸ਼ੇੜੀਆਂ ਵੱਲੋਂ ਰਾਤ ਦੇ ਸਮੇਂ ਚੋਰੀ ਕਰ ਲਈਆਂ ਗਈਆਂ।ਪੀੜਤ ਦੁਕਾਨਦਾਰਾਂ ਨੇ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਚੋਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲੇ ਚੋਰਾਂ, ਸ਼ਰਾਰਤੀ ਅਨਸਰਾਂ ਖਿਲਾਫ ਸਖਤ ਕਾਰਵਾਈ ਕੀਤੀ ਜਾਏ ।ਇਸ ਸੰਬੰਧੀ ਕਲਾਨੌਰ ਦੇ ਐੱਸਐੱਚਓ ਜਤਿੰਦਰ ਪਾਲ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਕਿਹਾ ਕਿ ਇਸ ਸਬੰਧੀ ਜਲਦੀ ਛਾਣਬੀਨ ਕਰਵਾਉਂਦੇ ਹਾਂ।

# ਕਾਂਗਰਸੀ ਆਗੂ ਕੁਲਦੀਪ ਸਿੰਘ ਠਰੂ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਕਾਂਗਰਸੀ ਆਗੂ ਕੁਲਦੀਪ ਸਿੰਘ ਠਰੂ ਦਾ ਹਾਰਟ ਅਟੈਕ ਨਾਲ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਠਰੂ ਵਿਖੇ 13 ਤਰੀਕ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਕੀਤਾ ਜਾਵੇਗਾ।ਉਨ੍ਹਾਂ ਦੇ ਪੁੱਤਰ ਕਰਨਬੀਰ ਸਿੰਘ ਅਤੇ ਸਮੁਚੇ ਪੀੜਤ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ 'ਚ ਸੀਨੀਅਰ ਕਾਂਗਰਸੀ ਆਗੂ ਅਮਰੀਕ ਸਿੰਘ ਵਰਪਾਲ, ਪ੍ਰਤਾਪ ਸਿੰਘ ਬਾਜਵਾ, ਪੱਟੀ ਸਾਬਕਾ ਵਿਧਾਇਕ ਹਰਮਿੰਦਰ ਸਿੰਘ ਗਿੱਲ, ਲੁਧਿਆਣਾ ਤੋਂ ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ, ਤਰਨ ਤਾਰਨ ਤੋਂ ਉਮੀਦਵਾਰ ਕਰਨਬੀਰ ਸਿੰਘ ਬੁਰਜ, ਸਾਬਕਾ ਵਿਧਾਇਕ ਰਮਨਜੀਤ ਸਿੰਘ ਸਿੱਕੀ, ਸਾਬਕਾ ਵਿਧਾਇਕ ਇੰਦਰਬੀਰ ਸਿੰਘ ਬੁਲਾਰਿਆ, ਸਾਬਕਾ ਵਿਧਾਇਕ ਸੁੱਖਪਾਲ ਸਿੰਘ ਭੁੱਲਰ, ਕਾਂਗਰਸ ਮੀਤ ਪ੍ਰਧਾਨ ਪੰਜਾਬ ਰਾਜਬੀਰ ਸਿੰਘ ਪੱਖੋਕੇ, ਚੇਅਰਮੈਨ ਰਮਨ ਕੁਮਾਰ ਝਬਾਲ, ਬਾਬਾ ਰੇਸ਼ਮ ਸਿੰਘ ਛੀਨਾ, ਜ਼ਿਲ੍ਹਾ ਪ੍ਰੀਸ਼ਦ ਮੈਂਬਰ ਬਿਕਰਮਜੀਤ ਸਿੰਘ ਕਸੇਲ, ਸਰਪੰਚ ਪ੍ਰਗਟ ਸਿੰਘ ਬਾਬਾ ਲੰਗਾਹ ਝਬਾਲ, ਸਾਬਕਾ ਸਰਪੰਚ ਅਮਰਜੀਤ ਸਿੰਘ ਬਘੇਲ ਸਿੰਘ ਵਾਲਾ, ਸਾਬਕਾ ਗੁਰਪਾਲ ਸਿੰਘ ਜੱਗਤਪੁਰਾ, ਅਸ਼ੋਕ ਕੁਮਾਰ ਪ੍ਰਧਾਨ ਝਬਾਲ, ਨਿੱਪੀ ਸੂਦ ਝਬਾਲ, ਚਰਨਜੀਤ ਸਿੰਘ ਸੋਢੀ, ਹਰਚਰਨ ਸਿੰਘ ਮੱਲਾ ਸੋਹਲ, ਗੁਰਦੇਵ ਸਿੰਘ ਰਿੰਟੂ ਸੋਹਲ, ਕਸ਼ਮੀਰ ਸਿੰਘ ਫੌਜੀ ਬਘੇਲ ਸਿੰਘ ਵਾਲਾ ਨੇ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਦੱਸਿਆ।



# ਲੜਕੀ ਨੂੰ ਕਿਰਚ ਨਾਲ ਵਾਰ ਕਰਕੇ ਕੀਤਾ ਜ਼ਖਮੀ

**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਧਾਰੀਵਾਲ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਕੁਲਵਿੰਦਰ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਤਲਵੰਡੀ ਵਿਰਕ ਨੇ ਦੱਸਿਆ ਕਿ ਮੇਰੀ ਲੜਕੀ ਕੰਵਲਜੀਤ ਕੌਰ ਦਾ ਵਿਆਹ ਕਰੀਬ 14/15 ਸਾਲ ਪਹਿਲਾਂ ਹਰਪ੍ਰੀਤ ਸਿੰਘ ਵਾਸੀ ਡੇਹਰੀਵਾਲ ਦਰੋਗਾ ਨਾਲ ਹੋਇਆ ਸੀ, ਜਿਨ੍ਹਾਂ ਦੇ ਦੋ ਲੜਕੇ ਹਨ। ਉਨ੍ਹਾਂ ਦੱਸਿਆ ਕਿ 8 ਨਵੰਬਰ ਨੂੰ ਹਰਪ੍ਰੀਤ ਸਿੰਘ, ਦਲਬੀਰ ਕੌਰ, ਕੁਲਵਿੰਦਰ ਕੌਰ, ਅਕਾਸ਼ਦੀਪ ਸਿੰਘ, ਸ਼ਰਨਜੀਤ ਕੌਰ ਵਾਸੀ ਡੇਹਰੀਵਾਲ ਦਰੋਗਾ ਨੇ ਮੇਰੀ ਲੜਕੀ ਨੂੰ ਦਸਤੀ ਕਿਰਚ ਨਾਲ ਵਾਰ ਕਰਕੇ ਜ਼ਖਮੀ ਕਰ ਦਿੱਤਾ ਜੋ ਦਿਉਲ ਮਲਟੀ ਸਪੈਸ਼ਲਿਟੀ ਹਸਪਤਾਲ ਗੁਰਦਾਸਪੁਰ ਵਿਖੇ ਜ਼ੇਰੇ ਇਲਾਜ ਹੈ। ਥਾਣਾ ਧਾਰੀਵਾਲ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਤਿੰਨ ਰੋਜ਼ਾ ਸੈਮੀਨਾਰ ਸਫਲਤਾਪੂਰਵਕ ਖ਼ਤਮ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**- ਸਰਕਾਰੀ ਪ੍ਰਾਇਮਰੀ ਸਕੂਲ ਉਧੀਪੁਰ ਵਿਖੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੂੰ ਦਿੱਤੀ ਤਿੰਨ ਦਿਨਾਂ ਦੀ ਟ੍ਰੇਨਿੰਗ ਸਫਲਤਾਪੂਰਵਕ ਖ਼ਤਮ ਹੋਈ।ਇਹ ਟ੍ਰੇਨਿੰਗ ਪੰਜਾਬ ਸਰਕਾਰ ਦੀਆਂ ਗਾਈਡ ਲਾਈਨ ਅਨੁਸਾਰ ਲਗਾਈ ਗਈ।ਇਹ ਸੈਮੀਨਾਰ ਸਰਕਾਰੀ ਪ੍ਰਾਇਮਰੀ ਸਕੂਲ ਉਧੀਪੁਰ ਵਿਖੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪੰਕਜ ਅਰੋੜਾ ਦੀ ਅਗਵਾਈ ਹੇਠ, ਰਿਸੋਰਸ ਪਰਸਨ ਪਰਵੀਨ ਕੁਮਾਰ ਅਤੇ ਭਗਵਾਨ ਦਾਸ ਦੁਆਰਾ ਲਗਾਈ ਗਈ।ਇਸ ਟ੍ਰੇਨਿੰਗ ਵਿੱਚ 7 ਤੋਂ 11 ਨਵੰਬਰ ਨੂੰ ਸੈਂਟਰ ਮਗਰਾਲਾ, ਸੈਂਟਰ ਜਕੜੀਆ, ਸੈਂਟਰ ਭਰਥਕਾਜੀ ਚੱਕ, ਸੈਂਟਰ ਦੀਨਾਨਗਰ ਲੜਕੀਆਂ ਦੇ ਅਧਿਆਪਕਾਂ ਨੇ ਭਾਗ ਲਿਆ।ਇਸ ਟ੍ਰੇਨਿੰਗ ਵਿੱਚ ਰਿਸੋਰਸ ਪਰਸਨ ਪਰਵੀਨ ਕੁਮਾਰ ਅਤੇ ਭਗਵਾਨ ਦਾਸ ਦੁਆਰਾ ਸਰੀਰਿਕ ਵਿਕਾਸ, ਬੌਧਿਕ ਵਿਕਾਸ, ਸਮਾਜਿਕ ਵਿਕਾਸ, ਭਾਵਨਾਤਮਕ ਵਿਕਾਸ, ਭਾਸ਼ਾਈ ਵਿਕਾਸ ਬਾਰੇ ਅਤੇ ਨਵੀਆਂ ਗਤੀਵਿਧੀਆਂ ਅਤੇ ਤਕਨੀਕਾਂ ਬਾਰੇ ਅਧਿਆਪਕਾਂ ਨੂੰ ਵਧੀਆ ਢੰਗ ਨਾਲ ਟ੍ਰੇਨਿੰਗ ਦਿੱਤੀ ਗਈ। ਟਰੇਨਿੰਗ ਦੌਰਾਨ ਅਧਿਆਪਕਾਂ ਕੋਲੋਂ ਗਤੀਵਿਧੀਆਂ ਅਤੇ ਐਕਟੀਵਿਟੀਆਂ ਕਰਵਾਈਆਂ ਗਈਆਂ।ਇਸ ਮੌਕੇ ਸੀਐੱਚਟੀ, ਮੈਡਮ ਮੰਜੂ, ਬਾਲਾ, ਮੁਕੇਸ਼ ਕੁਮਾਰ, ਸਜੀਵ ਕੁਮਾਰ, ਗੁਰਵਿੰਦਰ ਸਿੰਘ, ਭਾਰਤ ਭੂਸ਼ਣ, ਮੈਡਮ ਪਰਮਜੀਤ, ਸ਼ੁਭਲਤਾ, ਨਵਜੋਤ, ਕਿਰਨ, ਮਨਪ੍ਰੀਤ ਕੌਰ, ਅਮਨਦੀਪ ਕੌਰ, ਨਵਪ੍ਰੀਤ ਕੌਰ, ਸੁਖਵੀਰ ਕੌਰ, ਸ਼ਾਲੂ ਜੱਗੀ, ਕੰਵਲਜੀਤ ਕੌਰ, ਰਾਕੇਸ਼ ਕੌਰ ਆਦਿ ਅਧਿਆਪਕ ਹਾਜ਼ਰ ਸਨ।

# ਏਜੀਸੀ ਵਿਖੇ ਹੌਸਪੀਟੈਲਿਟੀ ਦੇ ਖੇਤਰ ਨਾਲ ਸਬੰਧਿਤ ਪੰਜਾਬ ਦਾ ਸਭ ਤੋਂ ਵੱਡਾ ਰੋਜ਼ਗਾਰ ਮੇਲਾ ਲੱਗਾ

**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)** : ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ (ਏਜੀਸੀ) ਵੱਲੋਂ ਆਪਣੇ ਕੈਂਪਸ ਵਿੱਚ ਹੌਸਪੀਟੈਲਿਟੀ ਖੇਤਰ 'ਤੇ ਕੇਂਦਰਿਤ ਪੰਜਾਬ ਦਾ ਸਭ ਤੋਂ ਵੱਡਾ ਰੋਜ਼ਗਾਰ ਮੇਲਾ ਸਫਲਤਾਪੂਰਵਕ ਆਯੋਜਿਤ ਕੀਤਾ



ਗਿਆ।ਇਸ ਮਹਾਂ ਭਰਤੀ ਸਮਾਰੋਹ ਨੂੰ ਸ਼ਾਨਦਾਰ ਪ੍ਰਤੀਕਿਰਿਆ ਮਿਲੀ, ਜਿਸ ਵਿੱਚ ਕੁੱਲ 369 ਉਮੀਦਵਾਰਾਂ ਨੇ ਹਿੱਸਾ ਲੈ ਕੇ ਪ੍ਰਸਿੱਧ ਹੋਟਲ ਗਰੁੱਪਾਂ ਨਾਲ ਇੰਟਰਵਿਊ ਦਿੱਤੇ।ਇਸ ਮੇਲੇ ਵਿੱਚ ਤਾਜ ਚੰਡੀਗੜ੍ਹ, ਦਿ ਲਲਿਤ, ਆਈ. ਟੀ. ਸੀ. ਰਾਜਪੂਤਾਨਾ ਜੈਪੁਰ, ਰੈਡੀਸਨ ਬਲੂ, ਬੈਸਟ ਵੈਸਟਰਨ, ਬੈਸਟ ਵੈਸਟਰਨ ਏ. ਐੱਚ. ਵੰਨ, ਲੈਮਨ ਟਰੀ, ਲੈ ਮੈਰੀਡੀਅਨ, ਆਈ. ਟੀ. ਸੀ. ਵੈਲਕਮ, ਅਤੇ ਹਾਯਾਤ ਰੀਜੈਂਸੀ ਅੰਮ੍ਰਿਤਸਰ ਵਰਗੇ ਪ੍ਰਸਿੱਧ ਹੋਟਲ ਸੰਗਠਨਾਂ ਨੇ ਭਾਗ ਲਿਆ।ਇਨ੍ਹਾਂ ਨੇ ਵਿਦਿਆਰਥੀਆਂ ਲਈ ਵੱਖ-ਵੱਖ ਵਿਭਾਗਾਂ ਵਿੱਚ ਇੰਟਰਨਸ਼ਿਪ ਅਤੇ ਫੁੱਲ ਟਾਈਮ ਪਲੇਸਮੈਂਟ ਦੇ ਕਈ ਮੌਕੇ ਪ੍ਰਦਾਨ ਕੀਤੇ।ਬੀਐੱਚਐੱਮਸੀਟੀ, ਬੀਐੱਸਸੀ ਐੱਚਐੱਮਸੀਟੀ, ਡਿਪਲੋਮਾ, ਬੀ.ਵਾਕ ਐੱਚਐੱਮਸੀਟੀ, ਐੱਮਬੀਏ, ਬੀਬੀਏ, ਅਤੇ ਬੀਕਾਮ. ਵਰਗੇ ਕੋਰਸਾਂ ਦੇ ਵਿਦਿਆਰਥੀਆਂ ਨੇ ਹੌਸਪੀਟੈਲਿਟੀ ਉਦਯੋਗ ਦੇ ਵੱਖਰੇ ਖੇਤਰਾਂ ਵਿੱਚ ਮੌਕਿਆਂ ਦੀ ਜਾਣਕਾਰੀ ਲਈ ਅਤੇ ਉਦਯੋਗਪਤੀਆਂ ਨਾਲ ਸਿੱਧੀ ਗੱਲਬਾਤ ਕੀਤੀ।ਇਸ ਮੌਕੇ ਡਾ. ਗੌਰਵ ਤੇਜਪਾਲ ਪ੍ਰਿੰ. ਅੰਮ੍ਰਿਤਸਰ ਗਰੁੱਪ ਆਫ ਕਾਲਜਿਜ਼ ਨੇ ਕਿਹਾ ਕਿ ਏਜੀਸੀ ਵਿੱਚ ਅਸੀਂ ਉਦਯੋਗ ਜਗਤ ਨਾਲ ਮਜ਼ਬੂਤ ਸੰਬੰਧ ਬਣਾਉਣ ਲਈ ਨਿਰੰਤਰ ਕੋਸ਼ਿਸ਼ਾਂ ਕਰ ਰਹੇ ਹਾਂ ਤਾਂ ਜੋ ਸਾਡੇ ਵਿਦਿਆਰਥੀਆਂ ਨੂੰ ਅਸਲੀ ਦੁਨੀਆ ਦਾ ਤਜਰਬਾ ਅਤੇ ਰੋਜ਼ਗਾਰ ਦੇ ਮੌਕੇ ਮਿਲਣ।ਇਹ ਰੋਜ਼ਗਾਰ ਮੇਲਾ ਸਾਡੇ ਉਨ੍ਹਾਂ ਯਤਨਾਂ ਦਾ ਸਪੱਸ਼ਟ ਸਬੂਤ ਹੈ ਜੋ ਅਕਾਦਮਿਕ ਸਿੱਖਿਆ ਤੇ ਪੇਸ਼ੇਵਰ ਜਗਤ ਵਿਚਕਾਰ ਇੱਕ ਪਲ ਬਣਾਉਂਦੇ ਹਨ।ਸਾਨੂੰ ਮਾਣ ਹੈ ਕਿ ਸਾਡੇ ਵਿਦਿਆਰਥੀ ਹੌਸਪੀਟੈਲਿਟੀ ਖੇਤਰ ਵਿੱਚ ਸਫਲ ਕਰੀਅਰ ਵੱਲ ਆਤਮ-ਵਿਸ਼ਵਾਸ ਨਾਲ ਅੱਗੇ ਵਧ ਰਹੇ ਹਨ।

# ਹਿੰਦੂ ਕੰਨਿਆ ਮਹਾਂਵਿਦਿਆਲਾ 'ਚ ਨਸ਼ਾ ਮੁਕਤ ਭਾਰਤ ਅਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਗਾਇਆ ਸੈਮੀਨਾਰ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸਥਾਨਕ ਹਿੰਦੂ ਕੰਨਿਆ ਮਹਾਂਵਿਦਿਆਲਾ ਧਾਰੀਵਾਲ ਵਿਖੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐੱਨ. ਡੀ. ਅਨੰਦ ਸਕੱਤਰ ਰਮੇਸ਼ ਕੋਹਲੀ ਅਤੇ ਪ੍ਰਿੰ. ਡਾ. ਰਜਵਿੰਦਰ ਕੌਰ ਦੀ ਰਹਿਨੁਮਾਈ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 'ਸੇ ਨੋ ਟੂ ਡਰੱਗਜ਼' ਵਿਸ਼ੇ 'ਤੇ ਐੱਨਐੱਸਐੱਸ ਅਤੇ ਰੈੱਡ ਰਿਬਨ ਕਲੱਬ ਦੇ ਸਹਿਯੋਗ ਨਾਲ ਇਕ ਸੈਮੀਨਾਰ ਕਰਵਾਇਆ ਗਿਆ।ਇਸ ਮੌਕੇ ਪ੍ਰਿੰਸੀਪਲ ਡਾ. ਰਜਵਿੰਦਰ ਕੌਰ ਨੇ ਨਸ਼ਿਆਂ ਰਹਿਤ ਉਸਾਰੂ ਜੀਵਨ ਜਾਚ ਦੀ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਤੋਂ ਦੋ ਬਚਨ ਲਏ। ਪਹਿਲਾ ਅਸੀਂ ਨਸ਼ੇ ਨਹੀਂ ਕਰਾਂਗੇ, ਦੂਸਰਾ ਅਸੀਂ ਆਪਣੇ ਦੋਸਤਾਂ ਨੂੰ ਨਸ਼ਾ ਨਹੀਂ ਕਰਨ ਦੇਵਾਂਗੇ। ਸਾਨੂੰ ਜ਼ਿੰਦਗੀ ਵਿੱਚ ਕੋਈ ਨਾ ਕੋਈ ਇੱਕ ਅਜਿਹਾ ਮਨੁੱਖ ਜ਼ਰੂਰ ਚੁਣਨਾ ਚਾਹੀਦਾ ਹੈ ਕਿ ਜਿਸ ਨਾਲ ਤੁਸੀਂ ਆਪਣੇ ਦਿਲ ਦੀਆਂ ਗੱਲਾਂ ਖੋਲ੍ਹ ਕੇ ਕਰ ਸਕੋ ਭਾਵੇਂ ਉਹ ਤੁਹਾਡੇ ਮਾਤਾ ਪਿਤਾ, ਭੈਣ ਭਰਾ, ਦੋਸਤ ਮਿੱਤਰ ਜਾਂ ਅਧਿਆਪਕ ਹੀ ਕਿਉਂ ਨਾ ਹੋਣ। ਜੇਕਰ ਤੁਹਾਨੂੰ ਨਸ਼ੇ ਦੀ ਲੱਤ ਲੱਗ ਗਈ ਹੈ ਤਾਂ ਤੁਸੀਂ ਉਨ੍ਹਾਂ ਨਾਲ ਆਪਣੇ ਮਨ ਦੀ ਗੱਲ ਸਾਂਝੀ ਕਰਕੇ ਇਸ ਨਸ਼ੇ ਤੋਂ ਬਚ ਸਕਦੇ ਹੋ।ਉਨ੍ਹਾਂ ਵਿਦਿਆਰਥੀਆਂ ਨੂੰ ਕਿਹਾ ਕਿ ਤੁਸੀਂ ਇਕੱਲੇ ਕੁਝ ਵੀ ਨਹੀਂ ਕਰ ਸਕਦੇ ਕੁਝ ਕਰਨ ਲਈ ਅੱਗੇ ਵਧਣ ਲਈ ਤੁਹਾਨੂੰ ਸਮਾਜ ਦੀ ਜ਼ਰੂਰਤ ਹੈ ਤੇ ਉਹ ਇੱਕ ਚੰਗਾ ਸਮਾਜ ਤੁਸੀਂ ਹੀ ਸਿਰਜ ਸਕਦੇ ਹੋ। ਨਸ਼ਾ ਇੱਕ ਅਜਿਹੀ ਬੁਰੀ ਆਦਤ ਹੈ ਜੋ ਕਿ ਤੁਹਾਨੂੰ ਤਾਂ ਬਰਬਾਦ ਕਰਦੀ ਹੀ ਹੈ ਨਾਲ ਹੀ ਤੁਹਾਡੇ ਪਰਿਵਾਰ ਤੇ ਸਮਾਜ ਨੂੰ ਵੀ ਬਰਬਾਦ ਕਰਕੇ ਰੱਖ ਦਿੰਦੀ ਹੈ। ਇਥੋਂ ਤੱਕ ਕਿ ਆਉਣ ਵਾਲੀ ਪੀੜ੍ਹੀ ਵੀ ਖਤਮ ਹੋ ਜਾਂਦੀ ਹੈ।ਉਨ੍ਹਾਂ ਕਿਹਾ ਕਿ ਸਾਨੂੰ ਰੋਜਾਨਾ ਜ਼ਿੰਦਗੀ ਵਿੱਚ ਦਵਾਈਆਂ ਦੀ ਵਰਤੋਂ ਵੀ ਘੱਟ ਕਰਨੀ ਚਾਹੀਦੀ ਹੈ। ਭਾਵ ਭੋਜਨ ਅਜਿਹਾ ਕਰੋ ਜੋ ਤੁਹਾਡੇ ਲਈ ਦਵਾਈ ਦਾ ਕੰਮ ਕਰੇ ਅਤੇ ਦਵਾਈਆਂ ਨੂੰ ਆਪਣਾ ਭੋਜਨ ਨਾ ਬਣਨ ਦੇਵੋ ।ਉਨ੍ਹਾਂ ਕਿਹਾ ਕਿ ਜਿਹੜਾ ਵਿਅਕਤੀ ਨਸ਼ਾ ਕਰਦਾ ਹੈ ਉਹ ਆਪਣੀ ਇੱਜ਼ਤ ,ਸਿਹਤ ਤੇ ਧਨ ਸਭ ਕੁਝ ਗਵਾ ਬੈਠਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਅਜਿਹਾ ਵਿਅਕਤੀ ਮਿਲਦਾ ਹੈ ਤਾਂ ਉਸਨੂੰ ਆਪਣਾ ਸਹਿਯੋਗ ਦੇ ਕੇ ਉਸਨੂੰ ਨਸ਼ੇ ਤੋਂ ਹੋਣ ਵਾਲੀਆਂ ਭਿਆਨਕ ਬਿਮਾਰੀਆਂ ਬਾਰੇ ਦੱਸ ਕੇ ਉਸ ਨੂੰ ਚੰਗੀ ਸਿਹਤ ਬਾਰੇ ਜਾਣਕਾਰੀ ਦੇ ਕੇ ਨਸ਼ੇ ਤੋਂ ਦੂਰ ਕਰੋਗੇ।ਇਸ ਮੌਕੇ ਨਸ਼ੇ ਨਾਲ ਸੰਬੰਧਿਤ ਚਾਰਟ, ਪੋਸਟਰ ਮੇਕਿੰਗ ਅਤੇ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ ।ਇਸ ਦੌਰਾਨ ਕਾਲਜ ਦਾ ਸਮੁੱਚਾ ਸਟਾਫ ਹਾਜ਼ਰ ਸੀ।




# 350ਵੇਂ ਸ਼ਹੀਦੀ ਸਮਾਗਮਾਂ ਬਾਰੇ ਤ਼ਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵਿਸ਼ੇਸ਼ ਬੈਠਕ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਧੰਨ ਧੰਨ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਦੇ 350 ਵੇਂ ਸ਼ਹੀਦੀ ਗੁਰਪੁਰਬ ਸੰਬਧ 'ਚ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਵਿੱਖੇ ਕਰਵਾਏ ਜਾ ਰਹੇ ਸਮਾਗਮਾਂ ਬਾਰੇ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਨਾਲ ਇੱਕ ਵਿਸ਼ੇਸ਼ ਬੈਠਕ ਹੋਈ ਇਸ ਵਿੱਚ ਸਮਾਗਮ ਦੀ ਰੂਪ ਰੇਖਾ ਪੰਜ ਪਿਆਰੇ ਸਾਹਿਬਾਨ ਅੱਗੇ ਪੇਸ਼ ਕੀਤੀ ਗਈ।ਇਸ ਸਮੇਂ ਪੰਜ ਪਿਆਰੇ ਸਾਹਿਬਾਨ ਵੱਲੋਂ ਸਮਾਗਮ ਵਿੱਚ ਗੁਰੂ ਮਰਿਯਾਦਾ ਦਾ ਪੂਰਾ ਖਿਆਲ ਰੱਖਣ ਬਾਰੇ ਮੁੱਖ ਆਦੇਸ਼ ਦਿੱਤੇ ਗਏ।ਇਸ ਲਈ ਡਾ. ਵਿਜੇ ਸਤਬੀਰ ਸਿੰਘ, ਮੁੱਖ ਪ੍ਰਬੰਧਕ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਗੁਰਪੁਰਬ ਸਮਾਗਮ ਦਾ ਪ੍ਰਬੰਧ ਕਰ ਰਹੇ ਖੇਤਰੀ ਸਮੀਤੀ ਦੇ ਮੇਂਬਰ ਸਾਹਿਬਾਨ, ਗੁਰਦੁਆਰਾ ਬੋਰਡ ਦੇ ਅਧਿਕਾਰੀਆਂ ਅਤੇ ਸਮੂਹ ਕਰਮਚਾਰੀਆਂ ਨੂੰ ਪੰਜ ਪਿਆਰੇ ਸਾਹਿਬਾਨ ਦੇ ਹੁਕਮ ਦੀ ਪਾਲਨਾ ਕਰਨ ਦਾ ਆਦੇਸ਼ ਦਿੱਤਾ ਗਿਆ। ਇਸ ਬੈਠਕ ਵਿੱਚ ਸੰਤ ਬਾਬਾ ਬਲਵਿੰਦਰ ਸਿੰਘ ਲੰਗਰ ਸਾਹਿਬ, ਰਾਮੇਸ਼ਵਰ ਨਾਈਕ, ਮੁਖੀ ਮੁੱਖ ਮੰਤਰੀ ਸਹਾਇਤਾ ਨਿਧੀ, ਸਰਜੀਤ ਸਿੰਘ ਗਿੱਲ, ਭਾਗਿੰਦਰ ਸਿੰਘ ਘੜੀਸਾਜ, ਮੁੱਖ ਪ੍ਰਬੰਧਕ ਦੇ ਸਲਾਹਕਾਰ ਜਸਵੰਤ ਸਿੰਘ (ਬੌਬੀ), ਸੁਖਵਿੰਦਰ ਸਿੰਘ ਢਿੱਲੋਂ, ਸੁਪਰਡੈਂਟ ਹਰਜੀਤ ਸਿੰਘ ਕੜੇਵਾਲੇ, ਸਹਾਇਕ ਸੁਪਰਡੈਂਟ ਰਵਿੰਦਰ ਸਿੰਘ ਕਪੂਰ, ਜੈਮਲ ਸਿੰਘ ਢਿੱਲੋਂ, ਬਲਵਿੰਦਰ ਸਿੰਘ ਫੌਜੀ, ਸਮਿਤੀ ਕੋਆਰਡੀਨੇਟਰ ਸ਼ਰਨ ਸਿੰਘ ਸੋਢੀ, ਬਬਿਤਾ ਕੌਰ ਚਾਹਲ ਪੀ. ਏ. ਟੂ ਪ੍ਰਸ਼ਾਸਕ ਮੌਜੂਦ ਸਨ।

# ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਸਾਲਾਨਾ ਖੇਡਾਂ ਕਰਵਾਈਆਂ

**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)** ਸ੍ਰੀ ਗੁਰੂ ਅਮਰਦਾਸ ਪਬਲਿਕ ਸਕੂਲ ਫਤਿਹਾਬਾਦ ਵਿਖੇ ਹਰ ਸਾਲ ਦੀ ਤਰ੍ਹਾਂ ਸਕੂਲ ਲੈਵਲ ਤੇ ਖੇਡਾਂ ਕਰਵਾਈਆਂ ਗਈਆਂ।ਇਨ੍ਹਾਂ ਖੇਡਾਂ ਵਿੱਚ ਸਾਰੇ ਸਕੂਲ ਦੇ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਇਸ ਵਿੱਚ ਦੌੜਾਂ, ਉੱਚੀ ਛਾਲ, ਲੰਬੀ ਛਾਲ, ਰੱਸਾ-ਕੱਸੀ, ਸਪੂਨ ਰੇਸ, ਖੋ-ਖੋ, ਫਰੋਗ ਰੇਸ ਆਦਿ ਖੇਡਾਂ ਕਰਾਈਆਂ ਗਈਆਂ। ਖੇਡਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ ਪਹਿਲੀ, ਦੂਜੀ ਤੇ ਤੀਜੀ ਪੁਜ਼ੀਸ਼ਨ ਹਾਸਿਲ ਕੀਤੀ ।ਪਹਿਲੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦੇ ਨਾਂ ਇਸ ਤਰ੍ਹਾ ਹਨ: ਗੁਰਨਿਆਜ਼ ਸਿੰਘ, ਸ਼ਿਵਜੋਤ ਸਿੰਘ, ਗੁਰਲੀਨ ਕੌਰ, ਅਨਮੋਲ ਸਿੰਘ, ਅਕਾਤ ਸਿੰਘ, ਮਨਸੀਰਤ ਕੌਰ, ਗੁਰ ਫਤਿਹ ਸਿੰਘ, ਗੁਰਬੀਰ ਸਿੰਘ, ਗੁਰਨੂਰ ਸਿੰਘ, ਰਾਜਵੀਰ ਸਿੰਘ, ਬਲਜਿੰਦਰ ਕੌਰ, ਅਜੇਪ੍ਰੀਤ ਸਿੰਘ, ਅਬੀਜੀਤ ਸਿੰਘ, ਸਾਹਿਲਦੀਪ ਸਿੰਘ, ਅਰਮਾਨਪ੍ਰੀਤ ਸਿੰਘ, ਮਨਿੰਦਰ ਸਿੰਘ, ਅਰਸ਼ਦੀਪ ਸਿੰਘ, ਕੈਲਾਸ਼ ਤੇ ਗੁਰਭੁਰਪ੍ਰੀਤ ਸਿੰਘ ।ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਸੁਰਜੀਤ ਸਿੰਘ ਭਰੋਵਾਲ ਨੇ ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਅਤੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਖੇਡਾਂ ਵਿੱਚ ਵੱਧ ਤੋਂ ਵੱਧ ਹਿੱਸਾ ਲੈਣਾ ਚਾਹੀਦਾ ਹੈ ਤੇ ਹਰ ਰੋਜ਼ ਕਸਰਤ ਕਰਨੀ ਚਾਹੀਦੀ ਹੈ ਤਾਂ ਕਿ ਮਨ ਤੇ ਸਰੀਰ ਦੋਵੇਂ ਤੰਦਰੁਸਤ ਰਹਿ ਸਕਣ। ਉਨ੍ਹਾਂ ਦੱਸਿਆ ਕਿ ਤੰਦਰੁਸਤ ਸਰੀਰ ਵਿੱਚ ਹੀ ਤੰਦਰੁਸਤ ਮਨ ਹੁੰਦਾ ਹੈ ।ਇਸ ਮੌਕੇ ਸਕੂਲ ਦਾ ਸਾਰਾ ਸਟਾਫ ਵੀ ਹਾਜ਼ਰ ਸੀ।




# ਪ੍ਰਤਾਪ ਵਰਲਡ ਸਕੂਲ ਦੇ ਚਾਰ ਸ਼ੂਟਰਾਂ ਨੇ 27ਵੀਂ ਸ਼ੂਟਿੰਗ ਚੈਂਪੀਅਨਸ਼ਿਪ ਲਈ ਕੀਤਾ ਕਵਾਲੀਫਾਈ

**ਪਠਾਨਕੋਟ (ਦਵਿੰਦਰ ਸਿੰਘ)**- ਪ੍ਰਤਾਪ ਵਰਲਡ ਸਕੂਲ, ਪਠਾਨਕੋਟ ਦੇ ਚਾਰ ਸ਼ੂਟਰਾਂ ਨੇ ਆਪਣੀ ਸ਼ਾਨਦਾਰ ਪ੍ਰਦਰਸ਼ਨ ਦੇ ਬਲਬੂਤੇ ਤੇ ਪ੍ਰਸਿੱਧ 27ਵੀਂ ਆਲ ਇੰਡੀਆ ਇੰਟਰ ਸਕੂਲ ਸ਼ੂਟਿੰਗ ਚੈਂਪੀਅਨਸ਼ਿਪ ਲਈ ਕਵਾਲੀਫਾਈ ਕੀਤਾ ਹੈ।ਇਨ੍ਹਾਂ ਵਿਦਿਆਰਥੀਆਂ ਨੇ 25ਵੀਂ ਪੰਜਾਬ ਰਾਜ ਇੰਟਰ ਸਕੂਲ ਸ਼ੂਟਿੰਗ ਚੈਂਪੀਅਨਸ਼ਿਪ ਵਿੱਚ ਆਪਣਾ ਬਿਹਤਰੀਨ ਪ੍ਰਦਰਸ਼ਨ ਕਰਕੇ ਸਕੂਲ ਅਤੇ ਖੇਤਰ ਦਾ ਨਾਮ ਰੌਸ਼ਨ ਕੀਤਾ ਹੈ ਜਿਸ ਵਿੱਚ ਅਭਿਨਵ ਠਾਕੁਰ ਏਅਰ ਰਾਈਫਲ, ਮਿਲਨ ਸਿੰਘ ਏਅਰ ਰਾਈਫਲ, ਆਯੁਸ਼ਮਾਨ ਲੂਥਰਾ ਏਅਰ ਪਿਸਟਲ, ਮੁਹੰਮਦ ਜ਼ੁਬੈਰ ਏਅਰ ਪਿਸਟਲ ਦੇ ਨਾਂਅ ਸ਼ਾਮਲ ਹਨ।ਡਾਇਰੈਕਟਰ ਸੰਨੀ ਮਹਾਜਨ ਨੇ ਕਿਹਾ ਕਿ ਇਹ ਸਫਲਤਾ ਸਾਡੇ ਉਸ ਸੰਕਲਪ ਦਾ ਪ੍ਰਮਾਣ ਹੈ ਜਿਸ ਅਧੀਨ ਅਸੀਂ ਵਿਸ਼ਵ-ਪੱਧਰੀ ਸੁਵਿਧਾਵਾਂ ਅਤੇ ਪ੍ਰੋਫੈਸ਼ਨਲ ਮੈਂਟਰਨਸ਼ਿਪ ਰਾਹੀਂ ਨੌਜਵਾਨ ਖੇਡ ਪ੍ਰਤਿਭਾਵਾਂ ਨੂੰ ਉਤਸ਼ਾਹਿਤ ਕਰਦੇ ਹਾਂ।ਸਾਨੂੰ ਆਪਣੇ ਸ਼ੂਟਰਾਂ ਤੇ ਮਾਣ ਹੈ ਅਤੇ ਅਸੀਂ ਉਨ੍ਹਾਂ ਦੀ ਰਾਸ਼ਟਰੀ ਪੱਧਰ 'ਤੇ ਲਗਾਤਾਰ ਕਾਮਯਾਬੀ ਦੀ ਕਾਮਨਾ ਕਰਦੇ ਹਾਂ।ਡਾਇਰੈਕਟਰ ਓਸ਼ਿਨ ਮਹਾਜਨ ਨੇ ਕਿਹਾ ਕਿ ਪ੍ਰਤਾਪ ਵਰਲਡ ਸਕੂਲ ਵਿੱਚ ਅਸੀਂ ਸਮੁੱਚੀ ਸਿੱਖਿਆ 'ਚ ਵਿਸ਼ਵਾਸ ਰੱਖਦੇ ਹਾਂ, ਜਿਸ ਵਿੱਚ ਅਕਾਦਮਿਕ ਪਾਇਦਾਰੀ ਦੇ ਨਾਲ ਖੇਡਾਂ ਨੂੰ ਵੀ ਬਰਾਬਰ ਮਹੱਤਵ ਦਿੱਤਾ ਜਾਂਦਾ ਹੈ।ਪ੍ਰਿੰ. ਸ਼ੁਭਰਾ ਰਾਣੀ ਨੇ ਆਪਣੀ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਇੱਕ ਵਾਰ ਫਿਰ ਇਹ ਸਾਬਤ ਕੀਤਾ ਹੈ ਕਿ ਸਹੀ ਮਾਰਗਦਰਸ਼ਨ ਅਤੇ ਮਿਹਨਤ ਨਾਲ ਹਰ ਟੀਚੇ ਨੂੰ ਹਾਸਲ ਕੀਤਾ ਜਾ ਸਕਦਾ ਹੈ।ਅਸੀਂ ਆਪਣੇ ਸ਼ੂਟਰਾਂ ਅਤੇ ਉਨ੍ਹਾਂ ਦੇ ਕੋਚਾਂ ਨੂੰ ਇਸ ਸ਼ਾਨਦਾਰ ਉਪਲਬਧੀ ਲਈ ਦਿਲੋਂ ਵਧਾਈ ਦਿੰਦੇ ਹਾਂ।



# ਪੰਜਾਬ 'ਚ ਅਮਨ-ਕਾਨੂੰਨ ਦੀ ਡਾਵਾਂਡੋਲ ਸਥਿਤੀ ਤੋਂ ਚਿੰਤਤ ਹੀਰਾ ਵਾਲੀਆ ਨੇ ਤਰੁਣ ਚੁੱਘ ਨੂੰ ਸੌਂਪਿਆ ਪੱਤਰ

**ਬਟਾਲਾ (ਤਰਲੋਕ ਬੱਗਾ)**- ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਸਿਮਰਨ ਸਿੰਘ ਹੀਰਾ ਵਾਲੀਆ ਦੀ ਅਗਵਾਈ ਹੇਠ ਭਾਜਪਾ ਆਗੂਆਂ ਦੇ ਇਕ ਵਫਦ ਨੇ ਪਾਰਟੀ ਦੇ ਰਾਸ਼ਟਰੀ ਮਹਾਂਮੰਤਰੀ ਤਰੁਣ ਚੁੱਘ ਨੂੰ ਇਕ ਪੱਤਰ ਦੇ ਕੇ ਉਨ੍ਹਾਂ ਦੇ ਧਿਆਨ ਵਿਚ ਲਿਆਂਦਾ ਕਿ ਬਟਾਲਾ ਅੰਦਰ ਅਮਨ ਕਾਨੂੰਨ ਦੀ ਸਥਿਤੀ ਲਗਾਤਾਰ ਵਿਗੜ ਰਹੀ ਹੈ।ਹੀਰਾ ਵਾਲੀਆ ਨੇ ਦੱਸਿਆ ਕਿ ਜਦੋਂ ਤੋਂ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਲਗਾਤਾਰ ਅਪਰਾਧੀਆਂ ਦੇ ਹੌਸਲੇ ਬੁਲੰਦ ਹੋ ਰਹੇ ਹਨ ਅਤੇ ਬੇਕਸੂਰ ਲੋਕ ਮੌਤ ਦੇ ਘਾਟ ਉਤਾਰੇ ਜਾ ਰਹੇ ਹਨ।ਹੀਰਾ ਵਾਲੀਆ ਨੇ ਦੱਸਿਆ ਕਿ ਪਿਛਲੇ ਦਿਨੀਂ ਬਟਾਲਾ ਵਿਚ ਦਿਨ ਦਿਹਾੜੇ 2 ਨੌਜਵਾਨਾਂ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ ਜਿਸ ਕਾਰਨ ਪੂਰਾ ਸ਼ਹਿਰ ਸੜਕਾਂ 'ਤੇ ਆ ਗਿਆ ਸੀ ਲੇਕਿਨ ਪੁਲਿਸ ਅਤੇ ਪ੍ਰਸ਼ਾਸਨ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ। ਬਟਾਲਾ ਵਿਚ ਫਿਰ ਇੱਕੋ ਦਿਨ ਵਿਚ 2 ਵੱਡੀਆਂ ਵਾਰਦਾਤਾਂ ਵਾਪਰੀਆਂ ਜਿਸ ਵਿਚ 3 ਲੋਕ ਜ਼ਖ਼ਮੀ ਹੋ ਗਏ।ਅਪਰਾਧਿਕ ਕਿਸਮ ਦੇ ਲੋਕ ਲਗਾਤਾਰ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ।ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਬਟਾਲਾ ਸਮੇਤ ਪੰਜਾਬ ਅੰਦਰ ਵਾਪਰ ਰਹੀਆਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਣ ਤਾਂ ਜੋ ਪੰਜਾਬ ਦੇ ਆਮ ਵਸਨੀਕ ਡਰ ਦੇ ਮਾਹੌਲ ਵਿਚੋਂ ਬਾਹਰ ਨਿਕਲਣ।ਇਸ ਮੌਕੇ ਪੰਜਾਬ ਕਾਰਜਕਾਰੀ ਪ੍ਰਧਾਨ ਭੂਸ਼ਨ ਬਜਾਜ, ਸਿਟੀ ਮੰਡਲ ਪ੍ਰਧਾਨ ਬਲਵਿੰਦਰ ਮਹਿਤਾ, ਸੀਨੀਅਰ ਲੀਡਰ ਪੰਕਜ ਸ਼ਰਮਾ ਆਦਿ ਹਾਜਰ ਸਨ।



# ਵਿਦਿਆਰਥੀਆਂ ਦਾ ਸਾਇੰਸ ਸਿਟੀ ਕਪੂਰਥਲਾ ਦਾ ਵਿਦਿਅਕ ਟੂਰ ਕਰਵਾਇਆ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਇਲਾਕੇ ਦੀ ਨਾਮਵਰ ਵਿੱਦਿਆਕ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਸੀਨੀਅਰ ਸੈਕੰਡਰੀ ਸਕੂਲ ਸੈਦੋਲੇਹਲ ਖਜਾਲਾ ਮਹਿਤਾ ਰੋਡ ਵੱਲੋਂ ਸਕੂਲ ਦੇ ਵਿਦਿਆਰਥੀਆਂ ਅਤੇ ਸਟਾਫ਼ ਨੇ ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਅਤੇ ਪ੍ਰਿੰਸੀਪਲ ਮੈਡਮ ਬਲਵਿੰਦਰ ਕੌਰ ਦੀ ਅਗਵਾਈ ਹੇਠ ਕਪੂਰਥਲਾ ਦੇ ਪੁਸ਼ਪਾ ਗੁਜਰਾਲ ਸਾਇੰਸ ਸਿਟੀ ਦਾ ਵਿੱਦਿਅਕ ਦੌਰਾ ਕੀਤਾ। ਬੱਚਿਆਂ ਨੂੰ ਵਿਗਿਆਨਕ ਅਜੂਬਿਆਂ ਦਾ ਅਨੁਭਵ ਕਰਵਾਇਆ ਗਿਆ। ਬੱਚਿਆਂ ਨੇ 3ਡੀ ਸ਼ੋਅ, ਲੇਜ਼ਰ ਸ਼ੋਅ, ਪਾਰਕ ਵਿੱਚ ਡਾਇਨਾਸੌਰ ਦੇ ਮਾਡਲਾਂ, ਸੋਲਰ ਪਾਵਰ ਹਾਊਸ, ਸੂਰਜੀ ਊਰਜਾ ਨਾਲ ਚੱਲਣ ਵਾਲੀਆਂ ਵਿਗਿਆਨਕ ਖੋਜਾਂ ਜਿਵੇਂ ਕਿ ਵਿੰਡ ਟਰਬਾਈਨ ਜਨਰੇਟਰ, ਸੋਲਰ ਟ੍ਰੇਨਾਂ ਅਤੇ ਭੂਚਾਲਾਂ ਦੇ ਕਾਰਨਾਂ ਬਾਰੇ ਸਿੱਖਿਆ।ਸਕੂਲ ਦੇ ਡਾਇਰੈਕਟਰ ਡਾਕਟਰ ਇੰਦਰਜੀਤ ਸਿੰਘ ਗੁਮਟਾਲਾ ਨੇ ਦੱਸਿਆ ਕਿ ਦੌਰੇ ਦੌਰਾਨ ਵਿਦਿਆਰਥੀਆਂ ਨੇ ਵਿਗਿਆਨ ਦੀ ਦੁਨੀਆ ਨਾਲ ਸਬੰਧਤ ਬਹੁਤ ਸਾਰੀਆਂ ਚੀਜ਼ਾਂ ਸਿੱਖੀਆਂ ਜੋ ਉਨ੍ਹਾਂ ਦੀ ਪੜ੍ਹਾਈ ਵਿੱਚ ਲਾਭਦਾਇਕ ਸਾਬਤ ਹੋਣਗੀਆਂ। ਵਿਦਿਆਰਥੀਆਂ ਦੇ ਮਾਰਗਦਰਸ਼ਨ ਲਈ ਸਾਇੰਸ ਅਧਿਆਪਕ ਅਤੇ ਕਈ ਹੋਰ ਤਜਰਬੇਕਾਰ ਅਧਿਆਪਕ ਮੌਜੂਦ ਸਨ।

# ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ 'ਤੇ ਨਾਟਕ 'ਤੂੰ ਅਗਲਾ ਵਰਕਾ ਫੋਲ' ਦਾ ਮੰਚਨ ਅੱਜ

**ਗੁਰਦਾਸਪੁਰ (ਜਨਕ ਮਹਾਜਨ)**- ਨਟਾਲੀ ਰੰਗ ਮੰਚ ਗੁਰਦਾਸਪੁਰ ਤੇ ਇਪਟਾ (ਇੰਡੀਅਨ ਪੀਪਲ ਥਿਏਟਰ) ਗੁਰਦਾਸਪੁਰ ਦੇ ਆਹੁਦੇਦਾਰਾਂ ਦੀ ਮੀਟਿੰਗ ਵਿਚ ਪ੍ਰਧਾਨ ਗੁਰਮੀਤ ਸਿੰਘ ਪਾਹੜਾ, ਸੀਨੀਅਰ ਮੀਤ ਪ੍ਰਧਾਨ ਜੋਧ ਸਿੰਘ ਲੈਕਚਰਾਰ ਸਟੇਟ ਐਵਾਰਡੀ, ਜਨਰਲ ਸਕੱਤਰ ਰਛਪਾਲ ਸਿੰਘ ਘੁੰਮਣ, ਗੁਰਮੀਤ ਸਿੰਘ ਬਾਜਵਾ ਜਨਰਲ ਸਕੱਤਰ ਤੇ ਬੂਟਾ ਰਾਮ ਆਜ਼ਾਦ ਵਿੱਤ ਸਕੱਤਰ ਇਪਟਾ ਗੁਰਦਾਸਪੁਰ ਸ਼ਾਮਿਲ ਹੋਏ। ਮੰਚ ਦੇ ਜਨਰਲ ਸਕੱਤਰ ਰਛਪਾਲ ਸਿੰਘ ਘੁੰਮਣ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਸਰਕਾਰੀ ਕਾਲਜ ਤ੍ਰਿਮੋ ਰੋਡ ਗੁਰਦਾਸਪੁਰ ਵਿਚ ਸਵੇਰੇ ਠੀਕ 10 ਵਜੇ ਦਿਨ ਬੁੱਧਵਾਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 110ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਵਾਂ ਨਾਟਕ 'ਤੂੰ ਅਗਲਾ ਵਰਕਾ ਫੋਲ' ਦੀ ਪੇਸ਼ਕਾਰੀ ਲੇਖਕ, ਅਦਾਕਾਰ ਤੇ ਨਿਰਦੇਸ਼ਕ ਡਾ. ਸਾਹਿਬ ਸਿੰਘ ਵਲੋਂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਗੀਤ ਸੰਗੀਤ ਤੇ ਕੋਰੀਓਗ੍ਰਾਫੀਆਂ ਵੀ ਹੋਣਗੀਆਂ। ਇਸ ਸਮੇਂ ਮੁੱਖ ਮਹਿਮਾਨ ਪ੍ਰਿੰਸੀਪਲ ਅਵਤਾਰ ਸਿੰਘ ਸਿਧੂ (ਸੇਵਾਮੁਕਤ) ਹੋਣਗੇ ਜਦੋਂਕਿ ਵਿਸ਼ੇਸ਼ ਮਹਿਮਾਨ ਪ੍ਰੋ. ਸੁਖਵੰਤ ਸਿੰਘ ਗਿੱਲ (ਪ੍ਰਧਾਨ ਸਿਟੀਜ਼ਨ ਸੋਸ਼ਲ ਵੈਲਫੇਅਰ ਫੋਰਮ ਬਟਾਲਾ), ਡਾ. ਕਿਰਤਪ੍ਰੀਤ ਕੌਰ ਕਾਹਲੋਂ (ਗੋਲਡ ਮੈਡਲਿਸਟ) ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਗੁਰਦਾਸਪੁਰ ਹੋਣਗੇ। ਇਸ ਪ੍ਰੋਗਰਾਮ ਦੀ ਪ੍ਰਧਾਨਗੀ ਤੇ ਪ੍ਰਧਾਨਗੀ ਪ੍ਰਿੰਸੀਪਲ ਅਸ਼ਵਨੀ ਭੱਲਾ ਸਰਕਾਰੀ ਕਾਲਜ ਗੁਰਦਾਸਪੁਰ ਕਰਨਗੇ। ਉਨ੍ਹਾਂ ਸਮੂਹ ਨਾਟਕ ਪ੍ਰੇਮੀਆਂ, ਬੁੱਧੀਜੀਵੀਆਂ, ਇਨਸਾਫ਼ ਪਸੰਦ ਵਿਅਕਤੀਆਂ, ਸਾਹਿਤਕਾਰਾਂ ਤੇ ਕਲਾ ਪ੍ਰੇਮੀਆਂ ਨੂੰ ਪਰਿਵਾਰ ਸਮੇਤ ਪਹੁੰਚਣ ਦਾ ਖੁਲ੍ਹਾ ਸੱਦਾ ਹੈ।

# 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਦਾ ਗੁਰਦੁਆਰਾ ਬੁਰਜ ਸਾਹਿਬ ਵਿਖੇ ਭਰਵਾਂ ਸਵਾਗਤ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਹਿੰਦ ਦੀ ਚਾਦਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ ਭਾਈ ਸਤੀ ਦਾਸ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸ਼ੁਰੂ ਹੋਏ ਨਗਰ ਕੀਰਤਨ ਦਾ ਐਤਵਾਰ ਦੇਰ ਸ਼ਾਮ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਚਰਨ ਸੋ ਪ੍ਰਾਪਤ ਇਤਿਹਾਸਿਕ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਗੁਰਦੁਆਰਾ ਬੁਰਜ ਸਾਹਿਬ ਵਿਖੇ ਰਾਤ ਨੂੰ ਵਿਸ਼ਰਾਮ ਕਰਨ ਮਗਰੋਂ ਅੱਜ ਸਵੇਰੇ ਅਗਲੇ ਪੜਾਅ ਲਈ ਰਵਾਨਾ ਹੋਇਆ। ਇਸ ਮੌਕੇ ਗਿਆਨੀ ਜਸਵਿੰਦਰ ਸਿੰਘ ਕਲੇਰ ਵੱਲੋਂ ਅਰਦਾਸ ਕਰਨ ਉਪਰੰਤ ਐਸਜੀਪੀਸੀ ਮੈਂਬਰ ਗੁਰਿੰਦਰਪਾਲ ਸਿੰਘ ਗੋਰਾ, ਬੀਬੀ ਜਸਬੀਰ ਕੌਰ ਜਫਰਵਾਲ, ਸੁਖਜਿੰਦਰ ਸਿੰਘ ਸੋਨੂ ਲੰਗਾਹ ,ਬਾਬਾ ਜੋਗਾ ਸਿੰਘ ਕਾਰ ਸੇਵਾ ਵਾਲੇ ਵੱਲੋਂ ਸਿਰਪਾਉ ਦੇ ਕੇ ਪੰਜ ਪਿਆਰਿਆਂ ਨੂੰ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸੰਗਤਾਂ ਵੱਲੋਂ ਨਗਰ ਕੀਰਤਨ ਦੇ ਸਵਾਗਤ ਲਈ ਸਜਾਵਟੀ ਗੇਟ ਅਤੇ ਅਨੇਕਾਂ ਪਕਵਾਨਾਂ ਦੇ ਲੰਗਰ ਲਗਾਏ ਗਏ। ਨਗਰ ਕੀਰਤਨ ਵਿੱਚ ਵੱਖ-ਵੱਖ ਧਾਰੀਵਾਲ ਇਲਾਕੇ ਦੇ ਵੱਖ-ਵੱਖ ਸਕੂਲਾਂ ਦੇ ਬੱਚਿਆਂ ਅਤੇ ਸਟਾਫ ਮੈਂਬਰਾਂ ਮੈਂ ਵੀ ਸਮੂਲੀਅਤ ਕੀਤੀ।ਇਸ ਮੌਕੇ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਜੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਸਕੱਤਰ ਗੁਰਿੰਦਰ ਸਿੰਘ ਮਥਰੇਵਾਲ ਕੋਆਰਡੀਨੇਟਰ, ਸਕੱਤਰ ਗੁਰਨਾਮ ਸਿੰਘ ਮੀਤ ਸਕੱਤਰ ,ਮਨਜੀਤ ਸਿੰਘ ਮੀਤ ਸਕੱਤਰ ,ਜਗਦੀਸ਼ ਸਿੰਘ ਬੁੱਟਰ ਚੀਫ ਗੁਰਦੁਆਰਾ ਇੰਸਪੈਕਟਰ ,ਇਕਬਾਲ ਸਿੰਘ ਮੈਨੇਜਰ ਸੱਚਖੰਡ ਸ੍ਰੀ ਦਰਬਾਰ ਸਾਹਿਬ, ਨਿਸਾਨ ਸਿੰਘ ਮੈਨੇਜਰ ਸ੍ਰੀ ਦਰਬਾਰ ਸਾਹਿਬ ਗੁਰਤਿੰਦਰ ਪਾਲ ਸਿੰਘ ਭਾਟੀਆ ਮੈਨੇਜਰ ਸ੍ਰੀ ਦਰਬਾਰ ਸਾਹਿਬ, ਜਗਰੂਪ ਸਿੰਘ ਸੇਖਵਾਂ ਹਲਕਾ ਇੰਚਾਰਜ ਕਾਦੀਆਂ ਆਮ ਆਦਮੀ ਪਾਰਟੀ, ਮੈਨੇਜਰ ਰਣਜੀਤ ਸਿੰਘ ਕਲਿਆਣਪੁਰ ਗੁਰਦੁਆਰਾ ਬੁਰਜ ਸਾਹਿਬ ਧਾਰੀਵਾਲ, ਮੈਨੇਜਰ ਸਰਬਜੀਤ ਸਿੰਘ ਗੁਰਦੁਆਰਾ ਬਾਠ ਸਾਹਿਬ ਪਠਾਨਕੋਟ, ਮੈਨੇਜਰ ਸਤਨਾਮ ਸਿੰਘ ਰਿਆੜ ਸ੍ਰੀ ਦਰਬਾਰ ਸਾਹਿਬ, ਮੈਨੇਜਰ ਸਤਨਾਮ ਸਿੰਘ ਗੋਸਲ ਗੁਰਦੁਆਰਾ ਡੇਰਾ ਬਾਬਾ ਨਾਨਕ ਮੈਨੇਜਰ ਮਨਜੀਤ ਸਿੰਘ ਗੁਰਦੁਆਰਾ ਸੱਤਕਰਤਾਰੀਆਂ ,ਪਰਮਵੀਰ ਸਿੰਘ ਲਾਡੀ, ਸਮਾਜਸੇਵੀ ਦਲਬੀਰ ਸਿੰਘ ਚਾਹਲ, ਬਲਦੇਵ ਸਿੰਘ ਨਿਮਾਣਾ, ਕੁਲਬੀਰ ਸਿੰਘ ਰਿਆੜ, ਬਾਬਾ ਨੱਥਾ ਸਿੰਘ ਸੰਧਵਾਂ, ਦੀਪ ਸਿੰਘ ਸੰਧਵਾਂ ਸਵਰਨ ਸਿੰਘ ਥਾਣੇਦਾਰ, ਡਾਕਟਰ ਰਣਜੀਤ ਸਿੰਘ ਬੇਦੀ ਕਨੋਲੀ, ਮੈਨੇਜਰ ਸੁਰਜੀਤ ਸਿੰਘ ਚਾਹਲ, ਕਵਲਜੀਤ ਸਿੰਘ ਚਾਹਲ, ਗੁਰਨਾਮ ਸਿੰਘ ਪ੍ਰਚਾਰਕ, ਜਗਰੂਪ ਸਿੰਘ ਪ੍ਰਚਾਰਕ, ਡਾਕਟਰ ਗੁਰਜਿੰਦਰ ਸਿੰਘ ਸੰਧੂ, ਬਾਬਾ ਜਸਵਿੰਦਰ ਸਿੰਘ ਕਲੇਰ, ਬਾਬਾ ਗੁਰਦੇਵ ਸਿੰਘ ਕਲਿਆਣਪੁਰ, ਹਰਮਨਜੀਤ ਸਿੰਘ ਲੇਖਾਕਾਰ, ਸੰਦੀਪ ਸਿੰਘ ਜਫਰਵਾਲ, ਸਵਰਨਜੀਤ ਸਿੰਘ ਕਲੇਰ, ਗੁਰਦਿਆਲ ਸਿੰਘ, ਮਨਜੀਤ ਸਿੰਘ, ਹਰਮਨਜੀਤ ਸਿੰਘ ਬਾਠ ਸਾਹਿਬ ਤੋਂ ਇਲਾਵਾ ਹੋਰ ਵੀ ਸੰਗਤਾਂ ਹਾਜ਼ਰ ਸਨ।



# ਐੱਲ ਪੀ ਯੂ ਵੱਲੋਂ ਨਵੇਂ ਡਿਸਟੈਂਸ ਤੇ ਆਨਲਾਈਨ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮ

**ਪਠਾਨਕੋਟ (ਦਵਿੰਦਰ ਸਿੰਘ)**: ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਵਿੱਦਿਆ ਮੰਦਰ ਸੀਨੀਅਰ ਸੈਕੰਡਰੀ ਸਕੂਲ ਵਿਖੇ 69ਵੇਂ ਅੰਤਰ-ਜ਼ਿਲ੍ਹਾ ਰਾਜ-ਪੱਧਰੀ ਅੰਡਰ-19 ਲੜਕਿਆਂ ਦੇ ਜੂਡੋ ਮੁਕਾਬਲੇ ਦਾ ਆਯੋਜਨ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਰਾਜੇਸ਼ ਕੁਮਾਰ ਦੀ ਪ੍ਰਧਾਨਗੀ ਅਤੇ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਦੀ ਨਿਗਰਾਨੀ ਹੇਠ ਕੀਤਾ ਗਿਆ।ਮੁਕਾਬਲੇ ਦੇ ਦੂਜੇ ਦਿਨ ਹਿੰਦੂ ਸਹਿਕਾਰੀ ਬੈਂਕ ਦੇ ਚੇਅਰਮੈਨ ਸਮਾਜ ਸੇਵਕ ਸਤੀਸ਼ ਮਹੇਂਦਰੂ ਅਤੇ ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਭੀ ਸ਼ਰਮਾ ਮੁੱਖ ਮਹਿਮਾਨ ਸਨ ਜਦੋਂਕਿ ਹਿੰਦੂ ਸਹਿਕਾਰੀ ਬੈਂਕ ਦੇ ਡਾਇਰੈਕਟਰ ਰਮੇਸ਼ ਚੌਧਰੀ ਅਤੇ ਹਿੰਦੂ ਸਹਿਕਾਰੀ ਬੈਂਕ ਦੇ ਸੀਨੀਅਰ ਉਪ ਪ੍ਰਧਾਨ ਵਿਨੋਦ ਮਹਾਜਨ ਵਿਸ਼ੇਸ਼ ਮਹਿਮਾਨ ਸਨ।ਵਿੱਦਿਆ ਮੰਦਰ ਸਕੂਲ ਦੀ ਪ੍ਰਬੰਧਕੀ ਕਮੇਟੀ ਦੇ ਚੇਅਰਮੈਨ ਵਿਜਯੰਤ ਸ਼ਰਮਾ ਅਤੇ ਐਮਡੀ ਲੀਨਾ ਸ਼ਰਮਾ ਨੇ ਮਹਿਮਾਨਾਂ ਦਾ ਗੁਲਦਸਤੇ ਨਾਲ ਸਵਾਗਤ ਕੀਤਾ। ਸਭ ਤੋਂ ਪਹਿਲਾਂ ਮਹਿਮਾਨਾਂ ਵੱਲੋਂ ਸ਼ਮਾ ਰੌਸ਼ਨ ਕੀਤੀ ਗਈ ਜਿਸ ਤੋਂ ਬਾਅਦ ਵੱਖ-ਵੱਖ ਜ਼ਿਲ੍ਹਿਆਂ ਦੇ ਖਿਡਾਰੀਆਂ ਨਾਲ ਜਾਣ-ਪਛਾਣ ਕਰਵਾਈ ਗਈ।ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਖੇਡ ਕੋਆਰਡੀਨੇਟਰ ਅਰੁਣ ਕੁਮਾਰ ਨੇ ਦੱਸਿਆ ਕਿ 69ਵੇਂ ਅੰਤਰ ਜ਼ਿਲ੍ਹਾ ਸਕੂਲ ਰਾਜ ਪੱਧਰੀ ਜੂਡੋ (ਲੜਕੇ) ਮੁਕਾਬਲੇ ਵਿੱਚ ਜ਼ਿਲ੍ਹਾ ਗੁਰਦਾਸਪੁਰ ਓਵਰਆਲ ਚੈਂਪੀਅਨ ਬਣਿਆ, ਜਦੋਂ ਕਿ ਜ਼ਿਲ੍ਹਾ ਜਲੰਧਰ ਦੂਜੇ ਅਤੇ ਜ਼ਿਲ੍ਹਾ ਮੁਹਾਲੀ ਤੀਜੇ ਸਥਾਨ ਤੇ ਰਿਹਾ।ਉਨ੍ਹਾਂ ਦੱਸਿਆ ਕਿ ਅੰਡਰ-19 ਵਰਗ ਦੇ ਲੜਕੀਆਂ ਦਾ ਮੁਕਾਬਲਾ 12 ਤੋਂ 13 ਨਵੰਬਰ ਤੱਕ ਵਿੱਦਿਆ ਮੰਦਰ ਸਕੂਲ ਵਿੱਚ ਹੋਵੇਗਾ।ਉਨ੍ਹਾਂ ਸਕੂਲ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜਯੰਤ ਸ਼ਰਮਾ, ਐੱਮਡੀ ਲੀਨਾ ਸ਼ਰਮਾ ਦਾ ਸਹਿਯੋਗ ਲਈ ਧੰਨਵਾਦ ਵੀ ਕੀਤਾ।ਅੰਤ ਵਿੱਚ ਜੇਤੂ ਟੀਮ ਨੂੰ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਤਕਨੀਕੀ ਮੈਂਬਰ ਹਰੀਸ਼ ਕੁਮਾਰ, ਸੰਜੀਵ ਕੁਮਾਰ, ਮਨਦੀਪ ਸਿੰਘ, ਗੁਰਤੇਜ ਸਿੰਘ, ਕੁਲਵਿੰਦਰ ਸਿੰਘ, ਹਰਸਿਮਰਨਜੀਤ ਸਿੰਘ, ਅਵਤਾਰ ਸਿੰਘ, ਸੁਲਕਸ਼ਣਾ ਸ਼ਰਮਾ, ਪੂਜਾ ਪਠਾਨੀਆ, ਮ੍ਰਿਦੂ ਭਾਸ਼ਿਣੀ, ਸੁਸ਼ੀਲ ਕੁਮਾਰ, ਪਵਨ ਸਵਾਮੀ, ਮਦਨ ਲਾਲ, ਅੰਮ੍ਰਿਤਪਾਲ ਕੌਰ, ਮਨਜੀਤ ਸਿੰਘ, ਰਾਜਕੁਮਾਰ, ਮੌਸਮੀ ਅਰੋੜਾ, ਸ਼ਿਖਾ, ਨਰੇਸ਼, ਰਿਤੇਸ਼ ਕੁਮਾਰ, ਮਨਜੀਤ ਸਿੰਘ ਸਮੇਤ ਹੋਰ ਹਾਜ਼ਰ ਸਨ।



# ਗੁੰਮਰਾਹਕੁੰਨ ਦਾਅਵਾ

*ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਗੁੰਮਰਾਹਕੁੰਨ ਬਿਆਨਬਾਜ਼ੀ ਲਈ ਜਾਣੇ ਜਾਂਦੇ ਹਨ। ਉਨ੍ਹਾ ਦਾ ਤਾਜ਼ਾ ਬਿਆਨ ਹੈ ਕਿ ਸੰਘ ਨੇ ਕੌਮੀ ਝੰਡੇ ਤਿਰੰਗੇ ਦਾ ਹਮੇਸ਼ਾ ਸਨਮਾਨ ਕੀਤਾ। ਉਨ੍ਹਾ ਮੁਤਾਬਕ ਕੌਮੀ ਝੰਡਾ 1933 ਵਿੱਚ ਡਿਜ਼ਾਈਨ ਕੀਤਾ ਗਿਆ ਸੀ ਤੇ ਝੰਡਾ ਕਮੇਟੀ ਨੇ ਸਰਬਸੰਮਤੀ ਨਾਲ ਰਵਾਇਤੀ ਭਗਵਾਂ ਝੰਡੇ ਦੀ ਸਿਫਾਰਸ਼ ਕੀਤੀ ਸੀ, ਪਰ ਫਿਰ ਗਾਂਧੀ ਜੀ ਨੇ ਦਖਲ ਦਿੱਤਾ ਅਤੇ ਕੁਝ ਕਾਰਨਾਂ ਕਰਕੇ ਉਨ੍ਹਾ ਤਿੰਨ ਰੰਗ, ਸਭ ਤੋਂ ਉਪਰ ਭਗਵਾਂ ਰੱਖਣ ਲਈ ਕਿਹਾ। ਸੰਘ ਨੇ ਹਮੇਸ਼ਾ ਤਿਰੰਗੇ ਦਾ ਸਨਮਾਨ ਕੀਤਾ ਤੇ ਉਸ ਦੀ ਰਾਖੀ ਕੀਤੀ।*

*ਅਸਲ ਵਿੱਚ ਇਹ ਦਾਅਵਾ ਗਲਤ ਤੇ ਗੁੰਮਰਾਹਕੁੰਨ ਹੈ। ਕੌਮੀ ਝੰਡੇ ਦੀ ਯਾਤਰਾ 1921 ਤੋਂ ਸ਼ੁਰੂ ਹੋਈ ਸੀ, ਜਦੋਂ ਪਿੰਗਲੀ ਵੈਂਕਈਆ ਨੇ ਤਿਰੰਗਾ ਪ੍ਰਸਤਾਵਤ ਕੀਤਾ। 1931 ਵਿੱਚ ਕਾਂਗਰਸ ਨੇ ਝੰਡਾ ਕਮੇਟੀ ਕਾਇਮ ਕੀਤੀ, ਜਿਸ ਨੇ ਸਫੈਦ, ਹਰੇ ਤੇ ਕੇਸਰੀ ਰੰਗ ਨੂੰ ਅਪਣਾਇਆ, ਪਰ ਇਸ ਵਿੱਚ ਚਰਖਾ ਸੀ। 1947 ਵਿੱਚ ਸੰਵਿਧਾਨ ਸਭਾ ਦੀ ਐਡਹਾਕ ਝੰਡਾ ਕਮੇਟੀ, ਜਿਸ ਦੇ ਪ੍ਰਧਾਨ ਰਜਿੰਦਰ ਪ੍ਰਸਾਦ ਸਨ, ਨੇ ਚਰਖੇ ਦੀ ਥਾਂ ਅਸ਼ੋਕ ਚੱਕਰ ਪਾਉਣ ਦੀ ਸਿਫਾਰਸ਼ ਕੀਤੀ। ਭਾਗਵਤ ਦਾ ਦਾਅਵਾ ਗਲਤ ਹੈ ਕਿ 1933 ਵਿੱਚ ਝੰਡਾ ਡਿਜ਼ਾਈਨ ਕੀਤਾ ਗਿਆ। ਇਹ ਪ੍ਰਕਿਰਿਆ 1921 ਤੋਂ ਸ਼ੁਰੂ ਹੋਈ ਅਤੇ 1947 ਵਿੱਚ ਮੁਕੰਮਲ ਹੋਈ। ਇਸ ਦੇ ਇਲਾਵਾ ਝੰਡਾ ਕਮੇਟੀ ਨੇ ਸਰਬਸੰਮਤੀ ਨਾਲ ਭਗਵਾਂ ਝੰਡੇ ਦੀ ਸਿਫਾਰਸ਼ ਨਹੀਂ ਕੀਤੀ ਸੀ। 1931 ਵਿੱਚ ਕਾਂਗਰਸ ਦੀ ਕਮੇਟੀ ਨੇ ਤਿੰਨ ਰੰਗਾਂ (ਕੇਸਰੀ, ਸਫੈਦ, ਹਰਾ) ਨੂੰ ਮਨਜ਼ੂਰੀ ਦਿੱਤੀ ਸੀ, ਸਿਰਫ ਕੇਸਰੀ/ਭਗਵਾਂ ਝੰਡੇ ਨੂੰ ਨਹੀਂ। 1947 ਵਿੱਚ ਆਰ ਐੱਸ ਐੱਸ ਦੀ ਸਥਿਤੀ ਸਪੱਸ਼ਟ ਸੀ, ਉਹ ਤਿਰੰਗੇ ਦਾ ਘੋਰ ਵਿਰੋਧੀ ਸੀ। ਉਸ ਦੇ ਰਸਾਲੇ 'ਆਰਗੇਨਾਈਜ਼ਰ' ਨੇ ਜੁਲਾਈ-ਅਗਸਤ 1947 ਵਿੱਚ ਕਈ ਸੰਪਾਦਕੀ ਪ੍ਰਕਾਸ਼ਤ ਕੀਤੇ ਸਨ, ਜਿਨ੍ਹਾਂ ਵਿੱਚ ਤਿਰੰਗੇ ਦੀ ਨਿੰਦਾ ਕੀਤੀ ਗਈ ਅਤੇ ਭਗਵਾਂ ਝੰਡੇ ਨੂੰ ਕੌਮੀ ਝੰਡਾ ਬਣਾਉਣ ਦੀ ਮੰਗ ਕੀਤੀ ਗਈ। ਆਰਗੇਨਾਈਜ਼ਰ ਨੇ 14 ਅਗਸਤ 1947 ਦੀ ਸੰਪਾਦਕੀ ਵਿੱਚ ਲਿਖਿਆ ਸੀ : ਜਿਹੜੇ ਲੋਕ ਕਿਸਮਤ ਦੇ ਝਟਕੇ ਨਾਲ ਸੱਤਾ ਵਿੱਚ ਆਏ ਹਨ, ਉਹ ਸਾਡੇ ਹੱਥਾਂ ਵਿੱਚ ਤਿਰੰਗਾ ਦੇ ਸਕਦੇ ਹਨ, ਪਰ ਇਸ ਨੂੰ ਹਿੰਦੂਆਂ ਵੱਲੋਂ ਕਦੇ ਵੀ ਸਨਮਾਨਤ ਤੇ ਸਵੀਕਾਰ ਨਹੀਂ ਕੀਤਾ ਜਾਵੇਗਾ। ਤਿੰਨ ਸ਼ਬਦ ਆਪਣੇ-ਆਪ ਵਿੱਚ ਇਕ ਬੁਰਾਈ ਹੈ ਅਤੇ ਤਿੰਨ ਰੰਗਾਂ ਵਾਲਾ ਝੰਡਾ ਨਿਸਚਤ ਤੌਰ 'ਤੇ ਇੱਕ ਬਹੁਤ ਹੀ ਖਰਾਬ ਮਨੋਵਿਗਿਆਨਕ ਪ੍ਰਭਾਵ ਪੈਦਾ ਕਰੇਗਾ ਤੇ ਇਹ ਦੇਸ਼ ਲਈ ਹਾਨੀਕਾਰਕ ਹੈ।*

*ਸੰਘ ਦੇ ਦੂਜੇ ਮੁਖੀ ਕੇਸ਼ਵ ਬਲੀਰਾਮ ਹੈਡਗੇਵਾਰ ਨੇ ਆਪਣੀ ਪੁਸਤਕ 'ਬੰਚ ਆਫ ਥੌਟਸ' ਵਿੱਚ ਲਿਖਿਆ ਹੈ ਕਿ ਸਾਡੇ ਆਗੂਆਂ ਨੇ ਤਿਰੰਗੇ ਨੂੰ ਸਵੀਕਾਰ ਕਰ ਲਿਆ ਹੈ ਪਰ ਇਹ ਝੰਡਾ ਸਾਡੇ ਕੌਮੀ ਇਤਿਹਾਸ ਤੇ ਵਿਰਾਸਤ ਦੇ ਆਧਾਰ 'ਤੇ ਕੌਮੀ ਦ੍ਰਿਸ਼ਟੀ ਨਾਲ ਪ੍ਰੇਰਤ ਨਹੀਂ ਹੈ। 15 ਅਗਸਤ 1947 ਤੇ 26 ਜਨਵਰੀ 1950 ਨੂੰ ਆਰ ਐੱਸ ਐੱਸ ਦੇ ਹੈੱਡਕੁਆਰਟਰ (ਨਾਗਪੁਰ) ਵਿੱਚ ਤਿਰੰਗਾ ਲਹਿਰਾਇਆ ਗਿਆ, ਪਰ ਉਸ ਦੇ ਬਾਅਦ 52 ਸਾਲ ਉੱਥੇ ਤਿਰੰਗਾ ਨਹੀਂ ਲਹਿਰਾਇਆ ਗਿਆ। 30 ਜਨਵਰੀ 1948 ਨੂੰ ਮਹਾਤਮਾ ਗਾਂਧੀ ਦੀ ਹੱਤਿਆ ਦੇ ਬਾਅਦ ਵੇਲੇ ਦੇ ਗ੍ਰਹਿ ਮੰਤਰੀ ਸਰਦਾਰ ਪਟੇਲ ਨੇ 4 ਫਰਵਰੀ 1948 ਨੂੰ ਆਰ ਐੱਸ ਐੱਸ 'ਤੇ ਪਾਬੰਦੀ ਲਾ ਦਿੱਤੀ ਸੀ। ਗਿਆਰਾਂ ਜੁਲਾਈ 1949 ਨੂੰ ਇਹ ਪਾਬੰਦੀ ਉਦੋਂ ਹਟਾਈ ਗਈ ਜਦ ਆਰ ਐੱਸ ਐੱਸ ਨੇ ਸੰਵਿਧਾਨ ਤੇ ਕੌਮੀ ਝੰਡੇ ਪ੍ਰਤੀ ਵਫਾਦਾਰੀ ਦਾ ਵਾਅਦਾ ਕੀਤਾ ਸੀ। ਇਸ ਤਰ੍ਹਾਂ ਸਰਦਾਰ ਪਟੇਲ ਨੇ ਆਰ ਐੱਸ ਐੱਸ 'ਤੇ ਜ਼ੋਰ ਪਾ ਕੇ ਤਿਰੰਗਾ ਪ੍ਰਵਾਨ ਕਰਵਾਇਆ, ਨਾ ਕਿ ਉਸ ਨੇ ਸਵੈ-ਇੱਛਾ ਨਾਲ ਪ੍ਰਵਾਨ ਕੀਤਾ। ਇਹ ਆਰ ਐੱਸ ਐੱਸ ਦੀ 'ਦੇਸ਼ਭਗਤੀ' ਦਾ ਨਹੀਂ, ਸਗੋਂ ਸਰਕਾਰੀ ਦਬਾਅ ਦਾ ਨਤੀਜਾ ਸੀ।*

## ਇੱਕ ਅੰਗ ਸੌ ਰੰਗ !

*ਇੱਕ-ਦੂਜੇ ਤੋਂ ਸੁਣਦਿਆਂ ਗੱਲ ਕੌੜੀ,*
*'ਪੱਕੇ' ਦੋਸਤਾਂ ਤਾਈਂ ਲੜਾਇ ਦਿੰਦੀ।*
*ਬਿਨਾਂ 'ਤੋਲੇ' ਤੋਂ ਜਦੋਂ ਵੀ ਬੋਲਦੀ ਐ,*
*'ਗੁਲ' ਹੋਰ ਦੇ ਹੋਰ ਖਿੜਾਇ ਦਿੰਦੀ।*
*ਕਦੇ 'ਅੰਦਰਲਾ ਸੱਚ' ਜੇ ਬਾਹਰ ਕੱਢੇ,*
*ਬਣੇ ਕਈਆਂ ਦੇ ਸਾਥ ਛੁੜਾਇ ਦਿੰਦੀ।*
*ਸੁਰ ਨੂੰ ਛੱਡ ਕੇ 'ਬੇਸੁਰੀ' ਜਦੋਂ ਹੋ ਜਾਏ,*
*ਦ੍ਰਸ਼ਕ ਸ੍ਰੋਤਿਆਂ ਤਾਈਂ ਦੁੜਾਇ ਦਿੰਦੀ।*
*ਜੇਕਰ ਸ਼ਹਿਦ ਦੇ ਵਾਂਗ ਹੋ ਜਾਏ ਮਿੱਠੀ,*
*ਵਿਗੜੀ ਦੋਸਤੀ ਫੇਰ ਜੁੜਾਇ ਦਿੰਦੀ।*
*ਹੁੰਦੀ 'ਹੱਡੀ' ਨਾ ਜੀਭ ਦੇ ਵਿੱਚ ਕਹਿੰਦੇ,*
*ਲੇਕਿਨ ਹੱਡੀਆਂ ਬਹੁਤ ਤੁੜਾਇ ਦਿੰਦੀ!*

***-ਤਰਲੋਚਨ ਸਿੰਘ ਦੁਪਾਲਪੁਰ**, 001-408-915-1268*

# ਭਾਜਪਾ ਦਾ ਉਭਾਰ, ਕੌਣ ਜ਼ੁੰਮੇਵਾਰ



**ਸੁੱਚਾ ਸਿੰਘ ਖੱਟੜਾ**

"ਹਿੰਦੂ ਜੋ ਮਰਜ਼ੀ ਕਹਿਣ, ਕੋਈ ਗੱਲ ਨਹੀਂ। ਹਿੰਦੂਤਵ ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਲਈ ਖਤਰਾ ਹੈ। ਇਸ ਹਿਸਾਬ ਨਾਲ ਇਹ ਲੋਕ ਰਾਜ ਲਈ ਅਸੰਗਤ ਹੈ। ਹਿੰਦੂ ਰਾਜ ਹਰ ਕੀਮਤ ਉੱਤੇ ਰੋਕਣਾ ਚਾਹੀਦਾ ਹੈ।" ਇਹ ਸ਼ਬਦ ਡਾ. ਅੰਬੇਡਕਰ ਦੇ ਹਨ। ਉਸ ਡਾ. ਅੰਬੇਡਕਰ ਦੇ, ਜਿਸ ਨੂੰ ਦੇਸ਼ ਦੇ ਸੰਵਿਧਾਨ ਦਾ ਸਰਬਸੰਮਤ ਨਿਰਮਾਤਾ ਮੰਨਿਆ ਗਿਆ ਹੈ। ਹਿੰਦੂਤਵ ਉੱਤੇ ਉਸ ਦੇ ਸ਼ਬਦਾਂ ਨੂੰ ਆਰਟੀਕਲ ਦੇ ਆਰੰਭ ਵਿੱਚ ਇਸ ਕਰਕੇ ਦਿੱਤਾ ਹੈ ਤਾਂ ਕਿ ਹਿੰਦੂਤਵ ਦੇ ਉਭਾਰ ਵਿੱਚ ਹਰ ਜ਼ੁੰਮੇਵਾਰ ਆਪਣੀ-ਆਪਣੀ ਭੂਮਿਕਾ ਦੇ ਬਰਾਬਰ ਰੱਖ ਕੇ ਆਪਣੇ-ਆਪਣੇ ਅਪਰਾਧ ਨੂੰ ਤੋਲ ਸਕੇ।

ਇਸ ਅਪਰਾਧ ਦਾ ਸਿੱਟਾ ਹੈ ਕਿ ਜਿਸ ਸੰਗਠਨ ਅਤੇ ਵਿਚਾਰਧਾਰਾ ਉੱਤੇ ਆਪਣੇ ਹੀ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਹਿੱਸਾ ਨਾ ਲੈਣ ਦਾ ਕਲੰਕ ਹੋਵੇ, ਜਿਹੜੀ ਅੱਜ ਵੀ ਮਨੂੰ ਸਿਮ੍ਰਤੀ ਨੂੰ ਸੰਵਿਧਾਨ ਦਾ ਅਧਾਰ ਬਣਾਉਣ ਬਾਰੇ ਸੋਚ ਰਹੀ ਹੋਵੇ, ਜਿਹੜੀ ਸਮਾਜਵਾਦ ਅਤੇ ਸੈਕੂਲਰ ਸ਼ਬਦਾਂ ਨੂੰ ਸੰਵਿਧਾਨ ਵਿੱਚੋਂ ਹਟਾਉਣਾ ਚਾਹੁੰਦੀ ਹੋਵੇ ਅਤੇ ਜਿਸ ਨੇ ਦੇਸ਼ ਦੀ ਆਰਥਿਕਤਾ ਨੂੰ ਰੁਜ਼ਗਾਰ ਵਿਹੂਣੀ ਕਰ ਰੱਖਿਆ ਹੋਵੇ, ਉਹ ਸੰਗਠਨ ਅਤੇ ਵਿਚਾਰਧਾਰਾ ਭਾਰਤੀਆਂ ਨੂੰ ਧਰਮ ਦੇ ਅਧਾਰ 'ਤੇ ਵੰਡ ਕੇ ਦੇਸ਼ ਦੀ ਸ਼ਾਸਕ ਬਣ ਗਈ ਹੈ। ਇਹਨਾਂ ਗੱਲਾਂ ਕਰਕੇ ਹੀ ਇਸ ਵਿਸ਼ੇ ਨੂੰ ਵਿਚਾਰਨਾ ਜ਼ਰੂਰੀ ਹੈ।

ਅੱਜ ਹਿੰਦੂਤਵ ਲਈ ਸਿਆਸੀ ਅਲੰਬਰਦਾਰ ਭਾਰਤੀ ਜਨਤਾ ਪਾਰਟੀ ਹੈ, ਜੋ ਜਨਸੰਘ ਦਾ ਵਰਤਮਾਨ ਅਵਤਾਰ ਹੈ ਅਤੇ ਅਜ਼ਾਦੀ ਤੋਂ ਪਹਿਲਾਂ ਇਸ ਦੀ ਸਿਆਸੀ ਭੂਮਿਕਾ ਹਿੰਦੂ ਮਹਾਂਸਭਾ ਨਿਭਾਉਂਦੀ ਸੀ। ਜੋ ਆਰ ਐੱਸ ਐੱਸ ਦੀ ਸਿਆਸੀ ਸ਼ਾਖਾ ਸੀ। ਹੁਣ ਅਸੀਂ ਆਰ ਐੱਸ ਐੱਸ ਅਤੇ ਭਾਜਪਾ ਨੂੰ ਇਕ ਹੀ ਪਲੜੇ ਵਿੱਚ ਰੱਖਾਂਗੇ।

ਆਰ ਐੱਸ ਐੱਸ 1925 ਵਿੱਚ ਜਦੋਂ ਹੋਂਦ ਵਿੱਚ ਆਈ ਤਾਂ ਕਾਂਗਰਸ 40 ਵਰ੍ਹਿਆਂ ਦੀ ਹੋ ਚੁੱਕੀ ਸੀ। ਕਾਂਗਰਸ ਅਤੇ ਇਨਕਲਾਬੀਆਂ ਵੱਲੋਂ ਲੜੇ ਜਾ ਰਹੇ ਸੰਘਰਸ਼ ਦਾ ਅੰਤਿਮ ਨਿਸ਼ਾਨਾ ਭਾਰਤ ਲਈ ਭਵਿੱਖੀ ਨਕਸ਼ਾ ਅਤੇ ਦੁਸ਼ਮਣ ਤਹਿ ਹੋ ਚੁੱਕੇ ਸਨ। ਮੰਨਿਆ ਕਿ ਆਰ ਐੱਸ ਐੱਸ ਦੇ ਬਾਨੀ ਹੈਡਗੇਵਾਰ ਦੀ ਰਾਜਨੀਤਕ ਸਮਝ ਹਾਲੇ ਪੂਰੇ ਸਰੂਪ ਵਿੱਚ ਸਾਹਮਣੇ ਨਹੀਂ ਸੀ ਆਈ, ਪਰ ਕਾਂਗਰਸ ਅਤੇ ਇਨਕਲਾਬੀਆਂ ਦੇ ਅੰਤਿਮ ਨਿਸ਼ਾਨੇ (ਅਜ਼ਾਦੀ) ਭਾਰਤ ਲਈ ਭਵਿੱਖੀ ਨਕਸ਼ਾ (ਲੋਕ ਰਾਜ ਅਤੇ ਸਮਾਜਵਾਦ) ਅਤੇ ਇਹਨਾਂ ਦੀ ਪ੍ਰਾਪਤੀ ਸਾਹਮਣੇ ਦੁਸ਼ਮਣ (ਅੰਗਰੇਜ਼ੀ ਰਾਜ) ਦੇ ਤਿੰਨ ਮੁੱਦਿਆਂ ਦੀ ਤਾਂ ਆਰ ਐੱਸ ਐੱਸ ਵਿਰੋਧੀ ਸੀ। ਕਾਂਗਰਸ ਜਾਂ ਮਹਾਤਮਾ ਗਾਂਧੀ ਵੱਲੋਂ ਆਰ ਐੱਸ ਐੱਸ ਦੇ ਇਸ ਵਿਰੋਧ ਨੂੰ ਲੋਕਾਂ ਵਿੱਚ ਕਿਉਂ ਨਹੀਂ ਪ੍ਰਚਾਰਿਆ ਗਿਆ। 1939 ਵਿੱਚ ਗੋਲਵਾਲਕਰ ਦੀ ਹਿੰਦੂ ਰਾਸ਼ਟਰ ਉੱਤੇ ਉਸ ਦੀ ਕਿਤਾਬ "ਅਸੀਂ ਅਤੇ ਸਾਡੇ ਰਾਸ਼ਟਰ ਦੀ ਵਿਆਖਿਆ" ਛਪ ਕੇ ਬਾਹਰ ਆ ਚੁੱਕੀ ਸੀ। ਇਸ ਵਿੱਚ ਉਸ ਹਿੰਦੂ ਰਾਸ਼ਟਰ ਦਾ ਮੁਕੰਮਲ ਨਕਸ਼ਾ ਹੈ, ਜਿਸ ਵਿੱਚ ਮਨੂੰ ਦੀ ਵਿਚਾਰਧਾਰਾ ਅਧਾਰਤ ਸ਼ਾਸਨ, ਨਿਆਂ ਅਤੇ ਰਾਜ ਦੀ ਬਣਤਰ ਸਪੱਸ਼ਟ ਸੀ। ਕਾਂਗਰਸ ਇਸ ਸਮੇਂ ਵੀ ਚੁੱਪ ਰਹੀ। 1935 ਦੇ ਸੰਵਿਧਾਨ ਅਨੁਸਾਰ ਸੂਬਿਆਂ ਦੀਆਂ ਸਰਕਾਰਾਂ ਬਣੀਆਂ। ਅੰਗਰੇਜ਼ਾਂ ਨੇ ਭਾਰਤੀ ਨੁਮਾਇੰਦਿਆਂ ਨਾਲ ਵਿਚਾਰੇ ਬਿਨਾਂ ਹੀ ਭਾਰਤ ਨੂੰ ਸੰਸਾਰ ਦੀ ਦੂਜੀ ਜੰਗ ਵਿੱਚ ਧਕੇਲ ਦਿੱਤਾ। ਕਾਂਗਰਸ ਨੇ ਅੰਗਰੇਜ਼ਾਂ ਦੇ ਇਸ ਫੈਸਲੇ ਦੇ ਵਿਰੋਧ ਵਿੱਚ ਆਪਣੀਆਂ 9 ਸੂਬਾ ਸਰਕਾਰਾਂ ਤੋਂ ਅਸਤੀਫੇ ਦੇ ਦਿੱਤੇ। ਜਿਹੜਾ ਗੋਲਵਾਲਕਰ ਆਪਣੇ ਹਿੰਦੂ ਰਾਸ਼ਟਰ ਵਿੱਚ ਮੁਸਲਮਾਨਾਂ ਨੂੰ ਆਪਣੇ ਦੁਸ਼ਮਣ ਨੰਬਰ ਇਕ ਮੰਨਦਾ ਹੈ ਅਤੇ ਦੋਇਮ ਦਰਜੇ ਦੇ ਨਾਗਰਿਕ ਵਜੋਂ ਰੱਖਦਾ ਹੈ, ਇਹਦੀ ਸਿਆਸੀ ਪਾਰਟੀ ਹਿੰਦੂ ਮਹਾਂਸਭਾ ਮੁਸਲਿਮ ਲੀਗ ਨਾਲ ਮਿਲ ਕੇ ਬੰਗਾਲ ਅਤੇ ਸਿੰਧ ਪ੍ਰਾਂਤ ਵਿੱਚ ਸਾਂਝੀਆਂ ਸਰਕਾਰਾਂ ਚਲਾਉਂਦੇ ਰਹੇ ਅਤੇ ਦੂਜੀ ਸੰਸਾਰ ਜੰਗ ਵਿੱਚ ਅੰਗਰੇਜ਼ਾਂ ਦੀ ਹਮਾਇਤ ਕਰਦੇ ਰਹੇ। ਕਾਂਗਰਸ ਉਦੋਂ ਵੀ ਹਿੰਦੂ ਮਹਾਂ ਸਭਾ ਅਤੇ ਆਰ ਐੱਸ ਐੱਸ ਦੇ ਦੋਗਲੇ ਕਿਰਦਾਰ ਵਿਰੁੱਧ ਭਾਰਤੀ ਲੋਕ ਮਨਾਂ ਵਿੱਚ ਹਿੰਦੂ ਮਹਾਂਸਭਾ ਅਤੇ ਆਰ ਐੱਸ ਐੱਸ ਵਿਰੁੱਧ ਗੁੱਸਾ ਨਹੀਂ ਭਰ ਸਕੀ।

1948 ਵਿੱਚ ਆਰ ਐੱਸ ਐੱਸ ਦੇ ਜ਼ਹਿਰ ਦਾ ਸ਼ਿਕਾਰ ਨੱਥੂ ਰਾਮ ਗੌਡਸੇ ਮਹਾਤਮਾ ਗਾਂਧੀ ਦਾ ਕਤਲ ਕਰਦਾ ਹੈ। ਸਰਦਾਰ ਪਟੇਲ ਪ੍ਰਸ਼ਾਸਕੀ ਫੈਸਲਾ ਲੈ ਕੇ ਆਰ ਐੱਸ ਐੱਸ ਉੱਤੇ ਪ੍ਰਤੀਬੰਧ ਲਗਾ ਦਿੰਦਾ ਹੈ, ਪਰ ਕਾਂਗਰਸ ਵਲੋਂ ਆਰ ਐੱਸ ਐੱਸ ਦੇ ਸਿਆਸੀ ਵਿਰੋਧ ਦਾ ਫੈਸਲਾ ਵੇਖਣ ਨੂੰ ਨਹੀਂ ਮਿਲਿਆ। ਹਾਲਾਂਕਿ ਇਸ ਘੜੀ ਕਾਂਗਰਸ ਆਪਣੇ ਪ੍ਰਚਾਰ ਨਾਲ ਆਰ ਐੱਸ ਐੱਸ ਨੂੰ ਲੋਕ ਮਨਾਂ 'ਚ ਏਨਾ ਘਿਰਣਾਯੋਗ ਬਣਾ ਸਕਦੀ ਸੀ ਕਿ ਇਸ ਉੱਤੇ ਪ੍ਰਤੀਬੰਧ ਹਟਣ ਉੱਤੇ ਵੀ ਇਹਨੇ ਲੋਕ ਮਨਾਂ ਵਿੱਚ ਪ੍ਰਤੀਬੰਧਤ ਹੀ ਰਹਿਣੀ ਸੀ।

ਅਜ਼ਾਦੀ ਉਪਰੰਤ ਕਾਂਗਰਸ ਪਾਰਟੀ ਭਾਵੇਂ ਪੰਜ ਸਾਲਾ ਯੋਜਨਾਵਾਂ ਰਾਹੀਂ ਦੇਸ਼ ਦੇ ਨਿਰਮਾਣ ਵਿੱਚ ਜੁਟ ਗਈ, ਪਰ ਆਰ ਐੱਸ ਐੱਸ ਦਾ ਵਿਚਾਰਧਾਰਕ ਵਿਰੋਧ ਕਰਨ ਵਿੱਚ ਮੌਕਾਪ੍ਰਸਤ ਖਾਮੋਸ਼ੀ ਦਾ ਸ਼ਿਕਾਰ ਬਣੀ ਰਹੀ। ਇੰਦਰਾ ਗਾਂਧੀ ਨੇ ਤਾਂ ਸਾਵਰਕਰ ਦੀ ਮੂਰਤ ਹੀ ਪਾਰਲੀਮੈਂਟ ਵਿੱਚ ਲਗਵਾ ਦਿੱਤੀ। ਇਕ ਵਾਕ ਵਿੱਚ ਜੇਕਰ ਕਹਿਣਾ ਹੋਵੇ ਤਾਂ ਸਾਵਰਕਰ ਦੀ ਮੂਰਤੀ ਦੀ ਸਥਾਪਨਾ ਤੱਕ ਦੀ ਯਾਤਰਾ ਕਾਂਗਰਸ ਦੀ ਇਸ ਮੁੱਦੇ ਉੱਤੇ ਹਿੰਦੂਤਵ ਦੇ ਵਿਕਾਸ ਲਈ ਪੂਰੀ ਤਰ੍ਹਾਂ ਜ਼ੁੰਮੇਵਾਰ ਬਣੇ ਰਹਿਣ ਵਾਲੀ ਯਾਤਰਾ ਹੈ। ਕਿਸੇ ਵੇਲੇ ਰਾਹੁਲ ਗਾਂਧੀ ਨੂੰ ਇਸ ਦੀ ਮਾਫੀ ਮੰਗਣੀ ਪਏਗੀ।

ਉੱਪਰ ਦਰਸਾਇਆ ਵਿਰੋਧ ਦਾ ਉਹ ਪੱਖ ਹੈ, ਜਿਸ ਵਿੱਚ ਕਾਂਗਰਸ ਦੀ ਖਾਮੋਸ਼ੀ ਪ੍ਰਧਾਨ ਹੈ। ਹਿੰਦੂਤਵ ਦੇ ਵਿਕਾਸ ਵਿੱਚ ਅਤੇ ਆਰ ਐੱਸ ਐੱਸ ਦੇ ਵਿਸਥਾਰ ਵਿੱਚ ਸਭ ਤੋਂ ਵੱਡਾ ਯੋਗਦਾਨ ਭਾਜਪਾ ਨੂੰ ਸੂਬਾ ਸਰਕਾਰਾਂ ਅਤੇ ਕੇਂਦਰ ਸਰਕਾਰ ਦੀ ਗੱਦੀ ਮਿਲ ਜਾਣਾ ਹੈ। ਭਾਜਪਾ ਦੀ ਇਸ ਪ੍ਰਾਪਤੀ ਵਿੱਚ ਕਾਂਗਰਸ ਦੀਆਂ ਆਰਥਿਕ ਨੀਤੀਆਂ ਹਨ। ਜਿਹਨਾਂ ਕਰਕੇ ਇਕ ਪਾਸੇ ਭ੍ਰਿਸ਼ਟਾਚਾਰ ਅਤੇ ਦੂਜੇ ਪਾਸੇ ਰੋਜ਼ਗਾਰੀ, ਮਹਿੰਗਾਈ ਨੇ ਲੋਕ ਕਾਂਗਰਸ ਤੋਂ ਦੂਰ ਕਰ ਦਿੱਤੇ। ਉਨ੍ਹਾਂ ਹੀ ਆਰਥਿਕ ਨੀਤੀਆਂ ਦੇ ਨਤੀਜੇ ਤਾਂ ਹੁਣ ਵੀ ਉਹੀ ਹਨ, ਪਰ ਸਿਆਸੀ ਮੰਚ ਉੱਤੇ ਹਿੰਦੂਤਵ ਦੀ ਪੁੱਠ ਨਾਲ ਸਿਆਸੀ ਬਦਲਾਅ ਦਾ ਨਤੀਜਾ ਹਰ ਵਾਰ ਦੂਰ ਚਲਾ ਜਾਂਦਾ ਹੈ। ਭਾਜਪਾ ਜਦੋਂ ਸ਼ਰੇਆਮ ਕਹਿੰਦੀ ਹੈ ਕਿ ਉਹ ਤਾਂ ਕਾਂਗਰਸ ਦੀਆਂ ਆਰਥਿਕ ਨੀਤੀਆਂ ਉੱਤੇ ਹੀ ਅਮਲ ਕਰ ਰਹੀ ਹੈ ਤਾਂ ਕਾਂਗਰਸ ਦੀ ਨਿਰਉਤਰਤਾ ਭਾਜਪਾ ਦੇ ਵਿਕਾਸ ਵਿੱਚ ਕਾਂਗਰਸ ਭਾਗੀਦਾਰੀ ਦੀ ਗਵਾਹੀ ਸਮਝਣੀ ਚਾਹੀਦੀ ਹੈ।

ਹੁਣ ਕਾਂਗਰਸ ਦੇ ਗਠਨ ਤੋਂ 140 ਸਾਲ ਬਾਅਦ ਰਾਹੁਲ ਗਾਂਧੀ ਭਾਜਪਾ ਅਤੇ ਆਰ ਐੱਸ ਐੱਸ ਦੇ ਆਰਥਿਕ ਅਤੇ ਸਮਾਜਿਕ -ਸੱਭਿਆਚਾਰਕ-ਰਾਜਨੀਤਕ ਫਰੰਟਾਂ ਉੱਤੇ ਬੇਬਾਕ ਬੋਲਦੇ ਹਨ। ਕਾਂਗਰਸ ਦਾ ਬਹੁਤਾ ਹਿੱਸਾ ਹਾਲੇ ਵੀ ਇਸ ਪੱਖੋਂ ਉਸ ਤੋਂ ਕੋਹਾਂ ਪਿੱਛੇ ਹੈ। ਕਾਂਗਰਸ ਦੀ ਇਹ ਵਿਚਾਰਧਾਰਕ ਕਚਿਆਈ ਰਾਹੁਲ ਗਾਂਧੀ ਲਈ ਅਸੁਰੱਖਿਆ ਵਧਾਉਂਦੀ ਹੈ, ਫਿਰ ਕਚਿਆਈ ਦੂਰ ਨਹੀਂ ਹੋ ਰਹੀ।

ਆਰ ਐੱਸ ਐੱਸ ਨੂੰ ਸਿੱਧੀ ਸਹਾਇਤਾ ਨਾ ਸਹੀ, ਭਾਰਤ ਦਾ ਬਹੁਤੀਆਂ ਸਿਆਸੀ ਪਾਰਟੀਆਂ ਦਾ ਭਾਜਪਾ ਨਾਲ ਸਿਆਸੀ ਤਾਲਮੇਲ ਦਾ ਨਤੀਜਾ ਆਰ ਐੱਸ ਐੱਸ ਦੀ ਮਜ਼ਬੂਤੀ ਵਿੱਚ ਹੀ ਨਿਕਲਦਾ ਹੈ। ਕਮਿਊਨਿਸਟਾਂ ਸਮੇਤ ਸਾਰੇ ਦਲ ਸ਼ੁਰੂ-ਸ਼ੁਰੂ ਵਿੱਚ 1967 ਤੋਂ ਬਾਅਦ ਜਨ ਸੰਘ ਨੂੰ ਮਿਲੀਆਂ-ਜੁਲੀਆਂ ਸਰਕਾਰਾਂ ਵਿੱਚ ਸ਼ਾਮਲ ਕਰਦੇ-ਕਰਦੇ ਅੱਜ ਭਾਜਪਾ ਦੀ ਅਗਵਾਈ ਵਿੱਚ ਬਣਨ ਵਾਲੀਆਂ ਸਰਕਾਰਾਂ ਵਿੱਚ ਛੋਟੇ ਭਾਗੀਦਾਰ ਬਣ ਕੇ ਸ਼ਾਮਲ ਹੋ ਰਹੇ ਹਨ। ਹਿੰਦੂਤਵ ਦੇ ਤਿੰਨ ਐਲਾਨੀਆ ਦੁਸ਼ਮਣ ਹਨ, ਜਿਹਨਾਂ ਵਿੱਚ ਮੁਸਲਮਾਨ, ਈਸਾਈਆਂ ਤੋਂ ਬਾਅਦ ਕਮਿਊਨਿਸਟ ਹਨ, ਪਰ ਕਮਿਊਨਿਸਟ ਫਿਰ ਵੀ ਉਹਨਾਂ ਸਰਕਾਰਾਂ ਵਿੱਚ ਸ਼ਾਮਲ ਹੁੰਦੇ ਰਹੇ, ਜਿਹਨਾਂ ਵਿੱਚ ਜਨਸੰਘ ਵੀ ਸ਼ਾਮਲ ਸੀ। ਹਾਲਾਂਕਿ ਕਮਿਊਨਿਸਟ ਵਧੇਰੇ ਪੜ੍ਹੇ-ਲਿਖੇ ਸਮਝ ਜਾਂਦੇ ਹਨ।

ਪੰਜਾਬੋਂ ਬਾਹਰ ਬਾਰੇ ਸੋਚਿਆ ਜਾ ਸਕਦਾ ਹੈ ਕਿ ਉੱਥੇ ਭਾਜਪਾ ਦੇ ਸਮਾਜਵਾਦ, ਧਾਰਮਿਕ, ਸੱਭਿਆਚਾਰਕ ਵਿਚਾਰਾਂ ਦੇ ਵਿਰੋਧ ਦੀ ਸਿਰਜਣਾ ਕਰਨੀ ਪੈਣੀ ਸੀ। ਪੰਜਾਬ ਦੀ ਧਰਤੀ ਤਾਂ ਪਹਿਲਾਂ ਤੋਂ ਹੀ ਆਰ ਐੱਸ ਐੱਸ ਦੀ ਵਿਚਾਰਧਾਰਾ ਭਾਵ ਹਿੰਦੂਤਵ ਦੇ ਵਿਰੋਧ ਵਿੱਚ ਹੈ। ਇੱਥੋਂ ਦਾ ਸੱਭਿਆਚਾਰਕ ਗੁਰੂਆਂ ਦੀ ਮਾਨਵਵਾਦੀ ਸੋਚ ਉੱਤੇ ਅਧਾਰਤ ਸਮਾਜਵਾਦ ਪੱਖੀ ਅਤੇ ਮਨੂੰਵਾਦ ਦੀ ਵਿਰੋਧੀ ਹੈ। ਫਿਰ ਗਦਰੀਆਂ, ਇਨਕਲਾਬੀਆਂ ਨੇ ਇਹਨਾਂ ਹੀ ਕਦਰਾਂ-ਕੀਮਤਾਂ ਉੱਤੇ ਚੱਲਦਿਆਂ ਦੇਸ਼ ਦੀ ਅਜ਼ਾਦੀ ਲਈ ਫਾਂਸੀਆਂ ਕਬੂਲੀਆਂ। ਭਾਜਪਾ ਜਿਹੜੀ ਨਫਰਤ ਨਾਲ ਲਬਰੇਜ਼ ਹੈ, ਅਜ਼ਾਦੀ ਦੇ ਪ੍ਰਵਾਨਿਆਂ ਨੂੰ ਗੁੰਮਰਾਹ ਹੋਏ ਦੱਸਦੀ ਰਹੀ (ਗੋਲਵਾਲਕਰ)। ਅਜਿਹੀ ਪਿਛਾਖੜੀ ਭਾਜਪਾ ਨਾਲ ਅਕਾਲੀ ਦਲ ਦੀ ਸਾਂਝ ਨੂੰ ਕਿਸੇ ਪਾਸੇ ਤੋਂ ਵੀ ਸਹੀ ਨਹੀਂ ਠਹਿਰਾਇਆ ਜਾ ਸਕਦਾ।

ਆਰ ਐੱਸ ਐੱਸ ਅਤੇ ਭਾਜਪਾ ਦੇ ਵਿਸਥਾਰ ਵਿੱਚ ਦੇਸ਼ ਦੀਆਂ ਸਿਆਸੀ ਪਾਰਟੀਆਂ ਦੀ ਭੂਮਿਕਾ ਉਪਰੰਤ ਦੇਸ਼ ਦੇ ਧਨ ਕੁਬੇਰਾਂ ਅਤੇ ਦੇਸ਼ ਦੇ ਪ੍ਰਿੰਟ ਅਤੇ ਬਿਜਲਈ ਮੀਡੀਏ ਦਾ ਯੋਗਦਾਨ ਹੈ। ਜਿਹੜਾ ਆਪਣੇ ਧਰਮ ਨੂੰ ਪੈਸੇ ਅੱਗੇ ਵੇਚ ਚੁੱਕਾ ਹੈ ਜਾਂ ਈ ਡੀ ਅਤੇ ਸੀ ਬੀ ਆਈ ਵਰਗੀਆਂ ਏਜੰਸੀਆਂ ਤੋਂ ਡਰ ਰਿਹਾ ਹੈ। ਇਹਨਾਂ ਏਜੰਸੀਆਂ ਵਿੱਚ ਦੇਸ਼ ਦਾ ਚੋਣ ਕਮਿਸ਼ਨ ਅਤੇ ਦੇਸ਼ ਦੀ ਆਲ੍ਹਾ ਅਫਸਰਸ਼ਾਹੀ ਅਤੇ ਪੁਲਸ ਬਰਾਬਰ ਜ਼ੁੰਮੇਵਾਰ ਹਨ।

ਇਸ ਸਭ ਤੋਂ ਉਪਰੰਤ ਭਾਜਪਾ ਦੇ ਵਿਕਾਸ ਵਿੱਚ ਦੇਸ਼ ਦੇ ਲੋਕਾਂ ਦੇ ਯੋਗਦਾਨ ਦੀ ਗੱਲ ਕਰਨੀ ਬਣਦੀ ਹੈ। ਲੋਕਾਂ ਦੀ ਸਿਆਸੀ ਚੇਤਨਾ ਦਾ ਨੀਵਾਂ ਪੱਧਰ, ਆਰਥਿਕ ਨੀਤੀਆਂ ਤੋਂ ਅਣਜਾਣਪੁਣਾ, ਧਾਰਮਿਕ ਜਨੂੰਨ, ਆਰ ਐੱਸ ਐੱਸ ਅਤੇ ਭਾਜਪਾ ਦੇ ਪਸਾਰ ਲਈ ਮੁਫੀਦ ਸਾਬਤ ਹੋਏ ਹਨ। ਇਸ ਸਭ ਤੋਂ ਉਪਰ ਵੋਟ ਨੂੰ ਰਿਓੜੀਆਂ ਦੇ ਭਾਅ ਵੇਚ ਦੇਣ ਦਾ ਵਰਤਾਰਾ ਭਾਜਪਾ ਅਤੇ ਆਰ ਐੱਸ ਐੱਸ ਦੇ ਵਿਸਥਾਰ ਵਿੱਚ ਆਪਣਾ ਯੋਗਦਾਨ ਪਾ ਰਿਹਾ ਹੈ। ਜੇਕਰ ਭਾਜਪਾ ਅਤੇ ਆਰ ਐੱਸ ਐੱਸ ਦੇਸ਼ ਨੂੰ ਵਿਕਾਸ ਦੇਣ ਦੀ ਥਾਂ ਦੇਸ਼ ਨੂੰ ਖੜੋਤ ਵਿੱਚ ਰੱਖ ਰਹੇ ਹਨ ਜਾਂ ਪਿਛਾਂਹ ਲਿਜਾ ਰਹੇ ਹਨ ਤਾਂ ਉਪਰੋਕਤ ਸਾਰਾ ਕੁੱਝ ਵਿਚਾਰ ਕੇ ਹਰ ਧਿਰ ਨੂੰ ਆਪਣੀ ਭੂਮਿਕਾ ਨਵੇਂ ਸਿਰੇ ਤੋਂ ਘੜ ਕੇ ਫਿਰ ਚੇਤੰਨ ਹੋ ਕੇ ਨਿਭਾਉਣੀ ਪਏਗੀ।

**# ਸੰਪਰਕ : 94176-52947**

# ਚੰਗੀ ਲੀਡਰਸ਼ਿਪ ਦੀ ਅਗਵਾਈ 'ਚ ਲਹਿਰ ਖੜ੍ਹੀ ਕਰਨ ਦੀ ਲੋੜ



**ਬਲਵਿੰਦਰ ਸਿੰਘ ਭੁੱਲਰ**

ਦੇਸ਼ ਵਿੱਚ ਗਰੀਬੀ ਦਾ ਮੁੱਦਾ ਸਭ ਤੋਂ ਮਹੱਤਵਪੂਰਨ ਤੇ ਚਿੰਤਾਜਨਕ ਹੈ। ਦੇਸ਼ ਨੂੰ ਆਜ਼ਾਦ ਹੋਇਆਂ ਕਰੀਬ ਅੱਠ ਦਹਾਕੇ ਹੋ ਗਏ ਹਨ, ਪਰ ਆਮ ਲੋਕਾਂ ਦੀ ਜ਼ਿੰਦਗੀ ਵਿੱਚ ਦਿਨੋ-ਦਿਨ ਨਿਘਾਰ ਆਉਂਦਾ ਨਜ਼ਰ ਆ ਰਿਹਾ ਹੈ। ਜੇਕਰ ਖੁਸ਼ਹਾਲੀ ਆਈ ਹੈ ਤਾਂ ਉਹ ਕਾਰਪੋਰੇਟਾਂ ਜਾਂ ਸਿਆਸਤਦਾਨਾਂ ਦੇ ਘਰਾਂ ਵਿੱਚ ਹੀ ਆਈ ਹੈ। ਗਰੀਬ ਲੋਕ ਹੋਰ ਗਰੀਬ ਹੋ ਰਹੇ ਹਨ ਅਤੇ ਭੁੱਖਮਰੀ ਦੀ ਹਾਲਤ ਵਿੱਚ ਜੀਵਨ ਬਤੀਤ ਕਰ ਰਹੇ ਹਨ। ਦੇਸ਼ ਦੀਆਂ ਸਰਕਾਰਾਂ ਦੀ ਨਜ਼ਰ ਸਵੱਲੀ ਹੈ ਤਾਂ ਉਹ ਕਾਰਪੋਰੇਟ ਘਰਾਣਿਆਂ ਵੱਲ, ਉਦਯੋਗਪਤੀਆਂ ਵੱਲ ਅਤੇ ਰਾਜਨੀਤੀਵਾਨ ਲੋਕਾਂ ਵੱਲ ਹੀ ਹੈ। ਗਰੀਬ ਲੋਕਾਂ ਦੀ ਪੁੱਛ-ਪੜਤਾਲ ਤਾਂ ਚੋਣਾਂ ਸਮੇਂ ਹੀ ਹੁੰਦੀ ਹੈ, ਜਦੋਂ ਉਹਨਾਂ ਦੀ ਵੋਟ ਖਰੀਦਣ ਲਈ ਉਹਨਾਂ ਦੀ ਕੀਮਤ ਇੱਕ ਬੱਕਰੇ ਦੇ ਬਰਾਬਰ ਰੱਖੀ ਜਾਂਦੀ ਹੈ ਜਾਂ ਫੇਰ ਪੰਜ ਦਸ ਕਿਲੋ ਆਟਾ-ਦਾਲ ਦੇ ਕੇ ਉਹਨਾਂ ਦੀ ਗਰੀਬੀ ਦਾ ਮਜ਼ਾਕ ਉਠਾਇਆ ਜਾਂਦਾ ਹੈ।

ਦੁਨੀਆ ਭਰ ਦੇ ਅੰਕੜੇ ਦੱਸਦੇ ਹਨ ਕਿ ਭਾਰਤ ਗਰੀਬੀ 'ਚ ਦੁਨੀਆਂ ਦੇ 107 ਦੇਸ਼ਾਂ ਵਿੱਚੋਂ 62ਵੇਂ ਸਥਾਨ 'ਤੇ ਹੈ। ਬਹੁਤ ਸਾਰੇ ਦੇਸ਼ ਤਾਂ ਅਜੇ ਗੁਲਾਮ ਹਨ ਜਾਂ ਅਜਿਹੇ ਹਨ, ਜਿੱਥੇ ਵਾਤਾਵਰਣ ਹੀ ਉਤਪਾਦਨ ਵਾਲਾ ਨਹੀਂ, ਪਰ ਭਾਰਤ ਦੀ ਧਰਤੀ ਜਰਖੇਜ਼ ਹੈ ਅਤੇ ਵਾਤਾਵਰਣ ਵੀ ਹਰ ਤਰ੍ਹਾਂ ਪੈਦਾਵਾਰ ਦੇ ਅਨੁਕੂਲ ਹੈ। ਫੇਰ ਵੀ ਇੱਥੋਂ ਦੀ ਬਹੁਤ ਸਾਰੀ ਅਬਾਦੀ ਗਰੀਬੀ ਵਿੱਚ ਜੀਵਨ ਬਸਰ ਕਿਉਂ ਕਰ ਰਹੀ ਹੈ? ਇਹ ਬਹੁਤ ਵੱਡਾ ਸੁਆਲ ਹੈ ਅਤੇ ਇੱਕ ਚੁਣੌਤੀ ਵੀ ਹੈ। ਦੁਨੀਆ ਭਰ ਵਿੱਚ ਅੱਜ 6 ਫੀਸਦੀ ਲੋਕ ਗਰੀਬੀ ਹੰਢਾ ਰਹੇ ਹਨ, ਪਰ ਭਾਰਤ ਦੀ 25 ਫੀਸਦੀ ਅਬਾਦੀ ਗਰੀਬੀ ਦਾ ਜੀਵਨ ਬਸਰ ਕਰ ਰਹੀ ਹੈ।

ਜੇਕਰ ਦੇਸ਼ ਦੇ ਰਾਜਾਂ ਦੀ ਗੱਲ ਕੀਤੀ ਜਾਵੇ ਤਾਂ ਇੱਕ ਸਰਕਾਰੀ ਰਿਪੋਰਟ ਅਨੁਸਾਰ ਬਿਹਾਰ ਦੇ ਸਭ ਤੋਂ ਵੱਧ 51 ਫੀਸਦੀ ਲੋਕ ਗਰੀਬ ਹਨ। ਪੰਜਾਬ, ਜਿਸ ਨੂੰ ਦੇਸ਼ ਦਾ ਸਭ ਤੋਂ ਖੁਸ਼ਹਾਲ ਸੂਬਾ ਮੰਨਿਆ ਜਾਂਦਾ ਸੀ, ਇੱਥੇ ਵੀ 5.59 ਅਤੇ ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਵੀ 4.79 ਲੋਕ ਗਰੀਬੀ ਹੰਢਾ ਰਹੇ ਹਨ। ਦੇਸ਼ ਦਾ ਇੱਕ ਹੀ ਸੂਬਾ ਕੇਰਲਾ ਹੈ, ਜਿੱਥੇ ਗਰੀਬ ਲੋਕ ਇੱਕ ਫੀਸਦੀ ਤੋਂ ਵੀ ਘੱਟ ਕੇਵਲ 0.79 ਹਨ। ਇੱਥੇ ਹੀ ਬੱਸ ਨਹੀਂ, ਸਰਕਾਰੀ ਰਿਪੋਰਟਾਂ ਅਨੁਸਾਰ ਦੇਸ਼ ਦੇ 20 ਕਰੋੜ ਲੋਕ ਤਾਂ ਗਰੀਬੀ ਰੇਖਾ ਤੋਂ ਵੀ ਹੇਠਾਂ ਜਿਉਂਦੇ ਹਨ। ਇਹਨਾਂ ਲੋਕਾਂ ਕੋਲ ਕੋਈ ਘਰ ਨਹੀਂ, ਇਹ ਝੁੱਗੀਆਂ ਬਣਾ ਕੇ ਸਰਕਾਰੀ ਜਾਂ ਸ਼ਾਮਲਾਟ ਥਾਵਾਂ ਉੱਪਰ ਜਾਂ ਸੜਕਾਂ ਰੇਲਵੇ ਲਾਈਨਾਂ ਦੇ ਪਾਸੀਂ ਰਹਿ ਰਹੇ ਹਨ। ਇਹਨਾਂ ਕੋਲ ਨਾ ਸਵੱਛ ਪਾਣੀ ਦੀ ਸਹੂਲਤ ਹੈ ਅਤੇ ਨਾ ਹੀ ਬਾਥਰੂਮ ਜਾਂ ਹੋਰ ਸਰੀਰਕ ਕਿਰਿਆ ਸੋਧਣ ਲਈ ਥਾਵਾਂ ਦੀ।

ਪਾਠਕਾਂ ਨੂੰ ਸ਼ਾਇਦ ਇਸ ਗੱਲ ਦਾ ਯਕੀਨ ਨਹੀਂ ਆਉਣਾ ਕਿ ਦੇਸ਼ ਦੀ ਆਜ਼ਾਦੀ ਤੋਂ ਕਰੀਬ ਅੱਸੀ ਸਾਲ ਬਾਅਦ ਵੀ ਅੱਜ ਦੇਸ਼ ਦੇ ਇੱਕ ਵਿਅਕਤੀ ਰਾਮ ਸਵਰੂਪ ਦੇ ਪਰਵਾਰ ਦੀ ਸਾਰੇ ਸਾਧਨਾਂ ਤੋਂ ਸਲਾਨਾ ਆਮਦਨ ਤਿੰਨ ਰੁਪਏ ਦੱਸੀ ਗਈ ਹੈ। ਇਹ ਸੁਣੀ-ਸੁਣਾਈ ਗੱਲ ਨਹੀਂ ਉਸ ਨੂੰ ਬਕਾਇਦਾ ਤਹਿਸੀਲਦਾਰ ਸੌਰਵ ਦਿਵੇਦੀ ਵੱਲੋਂ 22/07/2025 ਨੂੰ ਆਮਦਨ ਪ੍ਰਮਾਣ ਪੱਤਰ ਨੰਬਰ ਆਰ ਐੱਸ/429 /0111/ 47635/ 2025/ ਬੀ-121/2025 ਰਾਮ ਸਵਰੂਪ ਪੁੱਤਰ ਸਿਆਮ ਲਾਲ ਵਾਸੀ ਨਯਾਗਾਂਵ, ਤਹਿਸੀਲੀ ਕੋਠੀ ਜਿਲ੍ਹਾ ਸਤਨਾ ਰਾਜ ਮੱਧ ਪ੍ਰਦੇਸ਼ ਜਾਰੀ ਕੀਤਾ ਗਿਆ ਹੈ। ਕੀ ਦੇਸ਼ ਦੇ ਵਿਕਾਸ ਲਈ ਵੱਡੇ-ਵੱਡੇ ਦਾਅਵੇ, ਵਾਅਦੇ ਕਰਨ ਵਾਲੇ ਸਿਆਸਤਦਾਨਾਂ ਅਤੇ ਸੱਤਾਧਾਰੀਆਂ ਲਈ ਇਹ ਸ਼ਰਮਨਾਕ ਗੱਲ ਨਹੀਂ ਹੈ। ਦੂਜੇ ਪਾਸੇ ਕੇਂਦਰ ਵਿੱਚ ਰਾਜ ਕਰ ਰਹੀ ਭਾਜਪਾ ਸਰਕਾਰ ਦੇ ਮੁਖੀ ਨਰਿੰਦਰ ਮੋਦੀ ਦੇ ਖਾਸਮਖਾਸ ਗੌਤਮ ਅੰਡਾਨੀ ਦੀ ਆਮਦਨ ਬਾਰੇ ਇੱਕ ਟੈਲੀਵੀਜ਼ਨ ਚੈਨਲ ਦੀ ਰਿਪੋਰਟ ਦੱਸਦੀ ਹੈ ਕਿ ਮਾਰਚ 2024 ਵਿੱਚ ਉਸ ਨੇ ਇੱਕ ਦਿਨ ਵਿੱਚ 15 ਹਜ਼ਾਰ ਕਰੋੜ ਰੁਪਏ ਕਮਾਏ ਸਨ। ਇੱਕ ਹੋਰ ਰਿਪੋਰਟ ਅਨੁਸਾਰ 2024-25 ਵਿੱਚ ਉਸ ਨੇ 10.41 ਕਰੋੜ ਰੁਪਏ ਤਨਖਾਹ ਵਜੋਂ ਵਸੂਲ ਕੀਤੇ। ਕੀ ਇਹ ਅਮੀਰੀ-ਗਰੀਬੀ ਦਾ ਅੰਤਰ ਸੱਤਾਧਾਰੀਆਂ ਦੀ ਸ਼ਰਮ ਨੂੰ ਝੰਜੋੜਦਾ ਨਹੀਂ ਦਿੰਦਾ? ਕੀ ਦੁਨੀਆ ਭਰ ਵਿੱਚ ਉੱਚੀਆਂ ਸਟੇਜਾਂ 'ਤੇ ਖੜ-ਖੜ ਕੇ ਕੀਤੇ ਜਾਂਦੇ ਦਾਅਵਿਆਂ ਦੀ ਫੂਕ ਨਹੀਂ ਕੱਢਦਾ? ਕੀ ਅਜਿਹੇ ਫੁਕਾਰੇ ਮਾਰਦਿਆਂ ਨੂੰ ਸਿਆਸਤਦਾਨਾਂ ਨੂੰ ਸ਼ਰਮ ਹਲੂਣਾ ਨਹੀਂ ਦਿੰਦੀ? ਪਰ ਨਹੀਂ! ਉਹਨਾਂ ਲਈ ਕੋਈ ਸ਼ਰਮ ਨਹੀਂ। ਉਹ ਸੱਤਾ ਭੋਗਦੇ ਹਨ, ਐਸ਼ ਪ੍ਰਸ਼ਤੀਆਂ ਕਰਦੇ ਹਨ, ਆਪਣਿਆਂ ਨੂੰ ਸਹੂਲਤਾਂ ਦੇ ਕੇ ਉਹਨਾਂ ਦੀਆਂ ਜਾਇਦਾਦਾਂ ਵਧਾਉਂਦੇ ਹਨ ਅਤੇ ਆਮ ਲੋਕਾਂ ਨੂੰ ਮਾੜੀਆਂ-ਮੋਟੀਆਂ ਮੁਫ਼ਤ ਦੀਆਂ ਸਹੂਲਤਾਂ ਦੀ ਭੀਖ ਦੇ ਕੇ ਰੱਬ ਆਸਰੇ ਜਿਉਣ ਲਈ ਛੱਡ ਦਿੰਦੇ ਹਨ।

ਭਾਰਤ ਵਿੱਚ ਵੇਖਿਆ ਜਾਵੇ ਤਾਂ ਗਰੀਬੀ ਦੇ ਕਾਫ਼ੀ ਕਾਰਨ ਹਨ, ਜਿਵੇਂ ਵਿੱਦਿਆ ਦੀ ਘਾਟ, ਮੁਫ਼ਤ ਖਾਣ ਦੀ ਆਦਤ, ਗਰੀਬਾਂ ਲਈ ਯੋਜਨਾਵਾਂ ਦਾ ਸਹੀ ਢੰਗ ਨਾਲ ਲਾਗੂ ਨਾ ਹੋਣਾ, ਜਨਸੰਖਿਆ ਦਾ ਬੇਲੋੜਾ ਵਾਧਾ, ਸਰਕਾਰਾਂ ਵੱਲੋਂ ਤੁੱਛ ਜਿਹੀਆਂ ਮੁਫ਼ਤ ਸਹੂਲਤਾਂ ਵੰਡਣਾ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਜਾਤ-ਪਾਤ ਤੇ ਧਰਮਾਂ ਦਾ ਬੋਲਬਾਲਾ ਆਦਿ। ਇਹਨਾਂ ਅਲਾਮਤਾਂ ਤੋਂ ਬਚਾਉਣ ਲਈ ਸਰਕਾਰਾਂ ਦਾ ਕੰਮ ਠੋਸ ਨੀਤੀਆਂ ਤਹਿ ਕਰਨਾ ਹੁੰਦਾ ਹੈ। ਭਾਰਤ ਨੇ ਵੀ ਮਜ਼ਬੂਤ ਰਾਸ਼ਟਰ ਬਣਾਉਣ ਦਾ ਐਲਾਨ ਕਰਦਿਆਂ ਨੀਤੀ ਆਯੋਗ ਸਥਾਪਤ ਕੀਤਾ ਹੋਇਆ ਹੈ, ਜਿਸ ਦਾ ਮੁਖੀ ਦੇਸ਼ ਦਾ ਪ੍ਰਧਾਨ ਮੰਤਰੀ ਹੁੰਦਾ ਹੈ। ਇਸ ਨੀਤੀ ਆਯੋਗ ਦਾ ਕੰਮ ਪਿੰਡ ਪੱਧਰ ਤੱਕ ਦੀ ਨੀਤੀ ਤਹਿ ਕਰਕੇ ਲੋਕਾਂ ਦਾ ਜੀਵਨ ਪੱਧਰ ਉੱਚਾ ਕਰਨਾ ਹੁੰਦਾ ਹੈ, ਪਰ ਕੀਤਾ ਕੀ ਜਾ ਰਿਹਾ ਹੈ ਇਹ ਸਭ ਦੇ ਸਾਹਮਣੇ ਹੈ। ਲੋਕਾਂ ਦੀ ਸਿੱਖਿਆ ਤੇ ਸਿਹਤ ਵੱਲ ਕੋਈ ਧਿਆਨ ਨਹੀਂ ਅਤੇ ਗਰੀਬਾਂ ਲਈ ਯੋਜਨਾਵਾਂ ਬਣਾ ਕੇ ਪ੍ਰਚਾਰ ਕਰਕੇ ਸੱਚੇ ਹੋਣ ਦਾ ਵਿਖਾਵਾ ਜ਼ਰੂਰ ਕਰਦੀਆਂ ਹਨ, ਪਰ ਯੋਜਨਾਵਾਂ ਲਾਗੂ ਕਰਨ ਲਈ ਸੁਹਿਰਦ ਨਹੀਂ ਹੁੰਦੀਆਂ। ਰੋਜ਼ਗਾਰ ਦੇਣ ਦੀ ਬਜਾਏ ਮੁਫ਼ਤ ਵਿੱਚ ਕੁਝ ਆਟਾ-ਦਾਲ ਦੇ ਕੇ ਗਰੀਬ ਲੋਕਾਂ ਨੂੰ ਭਰਮਾਈ ਰੱਖਦੀਆਂ ਹਨ, ਜਦ ਕਿ ਰੋਜ਼ਗਾਰ ਦੇਣਾ ਸਰਕਾਰਾਂ ਦਾ ਪਹਿਲਾ ਫ਼ਰਜ਼ ਹੁੰਦਾ ਹੈ। ਲੋਕਾਂ ਨੂੰ ਉਹਨਾਂ ਦੇ ਹੱਕ ਹਕੂਕਾਂ ਪ੍ਰਤੀ ਜਾਗਰੂਕ ਹੋਣ ਤੋਂ ਰੋਕਣ ਲਈ ਸੱਤਾਧਾਰੀ ਸਿਆਸਤਦਾਨ ਜਨਤਾ ਨੂੰ ਜਾਤਾਂ, ਪਾਤਾਂ ਅਤੇ ਧਰਮਾਂ ਦੇ ਆਧਾਰ ਤੇ ਵੰਡ ਕੇ ਝਗੜੇ ਕਰਵਾਉਂਦੇ ਰਹਿੰਦੇ ਹਨ। ਨਸ਼ਿਆਂ ਵਿੱਚ ਗਲਤਾਨ ਕਰ ਦਿੰਦੇ ਹਨ।

ਦੇਸ਼ ਦੀ ਜਨਤਾ ਨੂੰ ਗਰੀਬੀ ਦੀ ਦਲਦਲ 'ਚੋਂ ਕੱਢਣ ਲਈ ਅਤੇ ਉਹਨਾਂ ਦੇ ਜੀਵਨ ਦੇ ਪੱਧਰ ਵਿੱਚ ਸੁਧਾਰ ਕਰਨ ਲਈ ਲੋਕਾਂ ਨੂੰ ਜਾਗਰੂਕ ਹੋਣਾ ਚਾਹੀਦਾ ਹੈ। ਸਿਆਸਤਦਾਨਾਂ ਦੀਆਂ ਚਾਲਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ। ਕਾਰਪੋਰੇਟ ਤੇ ਬਹੁਕੌਮੀ ਕੰਪਨੀਆਂ ਦੇ ਕੌਲੀ-ਚੱਟਾਂ ਵਿਰੁੱਧ ਦੇਸ਼ ਭਰ 'ਚ ਇੱਕ ਲਹਿਰ ਖੜੀ ਕਰਨੀ ਅੱਜ ਦੇ ਸਮੇਂ ਦੀ ਲੋੜ ਹੈ।

**# ਸੰਪਰਕ : 098882-75913**

# ਕੰਡਿਆਲੀ ਤਾਰ ਦਾ ਸੰਤਾਪ



**ਗੁਰਪ੍ਰੀਤ**

ਹਿੰਦ-ਪਾਕਿ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਬੇਸ਼ੱਕ ਸਾਡੇ ਮੁਲਕ ਦੀ ਅਵਾਮ ਨੂੰ ਮੁਸ਼ਕਲ ਤੋਂ ਬਚਾ ਰਹੀ ਹੈ, ਪਰ ਇਹ ਕੰਡਿਆਲੀ ਤਾਰ ਉਨ੍ਹਾਂ ਕਿਸਾਨਾਂ ਦੇ ਲਈ ਮੁਸੀਬਤ ਹੈ, ਜਿਹੜੇ ਰੋਜ਼ ਇਸ ਤੋਂ ਪਾਰ ਜਾ ਕੇ ਖੇਤੀ ਕਰਦੇ ਹਨ। ਪੰਜਾਬ ਦੇ 6 ਜ਼ਿਲ੍ਹਿਆਂ ਵਿੱਚੋਂ ਲੰਘਦੀ ਕੰਡਿਆਲੀ ਤਾਰ 1988-90 ਦੇ ਕਰੀਬ ਬਾਰਡਰ 'ਤੇ ਲਾਈ ਗਈ ਸੀ। ਇਸ ਸਭ ਦੇ ਪਿੱਛੇ ਸਰਕਾਰਾਂ ਨੇ ਕਈ ਤਰਕ ਦਿੱਤੇ ਸਨ। ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਸਤੇ ਕਿਸਾਨਾਂ ਨੂੰ ਕੇਂਦਰ ਅਤੇ ਸੂਬਾ ਸਰਕਾਰ ਨੇ ਮੁਆਵਜ਼ਾ ਪ੍ਰਤੀ ਸਾਲ ਦੇਣ ਦਾ ਵੀ ਫ਼ੈਸਲਾ ਕੀਤਾ ਸੀ।

ਬੇਸ਼ੱਕ ਉਕਤ ਮੁਆਵਜ਼ਾ 2000 ਸੰਨ ਤੋਂ ਬਾਅਦ ਮਿਲਣਾ ਕਿਸਾਨਾਂ ਨੂੰ ਸ਼ੁਰੂ ਹੋਇਆ, ਪਰ ਇਸ ਕੰਡਿਆਲੀ ਤਾਰ ਦਾ ਸੰਤਾਪ ਕਿਸਾਨਾਂ ਦੇ ਸਿਰ ਹਮੇਸ਼ਾ ਲਈ ਬੱਝ ਗਿਆ ਹੈ। ਅੱਜ ਹਾਲਾਤ ਇਹ ਹਨ ਕਿ ਕਿਸਾਨ ਤਾਰ ਤੋਂ ਪਾਰ ਖੇਤੀ ਕਰਨ ਤਾਂ ਜਾਂਦੇ ਹਨ, ਪਰ ਸਰਕਾਰਾਂ ਦੁਆਰਾ ਮਿੱਥੇ ਸਮੇਂ ਦੇ ਮੁਤਾਬਕ । ਕਿਸਾਨਾਂ ਨੂੰ ਮਰਜ਼ੀ ਦੇ ਮੁਤਾਬਕ ਤਾਰ ਤੋਂ ਪਾਰ ਕੁਝ ਵੀ ਨਹੀਂ ਕਰਨ ਦਿੱਤਾ ਜਾਂਦਾ, ਮਤਲਬ ਕਿ ਖੇਤੀ ਵੀ ਕਿਸਾਨ ਸਰਕਾਰਾਂ ਦੇ ਦੱਸੇ ਮੁਤਾਬਕ ਹੀ ਕਰ ਸਕਦੇ ਹਨ।

ਭਾਵੇਂ ਕਿ ਸਰਕਾਰੀ ਤਰਕ ਹੈ ਕਿ ਉੱਚੀਆਂ ਫ਼ਸਲਾਂ ਕਿਸਾਨ ਕੰਡਿਆਲੀ ਤਾਰ ਤੋਂ ਪਾਰ ਨਹੀਂ ਬੀਜ ਸਕਦੇ ਹਨ, ਸਵਾਲ ਇਹ ਹੈ ਕਿਸਾਨਾਂ ਦਾ ਕਿ ਉਹ ਜੇਕਰ ਉੱਚੀਆਂ ਫ਼ਸਲਾਂ ਉੱਧਰ ਨਹੀਂ ਬੀਜ ਪਾਉਂਦੇ ਅਤੇ ਸਿਰਫ਼ ਕਣਕ-ਝੋਨੇ 'ਤੇ ਹੀ ਨਿਰਭਰ ਰਹਿੰਦੇ ਨੇ ਤਾਂ, ਇਸ ਦਾ ਉਨ੍ਹਾਂ ਦੀ ਜ਼ਮੀਨ ਉੱਤੇ ਤਾਂ ਮਾੜਾ ਅਸਰ ਪੈਂਦਾ ਹੀ ਹੈ, ਨਾਲ ਹੀ ਉਨ੍ਹਾਂ ਦਾ ਆਰਥਿਕ ਤੌਰ 'ਤੇ ਵੀ ਨੁਕਸਾਨ ਹੁੰਦਾ ਹੈ। ਸਮੱਸਿਆਵਾਂ ਦੇ ਨਾਲ ਜੂਝ ਰਹੇ ਪੰਜਾਬ ਦੇ ਛੇ ਜ਼ਿਲ੍ਹੇ (ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ) ਵਿੱਚ ਇਸ ਵੇਲੇ ਹਾਲਾਤ ਇਹ ਹਨ ਕਿ ਬਹੁ-ਗਿਣਤੀ ਕਿਸਾਨ ਖੇਤੀ ਛੱਡਣ ਲਈ ਮਜਬੂਰ ਹੋ ਚੁੱਕੇ ਹਨ, ਕਿਉਂਕਿ ਕਿਸਾਨਾਂ ਦੇ ਖ਼ਰਚੇ ਦਿਨ ਪ੍ਰਤੀ ਦਿਨ ਵਧ ਰਹੇ ਹਨ, ਜਦੋਂਕਿ ਕਮਾਈ ਵਿੱਚ ਵਾਧੇ ਨੂੰ ਬਰੇਕ ਲੱਗੀ ਪਈ ਹੈ।

ਕੰਡਿਆਲੀ ਤਾਰ ਤੋਂ ਪਾਰ 1988-90 ਦੇ ਦਹਾਕੇ ਦੌਰਾਨ ਕਿਸਾਨਾਂ ਨੂੰ ਜ਼ਮੀਨਾਂ ਵਿੱਚ ਖੇਤੀ ਕਰਨ ਵਾਸਤੇ ਸਰਕਾਰ ਨੇ ਆਗਿਆ ਦੇ ਦਿੱਤੀ, ਪਰ ਕਿਸਾਨਾਂ ਨੂੰ ਆਖਿਆ ਗਿਆ ਕਿ ਤੁਸੀਂ ਆਪਣਾ ਸ਼ਨਾਖ਼ਤੀ ਕਾਰਡ ਵਿਖਾ ਕੇ ਹੀ ਖੇਤੀ ਕਰਨ ਜਾ ਸਕਦੇ ਹੋ। ਇਸ ਤੋਂ ਇਲਾਵਾ ਸ਼ਨਾਖ਼ਤੀ ਕਾਰਡ ਵੀ ਬੀ ਐਸ ਐੱਫ਼ ਦੇ ਵੱਲੋਂ ਹੀ ਬਣਾਇਆ ਜਾਂਦਾ ਸੀ, ਜੋ ਹੁਣ ਵੀ ਬਣਾਇਆ ਜਾਂਦਾ ਹੈ। ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਨ ਵਾਲਿਆਂ ਨੂੰ ਅੱਜ ਵੀ ਆਪਣੇ ਸ਼ਨਾਖ਼ਤੀ ਕਾਰਡ ਦੇ ਜ਼ਰੀਏ ਪੈਲੀ ਵਿੱਚ ਪੈਰ ਧਰਨ ਦੀ ਆਗਿਆ ਦਿੱਤੀ ਜਾਂਦੀ ਹੈ ਅਤੇ ਉਹ ਵੀ ਸਰਕਾਰ ਦੁਆਰਾ ਨਿਰਧਾਰਿਤ ਕੀਤੇ ਸਮੇਂ ਦੇ ਮੁਤਾਬਕ । ਕਿਸਾਨ ਕੰਡਿਆਲੀ ਤਾਰ ਤੋਂ ਪਾਰ ਸਰਕਾਰੀ ਡਿਊਟੀ ਦੇ ਵਾਂਗ 6-7 ਘੰਟੇ ਹੀ ਕੰਮ ਕਰ ਸਕਦੇ ਹਨ, ਇਸ ਤੋਂ ਵੱਧ ਕਿਸਾਨਾਂ ਨੂੰ ਕੰਮ ਕਰਨ ਦੀ ਆਗਿਆ ਨਹੀਂ ਦਿੱਤੀ ਜਾਂਦੀ।

ਸਤਲੁਜ, ਬਿਆਸ ਅਤੇ ਰਾਵੀ ਦਰਿਆ ਤੋਂ ਲੈ ਕੇ ਕਈ ਕਿਲੋਮੀਟਰ ਤੱਕ ਸਰਕੰਡੇ ਹਨ। ਪਾਕਿਸਤਾਨ ਵਿਚ ਚਾਰਾ ਨਾ ਮਿਲਣ ਕਾਰਨ ਨੀਲਗਾਈ, ਜੰਗਲੀ ਸੂਰ ਤੇ ਹੋਰ ਜਾਨਵਰ ਭਾਰਤੀ ਖੇਤਾਂ 'ਚ ਵੜ ਆਉਂਦੇ ਹਨ । ਕਿਸਾਨ ਦਿਨ-ਰਾਤ ਮਿਹਨਤ ਕਰੇ, ਪਰ ਵਾਢੀ ਸਮੇਂ ਹੱਥ ਖ਼ਾਲੀ । ਮਤਲਬ ਕਿ ਕਿਸਾਨ ਦੀਆਂ ਫ਼ਸਲਾਂ ਨੂੰ ਜੰਗਲੀ ਜਾਨਵਰ ਹੀ ਉਜਾੜ ਜਾਂਦੇ ਹਨ ।



ਖ਼ੈਰ, ਇਨ੍ਹਾਂ ਕਿਸਾਨਾਂ ਦੀ ਸਮੱਸਿਆ ਇੱਥੇ ਹੀ ਨਹੀਂ ਘਟਦੀ। ਜਿਹੜੇ ਕਿਸਾਨਾਂ ਨੂੰ ਪਹਿਲਾਂ ਮਾਰ ਇਕੱਲੀ ਕੰਡਿਆਲੀ ਤਾਰ ਤੋਂ ਪਾਰ ਖੇਤੀ ਦੇ ਕਾਰਨ ਪੈ ਰਹੀ ਸੀ, ਉਸ ਤੋਂ ਵਧੇਰੇ ਮਾਰ ਇਸ ਵਾਰ ਆਏ ਭਿਆਨਕ ਹੜ੍ਹਾਂ ਦੇ ਕਾਰਨ ਪਈ। ਇਨ੍ਹਾਂ ਸਰਹੱਦੀ ਕਿਸਾਨਾਂ ਨੂੰ ਜਿਹੜੀ ਮਾਰ ਇਸ ਵਾਰ ਹੜ੍ਹਾਂ ਦੀ ਪਈ ਹੈ, ਉਹ '80 ਦੇ ਦਹਾਕੇ ਤੋਂ ਬਾਅਦ ਪਹਿਲੀ ਵਾਰ ਪਈ ਹੈ। ਇਸ ਵੇਲੇ ਬਹੁ-ਗਿਣਤੀ ਕਿਸਾਨਾਂ ਦੇ ਖੇਤ ਮਾਰੂਥਲ ਵਿੱਚ ਤਬਦੀਲ ਹੋ ਚੁੱਕੇ ਹਨ, ਕਿਉਂਕਿ ਜਿਨ੍ਹਾਂ ਪੈਲ਼ੀਆਂ ਵਿੱਚ ਕਿਸੇ ਸਮੇਂ ਕੰਡਿਆਲੀ ਤਾਰ ਤੋਂ ਪਾਰ ਖੇਤੀ ਹੁੰਦੀ ਸੀ, ਉਨ੍ਹਾਂ ਪੈਲ਼ੀਆਂ ਵਿੱਚ ਕਈ-ਕਈ ਫੁੱਟ ਰੇਤ ਚੜ੍ਹ ਚੁੱਕਾ ਹੈ ।

ਸਵਾਲ ਕਈ ਪੈਦਾ ਹੋ ਚੁੱਕੇ ਨੇ ਕਿ ਕੰਡਿਆਲੀ ਤਾਰ ਤੋਂ ਪਾਰ ਵਾਲੇ ਕਿਸਾਨ ਆਖ਼ਰ ਆਪਣੀਆਂ ਪੈਲ਼ੀਆਂ ਵਿੱਚੋਂ ਰੇਤ ਕੱਢ ਕੇ ਸੁੱਟਣਗੇ ਕਿੱਥੇ? ਇੱਧਰ ਵਾਲੇ ਕਿਸਾਨ ਤਾਂ ਆਪਣੀਆਂ ਪੈਲੀਆਂ ਵਿੱਚੋਂ ਮਾੜੀ-ਮੋਟੀ ਰੇਤ ਕਰਾਹ ਕੇ ਆਸੇ-ਪਾਸੇ ਕਰ ਲੈਣਗੇ, ਪਰ ਕੰਡਿਆਲੀ ਤਾਰ ਤੋਂ ਪਾਰ ਵਾਲੇ ਕਿਸਾਨ ਕੀ ਕਰਨਗੇ? ਇਸ ਬਾਰੇ ਨਾ ਤਾਂ ਸੈਂਟਰ ਦੀ ਸਰਕਾਰ ਸੋਚ ਰਹੀ ਹੈ ਅਤੇ ਨਾ ਹੀ ਸੂਬੇ ਦੀ ਸਰਕਾਰ।

ਇੱਥੇ ਦੱਸਦੇ ਚੱਲੀਏ ਕਿ ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਜਦੋਂ ਪੰਜਾਬ ਦੇ ਨਵੇਂ-ਨਵੇਂ ਗਵਰਨਰ ਬਣੇ ਸਨ ਤਾਂ ਉਨ੍ਹਾ ਸਾਰੇ ਸਰਹੱਦੀ ਇਲਾਕਿਆਂ ਦਾ ਦੌਰਾ ਕੀਤਾ ਸੀ । ਉਨ੍ਹਾ ਅੱਗੇ ਕਿਸਾਨਾਂ ਨੇ ਆਪਣੀਆਂ ਸਮੱਸਿਆਵਾਂ ਦੱਸੀਆਂ ਸਨ, ਜਿਨ੍ਹਾਂ ਬਾਰੇ ਕਟਾਰੀਆ ਨੇ ਕਿਹਾ ਸੀ ਕਿ ਸਰਹੱਦ 'ਤੇ ਲੱਗੀ ਕੰਡਿਆਲੀ ਤਾਰ ਤੋਂ ਪਾਰਲੀਆਂ ਜ਼ਮੀਨਾਂ ਵਿਚ ਖੇਤੀ ਕਰਨ ਦੀ ਵੱਡੀ ਸਮੱਸਿਆ ਤੁਹਾਨੂੰ ਆ ਰਹੀ ਹੈ, ਜਿਸ ਨੂੰ ਮੈਂ ਚੰਗੀ ਤਰ੍ਹਾਂ ਸਮਝਦਾ ਹਾਂ ਅਤੇ ਮੇਰੀ ਕੋਸ਼ਿਸ਼ ਹੋਵੇਗੀ ਕਿ ਇਨ੍ਹਾਂ ਮੁਸ਼ਕਲਾਂ ਨੂੰ ਹੱਲ ਕਰ ਕੇ ਖੇਤੀ ਕਰਨ ਨੂੰ ਸੁਖਾਲਾ ਕੀਤਾ ਜਾਵੇ।

ਸਰਹੱਦ 'ਤੇ ਨਜ਼ਰ ਰੱਖਣ ਲਈ ਸੀ ਸੀ ਟੀ ਵੀ ਕੈਮਰੇ ਅਤੇ ਐਂਟੀ ਡਰੋਨ ਸਿਸਟਮ ਲਗਾਇਆ ਜਾਵੇਗਾ। ਕੰਡਿਆਲੀ ਤਾਰ ਤੋਂ ਪਾਰਲੀ ਜ਼ਮੀਨ ਲਈ ਮੁਆਵਜ਼ੇ ਬਾਰੇ ਗੱਲ ਕਰਦਿਆਂ ਕਟਾਰੀਆ ਨੇ ਯਕੀਨ ਦਵਾਇਆ ਕਿ ਜਿਨ੍ਹਾਂ ਜ਼ਮੀਨਾਂ ਦਾ ਮੁਆਵਜ਼ਾ ਬਾਕੀ ਹੈ, ਉਹ ਵੀ ਕੇਂਦਰ ਸਰਕਾਰ ਨਾਲ ਚਰਚਾ ਕਰਕੇ ਜਲਦ ਜਾਰੀ ਕਰਵਾਇਆ ਜਾਵੇਗਾ । ਉਨ੍ਹਾਂ ਬੀ ਐੱਸ ਐੱਫ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਕੰਡਿਆਲੀ ਤਾਰ ਤੋਂ ਪਾਰ ਜਾਣ ਵੇਲੇ ਗੇਟਾਂ 'ਤੇ ਹਾਜ਼ਰ ਰਹਿ ਕੇ ਲੋਕਾਂ ਨੂੰ ਕੰਮ ਕਰਨ ਲਈ ਸਮੇਂ ਸਿਰ ਅੱਗੇ ਲੰਘਾਉਣ ਦੇ ਪ੍ਰਬੰਧ ਕਰਨ।

ਕਿਸਾਨਾਂ ਦੀ ਮੰਨੀਏ ਤਾਂ ਕੰਡਿਆਲੀ ਤਾਰ ਤੋਂ ਪਾਰ ਜੰਗਲੀ ਜਾਨਵਰਾਂ ਵੱਲੋਂ ਫ਼ਸਲਾਂ ਦਾ ਉਜਾੜਾ ਲਗਾਤਾਰ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਬਿਜਲਈ ਮੋਟਰਾਂ ਲਈ ਛੋਟੇ ਸ਼ੈੱਡ ਬਣਾਉਣ ਦੀ ਇਜਾਜ਼ਤ ਬੀ ਐਸ ਐਫ਼ ਵੱਲੋਂ ਨਹੀਂ ਦਿੱਤੀ ਜਾ ਰਹੀ । ਕੰਡਿਆਲੀ ਤਾਰ 'ਤੇ ਲੱਗੇ ਗੇਟਾ ਖੋਲ੍ਹਣਾ, ਤਾਰਾਂ ਦੇ ਹੇਠੋਂ ਪਾਣੀ ਦੀਆਂ ਪਾਈਪਾਂ ਪਾਉਣ ਦੀ ਇਜਾਜ਼ਤ ਦੇਣਾ, ਸਮੇਂ ਸਿਰ ਮੁਆਵਜ਼ਾ ਦਿੱਤਾ ਜਾਵੇ, ਗੇਟਾਂ ਦੇ ਟਾਈਮ ਵਿੱਚ ਵਾਧਾ ਕਰਨਾ, ਜ਼ੀਰੋ ਲਾਈਨ ਦੇ ਨਾਲ ਤਿੰਨ ਫੁੱਟ ਉੱਚੀ ਜਾਲੀ ਲਗਾਉਣ ਦੀ ਇਜਾਜ਼ਤ ਦੇਣਾ ਅਤੇ ਕੰਡਿਆਲੀ ਤਾਰ ਤੋਂ ਪਾਰ ਟਿਊਬਵੈੱਲ ਬੋਰਵੈੱਲ ਲਗਾਉਣ ਲਈ ਕਿਸਾਨਾਂ ਨੂੰ ਜਲਦੀ ਇਜਾਜ਼ਤ ਦੇਣਾ ਆਦਿ ਮੰਗਾਂ ਹਨ।

**# ਸੰਪਰਕ : 95698-20314**

### ਮਾਮਲਾ ਪਿੰਡ ਮਾਣਕੀ ਵਿਖੇ ਕਬੱਡੀ ਖਿਡਾਰੀ ਦੇ ਕਤਲ ਦਾ

# ਤਿੰਨ ਨੌਜਵਾਨਾਂ 'ਤੇ ਗੋਲੀਆਂ ਚਲਾਉਣ ਵਾਲੇ 19 ਵਿਅਕਤੀ ਕਾਬੂ

**ਖੰਨਾ (ਸੁਖਵਿੰਦਰ ਸਿੰਘ ਭਾਦਲਾ)**

ਪਿੰਡ ਮਾਣਕੀ ਵਿਖੇ ਚਾਰ ਮੋਟਰ ਸਾਈਕਲ ਸਵਾਰਾਂ ਵੱਲੋਂ ਮੈਡੀਕਲ ਦੁਕਾਨ ਅੱਗੇ ਬੈਠੇ ਤਿੰਨ ਨੌਜਵਾਨਾਂ ਉੱਪਰ ਕੀਤੀ ਫਾਈਰਿੰਗ ਦੌਰਾਨ ਮਾਰੇ ਗਏ ਕਬੱਡੀ ਖਿਡਾਰੀ ਗੁਰਵਿੰਦਰ ਸਿੰਘ ਗਿੰਦਾ ਦੇ ਕਤਲ ਦੇ ਸਬੰਧ 'ਚ ਸਤਿੰਦਰ ਸਿੰਘ ਡੀ.ਆਈ.ਜੀ. ਲੁਧਿਆਣਾ ਰੇਂਜ ਲੁਧਿਆਣਾ ਦੇ ਦਿਸ਼ਾ-ਨਿਰਦੇਸ਼ ਹੇਠ ਕੰਮ ਕਰਦੇ ਹੋਏ ਪੁਲਿਸ ਜ਼ਿਲ੍ਹਾ ਖੰਨਾ ਦੇ ਐਸ.ਐਸ.ਪੀ. ਡਾ. ਜੋਤੀ ਯਾਦਵ ਬੈਂਸ ਦੀ ਰਹਿਨੁਮਾਈ ਹੇਠ ਪਵਨਜੀਤ ਸਿੰਘ ਐਸ. ਪੀ. (ਡੀ) ਦੀ ਸੁਪਰਵਿਜ਼ਨ ਹੇਠ ਵੱਖ-ਵੱਖ ਟੀਮਾਂ ਜਿਨ੍ਹਾਂ ਵਿੱਚ ਤਰਲੋਚਨ ਸਿੰਘ ਡੀ.ਐਸ.ਪੀ. ਸਮਰਾਲਾ, ਮੋਹਿਤ ਕੁਮਾਰ ਸਿੰਗਲਾ ਉਪ ਕਪਤਾਨ (ਡੀ) ਦੀ ਅਗਵਾਈ ਹੇਠ ਸਬ ਇੰਸ: ਨਰਿੰਦਰਪਾਲ ਸਿੰਘ ਇੰਚਾ: ਸੀ. ਆਈ. ਏ. ਸਟਾਫ ਖੰਨਾ, ਪਵਿੱਤਰ ਸਿੰਘ ਥਾਣਾ ਮੁਖੀ ਸਮਰਾਲਾ ਵੱਲੋਂ ਮੁਕੱਦਮਾ ਨੰਬਰ 307, 4 ਨਵੰਬਰ 2025 ਤਹਿਤ ਵੱਖ ਵੱਖ ਧਰਾਵਾਂ ਹੇਠ ਥਾਣਾ ਸਮਰਾਲਾ ਵਿਖੇ 19 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ, ਜਿਨ੍ਹਾਂ ਕੋਲੋਂ 2 ਪਿਸਟਲ, 2 ਮੈਗ਼ਜ਼ੀਨ ਤੇ 6 ਜ਼ਿੰਦਾ ਰੌਂਦ ਬਰਾਮਦ ਕੀਤੇ ਗਏ।

ਡਾ. ਜੋਤੀ ਯਾਦਵ ਐਸ.ਐਸ.ਪੀ. ਪੁਲਿਸ ਜ਼ਿਲ੍ਹਾ ਖੰਨਾ ਨੇ ਦੱਸਿਆ ਕਿ ਉਕਤ ਕਤਲ ਕੇਸ ਤਹਿਤ ਕਥਿਤ ਦੋਸ਼ੀਆਂ ਗੁਰਤੇਜ ਸਿੰਘ ਉਰਫ ਤੇਜੀ, ਹਰਕਮਲ ਸਿੰਘ ਕਮਲ, ਸਿੰਮੀ ਬਾਲਿਓਂ, ਸੰਦੀਪ ਦਿਆਲਪੁਰ, ਰਵੀ ਰਾਜਗੜ੍ਹ ਅਤੇ ਨਾਮਾਲੂਮ ਵਿਅਕਤੀ ਨੂੰ ਮੁਕੱਦਮਾ ਹਜਾ ਵਿੱਚ ਦੋਸ਼ੀ ਨਾਮਜ਼ਦ ਕੀਤਾ ਗਿਆ।ਹਿਊਮਨ ਸੋਰਸ, ਟੈਕਨੀਕਲ ਸੋਰਸ ਤੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਫੁਟੇਜ਼ ਦੀ ਮੱਦਦ ਨਾਲ 13 ਸਾਥੀਆਂ ਨੂੰ ਬਤੌਰ ਦੋਸ਼ੀ ਨਾਮਜ਼ਦ ਕੀਤਾ ਗਿਆ।ਡੂੰਘਾਈ ਨਾਲ ਕੀਤੀ ਤਫ਼ਤੀਸ਼ ਕਰਕੇ ਚਾਰ ਦੋਸ਼ੀਆਂ ਹਰਕਰਨ ਸਿੰਘ ਉਰਫ਼ ਕਰਨ, ਗੁਰਤੇਜ ਸਿੰਘ ਤੇਜੀ, ਜਸਪ੍ਰੀਤ ਸਿੰਘ ਉਰਫ ਜੱਸੂ ਤੇ ਰਾਜਵੀਰ ਸਿੰਘ ਲਾਲੀ ਨੂੰ ਟਰੇਸ ਕੀਤਾ ਗਿਆ, ਇਨ੍ਹਾਂ ਕਥਿਤ ਦੋਸ਼ੀਆਂ ਨੂੰ ਦਵਿੰਦਰ ਸਿੰਘ ਵਾਸੀ ਰਾਟੋਕੇ, ਥਾਣਾ ਚੋਲਾ ਸਾਹਿਬ (ਤਰਨਤਾਰਨ) ਦੇ ਘਰ ਰੇਡ ਕਰਕੇ ਗ੍ਰਿਫਤਾਰ ਕੀਤਾ ਗਿਆ।ਦੋਸ਼ੀਆਂ ਤੋਂ ਪੁੱਛਗਿੱਛ ਦੌਰਾਨ ਗੱਲ ਸਾਹਮਣੇ ਆਈ ਕਿ ਇਨ੍ਹਾਂ ਵੱਲੋਂ ਕਤਲ ਵਿੱਚ ਵਰਤੇ ਹਥਿਆਰਾਂ ਨੂੰ ਸਮਰਾਲਾ ਨਜ਼ਦੀਕ ਬੰਦ ਪਏ ਟੋਲ ਪਲਾਜਾ ਕੁੱਬਾ ਵਿਖੇ ਲੁਕਾ ਛਿਪਾ ਕੇ ਰੱਖਿਆ ਹੈ।ਜਦੋਂ ਇੰਚਾ: ਸੀ. ਆਈ. ਏ. ਖੰਨਾ, ਐਸ.ਐਚ.ਓ. ਸਮੇਤ ਪੁਲਸ ਪਾਰਟੀ ਦੋਸ਼ੀ ਹਰਕਰਨ ਸਿੰਘ ਤੇ ਗੁਰਤੇਜ ਸਿੰਘ ਨੂੰ ਹਥਿਆਰ ਬ੍ਰਾਮਦ ਕਰਾਉਣ ਲਈ ਟੋਲ ਪਲਾਜਾ ਕੁੱਬਾ ਵਿਖੇ ਖਾਲੀ ਪਈ ਇਮਾਰਤ ਕੋਲ ਪੁੱਜੇ ਤਾਂ ਕਥਿਤ ਦੋਸ਼ੀ ਹਰਕਰਨ ਸਿੰਘ ਉਰਫ ਕਰਨ ਨੇ ਪਿਸਤੌਲ ਚੁੱਕੀ ਤੇ ਭੱਜਣ ਦੀ ਨਿਯਤ ਨਾਲ ਪੁਲਸ ਪਾਰਟੀ ਵੱਲ ਗੋਲੀ ਚਲਾਈ, ਜੋ ਸਬ ਇੰਸ: ਨਰਪਿੰਦਰਪਾਲ ਸਿੰਘ ਇੰਚਾ: ਸੀ.ਆਈ.ਏ. ਦੇ ਖੱਬੇ ਪੱਟ ਵਿੱਚ ਲੱਗੀ।

ਪੁਲਸ ਪਾਰਟੀ ਨੇ ਆਪਣੇ ਬਚਾਅ ਲਈ ਹਰਕਰਨ ਵੱਲ ਇੱਕ ਗੋਲੀ ਚਲਾਈ, ਜੋ ਉਸਦੇ ਗੋਡੇ ਵਿੱਚ ਲੱਗੀ।ਇਸ ਦੌਰਾਨ ਸਹਿ ਮੁਲਾਜ਼ਮ ਗੁਰਤੇਜ ਸਿੰਘ ਤੇਜੀ ਨੇ ਸਥਿਤੀ ਦਾ ਫ਼ਾਇਦਾ ਉਠਾਉਂਦੇ ਹੋਏ ਪਹਿਲੀ ਮੰਜ਼ਲ ਤੋਂ ਛਾਲ ਮਾਰ ਦਿੱਤੀ, ਜਿਸ ਕਾਰਨ ਉਸਦੇ ਵੀ ਸੱਟਾਂ ਲੱਗੀਆਂ, ਜਿਸ ਨੂੰ ਪੁਲਸ ਪਾਰਟੀ ਨੇ ਮੌਕੇ 'ਤੇ ਕਾਬੂ ਕਰ ਲਿਆ।ਇੰਸ: ਨਰਪਿੰਦਰਪਾਲ ਸਿੰਘ ਤੇ ਦੋਸ਼ੀਆਂ ਨੂੰ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ।ਤਫ਼ਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਮਹੀਨਾ ਪਹਿਲਾਂ ਸਮਰਾਲਾ ਵਿਖੇ ਖ਼ੂਨਦਾਨ ਕੈਂਪ ਲੱਗਾ ਸੀ, ਜਿਸ ਦੌਰਾਨ ਹਰਕਰਨ ਸਿੰਘ ਉਰਫ ਕਰਨ ਦੇ ਪਿਤਾ ਨੂੰ ਬਾਬੂ ਸਮਰਾਲਾ ਵੱਲੋਂ ਗਾਲੀ ਗਲੋਚ ਕੀਤਾ ਸੀ, ਬਾਅਦ ਵਿੱਚ ਦੋਨਾਂ ਧਿਰਾਂ ਨੇ ਇੱਕ ਦੂਜੇ ਨਾਲ ਲੜਾਈ ਝਗੜੇ ਲਈ ਸਮਾਂ ਵੀ ਰੱਖਿਆ।

ਇਸ ਰੰਜ਼ਿਸ਼ ਦੇ ਚੱਲਦੇ ਹਰਕਰਨ ਸਿੰਘ ਉਰਫ ਕਰਨ ਵੱਲੋਂ ਬਦਲਾ ਲੈਣ ਦੀ ਭਾਵਨਾ ਨਾਲ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ।ਉਨ੍ਹਾਂ ਦੱਸਿਆ ਕਿ ਇਸ ਕੇਸ ਵਿੱਚ ਨਾਮਜ਼ਦ ਕਥਿਤ ਦੋਸ਼ੀਆਂ ਖਿਲਾਫ ਪਹਿਲਾਂ ਵੀ ਮੁਕੱਦਮੇ ਦਰਜ ਹਨ, ਜਿਨ੍ਹਾਂ 'ਚ ਸੰਦੀਪ ਸਿੰਘ ਦਿਆਲਪੁਰਾ ਖਿਲਾਫ 15 ਮੁਕੱਦਮੇ, ਹਰਕਰਨ ਸਿੰਘ ਮਾਦਪੁਰ ਖਿਲਾਫ ਪੰਜ ਮੁਕੱਦਮੇ, ਗੁਰਤੇਜ ਸਿੰਘ ਤੇਜੀ ਖਿਲਾਫ 5 ਮੁਕੱਦਮੇ, ਰਾਜਵੀਰ ਸਿੰਘ ਮਾਦਪੁਰ ਖਿਲਾਫ ਇੱਕ ਮੁਕੱਦਮਾ, ਰਾਜਵੀਰ ਸਿੰਘ ਉਰਫ ਰਵੀ ਵਾਸੀ ਰਾਜਗੜ੍ਹ ਖਿਲਾਫ 17 ਮੁਕੱਦਮੇ ਦਰਜ, ਸੁਖਦੀਪ ਸਿੰਘ ਸੀਪਾ ਵਾਸੀ ਮੱਲਣਾ ਖਿਲਾਫ ਦੋ ਮੁਕੱਦਮੇ, ਜਤਿੰਦਰ ਕੁਮਾਰ ਉਰਫ ਟਿੱਡੀ ਰਾਮਪੁਰ ਖਿਲਾਫ 3 ਮੁਕੱਦਮੇ ਖਿਲਾਫ ਹਨ। ਇਸ ਤੋਂ ਇਲਾਵਾ ਮਾਣਕੀ ਵਿਖੇ ਜਿਨ੍ਹਾਂ ਉੱਤੇ ਗੋਲੀਬਾਰੀ ਹੋਈ ਸੀ ਉਨ੍ਹਾਂ ਵਿੱਚ ਲਵਪ੍ਰੀਤ ਸਿੰਘ ਵਾਸੀ ਮਾਣਕੀ ਖਿਲਾਫ ਇੱਕ ਮੁਕੱਦਮਾ, ਧਰਮਵੀਰ ਸਿੰਘ ਉਰਫ ਧਰਮਾ ਵਾਸੀ ਮਾਣਕੀ ਖਿਲਾਫ ਦੋ ਮੁਕੱਦਮੇ ਦਰਜ ਹਨ, ਜਦੋਂ ਕਿ ਜਿਸ ਨੌਜਵਾਨ ਕਬੱਡੀ ਖਿਡਾਰੀ ਗੁਰਵਿੰਦਰ ਸਿੰਘ ਗਿੰਦਾ ਦੀ ਮੌਤ ਹੋਈ ਹੈ, ਉਸ ਖਿਲਾਫ ਕੋਈ ਮੁਕੱਦਮਾ ਦਰਜ ਨਹੀਂ ਹੈ। ਉਨ੍ਹਾਂ ਅੱਗੇ ਕਿਹਾ ਕਿ ਇਸ ਦੀ ਡੂੰਘਾਈ ਨਾਲ ਤਫ਼ਤੀਸ਼ ਜਾਰੀ ਹੈ।



ਡਾ. ਜੋਤੀ ਯਾਦਵ ਕੇਸ ਸਬੰਧੀ ਜਾਣਕਾਰੀ ਦਿੰਦੇ ਹੋਏ।ਮੁਕਾਬਲੇ ਦੌਰਾਨ ਜ਼ਖ਼ਮੀ ਇੰਸਪੈਕਟਰ ਸੀ.ਆਈ.ਏ. ਸਟਾਫ ਤੇ ਜ਼ਖ਼ਮੀ ਕਥਿਤ ਦੋਨੋਂ ਦੋਸ਼ੀ।

# ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਮਾਨਸਾ ਦਾ ਡੈਲੀਗੇਟ ਅਜਲਾਸ

- ਜਸਵੰਤ ਸਿੰਘ ਪ੍ਰਧਾਨ ਤੇ ਅਮਰਜੀਤ ਸਿੰਘ ਸਰਬਸੰਮਤੀ ਨਾਲ ਸਕੱਤਰ ਬਣੇ
- ਕੇਂਦਰ ਸਰਕਾਰ ਕਾਰਪੋਰੇਟਾਂ ਨੂੰ ਖੁੱਲ੍ਹੀਆਂ ਛੋਟਾਂ ਦੇ ਕੇ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰ ਰਹੀ : ਗਰੇਵਾਲ

**ਮਾਨਸਾ (ਆਤਮਾ ਸਿੰਘ ਪਮਾਰ)**

ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਮਾਨਸਾ ਦੇ ਡੈਲੀਗੇਟ ਅਜਲਾਸ ਦੌਰਾਨ ਜਸਵੰਤ ਸਿੰਘ ਬੀਰੋਕੇ ਜ਼ਿਲ੍ਹਾ ਪ੍ਰਧਾਨ ਤੇ ਅਮਰਜੀਤ ਸਿੰਘ ਸਿੱਧੂ ਜ਼ਿਲ੍ਹਾ ਸਕੱਤਰ ਚੁਣੇ ਗਏ।ਅਜਲਾਸ ਦੀ ਪ੍ਰਧਾਨਗੀ ਦਰਸ਼ਨ ਸਿੰਘ ਧਲੇਵਾਂ ਨੇ ਕੀਤੀ।ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਸਾਥੀ ਬਲਜੀਤ ਸਿੰਘ ਗਰੇਵਾਲ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਕੇਂਦਰ ਸਰਕਾਰ ਸਾਮਰਾਜੀ ਤੇ ਕਾਰਪੋਰੇਟ ਘਰਾਣਿਆਂ ਨੂੰ ਕੁਦਰਤੀ ਸੋਮੇ ਲੁਟਾ ਰਹੀ ਹੈ ਤੇ ਕਿਰਤੀ-ਕਿਸਾਨਾਂ ਦੇ ਖ਼ੂਨ ਪਸੀਨੇ ਦੀ ਕਮਾਈ ਨੂੰ ਲੁੱਟਣ ਲਈ ਇਨ੍ਹਾਂ ਲੋਟੂ ਤਾਕਤਾਂ ਨੂੰ ਖੁੱਲ੍ਹੀਆਂ ਛੋਟਾਂ ਦੇ ਰਹੀ ਹੈ, ਜਿਸ ਕਰਕੇ ਦੇਸ਼ ਦੀ ਆਰਥਿਕਤਾ ਤਬਾਹ ਹੋ ਰਹੀ ਹੈ।ਉਨ੍ਹਾਂ ਕਿਹਾ ਕਿ ਖੇਤੀਬਾੜੀ ਦੇ ਧੰਦੇ ਨੂੰ ਖ਼ਤਮ ਕਰਨ ਲਈ ਨਿੱਤ ਦਿਨ ਲੋਕ ਵਿਰੋਧੀ ਫੈਸਲੇ ਲਾਗੂ ਕਰ ਰਹੀ ਹੈ।ਕਿਸਾਨ ਆਗੂ ਗਰੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਕੇਂਦਰ ਦੇ ਪਦ ਚਿੰਨ੍ਹਾਂ 'ਤੇ ਚੱਲ ਰਹੀ ਹੈ ਤੇ ਸੰਘਰਸ਼ਾਂ ਨੂੰ ਡੰਡੇ ਦੇ ਜ਼ੋਰ 'ਤੇ ਦਬਾਉਣਾ ਚਾਹੁੰਦੀ ਹੈ।ਕੇਂਦਰ ਦੀਆਂ ਨੀਤੀਆਂ ਨੂੰ ਇੰਨ ਬਿੰਨ ਲਾਗੂ ਕੀਤਾ ਜਾ ਰਿਹਾ ਹੈ।ਉਨ੍ਹਾਂ ਜਥੇਬੰਦੀ ਦੇ ਇਤਿਹਾਸ ਤੇ ਜੇਤੂ ਸ਼ਾਨਾਮੱਤੇ ਸੰਘਰਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਆਜ਼ਾਦੀ ਸੰਗਰਾਮ ਤੋਂ ਲੈ ਕੇ ਮੁਜ਼ਾਰਾ ਲਹਿਰ, ਤੇਲਗਾਨਾ ਦਾ ਹਥਿਆਰਬੰਦ ਸੰਘਰਸ਼, ਖੁਸ਼ਹੈਸੀਅਤੀ ਟੈਕਸ ਵਿਰੋਧੀ ਮੋਰਚਾ ਸਮੇਤ ਅਨੇਕਾਂ ਅੰਦੋਲਨਾਂ 'ਚ ਕਿਸਾਨ ਸਭਾ ਨੇ ਮਹੱਤਵਪੂਰਨ ਤੇ ਮੋਹਰੀ ਭੂਮਿਕਾ ਨਿਭਾਈ ਹੈ।ਉਨ੍ਹਾਂ ਪਿੰਡ ਪੱਧਰ 'ਤੇ ਇਕਾਈਆਂ ਸਥਾਪਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ।




ਇਸ ਮੌਕੇ ਜਥੇਬੰਦੀ ਦੇ ਸੂਬਾਈ ਮੀਤ ਪ੍ਰਧਾਨ ਐਡਵੋਕੇਟ ਸਵਰਨਜੀਤ ਸਿੰਘ ਦਲਿਓ ਨੇ ਕਿਹਾ ਕਿ ਦੇਸ਼ ਤੇ ਪੰਜਾਬ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਖੇਤੀ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਤੋਂ ਬਿਨਾਂ ਹੋਰ ਕੋਈ ਚਾਰਾ ਹੀ ਨਹੀਂ ਹੈ।ਉਨ੍ਹਾਂ ਮੰਗ ਕੀਤੀ ਕਿ ਖੇਤੀ ਜਿਣਸਾਂ ਦੀ ਖਰੀਦ ਲਈ ਐੱਮ.ਐੱਸ.ਪੀ. ਦੀ ਕਾਨੂੰਨੀ ਗਰੰਟੀ ਕੀਤੀ ਜਾਵੇ ਤੇ ਕਿਰਤੀਆਂ-ਕਿਸਾਨਾਂ ਸਿਰ ਚੜ੍ਹੇ ਕਰਜ਼ੇ ਨੂੰ ਵੀ ਮੁਆਫ਼ ਕੀਤਾ ਜਾਵੇ।

ਇਸ ਮੌਕੇ ਸਾਥੀ ਬਲਜੀਤ ਸਿੰਘ ਗਰੇਵਾਲ ਨੇ 13 ਮੈਂਬਰੀ ਨਵੀਂ ਜ਼ਿਲ੍ਹਾ ਕਮੇਟੀ ਦਾ ਪੈਨਲ ਪੇਸ਼ ਕੀਤਾ, ਜਿਸ ਵਿੱਚ ਜਸਵੰਤ ਸਿੰਘ ਬੀਰੋਕੇ ਜ਼ਿਲ੍ਹਾ ਪ੍ਰਧਾਨ, ਜ਼ਿਲ੍ਹਾ ਸਕੱਤਰ ਅਮਰਜੀਤ ਸਿੰਘ ਸਿੱਧੂ (ਸੇਵਾ ਮੁਕਤ ਐੱਸ.ਡੀ.ਓ), ਮੀਤ ਪ੍ਰਧਾਨ ਦਰਸ਼ਨ ਸਿੰਘ ਧਲੇਵਾਂ, ਮੀਤ ਸਕੱਤਰ ਹਰਜਿੰਦਰ ਸਿੰਘ ਬਰੇਟਾ, ਵਿੱਤ ਸਕੱਤਰ ਸਵਰਨਜੀਤ ਸਿੰਘ ਦਲਿਓ ਤੋਂ ਇਲਾਵਾ ਜਗਦੇਵ ਸਿੰਘ ਢੈਪਈ, ਅਵਤਾਰ ਸਿੰਘ ਛਾਪਿਆਂਵਾਲੀ, ਹਰਦੇਵ ਸਿੰਘ ਖੀਵਾ, ਨਛੱਤਰ ਸਿੰਘ ਢੈਪਈ ਜ਼ਿਲ੍ਹਾ ਕਮੇਟੀ ਮੈਂਬਰ ਚੁਣੇ ਗਏ।ਚਾਰ ਸੀਟਾਂ ਖਾਲੀ ਰੱਖੀਆਂ ਗਈਆਂ।ਇਸ ਮੌਕੇ ਕੁੱਲ ਹਿੰਦ ਕਿਸਾਨ ਸਭਾ ਦੇ 15-16 ਨਵੰਬਰ ਨੂੰ ਮੁੱਲਾਂਪੁਰ ਦਾਖਾ (ਲੁਧਿਆਣਾ) ਸੂਬਾਈ ਅਜਲਾਸ ਲਈ ਜਗਸੀਰ ਸਿੰਘ ਜੱਗਾ ਬਰੇਟਾ ਸਮੇਤ ਪੰਜ ਡੈਲੀਗੇਟਾਂ ਦੀ ਚੋਣ ਕੀਤੀ ਗਈ।ਅਜਲਾਸ ਵਿੱਚ ਮਤੇ ਪਾਸ ਕਰਕੇ ਮੰਗ ਕੀਤੀ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਫੌਰੀ ਸੈਨੇਟ ਚੋਣਾਂ ਕਰਵਾਈਆਂ ਜਾਣ, ਬਿਜਲੀ ਐਕਟ 2025 ਰੱਦ ਕੀਤਾ ਜਾਵੇ, ਪੰਜਾਬ ਵਿੱਚ ਵੰਡ ਪਾਊ ਤਾਕਤਾਂ ਨੂੰ ਨੱਥ ਪਾਈ ਜਾਵੇ।

## ਕਾਤਰਾਂ

### ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਭਲਕੇ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੁੱਖ ਖੇਤੀਬਾੜੀ ਅਫਸਰ ਡਾ. ਜਗਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵੱਲੋਂ 13 ਨਵੰਬਰ ਨੂੰ ਅੱਤੇਵਾਲੀ ਵਿਖੇ ਹਾੜ੍ਹੀ ਦੀਆਂ ਫਸਲਾਂ ਬਾਰੇ, ਮਿੱਟੀ ਪਾਣੀ ਪਰਖ, ਪਰਾਲੀ ਪ੍ਰਬੰਧਨ, ਖਾਦਾਂ ਦੀ ਸੁਚੱਜੀ ਵਰਤੋਂ ਬਾਰੇ ਨਵੀਨਤਮ ਤਕਨੀਕੀ ਜਾਣਕਾਰੀ ਦੇਣ ਲਈ ਆਤਮਾ ਸਕੀਮ ਅਧੀਨ ਜ਼ਿਲ੍ਹਾ ਪੱਧਰੀ ਕਿਸਾਨ ਮੇਲਾ ਲਗਾਇਆ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਇਸ ਕੈਂਪ ਵਿੱਚ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਮੁੱਖ ਮਹਿਮਾਨ ਵਜੋਂ, ਜਦਕਿ ਵਿਧਾਇਕ ਅਮਲੋਹ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਵਿਧਾਇਕ ਬਸੀ ਪਠਾਣਾ ਰੁਪਿੰਦਰ ਸਿੰਘ ਹੈਪੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ।

### ਸੜਕ ਹਾਦਸੇ 'ਚ ਮੋਟਰਸਾਈਕਲ ਸਵਾਰ ਜ਼ਖ਼ਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਨਜ਼ਦੀਕੀ ਪਿੰਡ ਕੁੱਲਗੜ੍ਹੀ ਵਿਖੇ ਅਣਪਛਾਤੇ ਵਾਹਨ ਨੇ ਇਕ ਮੋਟਰਸਾਈਕਲ ਨੂੰ ਟੱਕਰ ਮਾਰੀ, ਜਿਸ ਨਾਲ ਉਹ ਜ਼ਖ਼ਮੀ ਹੋ ਗਿਆ। ਇਸ ਸਬੰਧੀ ਥਾਣਾ ਕੁੱਲਗੜ੍ਹੀ ਪੁਲਸ ਨੇ ਅਣਪਛਾਤੇ ਵਾਹਨ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਕਾਲੀਚਰਨ ਪੁੱਤਰ ਰਾਮ ਪ੍ਰਸਾਦ ਵਾਸੀ ਚਾਂਦਪੁਰ ਥਾਣਾ ਸਦਰ ਢੋਲਪੁਰ ਜ਼ਿਲ੍ਹਾ ਢੋਲਪੁਰ ਸਟੇਟ ਰਾਜਸਥਾਨ ਹਾਲ ਲੇਬਰ ਕੈਂਪ ਪੀਜੀਆਈ ਮੋਗਾ ਰੋਡ ਫਿਰੋਜ਼ਪੁਰ ਨੇ ਦੱਸਿਆ ਕਿ 10 ਨਵੰਬਰ 2025 ਨੂੰ ਕਰੀਬ 6.30 ਪੀਐੱਮ 'ਤੇ ਚੰਦਰਭਾਨ ਮੋਟਰਸਾਈਕਲ ਹਾਂਡਾ 'ਤੇ ਸਵਾਰ ਹੋ ਕੇ ਪੀਜੀਆਈ ਫਿਰੋਜ਼ਪੁਰ ਤੋਂ ਫਿਰੋਜ਼ਪੁਰ ਕੈਂਟ ਆਪਣੇ ਨਿੱਜੀ ਕੰਮ ਲਈ ਜਾ ਰਿਹਾ ਸੀ। ਕਾਲੀਚਰਨ ਨੇ ਦੱਸਿਆ ਕਿ ਉਹ ਵੀ ਪੀਜੀਆਈ ਫਿਰੋਜ਼ਪੁਰ ਤੋਂ ਪੈਦਲ ਆਪਣੇ ਨਿੱਜੀ ਕੰਮ ਲਈ ਬਾਹਰ ਜਾ ਰਿਹਾ ਸੀ। ਪੀਜੀਆਈ ਫਿਰੋਜ਼ਪੁਰ ਤੋਂ ਥੋੜ੍ਹਾ ਅੱਗੇ ਸਰਕਟ ਹਾਊਸ ਫਿਰੋਜ਼ਪੁਰ ਦੇ ਨਜ਼ਦੀਕ ਕੋਈ ਅਣਪਛਾਤਾ ਵਹੀਕਲ ਚਾਲਕ ਚਲਾ ਰਿਹਾ ਸੀ, ਪਿੰਡ ਬਾਜੀਦਪੁਰ ਵੱਲੋਂ ਬੜੀ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਚਾਚੇ ਦੇ ਮੋਟਰਸਾਈਕਲ ਵਿੱਚ ਪਿਛਲੇ ਪਾਸੇ ਟੱਕਰ ਮਾਰੀ, ਜਿਸ ਨਾਲ ਉਸ ਦੇ ਚਾਚਾ ਚੰਦਰਭਾਨ ਸੜਕ 'ਤੇ ਮੋਟਰਸਾਈਕਲ ਸਮੇਤ ਡਿੱਗ ਪਿਆ ਤੇ ਉਸ ਦੇ ਸਿਰ ਤੇ ਸਰੀਰ 'ਤੇ ਗੰਭੀਰ ਸੱਟਾਂ ਲੱਗੀਆਂ ਤੇ ਅਣਪਛਾਤਾ ਵਹੀਕਲ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਮਲਕੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਹੀਕਲ ਚਾਲਕ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

### ਪਰਾਲੀ ਨੂੰ ਅੱਗ ਲਗਾਉਣ ਵਾਲੇ 5 ਕਿਸਾਨਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਆਰਿਫ ਕੇ ਤੇ ਥਾਣਾ ਘੱਲ ਖੁਰਦ ਦੇ ਇਲਾਕਿਆਂ ਵਿੱਚ ਵੱਖ ਵੱਖ ਥਾਵਾਂ 'ਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਵਾਲੇ 5 ਕਿਸਾਨਾਂ ਖਿਲਾਫ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਰਣਜੀਤ ਸਿੰਘ, ਸਹਾਇਕ ਥਾਣੇਦਾਰ ਜਸਪਾਲ ਸਿੰਘ, ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਕਿਸਾਨ ਗੁਰਦਾਸ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਅੱਛੇਵਾਲਾ ਤੇ ਗੁਰਦਿਆਲ ਸਿੰਘ ਪੁੱਤਰ ਬਲਵੀਰ ਸਿੰਘ ਅੱਛੇਵਾਲਾ ਤੋਂ ਇਲਾਵਾ ਪਿੰਡ ਰੱਤਾ ਖੇੜਾ, ਪਿੰਡ ਸੱਪਾਂਵਾਲੀ, ਪਿੰਡ ਕੱਬਰਵੱਛਾ ਵਿਖੇ ਅਣਪਛਾਤੇ ਕਿਸਾਨਾਂ ਨੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਈ ਹੈ। ਪੁਲਸ ਨੇ ਦੱਸਿਆ ਕਿ ਪੁਲਸ ਨੇ ਉਕਤ ਕਿਸਾਨਾਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

# ਸੀਟੂ ਵੱਲੋਂ 25-26 ਦੇ ਸੂਬਾ ਅਜਲਾਸ ਦੀਆਂ ਤਿਆਰੀਆਂ ਸੰਬੰਧੀ ਮੀਟਿੰਗ



**ਧੂਰੀ (ਬਿੰਨੀ ਗਰਗ, ਮਨੋਹਰ ਸਿੰਘ ਸੱਗੂ)**

ਸੈਂਟਰ ਆਫ ਇੰਡੀਆ ਟਰੇਡ ਯੂਨੀਅਨ ਸਵਾਗਤੀ ਕਮੇਟੀ ਦੀ ਮੀਟਿੰਗ ਕਮੇਟੀ ਦੇ ਚੇਅਰਮੈਨ ਮੇਜਰ ਸਿੰਘ ਪੁੰਨਾਵਾਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸੀਟੂ ਦੇ ਕੌਮੀ ਆਗੂ ਭੈਣ ਊਸ਼ਾ ਰਾਣੀ, ਸੀਟੂ ਪੰਜਾਬ ਦੇ ਪ੍ਰਧਾਨ ਮਹਾਂ ਸਿੰਘ ਰੌੜੀ, ਜਨਰਲ ਸਕੱਤਰ ਚੰਦਰ ਸ਼ੇਖਰ ਪਹੁੰਚੇ। ਜਿਕਰਯੋਗ ਹੈ ਕਿ 25-26 ਨਵੰਬਰ ਨੂੰ ਸੰਗਰੂਰ ਵਿਖੇ ਸੀਟੂ ਪੰਜਾਬ ਦਾ ਡੈਲੀਗੇਸ਼ਨ ਅਜਲਾਸ ਹੋ ਰਿਹਾ ਹੈ ਇਸ ਦੀ ਤਿਆਰੀ ਦਾ ਲੇਖਾ ਜੋਖਾ ਕਰਨ ਲਈ ਮੀਟਿੰਗ ਕੀਤੀ ਗਈ। ਸੀਟੂ ਦੀਆਂ ਵੱਖ-ਵੱਖ ਜਥੇਬੰਦੀਆਂ ਵਲੋਂ ਇਕੱਤਰ ਕੀਤਾ ਫੰਡ ਜਮ੍ਹਾਂ ਕਰਾਇਆ ਗਿਆ ਤੇ ਬਾਕੀ ਰਹਿੰਦਾ ਕੋਟਾ ਅਗਲੀ ਮੀਟਿੰਗ ਤੱਕ ਜਮਾਂ ਕਰਾਉਣ ਦਾ ਭਰੋਸਾ ਦਿਤਾ ਗਿਆ।ਮੀਟਿੰਗ ਵਿੱਚ ਕੁਝ ਸਬ ਕਮੇਟੀਆਂ ਦਾ ਗਠਨ ਕੀਤਾ ਗਿਆ ਜਿਸ ਵਿਚ ਇੰਦਰਪਾਲ ਪੁੰਨਾਵਾਲ ਕਨਵੀਨਰ ਰਿਹਾਇਸ਼ ਕਮੇਟੀ, ਰਜਿਸਟ੍ਰੇਸ਼ਨ ਕਮੇਟੀ 'ਚ ਪ੍ਰਕਾਸ਼ ਕੌਰ, ਹਰਪ੍ਰੀਤ ਕੌਰ ਤੇ ਹਰਭਗਵਾਨ ਸੁਨਾਮ, ਲੰਗਰ ਕਮੇਟੀ ਦਾ ਕਨਵੀਨਰ ਦਰਬਾਰਾ ਸਿੰਘ ਬੇਨੜਾ, ਪ੍ਰੈਸ ਕਮੇਟੀ 'ਚ ਫਤਿਹ ਪ੍ਰਭਾਕਰ ਤੇ ਸਤਵੀਰ ਤੁੰਗਾਂ, ਫੰਡ ਇਕੱਤਰ ਕਮੇਟੀ 'ਚ ਊਸ਼ਾ ਰਾਣੀ, ਮੇਜਰ ਪੁੰਨਾਵਾਲ, ਜੋਗਿੰਦਰ ਔਲਖ ਤੇ ਇੰਦਰਪਾਲ ਪੁੰਨਾਵਾਲ, ਸਜਾਵਟੀ ਕਮੇਟੀ 'ਚ ਵਲੰਟੀਅਰਾਂ ਸਮੇਤ ਗਗਨਦੀਪ ਸ਼ਰਮਾ ਨੂੰ ਜਿੰਮੇਵਾਰੀ ਸੌਂਪੀ ਗਈ।ਇਸ ਮੌਕੇ ਮੇਜਰ ਪੁੰਨਾਵਾਲ ਤੇ ਭੈਣ ਊਸ਼ਾ ਨੇ ਦੱਸਿਆ ਕਿ ਰਿਹਾਇਸ਼ ਲਈ ਕਮਰੇ ਬੁੱਕ ਕਰ ਦਿੱਤੇ ਹਨ, ਖਾਣੇ ਦਾ ਮੀਨੂੰ, ਹਲਵਾਈ ਤੇ ਸਾਰੀ ਸਮੱਗਰੀ ਦਾ ਪ੍ਰਬੰਧ ਮੁਕੰਮਲ ਹੈ, ਬੈਗ ਤੇ ਝੰਡੇ ਛਪ ਚੁੱਕੇ ਹਨ, ਬਾਕੀ ਰਹਿੰਦੇ ਕੰਮ ਵੀ ਕੁੱਝ ਦਿਨਾਂ 'ਚ ਮੁਕੰਮਲ ਕਰ ਲਏ ਜਾਣਗੇ।ਇਸ ਮੌਕੇ ਸ਼ੇਰ ਸਿੰਘ ਫਰਵਾਹੀ, ਰਾਮ ਸਿੰਘ ਸੋਹੀਆਂ, ਅਮਰੀਕ ਕਾਂਝਲਾ, ਕੁਲਵਿੰਦਰ ਭੂਦਨ, ਦਰਸ਼ਨ ਕੁਠਾਲਾ, ਰਘਵਿੰਦਰ ਭਵਾਨੀਗੜ੍ਹ, ਤ੍ਰਿਸ਼ਨਜੀਤ ਕੌਰ, ਸਤਵੀਰ ਤੁੰਗਾਂ, ਮਨਦੀਪ ਕੁਮਾਰੀ, ਜਗਰੂਪ ਬੇਦੀ ਲੌਂਗੋਵਾਲ, ਕਰਨੈਲ ਲੌਂਗੋਵਾਲ, ਅਮਰੀਕ ਸਰਪੰਚ ਤੁੰਗਾਂ, ਕਿਰਪਾਲ ਸਿੰਘ ਪੇਪਰ ਮਿੱਲ, ਮਾਨ ਸਿੰਘ ਗੁਰਮ, ਗਗਨਦੀਪ ਸਰਮਾ ਤੇ ਹੋਰ ਵੱਡੀ ਗਿਣਤੀ ਵਿੱਚ ਸੀਟੂ ਵਰਕਰ ਮੌਜੂਦ ਸਨ।

# ਵਿਦਿਆਰਥੀ ਵੱਲੋਂ ਖੁਦਕੁਸ਼ੀ ਮਾਮਲੇ 'ਚ ਦੋ ਵਿਰੁੱਧ ਕੇਸ ਦਰਜ



ਗ੍ਰਿਫਤਾਰ ਮਹਿਲਾ ਪੁਲਸ ਪਾਰਟੀ ਨਾਲ (ਇਨਸੈੱਟ) ਮ੍ਰਿਤਕ ਦੀ ਫਾਈਲ ਤਸਵੀਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪਿੰਡ ਗੁਰਦਨਪੁਰ ਦੇ 19 ਸਾਲਾ ਨੌਜਵਾਨ ਵੱਲੋਂ ਕੀਤੀ ਗਈ ਖੁਦਕੁਸ਼ੀ ਦੇ ਮਾਮਲੇ ਵਿੱਚ ਸਰਹਿੰਦ ਪੁਲਸ ਵੱਲੋਂ ਉਸ ਨਾਲ ਸਕੂਲ 'ਚ ਪੜ੍ਹਦੀ ਇੱਕ ਲੜਕੀ ਦੀ ਮਾਂ ਤੇ ਦਾਦੇ ਵਿਰੁੱਧ ਕੇਸ ਦਰਜ ਕਰਦੇ ਹੋਏ ਲੜਕੀ ਦੀ ਮਾਂ ਨੂੰ ਗ੍ਰਿਫਤਾਰ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਗੁਰਪ੍ਰੀਤ ਸਿੰਘ ਵਾਸੀ ਪਿੰਡ ਗੁਰਦਨਪੁਰ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਏ ਕਿ ਉਸ ਦਾ ਇਕਲੌਤਾ ਲੜਕਾ ਅਨੁਰੀਤ ਸਿੰਘ, ਜੋ ਕਿ ਅਕਾਲ ਅਕੈਡਮੀ 'ਚ 12ਵੀਂ ਜਮਾਤ ਦਾ ਵਿਦਿਆਰਥੀ ਸੀ, ਜਿਸ ਦੇ ਸਕੂਲ ਵਿੱਚ ਉਸ ਤੋਂ ਚਾਰ ਜਮਾਤਾਂ ਪਿੱਛੇ ਪੜ੍ਹ ਰਹੀ ਨਾਭਾ ਦੀ ਰਹਿਣ ਵਾਲੀ ਇੱਕ ਲੜਕੀ ਦੀ ਮਾਤਾ ਜਸਬੀਰ ਕੌਰ ਤੇ ਦਾਦਾ ਗੁਰਮੀਤ ਸਿੰਘ ਉਨ੍ਹਾਂ ਦੇ ਘਰ ਆ ਕੇ ਉਸ ਦੇ ਲੜਕੇ ਨੂੰ ਕਾਫੀ ਮੰਦਾ ਚੰਗਾ ਬੋਲਦੇ ਹੋਏ ਕਹਿਣ ਲੱਗੇ ਕਿ ਸਾਡੀ ਲੜਕੀ ਨੇ ਤੈਨੂੰ ਪੰਜ ਤੋਲੇ ਸੋਨਾ ਦਿੱਤਾ ਹੈ, ਜੋ ਤੂੰ ਸਾਨੂੰ ਵਾਪਸ ਕਰ।ਉਸ ਦੇ ਲੜਕੇ ਅਨੁਰੀਤ ਸਿੰਘ ਨੇ ਉਨ੍ਹਾਂ ਨੂੰ ਕਾਫੀ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਤੁਸੀਂ ਆਪਣੀ ਲੜਕੀ ਨੂੰ ਬੁਲਾ ਕੇ ਚੰਗੀ ਤਰ੍ਹਾਂ ਪੁੱਛੋ ਕੇ ਉਸ ਨੇ ਸੋਨਾ ਕਿਸ ਨੂੰ ਦਿੱਤਾ ਹੈ, ਕਿਉਂਕਿ ਉਹ ਨਾ ਤਾਂ ਕਦੇ ਉਨ੍ਹਾਂ ਦੀ ਲੜਕੀ ਨੂੰ ਮਿਲਿਆ ਹੈ ਤੇ ਨਾ ਹੀ ਕੋਈ ਸੋਨਾ ਉਸ ਨੂੰ ਕਿਸੇ ਨੇ ਦਿੱਤਾ ਹੈ, ਪਰ ਇਸ ਦੇ ਬਾਵਜੂਦ ਜਸਵੀਰ ਕੌਰ ਤੇ ਗੁਰਮੀਤ ਸਿੰਘ ਵੱਲੋਂ ਉਨ੍ਹਾਂ ਦੀ ਕਾਫੀ ਬੇਇਜ਼ਤੀ ਕੀਤੀ ਗਈ ਤੇ ਘਰ ਦੇ ਬਾਹਰ ਖੜ੍ਹ ਕੇ ਵੀ ਉਨ੍ਹਾਂ ਨੂੰ ਕਾਫੀ ਮੰਦਾ ਚੰਗਾ ਬੋਲਿਆ।ਇਸ ਬੇਇੱਜ਼ਤੀ ਨੂੰ ਨਾ ਸਹਾਰਦੇ ਹੋਏ ਉਨ੍ਹਾਂ ਦੇ ਇਕਲੌਤੇ ਪੁੱਤਰ ਅਨੁਰੀਤ ਸਿੰਘ ਨੇ ਆਲੂਆਂ 'ਤੇ ਕਰਨ ਵਾਲੀ ਜ਼ਹਿਰੀਲੀ ਸਪਰੇਅ ਪੀ ਲਈ, ਜਿਸ ਨੂੰ ਗੰਭੀਰ ਹਾਲਤ ਵਿੱਚ ਪਹਿਲਾਂ ਖੰਨਾ ਦੇ ਇੱਕ ਨਿੱਜੀ ਹਸਪਤਾਲ 'ਚ ਤੇ ਫਿਰ ਲੁਧਿਆਣਾ ਦੇ ਡੀਐੱਮਸੀ ਹਸਪਤਾਲ 'ਚ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੇ ਪੁੱਤਰ ਅਨੁਰੀਤ ਸਿੰਘ ਦੀ ਮੌਤ ਹੋ ਗਈ।ਸ਼ਿਕਾਇਤਕਰਤਾ ਨੇ ਦੋਸ਼ ਲਗਾਏ ਕਿ ਉਕਤ ਜਸਵੀਰ ਕੌਰ ਤੇ ਗੁਰਮੀਤ ਸਿੰਘ ਉਸ ਦੇ ਇਕਲੌਤੇ ਪੁੱਤਰ ਦੀ ਮੌਤ ਲਈ ਜ਼ਿੰਮੇਵਾਰ ਹਨ।ਇਸ ਸਬੰਧੀ ਜਸਵੀਰ ਕੌਰ ਤੇ ਗੁਰਮੀਤ ਸਿੰਘ ਵਾਸੀ ਨਾਭਾ ਵਿਰੁੱਧ ਵੱਖ ਵੱਖ ਧਾਰਾਵਾਂ ਤਹਿਤ ਮੁਕੱਦਮਾ ਦਰਜ ਕਰਕੇ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਜਸਵੀਰ ਕੌਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦਕਿ ਇਸ ਮਾਮਲੇ 'ਚ ਲੋੜੀਂਦੇ ਜਸਵੀਰ ਕੌਰ ਦੇ ਸਹੁਰੇ ਗੁਰਮੀਤ ਸਿੰਘ ਦੀ ਭਾਲ ਵਿੱਚ ਪੁਲਸ ਵੱਲੋਂ ਛਾਪੇਮਾਰੀ ਜਾਰੀ ਹੈ।

# ਭਾਜਪਾ ਦੀ ਪੰਜਾਬ 'ਚ ਅਸ਼ਾਂਤੀ ਫੈਲਾਉਣ ਦੀ ਯੋਜਨਾ ਸਫ਼ਲ ਨਹੀਂ ਹੋਵੇਗੀ : ਚੀਮਾ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸੱਗੂ)**-ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਨੇ ਪੰਜਾਬ ਯੂਨੀਵਰਸਿਟੀ ਦੇ ਮੁੱਦੇ ਸਬੰਧੀ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਆਨੀ-ਬਹਾਨੀ ਪੰਜਾਬ 'ਚ ਅਸ਼ਾਂਤੀ ਫੈਲਾਉਣਾ ਚਹੁੰਦੀ ਹੈ, ਪਰ ਪੰਜਾਬ ਦੇ ਚੇਤਨ ਲੋਕ ਉਨ੍ਹਾਂ ਦੀ ਯੋਜਨਾ ਨੂੰ ਕਿਸੇ ਕੀਮਤ 'ਤੇ ਸਫ਼ਲ ਨਹੀਂ ਹੋਣ ਦੇਣਗੇ।ਵਿੱਤ ਮੰਤਰੀ ਸ੍ਰੀ ਚੀਮਾ ਅੱਜ ਪਿੰਡ ਭੋਜੋਵਾਲੀ ਵਿਖੇ ਸੀ ਐੱਮ ਐੱਫ ਓ (ਮੁੱਖ ਮੰਤਰੀ ਫੀਲਡ ਅਫ਼ਸਰ) ਮੁਹਾਲੀ ਗੁਰਮੀਤ ਸਿੰਘ ਸੋਹੀ ਦੇ ਪੀਸੀਐੱਸ ਬਣਨ ਤੇ ਉਨ੍ਹਾਂ ਦੇ ਸਪੁੱਤਰ ਇਸ਼ਾਨਦੀਪ ਸਿੰਘ ਸੋਹੀ ਦੇ ਜਨਮ ਦੀ ਖੁਸ਼ੀ 'ਚ ਕਰਵਾਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਮਾਗ਼ਮ 'ਚ ਸ਼ਿਰਕਤ ਕਰਨ ਅਤੇ ਪਰਵਾਰ ਨੂੰ ਖਾਸ ਤੌਰ 'ਤੇ ਮੁਬਾਰਕਵਾਦ ਦੇਣ ਲਈ ਪੁੱਜੇ ਸਨ।ਉਨ੍ਹਾਂ ਕਿਹਾ ਕਿ ਪਹਿਲਾਂ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਨੂੰ ਪੰਜਾਬੀਆਂ ਦੇ ਸਿਰੜੀ ਤੇ ਸਿਦਕੀ ਸੰਘਰਸ਼ ਦੇ ਮੱਦੇਨਜ਼ਰ ਵਾਪਸ ਲੈਣਾ ਪਿਆ ਅਤੇ ਫਿਰ ਸਮੇਂ-ਸਮੇਂ ਕੇਂਦਰ ਸਰਕਾਰ ਵੱਲੋਂ ਆਏ ਦਿਨ ਪੰਜਾਬ ਵਿਰੋਧੀ ਲਏ ਜਾ ਰਹੇ ਹੋਰ ਫੈਸਲੇ ਬੀਜੇਪੀ ਦੀ ਪੰਜਾਬ ਪ੍ਰਤੀ ਅੰਤਾਂ ਦੀ ਨਫ਼ਰਤ ਦਾ ਪ੍ਰਮਾਣ ਹਨ।ਇਸ ਮੌਕੇ ਸੀ ਐੱਮ ਐੱਫ ਓ ਗੁਰਮੀਤ ਸਿੰਘ ਸੋਹੀ ਪੀ ਸੀ ਐੱਸ ਨੂੰ ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਜਸਵੀਰ ਸਿੰਘ ਜੱਸੀ ਸੇਖੋਂ, ਮੁੱਖ ਮੰਤਰੀ ਕੈਂਪ ਦਫ਼ਤਰ ਧੂਰੀ ਦੇ ਇੰਚਾਰਜ ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਫਾਰਮਰ ਐਂਡ ਖੇਤੀ ਕਾਮੇ ਕਮਿਸ਼ਨ ਪੰਜਾਬ ਦੇ ਚੇਅਰਮੈਨ ਡਾਕਟਰ ਸੁਖਪਾਲ ਸਿੰਘ, ਐਡਵੋਕੇਟ ਕਿਰਨਜੀਤ ਸਿੰਘ ਸੇਖੋਂ, ਐਸਜੀਪੀਸੀ ਮੈਂਬਰ ਮਲਕੀਤ ਸਿੰਘ ਚੰਗਾਲ, ਬਲਾਕ ਪੰਚਾਇਤ ਯੂਨੀਅਨ ਦੇ ਸਾਬਕਾ ਪ੍ਰਧਾਨ ਗੁਰਦੀਪ ਸਿੰਘ ਸੁਲਤਾਨਪੁਰ ਸਮੇਤ ਵੱਡੀ ਗਿਣਤੀ ਰਾਜਸੀ ਨੇਤਾ, ਪੀਸੀਐਸ ਅਧਿਕਾਰੀਆਂ ਸਮੇਤ ਵੱਡੀ ਗਿਣਤੀ ਇਲਾਕੇ ਦੇ ਪਤਵੰਤਿਆਂ ਨੇ ਮੁਬਾਰਕਵਾਦ ਦਿੱਤੀ।

# ਵਿੱਠਲ ਨਾਮਦੇਵ ਨੂੰ 55 ਲੱਖ ਸਾਲਾਨਾ ਦੀ ਪਲੇਸਮੈਂਟ ਆਫ਼ਰ ਹੋਈ



**ਲੌਂਗੋਵਾਲ (ਪ੍ਰਦੀਪ ਸੱਪਲ)**-ਸਲਾਈਟ ਲੌਂਗੋਵਾਲ ਦੇ ਡਾਇਰੈਕਟਰ ਡਾ. ਮਨੀਕਾਂਤ ਪਾਸਵਾਨ ਦੀ ਅਗਵਾਈ ਹੇਠ ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨੋਲੋਜੀ ਨੇ ਮਾਣ ਨਾਲ ਇੱਕ ਮਹੱਤਵਪੂਰਨ ਉਪਲਬਧੀ ਸਾਂਝੀ ਕੀਤੀ ਹੈ।ਕੰਪਿਊਟਰ ਸਾਇੰਸ ਐਂਡ ਇੰਜੀਨੀਅਰਿੰਗ ਵਿਭਾਗ ਦੇ ਅੰਤਿਮ ਸਾਲ ਦੇ ਵਿਦਿਆਰਥੀ ਸ਼੍ਰੀ ਵਿੱਠਲ ਨਾਮਦੇਵ ਨੂੰ ਗੂਗਲ ਵੱਲੋਂ 55 ਲੱਖ ਸਾਲਾਨਾ ਪੈਕੇਜ ਨਾਲ ਪ੍ਰਤਿਸ਼ਠਿਤ ਪਲੇਸਮੈਂਟ ਆਫਰ ਮਿਲਿਆ ਹੈ।

ਵਿੱਠਲ ਦਾ ਸੰਬੰਧ ਜ਼ਿਲ੍ਹਾ ਸਾਹਰਨਪੁਰ (ਉੱਤਰ ਪ੍ਰਦੇਸ਼) ਨਾਲ ਹੈ ਤੇ ਉਹ ਜੁਲਾਈ 2022 ਵਿੱਚ ਜੇ.ਈ.ਈ. ਮੇਨ ਰਾਹੀਂ ਸਲਾਈਟ ਵਿੱਚ ਦਾਖ਼ਲ ਹੋਇਆ।ਛੇਵੇਂ ਸਮੈਸਟਰ ਤੋਂ ਬਾਅਦ ਉਸਨੇ ਗੂਗਲ, ਹੈਦਰਾਬਾਦ ਵਿੱਚ ਆਪਣੀ ਉਦਯੋਗਿਕ ਟ੍ਰੇਨਿੰਗ ਪੂਰੀ ਕੀਤੀ, ਜਿਸ ਨਾਲ ਉਸਦੀ ਤਕਨੀਕੀ ਸਮਰੱਥਾ ਵਿੱਚ ਵਾਧਾ ਹੋਇਆ ਤੇ ਉਸ ਨੂੰ ਗਲੋਬਲ ਉਦਯੋਗੀ ਮਿਆਰਾਂ ਦੇ ਅਨੁਕੂਲ ਕੰਮ ਕਰਨ ਦਾ ਕੀਮਤੀ ਅਨੁਭਵ ਪ੍ਰਾਪਤ ਹੋਇਆ।

ਇਹ ਸਫ਼ਲਤਾ ਸਿਰਫ਼ ਵਿੱਠਲ ਦੀ ਮਿਹਨਤ ਤੇ ਸਮਰਪਣ ਦਾ ਨਤੀਜਾ ਨਹੀਂ ਹੈ, ਸਗੋਂ ਸਲਾਈਟ ਵਿੱਚ ਪ੍ਰਦਾਨ ਕੀਤੇ ਜਾਂਦੇ ਅਕਾਦਮਿਕ ਸਹਿਯੋਗ ਤੇ ਸਹਾਇਕ ਸਿਖਲਾਈ ਮਾਹੌਲ ਨੂੰ ਵੀ ਦਰਸਾਉਂਦੀ ਹੈ।ਇਸ 'ਚ ਡਾ. ਮਨੀ ਕਾਂਤ ਪਾਸਵਾਨ, ਐੱਚ.ਓ.ਡੀ. ਸੀ.ਐਸ.ਈ. ਪ੍ਰੋ. ਦਮਨਪ੍ਰੀਤ ਸਿੰਘ ਤੇ ਐੱਚ.ਓ.ਡੀ. (ਟਰੇਨਿੰਗ ਐਂਡ ਪਲੇਸਮੈਂਟ) ਪ੍ਰੋ. ਮੇਜਰ ਸਿੰਘ ਗੋਰਾਇਆ ਦੀ ਅਗਵਾਈ ਭੂਮਿਕਾ ਮਹੱਤਵਪੂਰਨ ਰਹੀ।ਪ੍ਰੋ. ਦਮਨਪ੍ਰੀਤ ਸਿੰਘ ਵਿਭਾਗ ਮੁਖੀ (ਸੀ.ਐਸ.ਈ) ਨੇ ਕਿਹਾ ਕਿ ਵਿੱਠਲ ਇੱਕ ਹੁਨਰਮੰਦ ਅਤੇ ਮਿਹਨਤੀ ਵਿਦਿਆਰਥੀ ਹੈ, ਜਿਸਨੇ ਆਪਣੀ ਸਿੱਖਿਆ ਦੌਰਾਨ ਆਪਣੇ ਟੀਚਿਆਂ ਨੂੰ ਹਮੇਸ਼ਾ ਕੇਂਦਰ ਵਿੱਚ ਰੱਖਿਆ।ਇਹ ਪ੍ਰਾਪਤੀ ਉਸਦੇ ਬੈਚ ਅਤੇ ਜੂਨੀਅਰ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਹੋਵੇਗੀ।

# ਭੈਣੀ ਸਾਹਿਬ ਵਿਖੇ ਸਤਿਗੁਰ ਜਗਜੀਤ ਸਿੰਘ ਸ਼ਾਸਤਰੀ ਸੰਗੀਤ ਪ੍ਰਤੀਯੋਗਤਾ ਕਰਵਾਈ




**ਸਮਰਾਲਾ (ਸੁਰਜੀਤ ਸਿੰਘ)**

ਨਾਮਧਾਰੀ ਸੰਪਰਦਾਇ ਵੱਲੋਂ ਗੁਰਦਵਾਰਾ ਸ੍ਰੀ ਭੈਣੀ ਸਾਹਿਬ ਵਿਖੇ ਨਾਮਧਾਰੀ ਮੁਖੀ ਸਤਿਗੁਰੂ ਉਦੈ ਸਿੰਘ ਜੀ ਦੀ ਹਜ਼ੂਰੀ ਵਿੱਚ ਪ੍ਰਸਿੱਧ ਤਬਲਾ ਵਾਦਕ ਜ਼ਾਕਿਰ ਹੁਸੈਨ ਨੂੰ ਸਮਰਪਤ ਤਿੰਨ ਰੋਜ਼ਾ ਸੀਜ਼ਨ-4 ਤਬਲਾ ਵਾਦਨ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਭਾਰਤ ਦੇ ਵੱਖ ਵੱਖ ਰਾਜਾਂ ਤੋਂ 140 ਦੇ ਕਰੀਬ ਨੌਜਵਾਨ ਕਲਾਕਾਰਾਂ ਨੇ ਭਾਗ ਲਿਆ।

ਪ੍ਰਤੀਯੋਗਤਾ ਵਿੱਚ ਪੁਣੇ ਦੇ ਸੋਹਮ ਗੋਰਾਨੇ ਤੇ ਜਗਮਿੱਤਰਾ ਨੇ ਪਹਿਲਾ ਸਥਾਨ ਹਾਸਲ ਕੀਤਾ, ਪੱਛਮੀ ਬੰਗਾਲ ਦੇ ਅਚਿੰਤ ਮਾਂਝੀ ਤੇ ਕਰਨਾਟਕ ਦੇ ਹਿੰਮਤ ਜੋਸ਼ੀ ਨੇ ਦੂਜਾ ਤੇ ਅਸਾਮ ਦੀ ਸ੍ਰੀਆ ਭੱਟਾ ਚਾਰੀਆਜੀ ਤੇ ਗੋਆ ਦੇ ਉੱਤਪਲ ਸਨੀਕਰ ਨੇ ਤੀਜਾ ਸਥਾਨ ਪ੍ਰਾਪਤ ਕੀਤਾ।ਸੰਗੀਤ ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਕਲਾਕਾਰਾਂ ਨੂੰ ਸੰਬੋਧਨ ਕਰਦਿਆਂ ਸਤਿਗੁਰੂ ਉਦੈ ਸਿੰਘ ਨੇ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਸਮਾਗਮ ਸੰਪੰਨ ਹੋਇਆ। ਉਨ੍ਹਾਂ ਕਿਹਾ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸ਼ਾਸਤਰੀ ਸੰਗੀਤ ਨਾਲ ਅਥਾਹ ਪ੍ਰੇਮ ਸੀ।ਉਨ੍ਹਾਂ ਕਿਹਾ ਕਿ ਸੰਗੀਤ ਸਾਨੂੰ ਜਿੱਥੇ ਪਿਆਰ ਨਾਲ ਜੋੜਦਾ ਹੈ, ਉੱਥੇ ਸਾਡੇ ਅੰਦਰ ਦੇਸ਼ ਭਗਤੀ ਦਾ ਜਜ਼ਬਾ ਵੀ ਪੈਦਾ ਕਰਦਾ ਹੈ।ਸਤਿਗੁਰੂ ਉਦੈ ਸਿੰਘ ਜੀ ਨੇ ਕਿਹਾ ਕਿ ਤਬਲਾ ਮੁਕਾਬਲੇ ਕਰਵਾ ਕੇ ਉਸਤਾਦ ਜ਼ਾਕਿਰ ਹੁਸੈਨ ਨੂੰ ਸੱਚੀ ਸ਼ਰਧਾਂਜਲੀ ਅਰਪਿਤ ਕੀਤੀ ਹੈ।ਉਨ੍ਹਾਂ ਕਿਹਾ ਕਿ ਉਸਤਾਦ ਜ਼ਾਕਿਰ ਹੁਸੈਨ ਵਰਗੇ ਕਲਾਕਾਰ ਸਦੀ ਵਿੱਚ ਇੱਕ ਵਾਰ ਹੀ ਪੈਦਾ ਹੁੰਦੇ ਹਨ।ਇਸ ਮੌਕੇ ਸਤਿਗੁਰੂ ਜੀ ਨੇ ਪਹਿਲੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ ਇੱਕ ਲੱਖ ਰੁਪਏ, ਦੂਜੇ ਸਥਾਨ ਵਾਲੀ ਨੂੰ ਸੱਤਰ ਹਾਜ਼ਰ ਤੇ ਤੀਜੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 50 ਹਾਜ਼ਰ ਅਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ। ਨਿਰਣਾਇਕ ਦੀ ਭੂਮਿਕਾ ਪ੍ਰਸਿੱਧ ਸੰਗੀਤਕਾਰ ਪੰਡਿਤ ਸੁਰੇਸ਼ ਤਲਵਾਲਕਰ, ਪੰਡਿਤ ਯੋਗੇਸ਼ ਸਮਸੀ ਤੇ ਉਸਤਾਦ ਹਰਜਿੰਦਰ ਸਿੰਘ ਨੇ ਬਾਖੂਬੀ ਨਿਭਾਈ।ਮੰਚ ਸੰਚਾਲਨ ਰਾਗੀ ਬਲਵੰਤ ਸਿੰਘ ਨੇ ਕੀਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਤੌਰ 'ਤੇ ਸੇਵਕ ਕਰਤਾਰ ਸਿੰਘ, ਸੇਵਕ ਆਸਾ ਸਿੰਘ ਮਾਨ, ਸੂਬਾ ਬਲਵਿੰਦਰ ਸਿੰਘ ਝੱਲ, ਹਰਕੀਰਤ ਸੈਣੀ ਤੇ ਪ੍ਰੈੱਸ ਸਕੱਤਰ ਲਖਵੀਰ ਸਿੰਘ ਬੱਦੋਵਾਲ ਹਾਜ਼ਰ ਸਨ।

# ਪੀ ਯੂ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ ਲਈ ਪੀ ਐੱਸ ਯੂ ਵੱਲੋਂ ਰੋਡੇ ਕਾਲਜ 'ਚ ਹੜਤਾਲ

### ਪੰਜਾਬੀਆਂ ਨੂੰ ਚੰਡੀਗੜ੍ਹ ਜਾਣ ਤੋਂ ਰੋਕਣਾ ਨਿੰਦਣਯੋਗ ਕਾਰਾ : ਆਗੂ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਪੱਧਰੀ ਸੱਦੇ ਤਹਿਤ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸੈਨੇਟ ਚੋਣਾਂ ਬਹਾਲ ਕਰਾਉਣ, ਪੰਜਾਬ ਯੂਨੀਵਰਸਿਟੀ ਉੱਪਰ ਕੇਂਦਰ ਸਰਕਾਰ ਦੇ ਕਬਜ਼ੇ ਨੂੰ ਰੋਕਣ ਲਈ ਚੰਡੀਗੜ੍ਹ ਪੰਜਾਬ ਨੂੰ ਸੌਂਪਣ ਲਈ ਰੋਡੇ ਕਾਲਜ ਵਿੱਚ ਹੜਤਾਲ ਕਰ ਕੇ ਕਲਾਸਾਂ ਦਾ ਬਾਈਕਾਟ ਕੀਤਾ।ਉਪਰੰਤ ਕਾਲਜ ਦੇ ਗੇਟ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਤੋਂ ਪਹਿਲਾਂ ਕਾਲਜ ਅੰਦਰ ਰੈਲੀ ਕੀਤੀ।

ਰੈਲੀ ਨੂੰ ਸੰਬੋਧਨ ਕਰਦਿਆਂ ਸਨੀ ਠੱਠੀ ਭਾਈ ਤੇ ਕਾਲਜ ਕਮੇਟੀ ਪ੍ਰਧਾਨ ਹਰਮਨ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੂੰ ਬਚਾਉਣ ਲਈ ਮੋਰਚੇ ਵਿੱਚ ਜਾ ਰਹੇ ਲੋਕਾਂ ਨੂੰ ਯੂਨੀਵਰਸਿਟੀ ਵਿੱਚ ਦਾਖ਼ਲ ਹੋਣ ਤੋਂ ਰੋਕਣ ਲਈ ਚੰਡੀਗੜ੍ਹ ਪੁਲਸ ਨੇ ਯੂਨੀਵਰਸਿਟੀ ਦੇ ਗੇਟ ਬੰਦ ਕਰ ਕੇ ਨਿੰਦਣਯੋਗ ਕਾਰਵਾਈ ਕੀਤੀ ਹੈ, ਪਰ ਵਿਦਿਆਰਥੀਆਂ, ਕਿਸਾਨਾਂ, ਮਜ਼ਦੂਰਾਂ, ਨੌਜਵਾਨਾ ਨੇ ਰੋਕਾਂ ਤੋੜ ਕੇ ਪੀ ਯੂ ਵਿੱਚ ਮੋਰਚਾ ਜਮਾ ਦਿੱਤਾ ਹੈ, ਜਿਹੜਾ ਜੈਨਟ ਚੋਣਾਂ ਬਹਾਲ ਕਰਾਉਣ ਤੱਕ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਚੰਡੀਗੜ੍ਹ ਪੁਲਸ ਵੱਲੋਂ ਗ੍ਰਿਫ਼ਤਾਰ ਵਿਦਿਆਰਥੀਆਂ ਤੇ ਲੋਕਾਂ ਨੂੰ ਰਿਹਾਅ ਕੀਤਾ ਜਾਵੇ।

ਇਸ ਮੌਕੇ ਭਰਾਤਰੀ ਜਥੇਬੰਦੀਆਂ ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾਂ ਸਿੰਘ ਵੈਰੋਕੇ, ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਚਮਕੌਰ ਰੋਡੇ, ਔਰਤ ਵਿੰਗ ਦੇ ਆਗੂ ਛਿੰਦਰਪਾਲ ਕੌਰ ਰੋਡੇ ਨੇ ਸੰਬੋਧਨ ਕੀਤਾ।ਪੰਜਾਬ ਸਟੂਡੈਂਟਸ ਯੂਨੀਅਨ ਦੇ ਆਗੂ ਪ੍ਰਭਜੋਤ ਕੌਰ ਨੇ ਸਟੇਜ ਸਕੱਤਰ ਦੀ ਭੂਮਿਕਾ ਨਿਭਾਈ।ਇਸ ਮੌਕੇ ਪੀ ਐੱਸ ਯੂ ਦੇ ਆਗੂ ਜਸ਼ਨਦੀਪ ਕੌਰ, ਅਰਸ਼ਦੀਪ ਕੌਰ, ਸੰਦੀਪ ਕੌਰ, ਨੌਜਵਾਨ ਭਾਰਤ ਸਭਾ ਦੇ ਜਗਦੀਪ ਸਿੰਘ ਲੰਗੇਆਣਾ, ਕਿਰਤੀ ਕਿਸਾਨ ਯੂਨੀਅਨ ਦੇ ਅਜਮੇਰ ਸਿੰਘ ਛੋਟਾ ਘਰ, ਬਲਜੀਤ ਸਿੰਘ ਲੰਡੇ, ਜਗਵਿੰਦਰ ਕੌਰ ਰਾਜਿਆਣਾ ਹਾਜ਼ਰ ਸਨ।

# ਧੁੰਦ 'ਚ ਹਾਦਸਿਆਂ ਨੂੰ ਰੋਕਣ ਲਈ ਰਿਫਲੈਕਟਰ ਦੀ ਵਰਤੋਂ ਕਰੋ : ਛੀਨਾ

### ਧੁੰਦ ਦੇ ਮੌਸਮ ਨੂੰ ਦੇਖਦੇ ਰਿਫਲੈਕਟਰ ਲਗਾਉਣਾ ਬਹੁਤ ਜ਼ਰੂਰੀ : ਟੰਡਨ



**ਲੁਧਿਆਣਾ (ਰਾਜ ਸਿੰਗਲਾ)**-ਸਟੇਟ ਮੀਡੀਆ ਕਲੱਬ ਤੇ ਹਲਕਾ ਦੱਖਣੀ ਦੇ ਐੱਮ ਐੱਲ ਏ ਰਜਿੰਦਰ ਪਾਲ ਕੌਰ ਛੀਨਾ ਨਾਲ ਮਿਲ ਕੇ ਐਕਸੀਡੈਂਟ ਉੱਪਰ ਠੱਲ੍ਹ ਪਾਉਣ ਲਈ ਇੱਕ ਉਪਰਾਲਾ ਕੀਤਾ ਗਿਆ, ਜਿੱਥੇ ਆਣ-ਜਾਣ ਵਾਲੀਆਂ ਗੱਡੀਆਂ ਉੱਪਰ ਰਿਫਲੈਕਟਿਕ ਸਟੀਕਰ ਲਗਾਏ ਗਏ, ਉੱਥੇ ਬਾਕੀ ਲੋਕਾਂ ਨੂੰ ਵੀ ਜਾਗਰੂਕ ਕੀਤਾ ਕਿ ਹਰ ਇੱਕ ਇਨਸਾਨ ਨੂੰ ਗੱਡੀ ਪਿੱਛੇ ਰਿਫਲੈਕਟਿਵ ਟੇਪ ਲਾਉਣੀ ਚਾਹੀਦੀ ਹੈ, ਕਿਉਂਕਿ ਧੁੰਦ ਤੇ ਹਨੇਰੇ ਦੇ ਕਰਕੇ ਕਾਫੀ ਹਾਦਸੇ ਹੁੰਦੇ ਹਨ, ਜੋ ਰਿਫਲੈਕਟਰ ਟੇਪਾਂ ਨਾਲ ਘੱਟ ਜਾਂਦੇ ਹਨ ਅਤੇ ਐਕਸੀਡੈਂਟ ਨਾ ਹੋਣ ਉਸ ਵਿੱਚ ਮਦਦ ਮਿਲਦੀ ਹੈ।ਇਸ ਲਈ ਅੱਜ ਸਟੇਟ ਮੀਡੀਆ ਕਲੱਬ ਦੇ ਪ੍ਰਧਾਨ ਜਤਿੰਦਰ ਟੰਡਨ ਤੇ ਹਲਕਾ ਦੱਖਣੀ ਦੇ ਐਮਐਲਏ ਰਜਿੰਦਰ ਪਾਲ ਕੌਰ ਛੀਨਾ ਨੇ ਲੁਧਿਆਣਾ ਦੇ ਢੋਲੇਵਾਲ ਚੌਕ ਵਿਖੇ 1300 ਦੇ ਕਰੀਬ ਗੱਡੀਆਂ ਦੇ ਮਗਰ ਰਿਫਲੈਕਟਰ ਸਟੀਕਰ ਲਗਾਏ ਤੇ ਹੋਰ ਵੀ ਲੋਕਾਂ ਨੂੰ ਅਪੀਲ ਕੀਤੀ ਕਿ ਇਸ ਮੁਹਿਮ ਵਿੱਚ ਵੱਧ ਚੜ੍ਹ ਕੇ ਸਹਿਯੋਗ ਕਰੋ ਤੇ ਰਿਫਲੈਕਟਰ ਸਟੀਕਰ ਵੱਧ ਤੋਂ ਵੱਧ ਗੱਡੀਆਂ ਪਿੱਛੇ ਲਗਾਓ।

ਇਸ ਮੌਕੇ ਐਮਐਲਏ ਰਜਿੰਦਰ ਪਾਲ ਕੌਰ ਛੀਨਾ ਤੇ ਥਾਣਾ ਡਵੀਜ਼ਨ ਨੰਬਰ 6 ਦੇ ਐੱਸ ਐੱਚ ਓ ਬਲਵੰਤ ਸਿੰਘ ਤੇ ਸਟੇਟ ਮੀਡੀਆ ਕਲੱਬ ਦੇ ਪ੍ਰਧਾਨ ਜਤਿੰਦਰ ਟੰਡਨ, ਨਿਤਨ ਗਰਗ, ਨੀਰਜ ਕੁਮਾਰ, ਮਨੋਜ ਹੀਰਾ, ਰੋਹਿਤ ਰਾਹੁਲ ਜੱਸਾ, ਬਿਮਲ ਸੰਦੀਪ, ਅਮਰੀਕ ਸਿੰਘ, ਅਜੇ ਕੁਮਾਰ, ਸੁਰਜੀਤ ਸਿੰਘ, ਰਵਿੰਦਰ ਜਿੰਮੀ ਤੇ ਹੋਰ ਬਾਕੀ ਪੱਤਰਕਾਰ ਸਾਥੀ ਮੌਜੂਦ ਰਹੇ।

# ਤਰਕਸ਼ੀਲ ਸੁਸਾਇਟੀ ਨੇ ਚੇਤਨਾ ਪ੍ਰੀਖਿਆ ਦਾ ਇਕਾਈ ਪੱਧਰੀ ਨਤੀਜਾ ਐਲਾਨਿਆ



ਪੁਨੀਤੀ, ਹਰਪ੍ਰੀਤ ਕੌਰ, ਨਿਸ਼ਠਾ, ਰਣਜੋਧ ਸਿੰਘ, ਸਹਿਜਨੂਰ

ਪ੍ਰਭਜੋਤ ਕੌਰ, ਕਮਲਪ੍ਰੀਤ ਕੌਰ, ਖੁਸ਼ਲ ਸਹਿਗਲ, ਦੀਪਕਪਾਲ ਸਿੰਘ, ਜਪਲੀਨ

**ਸੰਗਰੂਰ (ਪ੍ਰਵੀਨ ਸਿੰਘ)**-ਵਿਦਿਆਰਥੀਆਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਵਹਿਮਾਂ ਭਰਮਾਂ ਤੋਂ ਮੁਕਤ ਤੇ ਜਾਗਰੂਕ ਕਰਨ ਦੇ ਮਕਸਦ ਨੂੰ ਲੈ ਕੇ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਹਰ ਸਾਲ ਮਿਡਲ, ਸੈਕੰਡਰੀ ਤੇ ਅੱਪਰ ਸੈਕੰਡਰੀ ਦੇ ਵਿਦਿਆਰਥੀਆਂ ਦੀ ਚੇਤਨਾ ਪਰਖ ਪ੍ਰੀਖਿਆ ਕਰਵਾਈ ਜਾਂਦੀ ਹੈ।

ਐਤਕੀ ਸੱਤਵੀਂ ਚੇਤਨਾ ਪਰਖ਼ ਪ੍ਰੀਖਿਆ ਮਹਾਨ ਕ੍ਰਾਂਤੀਕਾਰੀ ਬੀਬੀ ਗ਼ਦਰੀ ਗੁਲਾਬ ਕੌਰ ਨੂੰ ਸਮਰਪਤ ਕਰਵਾਈ ਗਈ।ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮਵੇਦ, ਸੁਰਿੰਦਰ ਪਾਲ, ਸੀਤਾ ਰਾਮ, ਪ੍ਰਗਟ ਸਿੰਘ ਬਾਲੀਆਂ, ਕ੍ਰਿਸ਼ਨ ਸਿੰਘ, ਗੁਰਦੀਪ ਸਿੰਘ ਲਹਿਰਾ, ਜਸਦੇਵ ਸਿੰਘ, ਪਰਮਿੰਦਰ ਸਿੰਘ, ਕਰਤਾਰ ਸਿੰਘ, ਪ੍ਰਲਾਦ ਸਿੰਘ, ਹੇਮਰਾਜ, ਪਰਮਜੀਤ ਕੌਰ, ਦੇਵਿੰਦਰ ਕੌਰ ਤੇ ਇਕਬਾਲ ਕੌਰ ਅਧਾਰਤ ਤਰਕਸ਼ੀਲ ਟੀਮ ਨੇ ਇਕਾਈ ਪੱਧਰੀ ਨਤੀਜਾ ਘੋਸ਼ਿਤ ਕਰਦਿਆਂ ਦੱਸਿਆ ਕਿ ਸੂਬੇ ਵੱਲੋਂ ਹਰੇਕ ਜਮਾਤ ਦੇ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪਹਿਲੇ ਤਿੰਨ ਵਿਦਿਆਰਥੀਆਂ ਅਧਾਰਤ ਸੂਬਾ ਪੱਧਰੀ ਮੈਰਿਟ ਬਣਾਈ ਗਈ ਹੈ, ਉਸ ਤੋਂ ਅਗਲੇ ਹਰੇਕ ਜਮਾਤ ਦੇ ਦੋ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀ ਜ਼ੋਨ ਪੱਧਰੀ ਮੈਰਿਟ ਸੂਚੀ ਵਿੱਚ ਹਨ ਤੇ ਉਸ ਤੋਂ ਬਾਅਦ ਪ੍ਰੀਖਿਆ ਵਿੱਚ ਸ਼ਮੂਲੀਅਤ ਦੇ ਆਧਾਰ 'ਤੇ ਇਕਾਈ ਪੱਧਰੀ ਮੈਰਿਟ ਸੂਚੀ ਬਣਾਈ ਗਈ ਹੈ।ਇਕਾਈ ਪੱਧਰ 'ਤੇ ਪਹਿਲੇ ਤਿੰਨ ਸਥਾਨਾਂ 'ਤੇ ਰਹੇ ਵਿਦਿਆਰਥੀਆਂ ਬਾਰੇ ਦੱਸਿਆ ਕਿ ਛੇਵੀਂ ਜਮਾਤ ਵਿੱਚੋਂ ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਪਰਨੀਤੀ ਤਿਵਾੜੀ ਨੇ ਪਹਿਲਾ, ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੇ ਰਮਨ ਮਿਤਲ ਨੇ ਦੂਜਾ ਤੇ ਸੀਬਾ ਇੰਟਰਨੈਸ਼ਨਲ ਨੈਸ਼ਨਲ ਪਬਲਿਕ ਸਕੂਲ ਲਹਿਰਾਗਾਗਾ ਦੇ ਅਵੀਜੋਤ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਸੱਤਵੀਂ ਜਮਾਤ ਵਿੱਚੋਂ ਬਚਪਨ ਸਕੂਲ ਸੰਗਰੂਰ ਦੇ ਖੁਸ਼ਲ ਸਹਿਗਲ ਤੇ ਸੀਬਾ ਸਕੂਲ ਲਹਿਰਾਗਾਗਾ ਦੀ ਸਹਿਜਨੂਰ ਕੌਰ ਨੇ ਪਹਿਲਾ, ਸੀਬਾ ਸਕੂਲ ਲਹਿਰਾਗਾਗਾ ਦੀ ਸਿਮਰੀ ਕੌਰ ਨੇ ਦੂਜਾ ਤੇ ਸੀਬਾ ਸਕੂਲ ਦੀ ਹੀ ਹਰਨੂਰਦੀਪ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਅੱਠਵੀਂ ਜਮਾਤ ਵਿੱਚ ਸਸਸਸ ਥਲੇਸ ਦੀ ਪ੍ਰਭਜੋਤ ਕੌਰ ਤੇ ਸੀਬਾ ਸਕੂਲ ਦੀ ਨਿਸ਼ਠਾ ਨੇ ਪਹਿਲਾ, ਸੀਬਾ ਸਕੂਲ ਦੀ ਹਰਜੋਤ ਕੌਰ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੇ ਅਭੀ ਗੋਇਲ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਨੌਵੀਂ ਜਮਾਤ ਵਿੱਚ ਸੀਬਾ ਸਕੂਲ ਲਹਿਰਾਗਾਗਾ ਦੇ ਰਣਜੋਧ ਸਿੰਘ ਨੇ ਪਹਿਲਾ, ਬਚਪਨ ਇੰਗਲਿਸ਼ ਸਕੂਲ ਸੰਗਰੂਰ ਦੀ ਅਨਵੀ ਨੇ ਦੂਜਾ ਤੇ ਸੀਬਾ ਸਕੂਲ ਲਹਿਰਾਗਾਗਾ ਦੇ ਪੁਸ਼ਪ੍ਰੀਤ ਸਿੰਘ ਨੇ ਤੀਜਾ ਸਥਾਨ ਪ੍ਰਾਪਤ ਕੀਤਾ, ਦਸਵੀਂ ਜਮਾਤ ਵਿੱਚ ਬਚਪਨ ਸਕੂਲ ਦੀ ਜਪਲੀਨ ਕੌਰ ਨੇ ਪਹਿਲਾ, ਬਚਪਨ ਸਕੂਲ ਦੇ ਹੀ ਭਵਜੀਤ ਸਿੰਘ ਨੇ ਦੂਜਾ ਤੇ ਦੇਵਰਾਜ ਡੀਏਵੀ ਸਕੂਲ ਲਹਿਰਗਾਗਾ ਦੀ ਮਨਜੋਤ ਕੌਰ ਨੇ ਤੀਜਾ, ਗਿਆਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦਾ ਦੀਪਕਪਾਲ ਸਿੰਘ ਤੇ ਮਹਿਲਾਂ ਸਕੂਲ ਦੀ ਹੀ ਕਮਲਪ੍ਰੀਤ ਕੌਰ ਨੇ ਪਹਿਲਾ, ਬਾਰਵੀਂ ਜਮਾਤ ਵਿੱਚ ਸਸਸਸ ਮਹਿਲਾਂ ਦੀ ਹਰਪ੍ਰੀਤ ਕੌਰ ਨੇ ਪਹਿਲਾ ਤੇ ਮਹਿਲਾਂ ਸਕੂਲ ਦੀ ਪ੍ਰਭਜੋਤ ਕੌਰ ਤੇ ਸਸਸਸ ਬਡਰੁੱਖਾਂ ਦੀ ਸਾਰੀਕਾ ਅਰੋੜਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਆਗੂਆਂ ਦੱਸਿਆ ਕਿ ਸਥਾਨਕ ਇਕਾਈ ਦੇ 35 ਸਕੂਲਾਂ ਦੇ 534 ਮਿਡਲ ਤੇ 487 ਸੈਕੰਡਰੀ ਕੁੱਲ 1021 ਵਿਦਿਆਰਥੀਆਂ ਨੇ 12 ਪ੍ਰੀਖਿਆ ਕੇਂਦਰਾਂ ਵਿੱਚ ਪ੍ਰੀਖਿਆ ਦਿੱਤੀ ਸੀ।

ਉਨ੍ਹਾਂ ਕਿਹਾ ਕਿ ਸੰਗਰੂਰ ਇਕਾਈ ਪੱਧਰੀ ਮੈਰਿਟ ਵਿੱਚ ਹਰੇਕ ਜਮਾਤ ਵਿੱਚੋਂ ਘੱਟੋ ਘੱਟ ਪਹਿਲੇ ਪੰਜ ਸਥਾਨਾਂ 'ਤੇ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਸਮਾਗਮ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ, ਯਾਦਗਾਰੀ ਚਿੰਨ੍ਹ ਤੇ ਸਨਮਾਨ ਪੱਤਰ ਦੇ ਕੇ ਤੇ ਸਹਿਯੋਗੀ, ਹਮਦਰਦ ਅਧਿਆਪਕਾਂ, ਸਕੂਲ ਮੁਖੀਆਂ ਤੇ ਪਤਵੰਤਿਆਂ ਨੂੰ ਵੀ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਜਾਵੇਗਾ।ਪ੍ਰੀਖਿਆ ਵਿੱਚ 35% ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨ ਪੱਤਰ ਦਿੱਤੇ ਜਾਣਗੇ।

# ਡੀ ਟੀ ਓ ਕਰਨ ਸਿੰਘ ਨੇ ਕ੍ਰਿਕਟ ਟੂਰਨਾਮੈਂਟ 'ਚ ਹਾਜ਼ਰੀ ਲਵਾਈ



**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸਬ ਡਵੀਜ਼ਨ ਅਧੀਨ ਆਉਂਦੇ ਕਸਬਾ ਘੱਗਾ ਵਿਖੇ ਚੱਲ ਰਹੇ ਕ੍ਰਿਕਟ ਟੂਰਨਾਮੈਂਟ ਦੌਰਾਨ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ ਲਹਿਰ) ਦੇ ਜਥੇਬੰਦਕ ਸਕੱਤਰ ਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਇੰਚਾਰਜ ਡੀਟੀਓ ਕਰਨ ਸਿੰਘ ਨੇ ਹਾਜ਼ਰੀ ਲਾ ਕੇ ਖਿਡਾਰੀਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਉਨ੍ਹਾਂ ਖਿਡਾਰੀਆਂ ਦੀ ਖੇਡ ਪ੍ਰਤੀ ਭਾਵਨਾ ਦੀ ਤਾਰੀਫ਼ ਕਰਦੇ ਹੋਏ ਉਨ੍ਹਾਂ ਨੂੰ ਖੇਡਾਂ ਦੇ ਖੇਤਰ ਵਿੱਚ ਹੋਰ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ।ਸੀਨੀਅਰ ਅਕਾਲੀ ਆਗੂ ਅਤੇ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੀ ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਦੇ ਪਤੀ ਡੀਟੀਓ ਕਰਨ ਸਿੰਘ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬੇ ਦੇ ਲੋਕਾਂ ਨਾਲ ਵੱਡੇ-ਵੱਡੇ ਵਾਅਦੇ ਕੀਤੇ ਸਨ, ਪਰ ਹੁਣ ਸਰਕਾਰ ਜਿੱਥੇ ਵਿਕਾਸ ਦੇ ਡਰਾਮੇ ਕਰ ਰਹੀ ਹੈ, ਉੱਥੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਦੇ ਦਮਗਜੇ ਮਾਰ ਰਹੀ ਹੈ, ਪਰ ਅਸਲੀਅਤ ਵਿੱਚ ਸਰਕਾਰ ਵੱਲੋਂ ਖਿਡਾਰੀਆਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ।ਇਸ ਤੋਂ ਬਾਅਦ ਉਨ੍ਹਾਂ ਪਿੰਡ ਡਰੌਲੀ ਵਿਖੇ ਕਈ ਸੀਨੀਅਰ ਅਤੇ ਯੂਥ ਆਗੂਆਂ ਨਾਲ ਗੋਪੀ ਸਰਪੰਚ ਦੇ ਘਰ ਜਾ ਕੇ ਕਈ ਵਿਸ਼ਿਆਂ ਤੇ ਵਿਚਾਰ-ਵਿਟਾਂਦਰਾ ਕੀਤਾ।

ਇਸ ਤੋਂ ਇਲਾਵਾ ਪਾਰਟੀ ਦੇ ਯੂਥ ਆਗੂ ਗੋਲਡੀ ਕਾਹਨਗੜ੍ਹ ਦੀ ਧਰਮ-ਪਤਨੀ ਜੋ ਛੋਟੀ ਉਮਰੇ ਆਪਣੇ ਸੁਆਸਾਂ ਦੀ ਪੂੰਜੀ ਪੂਰੀ ਕਰ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੇ ਅਕਾਲ ਚਲਾਣੇ ਕਰ ਜਾਣ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਹੋਰ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਲਹਿਰ ਦੇ ਸੀਨੀਅਰ ਆਗੂ ਗੋਬਿੰਦ ਸਿੰਘ ਵਿਰਦੀ, ਬੁਲਾਰੇ ਵਰੁਣ ਕਾਂਸਲ ਅਤੇ ਬਬਲੀ ਕੌਂਸਲਰ ਘੱਗਾ ਆਦਿ ਹਾਜ਼ਰ ਸਨ।

## ਡਾ. ਜੇਮਜ਼ ਵਾਟਸਨ ਦੀ ਯਾਦ 'ਚ ਸ਼ੋਕ ਸਭਾ



**ਸਮਰਾਲਾ (ਸੁਰਜੀਤ ਸਿੰਘ)**-ਪੀ ਜੀ ਆਈ ਚੰਡੀਗੜ੍ਹ ਦੇ ਡਿਪਾਰਟਮੈਂਟ ਆਫ ਐਕਸਪੈਰੀਮੈਂਟਲ ਮੈਡੀਸਨ ਐਂਡ ਬਾਇਓਟੈਕਨਾਲੋਜੀ ਵੱਲੋਂ ਵਿਸ਼ਵ ਪ੍ਰਸਿੱਧ ਵਿਗਿਆਨੀ ਡਾ. ਜੇਮਜ਼ ਡਿਊਈ ਵਾਟਸਨ ਦੀ ਯਾਦ ਵਿੱਚ ਇੱਕ ਮਿੰਟ ਦਾ ਮੌਨ ਰੱਖਿਆ ਗਿਆ।ਉਨ੍ਹਾਂ ਦੇ ਵਿਗਿਆਨ ਦੇ ਖੇਤਰਾਂ ਵਿੱਚ ਕੀਤੇ ਗਏ ਬੇਮਿਸਾਲ ਯੋਗਦਾਨ ਹਮੇਸ਼ਾ ਲਈ ਅਮਰ ਰਹਿਣਗੇ।ਵਾਟਸਨ ਤੇ ਫ੍ਰੈਂਸਿਸ ਕ੍ਰਿਕ ਵੱਲੋਂ 1953 ਵਿੱਚ ਕੀਤੀ ਗਈ ਇਤਿਹਾਸਕ ਖੋਜ, ਡੀ.ਐੱਨ.ਏ. ਦੀ ਡਬਲ ਹੈਲਿਕਸ ਸੰਰਚਨਾ, ਜਿਸ ਨੂੰ ਜ਼ਿੰਦਗੀ ਦਾ ਨਕਸ਼ਾ ਕਿਹਾ ਜਾਂਦਾ ਹੈ, 20ਵੀਂ ਸਦੀ ਦੀ ਸਭ ਤੋਂ ਮਹੱਤਵਪੂਰਨ ਖੋਜਾਂ ਵਿੱਚੋਂ ਇੱਕ ਮੰਨੀ ਜਾਂਦੀ ਹੈ। ਫੈਕਲਟੀ ਮੈਂਬਰਾਂ, ਸਟਾਫ ਤੇ ਵਿਦਿਆਰਥੀਆਂ ਨੇ ਇਕੱਠੇ ਹੋ ਕੇ ਇਸ ਮਹਾਨ ਵਿਗਿਆਨੀ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਅਗਵਾਈ ਭਰੇ ਕੰਮ ਤੇ ਸਮਰਪਣ ਨੂੰ ਯਾਦ ਕੀਤਾ, ਜੋ ਅੱਜ ਵੀ ਨਵੀਂ ਪੀੜ੍ਹੀ ਦੇ ਵਿਗਿਆਨੀਆਂ ਲਈ ਪ੍ਰੇਰਨਾ ਦਾ ਸਰੋਤ ਹੈ।ਉਨ੍ਹਾਂ ਦੀ ਵਿਗਿਆਨਿਕ ਸੋਚ ਸਾਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਖੋਜਕਾਰਾਂ ਨੂੰ ਪ੍ਰੇਰਿਤ ਕਰਦੀ ਰਹੇਗੀ ਤੇ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਪ੍ਰਾਪਤ ਹੋਵੇ।

## ਫੱਤਣਵਾਲਾ ਨੇ ਪਿੰਡ ਦੇ ਨੌਜਵਾਨਾਂ ਨੂੰ ਦਿੱਤੀ ਕ੍ਰਿਕਟ ਕਿੱਟ



**ਸ੍ਰੀ ਮੁਕਤਸਰ ਸਾਹਿਬ (ਕੁਲ ਭੂਸ਼ਨ ਚਾਵਲਾ)**-ਪੰਜਾਬ ਦੇ ਨੌਜਵਾਨਾਂ ਨੂੰ ਹੇਠਾਂ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਯੂਥ ਅਕਾਲੀ ਦਲ ਦੇ ਵਾਇਸ ਪ੍ਰਧਾਨ ਜੈ ਰਾਜ ਸਿੰਘ ਬਰਾੜ ਫੱਤਣਵਾਲਾ ਨੇ ਆਪਣੀ ਨੇਕ ਕਮਾਈ ਵਿੱਚੋਂ ਪਿੰਡ ਦੇ ਨੌਜਵਾਨਾਂ ਨੂੰ ਕ੍ਰਿਕਟ ਕਿੱਟ ਤੇ ਹੋਰ ਖੇਡਾਂ ਦਾ ਸਾਮਾਨ ਦੇ ਕੇ ਹੌਸਲਾ ਅਫ਼ਜ਼ਾਈ ਕੀਤੀ।ਇਸ ਮੌਕੇ ਜੈ ਰਾਜ ਸਿੰਘ ਬਰਾੜ ਨੇ ਦੱਸਿਆ ਕਿ ਪਿੰਡ ਫੱਤਣਵਾਲਾ ਵਿਖੇ ਨੌਜਵਾਨਾਂ 'ਚ ਕ੍ਰਿਕਟ ਖੇਡਣ ਦਾ ਮੁੱਢ ਤੋਂ ਬਹੁਤ ਸ਼ੌਕ ਤੇ ਉਤਸ਼ਾਹ ਹੈ, ਜਿਸ ਨੂੰ ਲੈ ਕੇ ਮੇਰੇ ਧਿਆਨ 'ਚ ਆਇਆ ਸੀ ਕਿ ਨੌਜਵਾਨਾਂ ਨੂੰ ਕ੍ਰਿਕਟ ਖੇਡਣ ਲਈ ਜ਼ਰੂਰੀ ਸਾਮਾਨ ਦੀ ਬਹੁਤ ਲੋੜ ਹੈ, ਜਿਸ ਉਪਰੰਤ ਮੇਰੇ ਵੱਲੋਂ ਆਪਣੀ ਨੇਕ ਕਮਾਈ ਵਿੱਚੋਂ ਕ੍ਰਿਕਟ ਕਿੱਟ ਤੇ ਹੋਰ ਸਾਮਾਨ ਦਿੱਤਾ ਗਿਆ।ਇਸ ਮੌਕੇ ਪਿੰਡ ਦੇ ਨੌਜਵਾਨਾਂ ਨੇ ਜੈ ਰਾਜ ਸਿੰਘ ਬਰਾੜ ਫੱਤਣਵਾਲਾ ਦਾ ਧੰਨਵਾਦ ਕੀਤਾ।ਇਸ ਮੌਕੇ ਜੈ ਰਾਜ ਸਿੰਘ ਬਰਾੜ ਨੇ ਕਿਹਾ ਕਿ ਜੇਕਰ ਅਸੀਂ ਪੰਜਾਬ ਵਿੱਚੋਂ ਨਸ਼ਾ ਖਤਮ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਆਪਣੀ ਨੌਜਵਾਨ ਪੀੜ੍ਹੀ ਨੂੰ ਖੇਡਾਂ ਤੇ ਗਰਾਊਂਡ ਨਾਲ ਜੋੜਨਾ ਪਵੇਗਾ।ਇਸ ਮੌਕੇ ਰੋਬੀ ਬਰਾੜ, ਸ਼ਮਿੰਦਰ ਸਿੰਘ ਸੰਧੂ, ਹਰਪ੍ਰੀਤ ਸਿੰਘ, ਗੁਰਬਾਜ਼ ਸਿੰਘ, ਸੰਦੀਪ ਸਿੰਘ, ਹਰਮਨਦੀਪ ਸਿੰਘ, ਰਾਜਵੀਰ ਸਿੰਘ, ਦੀਪਇੰਦਰ ਸਿੰਘ, ਜਗਦੀਸ਼ ਸਿੰਘ, ਓਂਕਾਰ ਸਿੰਘ, ਮਨਦੀਪ ਸਿੰਘ, ਗੁਰਸ਼ਰਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ 'ਚ ਪਿੰਡ ਫੱਤਣਵਾਲਾ ਦੇ ਨੌਜਵਾਨ ਮੌਜੂਦ ਸਨ।

## ਮਾਡਰਨ ਕਾਲਜ ਬੀਰ ਕਲਾਂ ਵਿਖੇ ਕਲਾ ਉਤਸਵ ਪ੍ਰੋਗਰਾਮ ਕਰਾਇਆ



**ਚੀਮਾ ਮੰਡੀ (ਰਵਿੰਦਰ ਚੀਮਾ)**-ਮਾਡਰਨ ਗਰੁੱਪ ਆਫ਼ ਕਾਲਜਿਜ਼ ਬੀਰ ਕਲਾਂ (ਸੰਗਰੂਰ) ਵੱਲੋਂ ਕਾਲਜ ਦੇ ਚੇਅਰਮੈਨ ਰਵਿੰਦਰ ਬਾਂਸਲ ਤੇ ਪ੍ਰਿੰਸੀਪਲ ਡਾਕਟਰ ਵੀ ਕੇ ਰਾਏ ਦੀ ਰਹਿਨੁਮਾਈ ਹੇਠ ਸੱਭਿਆਚਾਰਕ ਪ੍ਰੋਗਰਾਮ 'ਕਲਾ ਉਤਸਵ' ਕਰਵਾਇਆ ਗਿਆ।ਇਸ ਪ੍ਰੋਗਰਾਮ ਦੇ ਸਟੇਜ ਸਕੱਤਰ ਦੀ ਭੂਮਿਕਾ ਪ੍ਰੋਫੈਸਰ ਅਮਨਦੀਪ ਕੌਰ (ਇਤਿਹਾਸ) ਤੇ ਪ੍ਰੋਫੈਸਰ ਅਮਨਦੀਪ ਕੌਰ (ਪੰਜਾਬੀ) ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਵੱਖ ਵੱਖ ਵਿਦਿਆਰਥੀਆਂ ਵੱਲੋਂ ਵੱਖ-ਵੱਖ ਕਲਾਵਾਂ ਵਿੱਚ ਭਾਗ ਲਿਆ ਗਿਆ, ਜਿਵੇਂ ਕਿ ਲੋਕ-ਨਾਚ ਲੁੱਡੀ, ਗਿੱਧਾ, ਭੰਗੜਾ, ਕਵਿਤਾ, ਸੰਗੀਤ ਆਦਿ।ਇਸ ਤੋਂ ਇਲਾਵਾ ਵਿਦਿਆਰਥੀਆਂ ਵੱਲੋਂ ਰਵਾਇਤੀ ਪਹਿਰਾਵਾ ਦੀ ਪੇਸ਼ਕਾਰੀ ਕੀਤੀ ਗਈ।ਕਾਲਜ ਦੇ ਚੇਅਰਮੈਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਹੋ ਜਿਹੇ ਪ੍ਰੋਗਰਾਮ ਕਰਵਾਉਣ ਦਾ ਮਕਸਦ ਵਿਦਿਆਰਥੀਆਂ ਨੂੰ ਸੱਭਿਆਚਾਰ ਦੀਆਂ ਮੂਲ ਜੜ੍ਹਾਂ ਨਾਲ ਜੋੜਨਾ ਹੈ।ਇਸ ਮੌਕੇ ਸਮੂਹ ਪ੍ਰੋਫੈਸਰ ਸਾਹਿਬਾਨ ਤੇ ਵਿਦਿਆਰਥੀ ਹਾਜ਼ਰ ਸਨ।

## ਗਲੋਬਲ ਸਕੂਲ ਦੇ ਵਿਦਿਆਰਥੀਆਂ ਦਾ 'ਕਿਸ ਮੇਂ ਕਿਤਨਾ ਹੈ ਦਮ' 'ਚ ਸ਼ਾਨਦਾਰ ਪ੍ਰਦਰਸ਼ਨ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐੱਸ.ਈ. ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਰਾਮਪੁਰਾ ਫੂਲ ਦੇ ਵਿਦਿਆਰਥੀਆਂ ਨੇ 'ਕਿਸ ਮੇਂ ਕਿਤਨਾ ਹੈ ਦਮ-2025' ਦੇ ਵੱਖ-ਵੱਖ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ?ਸਕੂਲ ਦੇ ਬਹੁਤ ਸਾਰੇ ਵਿਦਿਆਰਥੀਆਂ ਨੇ ਵੱਖ-ਵੱਖ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਜਿਵੇਂ ਕਿ ਡਾਂਸ, ਕੁਇਜ਼, ਪੇਂਟਿੰਗ, ਮਾਡਲਿੰਗ, ਗਾਇਨ ਤੇ ਆਮ ਗਿਆਨ ਵਿੱਚ ਹਿੱਸਾ ਲਿਆ, ਜਿਸ ਵਿੱਚ ਵਿਦਿਆਰਥੀਆਂ ਅਰਮਾਨ, ਰਿਆਂਸ਼ੀ, ਨਿਧੀ, ਜਸ਼ਨਪ੍ਰੀਤ ਸਿੰਘ, ਭੁਵਨੇਸ਼, ਤਰਿਸ਼ਾ, ਰਿਸ਼ੂ ਯਾਦਵ, ਹਰਦੀਪ ਸਿੰਘ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਦਿਆਂ ਗੋਲਡ ਮੈਡਲ ਤੇ ਸਰਟੀਫਿਕੇਟ ਪ੍ਰਾਪਤ ਕੀਤੇ। ?ਬੱਚਿਆਂ ਦੀ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦੇ ਹੋਏ ਸਕੂਲ ਦੇ ਚੇਅਰਮੈਨ ਇੰਜੀਨੀਅਰ ਕਮਲੇਸ਼ ਸਰਾਫ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੇ ਮਾਰਗਦਰਸ਼ਨ ਤੇ ਮਾਪਿਆਂ ਦੇ ਸਹਿਯੋਗ ਦਾ ਨਤੀਜਾ ਹੈ। ?ਸਕੂਲ ਦਾ ਮਿਸ਼ਨ ਵਿਦਿਆਰਥੀਆਂ ਵਿੱਚ ਸੰਪੂਰਨ ਵਿਕਾਸ ਨੂੰ ਉਤਸ਼ਾਹਤ ਕਰਨਾ ਹੈ ਤਾਂ ਜੋ ਉਹ ਹਰ ਖੇਤਰ 'ਚ ਉੱਤਮਤਾ ਪ੍ਰਾਪਤ ਕਰ ਸਕਣ।ਉਨ੍ਹਾਂ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਅੱਗੇ ਵਧਣ ਲਈ ਉਤਸ਼ਾਹਤ ਕੀਤਾ।

## ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਹੋਈ ਅਹਿਮ ਮੀਟਿੰਗ



**ਮਾਨਸਾ (ਆਤਮਾ ਸਿੰਘ ਪਮਾਰ)**-ਪੰਜਾਬ ਕਿਸਾਨ ਯੂਨੀਅਨ ਮਾਲਵਾ ਜ਼ੋਨ ਦੀ ਅਹਿਮ ਮੀਟਿੰਗ ਬਾਬਾ ਬੂਝਾ ਸਿੰਘ ਭਵਨ ਵਿਖੇ ਹੋਈ। ਪਿਛਲੇ ਪ੍ਰੋਗਰਾਮਾਂ ਦੀ ਸਮੀਖਿਆ ਉਪਰੰਤ 14 ਨਵੰਬਰ ਨੂੰ ਕੌਮੀ ਇਨਸਾਫ਼ ਮੋਰਚੇ ਦੇ ਸੱਦੇ ਤਹਿਤ ਤਮਾਮ ਬੰਦੀ ਸਿੰਘਾਂ ਦੀ ਰਿਹਾਈ ਲਈ ਦਿੱਲੀ ਧਰਨੇ ਦੌਰਾਨ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ ਜਾਵੇਗੀ। 26 ਨਵੰਬਰ ਨੂੰ ਦਿੱਲੀ ਵਿਖੇ ਜਿੱਤ ਅੰਦੋਲਨ ਦੀ ਵਰ੍ਹਗੰਢ ਦੌਰਾਨ ਵੀ ਵਰਕਰ ਪਹੁੰਚਣਗੇ। ਇਸਦੀਆਂ ਤਿਆਰੀਆਂ ਸੰਬੰਧੀ ਹੇਠਲੇ ਪੱਧਰ 'ਤੇ ਡਿਊਟੀਆਂ ਲਾ ਦਿੱਤੀਆਂ ਗਈਆਂ ਹਨ। ਮੀਟਿੰਗ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸੈਨੇਟ ਦੀਆਂ ਚੋਣਾਂ ਕਰਾਉਣ ਦੀ ਮੰਗ ਨੂੰ ਲੈ ਕੇ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕੀਤੀ ਅਤੇ ਹਮਾਇਤ 'ਚ ਪਹੁੰਚੇ ਸੂਬਾ ਪ੍ਰਧਾਨ ਰੁਲਦੂ ਸਿੰਘ ਮਾਨਸਾ ਤੇ ਉਨ੍ਹਾਂ ਨਾਲ ਗਏ ਵਰਕਰਾਂ ਦੀ ਚੰਡੀਗੜ੍ਹ ਪੁਲਿਸ ਵੱਲੋਂ ਕੀਤੀ ਗਈ ਗ੍ਰਿਫ਼ਤਾਰੀ ਦੀ ਨਿੰਦਾ ਕਰਦਿਆਂ ਇਸ ਨੂੰ ਗ਼ੈਰ ਜਮਹੂਰੀ ਕਾਰਵਾਈ ਕਰਾਰ ਦਿੱਤਾ ਗਿਆ।

## ਮੇਅਰ ਵੱਲੋਂ ਚੈਕਿੰਗ ਦੌਰਾਨ ਮੁਲਾਜ਼ਮਾਂ ਨੂੰ ਲੋਕ ਪੱਖੀ ਕੰਮਾਂ ਨੂੰ ਪਹਿਲ ਦੇਣ ਦੇ ਨਿਰਦੇਸ਼



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪਟਿਆਲਾ ਨਿਗਮ ਵੱਲੋਂ ਸ਼ਹਿਰ 'ਚ ਵਿਕਾਸ ਕਾਰਜਾਂ ਦੀ ਗਤੀ ਵਿੱਚ ਤੇਜ਼ੀ ਲਿਆਉਣ ਅਤੇ ਜਨਤਕ ਸੁਵਿਧਾਵਾਂ ਨੂੰ ਮਜ਼ਬੂਤ ਬਣਾਉਣ ਲਈ ਲਗਾਤਾਰ ਕੋਸ਼ਿਸ਼ਾਂ ਜਾਰੀ ਹਨ। ਇਸੇ ਤਹਿਤ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਅਚਨਚੇਤ ਨਿਗਮ ਦਫ਼ਤਰ ਵਿੱਚ ਚੈਕਿੰਗ ਕੀਤੀ, ਜਿਸ ਦੌਰਾਨ ਉਨ੍ਹਾਂ ਨੇ ਵੱਖ ਵੱਖ ਵਿੰਗਾਂ ਵਿੱਚ ਕੰਮ ਕਰ ਰਹੇ ਅਧਿਕਾਰੀਆਂ ਅਤੇ ਕਰਮਚਾਰੀਆਂ ਤੋਂ ਕੰਮ ਕਾਜ ਸੰਬੰਧੀ ਜਾਣਕਾਰੀ ਲਈ।ਚੈਕਿੰਗ ਦੌਰਾਨ ਉਨ੍ਹਾਂ ਨੇ ਸਾਫ਼ ਸਫਾਈ, ਸੜਕਾਂ ਦੀ ਮੁਰੰਮਤ, ਲਾਈਟਾਂ ਦੀ ਮੁਰੰਮਤ, ਨਿਕਾਸੀ ਪ੍ਰਣਾਲੀ ਅਤੇ ਸਫਾਈ ਪ੍ਰਬੰਧਾਂ ਬਾਰੇ ਖਾਸ ਤੌਰ 'ਤੇ ਦਿਲਚਸਪੀ ਦਿਖਾਈ। ਮੇਅਰ ਨੇ ਨਿਰਦੇਸ਼ ਦਿੱਤੇ ਕਿ ਜਿਹੜੀ ਵੀ ਜਨਤਾ ਨਿਗਮ ਨਾਲ ਸੰਬੰਧਿਤ ਕਿਸੇ ਵੀ ਕੰਮ ਲਈ ਆਉਂਦੀ ਹੈ, ਉਸਦੀ ਸਮੱਸਿਆ ਦਾ ਤੁਰੰਤ ਨਿਪਟਾਰਾ ਕੀਤਾ ਜਾਵੇ।ਮੇਅਰ ਕੁੰਦਨ ਗੋਗੀਆ ਨੇ ਕਿਹਾ ਕਿ ਨਿਗਮ ਦਾ ਮੁੱਖ ਮਕਸਦ ਸ਼ਹਿਰ ਵਾਸੀਆਂ ਨੂੰ ਸੁਵਿਧਾਜਨਕ ਅਤੇ ਸੁੱਚਾ ਵਾਤਾਵਰਣ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਨਿਗਮ ਦੇ ਦਫ਼ਤਰਾਂ ਦੇ ਚੱਕਰ ਨਹੀਂ ਕੱਟਣ ਪੈਣੇ ਚਾਹੀਦੇ। ਇਸ ਲਈ ਜ਼ਰੂਰੀ ਹੈ ਕਿ ਹਰ ਮੁਲਾਜ਼ਮ ਆਪਣੀ ਜ਼ਿੰਮੇਵਾਰੀ ਸੁਚੱਜੇ ਤਰੀਕੇ ਨਾਲ ਨਿਭਾਏ। ਇਸ ਮੌਕੇ ਮੇਅਰ ਨੇ ਵੱਖ-ਵੱਖ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜੋ ਵੀ ਸ਼ਿਕਾਇਤਾਂ ਵਾਰਡ ਪੱਧਰ 'ਤੇ ਪ੍ਰਾਪਤ ਹੁੰਦੀਆਂ ਹਨ, ਉਹਨਾਂ ਨੂੰ 24 ਤੋਂ 48 ਘੰਟਿਆਂ ਦੇ ਅੰਦਰ-ਅੰਦਰ ਦੂਰ ਕੀਤਾ ਜਾਵੇ। ਇਸ ਤੋਂ ਇਲਾਵਾ, ਚੱਲ ਰਹੇ ਵਿਕਾਸ ਕਾਰਜਾਂ ਦੀ ਗਤੀ ਤੇਜ਼ ਕਰਨ ਅਤੇ ਗੁਣਵੱਤਾ 'ਤੇ ਖਾਸ ਧਿਆਨ ਦੇਣ ਦੇ ਹੁਕਮ ਵੀ ਦਿੱਤੇ ਗਏ।ਕੁੰਦਨ ਗੋਗੀਆ ਨੇ ਕਿਹਾ ਕਿ ਨਿਗਮ ਵਿੱਚ ਪਾਰਦਰਸ਼ਤਾ ਅਤੇ ਤੁਰੰਤ ਕਾਰਵਾਈ ਮੁੱਖ ਤਰਜੀਹ ਰਹੇਗੀ। ਜੇਕਰ ਕਿਸੇ ਵੀ ਮਾਮਲੇ ਵਿੱਚ ਲਾਪਰਵਾਹੀ ਪਾਈ ਗਈ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਨੇ ਕਿਹਾ ਕਿ ਨਿਗਮ ਦਾ ਮੁੱਖ ਫੋਕਸ ਸੜਕਾਂ, ਪਾਰਕਾਂ, ਸਫਾਈ ਅਤੇ ਪਾਣੀ ਸਪਲਾਈ ਵਿੱਚ ਸੁਧਾਰ ਲਿਆਉਣਾ ਹੈ. ਚੈਕਿੰਗ ਦੌਰਾਨ ਮੇਅਰ ਨੇ ਦਫ਼ਤਰ ਦੀ ਹਾਜ਼ਰੀ ਰਜਿਸਟਰ ਦੀ ਵੀ ਜਾਂਚ ਕੀਤੀ ਅਤੇ ਦੇਰੀ ਨਾਲ ਆਉਣ ਵਾਲੇ ਕਰਮਚਾਰੀਆਂ ਨੂੰ ਨੂੰ ਵੀ ਸਮੇਂ ਨਾਲ ਆਉਣ ਲਈ ਨਿਰਦੇਸ਼ ਜਾਰੀ ਕੀਤੇ।

## ਪੀ ਯੂ ਬਚਾਓ ਮੋਰਚੇ 'ਚ ਜਾਣ ਤੋਂ ਰੋਕਣਾ ਜਮਹੂਰੀਅਤ ਦਾ ਘਾਣ : ਐਡਵੋਕੇਟ ਖੇੜੀ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਪੁਲਸ ਵੱਲੋਂ ਕੀਤੀ ਕਾਰਵਾਈ ਅਤਿ ਨਿੰਦਣਯੋਗ ਹੈ, ਅਜਿਹਾ ਕਰਕੇ ਜਮਹੂਰੀਅਤ ਦਾ ਗਲਾ ਘੁੱਟਿਆ ਹੈ।ਇਹ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਕੀਤਾ।ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਬਦਨੀਤੀ ਕਰਕੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ, ਸਿੰਡੀਕੇਟ ਨੂੰ ਭੰਗ ਕਰਨ ਦੇ ਨਾਲ-ਨਾਲ ਮੈਂਬਰਾਂ ਦੀ ਗਿਣਤੀ ਘਟਾਉਣ, ਪੁਰਾਣੇ ਵਿਦਿਆਰਥੀਆਂ ਦੀ ਨੁਮਾਇੰਦਗੀ ਖ਼ਤਮ ਕਰਕੇ ਇਸ ਨੂੰ ਨਾਮਜ਼ਦ ਸੰਸਥਾ ਬਣਾ ਕੇ ਆਪਣੇ ਅਧੀਨ ਕਰਨਾ ਚਾਹੁੰਦੀ ਹੈ, ਪਰ ਸੂਬੇ ਦੇ ਅਣਖੀ ਲੋਕ ਅਜਿਹਾ ਹਰਗਿਜ਼ ਨਹੀਂ ਹੋਣ ਦੇਣਗੇ।ਐਡਵੋਕੇਟ ਜਸਵੀਰ ਸਿੰਘ ਖੇੜੀ ਨੇ ਮੋਰਚੇ ਵਿੱਚ ਸ਼ਾਮਲ ਹੋਣ ਜਾ ਰਹੇ ਵਿਦਿਆਰਥੀਆਂ, ਵੱਖ-ਵੱਖ ਆਗੂਆਂ, ਇਨਸਾਫ ਪਸੰਦ ਲੋਕਾਂ ਨੂੰ ਪੁਲਸ ਪ੍ਰਸ਼ਾਸਨ ਵੱਲੋਂ ਜ਼ਲੀਲ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਧੱਕੇਸ਼ਾਹੀ ਨੂੰ ਬੰਦ ਕਰਕੇ ਸੈਨਟ ਚੋਣਾਂ ਛੇਤੀ ਕਰਵਾਉਣ ਦੀ ਮੰਗ ਉਠਾਈ।ਉਨ੍ਹਾਂ ਸਮੂਹ ਇਨਸਾਫ ਪਸੰਦ ਲੋਕਾਂ, ਖਾਸ ਕਰ ਨੌਜਵਾਨ ਵਰਗ ਨੂੰ ਇਸ ਸੰਘਰਸ਼ ਪ੍ਰਤੀ ਲਾਮਬੰਦ ਹੋਣ ਦੀ ਅਪੀਲ ਕੀਤੀ।

## ਚੱਲ ਰਹੇ ਬਿਜਲੀ ਮੁਲਾਜ਼ਮਾਂ ਦੇ ਸੰਘਰਸ਼ ਸੰਬੰਧੀ ਸੂਬਾਈ ਆਗੂਆਂ ਨਾਲ ਚਰਚਾ



**ਲੁਧਿਆਣਾ (ਜਸਦੀਪ ਵਰੋਲਿਆ)**-ਮੌਜੂਦਾ ਸਮੇਂ ਬਿਜਲੀ ਮੁਲਾਜ਼ਮਾਂ ਦੀਆਂ ਸਾਂਝੀਆਂ ਜਥੇਬੰਦੀਆਂ ਵੱਲੋਂ ਸਾਂਝੇ ਤੌਰ 'ਤੇ ਬਿਜਲੀ ਨਿਗਮ ਦੀਆਂ ਜ਼ਮੀਨਾਂ ਵੇਚਣ ਦੇ ਵਿਰੋਧ ਤੇ ਬਿਜਲੀ ਬਿੱਲ 2025 ਦੀ ਵਾਪਸੀ ਲਈ ਬਹੁਤ ਹੀ ਮਜ਼ਬੂਤ ਅੰਦੋਲਨ ਵਿੱਢਿਆ ਹੋਇਆ ਹੈ, ਜਿਸ ਨੂੰ ਹੋਰ ਮਜ਼ਬੂਤੀ ਪ੍ਰਦਾਨ ਕਰਨ ਲਈ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਲੁਧਿਆਣਾ ਦੇ ਆਗੂ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਸੂਬਾਈ ਲੀਡਰਸ਼ਿਪ ਸ. ਗੁਰਪ੍ਰੀਤ ਸਿੰਘ ਗੰਡੀਵਿੰਡ ਕਨਵੀਨਰ ਏਕਤਾ ਮੰਚ, ਤਰਨ ਸਿੰਘ ਮਜਾਰੀ ਕਨਵੀਨਰ ਜੁਆਇੰਟ ਫੋਰਮ, ਸੁਰਿੰਦਰ ਪਾਲ ਸਿੰਘ ਲਾਹੌਰੀਆ ਸੂਬਾ ਜਨਰਲ ਸਕੱਤਰ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਨਾਲ ਮੁਲਾਕਾਤ ਕੀਤੀ, ਜਿਸ ਬਾਰੇ ਗੱਲ ਕਰਦਿਆਂ ਸ. ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਲੁਧਿਆਣਾ ਜ਼ਿਲ੍ਹੇ ਦੇ ਸਮੂਹ ਪੱਤਰਕਾਰਾਂ ਤੇ ਮੀਡੀਆ ਅਦਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੀਤੇ ਦਿਨਾਂ 'ਚ ਬਿਜਲੀ ਨਿਗਮ ਦੀਆਂ ਜ਼ਮੀਨਾਂ ਵੇਚਣ ਦੇ ਵਿਰੋਧ ਤੇ ਬਿਜਲੀ ਬਿੱਲ 2025 ਦੀ ਵਾਪਸੀ ਲਈ ਜੋ ਧਰਨੇ ਮੁਜ਼ਾਹਰਿਆਂ ਦੇ ਪ੍ਰੋਗਰਾਮ ਦਿੱਤੇ ਗਏ ਸਨ, ਉਨ੍ਹਾਂ ਨੂੰ ਬਹੁਤ ਹੀ ਵਧੀਆ ਢੰਗ ਨਾਲ ਮੀਡੀਆ ਨੇ ਆਮ ਲੋਕਾਂ ਤੱਕ ਪਹੁੰਚਾਇਆ ਹੈ।ਉਨ੍ਹਾਂ ਕਿਹਾ ਕਿ ਬਿਜਲੀ ਮੰਤਰੀ ਲੁਧਿਆਣਾ ਜ਼ਿਲ੍ਹੇ ਨਾਲ ਸੰਬੰਧਤ ਹੋਣ ਕਾਰਨ ਬਿਜਲੀ ਮੁਲਾਜ਼ਮਾਂ ਦੇ ਸਾਰੇ ਧਰਨੇ ਮੁਜ਼ਾਹਰੇ ਏਥੇ ਹੀ ਹੋਇਆ ਕਰਨੇ ਹਨ, ਜਿਨ੍ਹਾਂ ਨੂੰ ਪਹਿਲਾਂ ਦੀ ਤਰ੍ਹਾਂ ਸਫਲ ਬਣਾਉਣ ਲਈ ਮੀਡੀਆ ਨਾਲ ਲਗਾਤਾਰ ਕਿਸ ਪ੍ਰਕਾਰ ਰਾਬਤਾ ਰੱਖਿਆ ਜਾਵੇ, ਉਸ ਬਾਰੇ ਸੀਨੀਅਰ ਲੀਡਰਾਂ ਨਾਲ ਗੱਲ ਹੋਈ ਹੈ।ਸ. ਮਹਿਦੂਦਾਂ ਨੇ ਦੱਸਿਆ ਕਿ ਕਿਸਾਨ, ਮਜ਼ਦੂਰ ਤੇ ਵਿਦਿਆਰਥੀ ਜਥੇਬੰਦੀਆਂ ਦੀ ਸ਼ਮੂਲੀਅਤ ਤਾਂ ਬਿਜਲੀ ਮੁਲਾਜ਼ਮਾਂ ਦੇ ਸਾਂਝੇ ਸੰਘਰਸ਼ 'ਚ ਹੋ ਚੁੱਕੀ ਹੈ, ਪਰ ਇਸ ਨੂੰ ਹੋਰ ਸੰਘਰਸ਼ ਬਣਾਉਣ ਲਈ ਸਥਾਨਕ ਪੱਧਰ 'ਤੇ ਲੋਕਾਂ ਨਾਲ ਵੀ ਕਿਵੇਂ ਰਾਬਤਾ ਕੀਤਾ ਜਾਵੇ, ਬਾਰੇ ਵੀ ਗੱਲਬਾਤ ਹੋਈ ਹੈ।ਮਹਿਦੂਦਾਂ ਨੇ ਲੋਕਾਂ ਨੂੰ ਲਾਮਬੰਧ ਕੀਤਾ ਕਿ ਉਹ ਕਿਸਾਨਾਂ ਤੋਂ ਕੁਝ ਸਿੱਖਣ, ਜਿਨ੍ਹਾਂ ਨੇ ਭਾਜਪਾ ਦੇ ਤਿੰਨ ਲੋਕ-ਮਾਰੂ ਬਿੱਲ ਨੂੰ ਪੜ੍ਹ ਕੇ ਆਪਣੇ ਕਿਸਾਨ ਭਰਾਵਾਂ ਨੂੰ ਇਸ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਤੁਰ ਪਏ ਸੂਝ ਕਰ ਦਿੱਤੇ ਹਨ।ਇਸੇ ਤਰ੍ਹਾਂ ਬਿਜਲੀ ਮੁਲਾਜ਼ਮ ਵੀ ਲੋਕਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਇਹ ਤੁਹਾਨੂੰ ਤਬਾਹ ਕਰ ਦੇਣਗੇ, ਇਸ ਲਈ ਇਨ੍ਹਾਂ ਦੀ ਵਾਪਸੀ ਲਈ ਤੁਸੀਂ ਸਾਡੇ ਸੰਘਰਸ਼ ਨੂੰ ਆਪਣਾ ਸੰਘਰਸ਼ ਬਣਾ ਕੇ ਇਨ੍ਹਾਂ ਬਿੱਲਾਂ ਦੀ ਵਾਪਸੀ ਲਈ ਸੰਘਰਸ਼ਸ਼ੀਲ ਹੋ ਜਾਓ।ਉਨ੍ਹਾਂ ਲੋਕਾਂ ਨੂੰ ਇਹ ਵੀ ਅਪੀਲ ਕੀਤੀ ਕਿ ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਬਿਜਲੀ ਨਿਗਮ ਦੀਆਂ ਬੇਸ਼ਕੀਮਤੀ ਜਾਇਦਾਦਾਂ ਵੇਚਣ ਸਮੇਤ ਜੋ ਹੋਰ ਜਾਇਦਾਦਾਂ ਵੇਚਣ ਦੀ ਤਿਆਰੀ ਕਰ ਰਹੀ ਹੈ, ਉਸ ਦਾ ਤੁਹਾਨੂੰ ਵੀ ਵਿਰੋਧ ਕਰਨਾ ਚਾਹੀਦਾ ਹੈ, ਕਿਉਂਕਿ ਇਹ ਬਿਜਲੀ ਮੁਲਾਜ਼ਮਾਂ ਦੇ ਨਹੀਂ, ਸਗੋਂ ਲੋਕ ਮੁੱਦੇ ਹਨ।ਉਨ੍ਹਾਂ ਅਖੀਰ ਵਿੱਚ ਕਿਹਾ ਕਿ ਬਿਜਲੀ ਮੁਲਾਜ਼ਮ ਨਾ ਤਾਂ ਬਿਜਲੀ ਨਿਗਮ ਦੀਆਂ ਜ਼ਮੀਨਾਂ ਵੇਚਣ ਦੇਣਗੇ ਨਾ ਹੋ ਬਿਜਲੀ ਬਿੱਲ 2025 ਨੂੰ ਲਾਗੂ ਕਰਨ ਦੇਣਗੇ, ਉਸ ਲਈ ਚਾਹੇ ਕੋਈ ਵੀ ਕੀਮਤ ਚੁਕਾਉਣੀ ਪਵੇ, ਉਸ ਤੋਂ ਗੁਰੇਜ਼ ਨਹੀਂ ਕਰਨਗੇ।

## ਸ਼ਹੀਦ ਕਰਤਾਰ ਸਿੰਘ ਸਰਾਭਾ ਸਮੇਤ 6 ਹੋਰ ਸਾਥੀਆਂ ਦਾ ਸ਼ਹੀਦੀ ਦਿਹਾੜਾ 16 ਨੂੰ

**ਲੁਧਿਆਣਾ (ਰੈਕਟਰ ਕਥੂਰੀਆ)**-ਜਮਹੂਰੀ ਅਧਿਕਾਰ ਸਭਾ ਪੰਜਾਬ (ਜ਼ਿਲ੍ਹਾ ਲੁਧਿਆਣਾ) ਦੀ ਮੀਟਿੰਗ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ (ਲੁਧਿਆਣਾ) ਵਿਖੇ ਜਸਵੰਤ ਜੀਰਖ ਦੀ ਪ੍ਰਧਾਨਗੀ ਹੇਠ ਹੋਈ।ਉਨ੍ਹਾਂ ਸੂਬਾ ਕਮੇਟੀ ਮੀਟਿੰਗ ਦੀ ਕਾਰਵਾਈ ਰਿਪੋਰਟ ਸਾਂਝੀ ਕਰਦਿਆਂ ਸੂਬਾ ਪੱਧਰ 'ਤੇ ਲਏ ਫੈਸਲਿਆਂ ਬਾਰੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਦੇ ਚੱਲ ਰਹੇ ਸੰਘਰਸ਼ ਸੰਬੰਧੀ ਤੱਥਾਂ ਤੋਂ ਲੋਕਾਂ ਨੂੰ ਜਾਣੂ ਕਰਾਉਣ ਲਈ ਸੂਬਾ ਕਮੇਟੀ ਵੱਲੋਂ ਜਾਂਚ ਕਰਕੇ ਰਿਪੋਰਟ ਜਾਰੀ ਕੀਤੀ ਜਾਵੇਗੀ।ਇਸੇ ਤਰ੍ਹਾਂ ਪੰਜਾਬ ਵਿੱਚ ਹੜ੍ਹਾਂ ਬਾਰੇ ਹੋਈ ਤਬਾਹੀ ਦੇ ਅਸਲ ਤੱਥ ਵੀ ਜਾਂਚ ਰਿਪੋਰਟ ਰਾਹੀਂ ਲੋਕਾਂ ਸਾਹਮਣੇ ਲਿਆਂਦੇ ਜਾਣਗੇ।ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਸੰਬੰਧੀ ਕੇਂਦਰ ਸਰਕਾਰ ਦੀ ਧੱਕੇਸ਼ਾਹੀ ਵਿਰੁੱਧ ਚੱਲ ਰਹੇ ਸੰਘਰਸ਼ ਦੇ ਸੰਵਿਧਾਨਿਕ ਪੱਖਾਂ ਦੀ ਵਿਆਖਿਆ ਕਰਦਿਆਂ ਸਰਕਾਰ ਦੀ ਬਦਨੀਤੀ ਜ਼ਾਹਰ ਕੀਤੀ।ਮੀਟਿੰਗ ਦੌਰਾਨ ਅਗਲੇ ਕੰਮਾਂ ਦੀ ਜ਼ੋਰਦਾਰ ਵਿਉਂਤਬੰਦੀ ਕਰਦਿਆਂ ਸ਼ਹੀਦ ਬਾਬਾ ਭਾਨ ਸਿੰਘ ਗਦਰ ਮੈਮੋਰੀਅਲ ਟ੍ਰੱਸਟ ਸੁਨੇਤ (ਲੁਧਿਆਣਾ) ਵੱਲੋਂ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਸਾਥੀਆਂ ਦੇ ਸ਼ਹੀਦੀ ਦਿਨ ਮੌਕੇ ਕੀਤੇ ਜਾ ਰਹੇ ਸਮਾਗਮ ਨੂੰ ਲੁਧਿਆਣਾ ਜ਼ਿਲ੍ਹੇ ਦੇ ਸਾਰੇ ਗਦਰੀ ਬਾਬਿਆਂ ਨੂੰ ਸਮਰਪਤ ਕਰਨ ਨੂੰ ਪ੍ਰਵਾਨ ਕਰਦਿਆਂ ਹਰ ਸਹਿਯੋਗ ਦੇਣ ਦਾ ਮਤਾ ਪਾਸ ਕੀਤਾ। ਸਰਕਾਰਾਂ ਵੱਲੋਂ ਮਨੁੱਖੀ ਹੱਕਾਂ ਨੂੰ ਕੁਚਲਣ ਦੇ ਜਾਰੀ ਅਣਮਨੁੱਖੀ ਵਰਤਾਰਿਆਂ ਦਾ ਜ਼ਿਕਰ ਕੀਤਾ ਗਿਆ ਤੇ 14 ਦਸੰਬਰ ਤੱਕ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਸੰਬੰਧੀ ਮਨਾਏ ਜਾਣ ਵਾਲੇ ਪੰਦਰਵਾੜੇ ਦੌਰਾਨ 7 ਦਸੰਬਰ ਨੂੰ ਜ਼ਿਲ੍ਹਾ ਲੁਧਿਆਣਾ ਵੱਲੋਂ ਕਨਵੈਨਸ਼ਨ ਕਰਾਉਣ ਦਾ ਫੈਸਲਾ ਲਿਆ ਗਿਆ, ਜੋ ਕਿ ਮਰਹੂਮ ਸਮਾਜ ਚਿੰਤਕ ਅੰਮ੍ਰਿਤਪਾਲ ਨੂੰ ਸਮਰਪਤ ਹੋਵੇਗੀ।ਗਦਰੀ ਬਾਬਾ ਭਾਨ ਸਿੰਘ ਯਾਦਗਾਰ ਸੁਨੇਤ ਵਿਖੇ ਹੋਣ ਵਾਲੀ ਇਸ ਕਨਵੈਨਸ਼ਨ ਦੇ ਮੁੱਖ ਬੁਲਾਰੇ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਪ੍ਰਧਾਨ ਪ੍ਰੋ. ਜਗਮੋਹਨ ਸਿੰਘ ਹੋਣਗੇ।

## ਫਾਰਮੇਸੀ ਅਫਸਰਾਂ ਦੀ ਭਰਤੀ 'ਚ ਅੜਿੱਕੇ ਜਾਰੀ ਤੇ ਚਹੇਤੇ ਉੱਚ ਅਧਿਕਾਰੀਆਂ ਨੂੰ ਐਕਸਟੈਂਸ਼ਨਾਂ ਸ਼ੁਰੂ : ਨਰਿੰਦਰ ਮੋਹਣ ਸ਼ਰਮਾ

**ਨਾਭਾ (ਵਰਿੰਦਰ ਵਰਮਾ)**

ਪੰਜਾਬ ਰਾਜ ਫਾਰਮੇਸੀ ਆਫੀਸਰ ਐਸੋਸੀਏਸ਼ਨ ਦੀ ਮੀਟਿੰਗ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਨਾਲ ਗਰਮ ਮਾਹੌਲ ਵਿੱਚ ਹੋਈ।ਇਸ ਮੌਕੇ ਆਈ ਏ ਐਸ ਘਨਸ਼ਿਆਮ ਥੋਰੀ ਐੱਮ.ਡੀ.ਐਨ ਐੱਚ ਐੱਮ, ਆਈ ਏ ਐਸ ਸੁਖਜੀਤ ਸਿੰਘ ਸਪੈਸ਼ਲ ਸੈਕਟਰੀ ਡਾਕਟਰ ਹੀਤਿੰਦਰ ਕੌਰ ਡਾਇਰੈਕਟਰ ਸਿਹਤ ਸੇਵਾਵਾਂ ਮੌਜੂਦ ਸਨ, ਕਿਉਂਕਿ ਸਿਹਤ ਮੰਤਰੀ ਪੰਜਾਬ ਅਤੇ ਅਧਿਕਾਰੀਆਂ ਵੱਲੋਂ ਪਿਛਲੇ ਢਾਈ ਸਾਲਾਂ ਤੋਂ ਫਾਰਮੇਸੀ ਅਫ਼ਸਰਾਂ ਦੀਆਂ ਖਾਲੀ ਅਸਾਮੀਆਂ ਭਰਨ ਦਾ ਕੇਸ ਲਗਾਤਾਰ ਲਟਕਾਇਆ ਜਾ ਰਿਹਾ ਹੈ, ਜਿਨਾਂ ਦੀ ਗਿਣਤੀ ਵੱਧ ਕੇ 350 ਤੋਂ 700 ਤੋਂ ਵੱਧ ਹੋ ਚੁੱਕੀ ਹੈ।ਉਨ੍ਹਾਂ ਦੱਸਿਆ ਕਿ ਫਾਰਮੇਸੀ ਅਫ਼ਸਰਾਂ ਦੀ ਯੋਗਤਾ ਘਟਾਉਣ ਜਾ ਰਹੇ ਹਨ, ਜਿਸ 'ਤੇ ਜਥੇਬੰਦੀ ਦੇ ਆਗੂਆਂ ਨੇ ਵਿਰੋਧ ਕੀਤਾ ਤੇ ਸਖਤ ਰੋਸ ਜਤਾਇਆ।

ਸਟੇਟ ਪ੍ਰਧਾਨ ਨਰਿੰਦਰ ਮੋਹਣ ਸ਼ਰਮਾ ਤੇ ਜਨਰਲ ਸਕਤਰ ਸੁਨੀਲ ਦੱਤ ਨੇ ਦੱਸਿਆ ਕਿ ਇੱਕ ਪਾਸੇ ਸਿਹਤ ਮੰਤਰੀ ਖਾਲੀ ਪੋਸਟਾਂ ਭਰਨ ਤੋਂ ਬਹਾਨੇਬਾਜ਼ੀ ਕਰਕੇ ਤੋਂ ਆਨਾਕਾਨੀ ਕਰ ਰਹੇ ਹਨ। ਜਥੇਬੰਦੀ ਦੇ ਆਗੂਆਂ ਨੇ ਸਿਹਤ ਮੰਤਰੀ ਨੂੰ ਡਾਇਰੈਕਟਰ ਸਿਹਤ ਸੇਵਾਵਾਂ ਵੱਲੋਂ ਸਮੇਂ ਸਿਰ ਸੀਨੀਅਰ ਫਾਰਮੇਸੀ ਅਫ਼ਸਰਾਂ ਤੇ ਚੀਫ਼ ਫਾਰਮੇਸੀ ਅਫ਼ਸਰਾਂ ਦੀਆਂ ਤਰੱਕੀਆਂ, ਜੋ ਕਦੇ ਵੀ ਸਮੇਂ ਸਿਰ ਨਹੀਂ ਕੀਤੀਆਂ ਜਾਂਦੀਆਂ ਤੇ ਲੰਮੀਆਂ ਸੇਵਾਵਾਂ ਕਰਨ ਦੇ ਬਾਵਜੂਦ ਅਖੀਰਲੇ ਪਲ ਬਿਨਾਂ ਤਰੱਕੀ ਦੇ ਮਾਯੂਸੀ ਨਾਲ ਸੇਵਾਮੁਕਤ ਹੋਣਾ ਪੈਂਦਾ ਹੈ ਤੇ ਦੂਜੇ ਪਾਸੇ ਮਹਿਕਮੇ ਵਿੱਚ ਬਹੁਤ ਹੀ ਸੀਨੀਅਰ, ਚੰਗੀ ਕਾਰਗੁਜ਼ਾਰੀ ਤੇ ਯੋਗ ਅਫ਼ਸਰਾਂ ਨੂੰ ਇਗਨੋਰ ਕਰਕੇ ਮੌਜੂਦਾ ਚਹੇਤੇ ਅਫ਼ਸਰ, ਜੋ 58 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਹਨ, ਨੂੰ ਐਕਸਟੈਂਸ਼ਨਾਂ ਨਾਲ ਨਿਵਾਜਿਆ ਜਾ ਰਿਹਾ ਹੈ, ਇਸ ਤੋਂ ਸਾਬਤ ਹੁੰਦਾ ਹੈ ਕਿ ਵਰਕਿੰਗ ਕਲਾਸ ਉੱਤੇ ਇੱਕ ਬਹੁਤ ਵੱਡਾ ਬੇਭਰੋਸਾ ਹੀ ਸਾਬਤ ਨਹੀਂ ਹੁੰਦਾ, ਬਲਕਿ ਸਰਕਾਰ ਨੂੰ ਵਿੱਤੀ ਘਾਟਾ ਵੀ ਪੈਂਦਾ ਹੈ।ਜਥੇਬੰਦੀ ਦੇ ਆਗੂਆਂ ਨੇ ਫਾਰਮੇਸੀ ਅਫ਼ਸਰਾਂ ਨੂੰ ਯੋਗਤਾ ਅਨੁਸਾਰ ਵੱਧ ਤਨਖਾਹ ਸਕੇਲ ਦੇਣ ਦੀ ਮੰਗ ਕੀਤੀ ਜਿਸ ਸੰਬੰਧ ਵਿੱਚ ਉਨ੍ਹਾਂ ਨੇ ਭਰੋਸਾ ਦਿਵਾਇਆ, ਦਵਾਈਆਂ ਦੇ ਵਾਧੇ ਤੇ ਮਰੀਜ਼ਾਂ ਦੀ ਗਿਣਤੀ ਦੇ ਵਾਧੇ ਨੂੰ ਮੁੱਖ ਰੱਖਦੇ ਹੋਏ ਸਿਹਤ ਵਿਭਾਗ ਵਿੱਚ ਫਾਰਮੇਸੀ ਅਫ਼ਸਰਾਂ ਦੀ ਗਿਣਤੀ 100 ਮਰੀਜ਼ਾਂ ਪਿੱਛੇ ਇੱਕ ਦੇ ਅਨੁਸਾਰ ਪੋਸਟਾਂ ਵਿੱਚ ਵਾਧਾ ਕਰਨ ਲਈ ਵੀ ਪੱਖ ਪੇਸ਼ ਕੀਤਾ ਗਿਆ, ਲੰਮੇ ਸਮੇਂ ਤੋਂ ਬਣੇ ਡਰੱਗ ਵੇਅਰ ਹਾਊਸਾਂ ਵਿੱਚ ਅਜੇ ਤੱਕ ਅਸਾਮੀਆਂ ਦੀ ਰਚਨਾ ਨਾ ਕਰਨ ਸਬੰਧੀ ਵੀ ਵਿਚਾਰ ਵਟਾਂਦਰਾ ਹੋਇਆ, ਜੇਲ੍ਹਾਂ ਵਿੱਚ 67 ਪੋਸਟਾਂ ਮਨਜ਼ੂਰਸ਼ੁਦਾ ਹੋਣ ਦੇ ਬਾਵਜੂਦ ਤਿੰਨ ਗੁਣਾ ਲੋਕਾਂ ਨੂੰ ਲਾਇਆ ਜਾਂਦਾ ਹੈ।ਜਿਸ ਨਾਲ ਫੀਲਡ ਦਾ ਕੰਮ ਬਹੁਤ ਸਫ਼ਰ ਕਰਦਾ ਹੈ, ਕਿਉਂਕਿ ਕਈ ਬਲਾਕਾਂ ਦੇ ਵਿੱਚ ਸਿਰਫ਼ ਇੱਕ-ਇੱਕ ਫਾਰਮੇਸੀ ਅਫ਼ਸਰ ਹੀ ਮੌਜੂਦ ਹੈ, ਨੌਬਤ ਇੱਥੋਂ ਤੱਕ ਆ ਚੁੱਕੀ ਹੈ ਕਿ ਜ਼ਿਲ੍ਹਾ ਪ੍ਰੀਸ਼ਦ ਵਿੱਚ ਕੰਮ ਕਰਦੇ ਫਾਰਮੇਸੀ ਅਫ਼ਸਰਾਂ ਨੂੰ ਜੋ ਨਿਗੂਣੀਆਂ ਤਨਖਾਹਾਂ ਉੱਤੇ ਕੰਮ ਕਰ ਰਹੇ ਹਨ, ਨੂੰ ਦੂਰ-ਦੁਰਾਡੇ ਤੋਂ ਡਿਊਟੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ, ਇਥੋਂ ਤੱਕ ਕਿ ਸਿਵਲ ਹਸਪਤਾਲ ਦੇ ਮੇਨ ਸਟੋਰਾਂ ਦਾ ਚਾਰਜ ਵੀ ਰੂਰਲ ਫਾਰਮੇਸੀ ਅਫਸਰਾਂ ਨੂੰ ਦਿੱਤਾ ਜਾ ਰਿਹਾ ਹੈ, ਦਵਾਈਆਂ ਦੀ ਸਪਲਾਈ ਦੀ ਘਾਟ ਕਾਰਨ ਫਾਰਮੇਸੀ ਅਫਸਰਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈਂਦਾ ਹੈ, ਕਿਉਂਕਿ ਕਿ ਸਰਕਾਰ ਵੱਲੋਂ ਸਮੇਂ ਸਿਰ ਲੋੜੀਂਦੀਆਂ ਦਵਾਈਆਂ ਵੀ ਫੰਡਾਂ ਦੀ ਘਾਟ ਕਾਰਨ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਹਨ, ਜਿਸ ਨਾਲ ਸਰਕਾਰ ਦਾ ਅਕਸ ਖਰਾਬ ਹੋ ਰਿਹਾ ਹੈ, ਦੂਜੇ ਸੂਬਿਆਂ ਦੀ ਤਰ੍ਹਾਂ ਡਿਪਟੀ ਡਾਇਰੈਕਟਰ ਫਾਰਮੇਸੀ ਦੀ ਪੋਸਟ ਦੀ ਰਚਨਾ ਕਰਨ ਦੀ ਮੰਗ ਕੀਤੀ।ਅਖੀਰ ਮੰਤਰੀ ਬਲਬੀਰ ਸਿੰਘ ਜੀ ਨੂੰ ਇਹ ਕਹਿੰਦਿਆਂ ਕਿ ਸਿਰਫ ਆਪਣੇ ਡਾ ਕੇਡਰ ਦਾ ਹੀ ਧਿਆਨ ਰੱਖਿਆ ਜਾ ਰਿਹਾ ਹੈ ਤੇ ਡਾਕਟਰਾਂ ਵਾਂਗ ਸਮੁੱਚੇ ਸਿਹਤ ਕਾਮਿਆਂ ਨੂੰ 5-10-15 ਸਾਲਾ ਏ ਸੀ ਪੀ ਦੇ ਕੇ ਵਿਤਕਰਾ ਦੂਰ ਕੀਤਾ ਜਾਵੇ, ਕਿਉਂਕਿ ਇਕੱਲੇ ਡਾਕਟਰ ਹਸਪਤਾਲ ਨਹੀਂ ਚਲਾ ਸਕਦੇ ਹਨ, ਇਸ ਲਈ ਸਾਰੀਆਂ ਹੁਨਰਮੰਦ ਕੈਟੇਗਰੀਆਂ ਦੀ ਜ਼ਰੂਰਤ ਹੈ।



## 20 ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਕੱਢਿਆ ਜਾਵੇਗਾ ਨਗਰ ਕੀਰਤਨ : ਡੀ ਸੀ

### ਮਰਿਆਦਾ 'ਚ ਰਹਿ ਕੇ ਸੇਵਾ ਭਾਵਨਾ ਨਾਲ ਨਿਭਾਈ ਜਾਵੇ ਆਪੋ-ਆਪਣੀ ਡਿਊਟੀ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਮੁੱਖ ਮੰਤਰੀ ਪੰਜਾਬ ਸ੍. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ-ਭਾਵਨਾ ਨਾਲ 23 ਤੋਂ 25 ਨਵੰਬਰ 2025 ਤੱਕ ਮਨਾਵੇਗੀ, ਜਿਸ ਦੇ ਮੱਦੇਨਜ਼ਰ ਜ਼ਿਲ੍ਹਾ ਪੱਧਰ ਤੋਂ 20 ਨਵੰਬਰ 2025 ਨੂੰ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਸਵੇਰੇ 6 ਵਜੇ ਨਗਰ ਕੀਰਤਨ ਕੱਢਿਆ ਜਾਵੇਗਾ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਧੀਮਾਨ ਨੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਗਾਊਂ ਤਿਆਰੀਆਂ ਸਬੰਧੀ ਕੀਤੀ ਗਈ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਾਂਝੀ ਕੀਤੀ।

ਇਸ ਮੌਕੇ ਉਨ੍ਹਾਂ ਨਾਲ ਐੱਸ ਐੱਸ ਪੀ ਅਮਨੀਤ ਕੌਂਡਲ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਮਰਿਆਦਾ ਵਿੱਚ ਰਹਿ ਕੇ ਸੇਵਾ ਭਾਵਨਾ ਨਾਲ ਆਪੋ-ਆਪਣੀ ਡਿਊਟੀ ਨੂੰ ਨਿਭਾਉਣਾ ਲਾਜ਼ਮੀ ਬਣਾਇਆ ਜਾਵੇ। ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਸਾਰੇ ਪ੍ਰਬੰਧ ਸਮੇਂ-ਸਿਰ ਮੁਕੰਮਲ ਕਰਨੇ ਯਕੀਨੀ ਬਣਾਏ ਜਾਣ।ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਨਗਰ ਕੀਰਤਨ ਸਮੇਂ ਸ਼ਰਧਾਲੂਆਂ ਲਈ ਲੰਗਰ, ਚਾਹ-ਪਾਣੀ, ਸੜਕਾਂ ਦੀ ਸਾਫ-ਸਫਾਈ, ਫੁੱਲਾਂ ਦੀ ਵਰਖਾ ਤੋਂ ਇਲਾਵਾ ਰੂਟ ਪਲਾਨ ਤੇ ਟ੍ਰੈਫਿਕ ਨੂੰ ਨਿਰਵਿਘਨ ਤਰੀਕੇ ਨਾਲ ਚਾਲੂ ਰੱਖਣਾ ਯਕੀਨੀ ਬਣਾਇਆ ਜਾਵੇ।

ਉਨ੍ਹਾਂ ਕਿਹਾ ਕਿ ਨਗਰ ਕੀਰਤਨ ਨੂੰ ਸਫਲਤਾਪੂਰਵਕ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਕਿਸੇ ਵੀ ਕਿਸਮ ਦੀ ਢਿੱਲ-ਮੱਠ ਨਾ ਵਰਤੀ ਜਾਵੇ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਨਗਰ ਕੀਰਤਨ 20 ਨਵੰਬਰ 2025 ਨੂੰ ਸਵੇਰੇ 6 ਵਜੇ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਸ਼ੁਰੂ ਹੋ ਕੇ ਕੋਟਸ਼ਮੀਰ, ਬਠਿੰਡਾ, ਰਾਮਪੁਰਾ, ਬਰਨਾਲਾ ਤੇ ਹੋਰ ਵੱਖ-ਵੱਖ ਸ਼ਹਿਰਾਂ 'ਚੋਂ ਹੁੰਦੇ ਹੋਏ ਸ੍ਰੀ ਆਨੰਦਪੁਰ ਸਾਹਿਬ ਵਿਖੇ ਪਹੁੰਚੇਗਾ।

## ਸ਼ਹੀਦੀ ਸਭਾ ਦੇ ਪ੍ਰਬੰਧਾਂ ਬਾਰੇ ਡੀ ਸੀ ਵੱਲੋਂ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਜਾਰੀ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਬੱਚਤ ਭਵਨ ਵਿਖੇ ਅਧਿਕਾਰੀਆਂ ਨਾਲ ਸ਼ਹੀਦੀ ਸਭਾ ਦੇ ਅਗੇਤੇ ਪ੍ਰਬੰਧਾਂ ਬਾਰੇ ਮੀਟਿੰਗ ਕਰਦਿਆਂ ਦਿਸ਼ਾ ਨਿਰਦੇਸ਼ ਜਾਰੀ ਕੀਤੇ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ, ਸ਼ਹੀਦਾਂ ਨੂੰ ਨਤਮਸਤਕ ਹੋਣ ਲਈ ਪਹੁੰਚਣਗੀਆਂ, ਇਸ ਲਈ ਵਿਭਾਗੀ ਤੌਰ 'ਤੇ ਕੀਤੇ ਜਾਣ ਵਾਲੇ ਸਮੁੱਚੇ ਪ੍ਰਬੰਧ, ਸਮੇਂ ਸਿਰ ਨੇਪਰੇ ਚੜ੍ਹਾਉਣੇ ਯਕੀਨੀ ਬਣਾਏ ਜਾਣ।ਉਨ੍ਹਾਂ ਦੱਸਿਆ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਤ ਵਿਸ਼ਾਲ ਧਾਰਮਿਕ ਯਾਤਰਾ 21 ਨਵੰਬਰ ਨੂੰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੀ ਹਦੂਦ ਅੰਦਰ ਦਾਖਲ ਹੋਵੇਗੀ, ਜਿਸ ਦੇ ਮੱਦੇਨਜ਼ਰ ਵੀ ਲੋੜੀਂਦੇ ਪ੍ਰਬੰਧ ਛੇਤੀ ਤੋਂ ਛੇਤੀ ਮੁਕੰਮਲ ਕੀਤੇ ਜਾਣ।ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਮੀਟਿੰਗ ਦੌਰਾਨ ਪੁਲਸ ਵਿਭਾਗ, ਸਿਹਤ ਵਿਭਾਗ, ਜਲ ਸਪਲਾਈ ਤੇ ਸੈਨੀਟੇਸ਼ਨ, ਨਗਰ ਕੌਂਸਲ, ਲੋਕ ਨਿਰਮਾਣ ਵਿਭਾਗ, ਮੰਡੀ ਬੋਰਡ, ਪਬਲਿਕ ਹੈਲਥ, ਸਿਹਤ ਵਿਭਾਗ ਸਮੇਤ ਵੱਖ-ਵੱਖ ਵਿਭਾਗਾਂ ਵੱਲੋਂ ਨਿਭਾਈਆਂ ਜਾਣ ਵਾਲੀਆਂ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਵਿੱਚ ਹਦਾਇਤਾਂ ਦਿੱਤੀਆਂ।ਡਿਪਟੀ ਕਮਿਸ਼ਨਰ ਨੇ ਸ਼ਰਧਾਲੂਆਂ ਦੀ ਸੁਵਿਧਾ ਲਈ ਮਿੰਨੀ ਬੱਸਾਂ, ਈ-ਰਿਕਸ਼ਾ ਦੀ ਸੁਵਿਧਾ ਪ੍ਰਦਾਨ ਕਰਨ, ਐਂਬੂਲੈਂਸਾਂ ਦੀ ਤਾਇਨਾਤੀ, ਮੈਡੀਕਲ ਟੀਮਾਂ ਦਾ ਗਠਨ, ਆਰਜ਼ੀ ਪਖਾਨਿਆਂ ਦਾ ਪ੍ਰਬੰਧ, ਸਾਫ਼ ਸਫਾਈ, ਲਿੰਕ ਸੜਕਾਂ ਦੀ ਮੁਰੰਮਤ ਪ੍ਰਕਿਰਿਆ ਵਿੱਚ ਤੇਜ਼ੀ ਲਿਆਉਣ ਸਮੇਤ ਹੋਰ ਪ੍ਰਬੰਧਾਂ ਬਾਰੇ ਵੀ ਆਦੇਸ਼ ਦਿੱਤੇ।ਡਿਪਟੀ ਕਮਿਸ਼ਨਰ ਨੇ ਹਦਾਇਤ ਕੀਤੀ ਕਿ ਦਸੰਬਰ ਦੌਰਾਨ ਕੋਈ ਵੀ ਅਧਿਕਾਰੀ ਉਨ੍ਹਾਂ ਦੀ ਪ੍ਰਵਾਨਗੀ ਤੋਂ ਬਗੈਰ ਛੁੱਟੀ ਨਹੀਂ ਲਵੇਗਾ।ਉਨ੍ਹਾਂ ਏ.ਡੀ.ਸੀ. ਵਿਕਾਸ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਲਗਾਈਆਂ ਜਾਣ ਵਾਲੀਆਂ ਪ੍ਰਦਰਸ਼ਨੀਆਂ ਬਾਰੇ ਢੁਕਵੇਂ ਪ੍ਰਬੰਧ ਕਰਨ ਤੇ ਸ਼ਹਿਰ ਵਿੱਚ ਦਾਖਲੇ ਲਈ ਬਣੇ ਗੇਟਾਂ ਦੀ ਲੋੜੀਂਦੀ ਸਜਾਵਟ ਲਈ ਵੀ ਆਖਿਆ।

ਇਸ ਦੌਰਾਨ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਪ੍ਰਸ਼ਾਸਨਕ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਵੱਖ-ਵੱਖ ਪ੍ਰਬੰਧਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ।ਮੀਟਿੰਗ ਦੌਰਾਨ ਏ.ਡੀ.ਸੀ. (ਵਾਧੂ ਚਾਰਜ) ਅਰਵਿੰਦ ਗੁਪਤਾ, ਏ.ਡੀ.ਸੀ. ਵਿਕਾਸ ਸੁਰਿੰਦਰ ਸਿੰਘ ਧਾਲੀਵਾਲ, ਐੱਸ.ਡੀ.ਐੱਮ. ਚੇਤਨ ਬੰਗੜ, ਐੱਸ.ਡੀ.ਐੱਮ. ਹਰਵੀਰ ਕੌਰ, ਮੁੱਖ ਮੰਤਰੀ ਫੀਲਡ ਅਫਸਰ ਸ਼ੰਕਰ ਸ਼ਰਮਾ, ਜ਼ਿਲ੍ਹਾ ਮਾਲ ਅਫ਼ਸਰ ਕਰੁਨ ਗੁਪਤਾ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਜਸਪ੍ਰੀਤ ਕੌਰ ਸਮੇਤ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।

## ਬਾਬਾ ਖੇਤਰਪਾਲ ਮੰਦਰ ਸ਼ਹਿਰ ਦੀ ਆਸਥਾ ਦਾ ਪ੍ਰਤੀਕ : ਪਵਨ ਗੁਪਤਾ



ਕਮੇਟੀ ਮੈਂਬਰ ਸਾਲਾਨਾ ਭੰਡਾਰੇ ਤੇ ਚੌਕੀ ਦੇ ਸੱਦਾ ਪੱਤਰ ਦਿੰਦੇ ਹੋਏ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਬਾਘਾ ਪੁਰਾਣਾ ਦੇ ਚੰਨੂੰਵਾਲਾ ਵਾਲਾ ਬਾਈਪਾਸ ਵਿਖੇ ਸਥਿਤ ਪ੍ਰਾਚੀਨ ਤੇ ਪ੍ਰਸਿੱਧ ਬਾਬਾ ਖੇਤਰਪਾਲ ਮੰਦਰ ਵਿਖੇ 15 ਨਵੰਬਰ ਨੂੰ 14ਵਾਂ ਸਾਲਾਨਾ ਭੰਡਾਰਾ ਤੇ ਚੌਕੀ ਬੜੀ ਹੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਈ ਜਾ ਰਹੀ ਹੈ।ਇਸ ਸੰਬੰਧੀ ਮੰਦਰ ਕਮੇਟੀ ਵੱਲੋਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ।ਮੰਦਰ ਕਮੇਟੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਕੁਮਾਰ, ਸੈਕਟਰੀ ਰਕੇਸ਼ ਕੁਮਾਰ, ਅਜੇ ਪੁਰੀ, ਪੰਡਿਤ ਮੁਕੇਸ਼ ਸ਼ਰਮਾ, ਨਵੀਨ ਗੋਇਲ, ਮੁਕੇਸ਼ ਗੋਇਲ ਤੇ ਜੱਗਪਤੀ ਪ੍ਰਸ਼ਾਦ ਦੀ ਅਗਵਾਈ ਹੇਠ ਸ਼ਹਿਰ ਅੰਦਰ ਹਰ ਦੁਕਾਨਦਾਰ, ਸਮਾਜ ਸੇਵੀ ਤੇ ਭਗਤ ਜਨ ਨੂੰ ਸੱਦਾ ਪੱਤਰ ਸੌਂਪੇ ਗਏ।ਇਸ ਮੌਕੇ ਮੰਦਰ ਕਮੇਟੀ ਵੱਲੋਂ ਨਗਰ ਕੌਂਸਲ ਬਾਘਾ ਪੁਰਾਣਾ ਦੀ ਪ੍ਰਧਾਨ ਸੋਨੀਆ ਰਾਣੀ ਗੁਪਤਾ ਦੇ ਪਤੀ ਪਵਨ ਗੁਪਤਾ ਨੂੰ ਵੀ ਸੱਦਾ ਪੱਤਰ ਸੌਂਪਿਆ ਗਿਆ।ਸੱਦਾ ਸਵੀਕਾਰ ਕਰਦਿਆਂ ਪਵਨ ਗੁਪਤਾ ਨੇ ਮੰਦਰ ਕਮੇਟੀ ਦੇ ਉਪਰਾਲੇ ਦੀ ਪ੍ਰਸ਼ੰਸਾ ਕੀਤੀ ਤੇ ਕਿਹਾ ਕਿ ਬਾਬਾ ਖੇਤਰਪਾਲ ਜੀ ਦਾ ਮੰਦਰ ਸ਼ਹਿਰ ਦੀ ਆਸਥਾ ਦਾ ਪ੍ਰਤੀਕ ਹੈ।ਉਨ੍ਹਾਂ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਵੱਧ ਤੋਂ ਵੱਧ ਗਿਣਤੀ ਵਿੱਚ ਸਮਾਗਮ ਵਿੱਚ ਸ਼ਾਮਲ ਹੋ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨ।ਮੰਦਰ ਕਮੇਟੀ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਚੌਕੀ ਸ਼ਾਮ 6:30 ਵਜੇ ਸ਼ੁਰੂ ਹੋਵੇਗੀ, ਜਿਸ ਵਿੱਚ ਪ੍ਰਸਿੱਧ ਭਜਨ ਮੰਡਲੀਆਂ ਵੱਲੋਂ ਬਾਬਾ ਜੀ ਦੇ ਜਸ ਗਾਏ ਜਾਣਗੇ।ਸਮਾਗਮ ਦੇ ਅੰਤ 'ਤੇ ਸਾਰੇ ਸ਼ਰਧਾਲੂਆਂ ਲਈ ਵਿਸ਼ਾਲ ਭੰਡਾਰੇ ਦਾ ਪ੍ਰਬੰਧ ਕੀਤਾ ਗਿਆ ਹੈ।ਕਮੇਟੀ ਮੈਂਬਰਾਂ ਨੇ ਕਿਹਾ ਕਿ ਸ਼ਹਿਰ ਦੀ ਸੇਵਾ ਤੇ ਭਗਤੀ ਭਾਵਨਾ ਨਾਲ ਹੀ ਇਹ ਸਮਾਰੋਹ ਹਰ ਸਾਲ ਹੋਰ ਵੀ ਸ਼ਾਨਦਾਰ ਰੂਪ ਧਾਰਨ ਕਰਦਾ ਜਾ ਰਿਹਾ ਹੈ।ਸੰਗਤਾਂ ਵੱਲੋਂ ਮੰਦਰ ਦੀ ਸਫਾਈ, ਰੋਸ਼ਨੀ ਤੇ ਸਜਾਵਟ ਦੇ ਕੰਮ ਪੂਰੇ ਜ਼ੋਰਾਂ 'ਤੇ ਜਾਰੀ ਹਨ।ਸ਼ਹਿਰ ਅੰਦਰ ਸੱਦਾ ਪੱਤਰ ਵੰਡਣ ਨਾਲ ਆਤਮਕ ਮਾਹੌਲ ਬਣ ਗਿਆ ਹੈ ਤੇ ਸਾਰੇ ਸ਼ਰਧਾਲੂ 15 ਨਵੰਬਰ ਨੂੰ ਬਾਬਾ ਖੇਤਰਪਾਲ ਜੀ ਦੇ ਦਰ 'ਤੇ ਹਾਜ਼ਰੀ ਭਰਨ ਲਈ ਉਤਸੁਕ ਹਨ।

## ਬੀ ਕੇ ਯੂ ਲੱਖੋਵਾਲ ਦੀ ਮੀਟਿੰਗ 'ਚ ਅਹਿਮ ਮੁੱਦੇ ਵਿਚਾਰੇ : ਦੌਲਤਪੁਰਾ



**ਮੋਗਾ (ਇਕਬਾਲ ਸਿੰਘ ਖਹਿਰਾ)**-ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਭੁਪਿੰਦਰ ਸਿੰਘ ਦੌਲਤਪੁਰਾ ਦੀ ਅਗਵਾਈ ਹੇਠ ਹੋਈ। ਮੀਟਿੰਗ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਮੀਡੀਆ ਸਕੱਤਰ ਬਲਕਰਨ ਸਿੰਘ ਢਿੱਲੋਂ ਨੇ ਕਿਹਾ ਕਿ ਮੀਟਿੰਗ 'ਚ ਸੂਬਾ ਆਗੂ ਮੋਹਨ ਸਿੰਘ ਜੀਂਦੜਾਂ, ਸੂਬਾ ਆਗੂ ਮੰਦਰਜੀਤ ਸਿੰਘ ਮਨਾਵਾਂ, ਸੂਬਾ ਆਗੂ ਗੁਰਬਚਨ ਸਿੰਘ ਚਨੂੰਵਾਲਾ, ਸੂਬਾ ਆਗੂ ਹਰਨੇਕ ਸਿੰਘ ਫਤਿਹਗੜ੍ਹ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ 'ਚ ਵਿਚਾਰਾਂ ਕਰਦੇ ਹੋਏ ਸਮੂਹ ਆਗੂਆਂ ਨੇ ਯੂਨੀਵਰਸਿਟੀ 'ਚ ਹੋਏ ਪ੍ਰਦਰਸ਼ਨ ਦੌਰਾਨ ਜੋ ਸਰਕਾਰਾਂ ਨੇ ਪ੍ਰਦਰਸ਼ਨਕਾਰੀਆਂ ਨਾਲ ਧੱਕੇਸ਼ਾਹੀ ਤੇ ਲਾਠੀਚਾਰਜ ਕੀਤਾ ਹੈ, ਉਸ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ ਤੇ ਪੰਜਾਬ ਦੀਆਂ ਸਮੁੱਚੀਆਂ ਰਾਜਨੀਤਕ ਪਾਰਟੀਆਂ ਨੂੰ ਲਾਹਨਤਾਂ ਪਾਈਆਂ ਕਿ ਕੋਈ ਵੀ ਪਾਰਟੀ ਖੁੱਲ੍ਹ ਕੇ ਯੂਨੀਵਰਸਿਟੀ ਦੇ ਹੱਕ ਵਿੱਚ ਨਹੀਂ ਆਈ। ਆਗੂਆਂ ਨੇ ਕਿਹਾ ਕਿ ਜੋ ਯੂਨੀਵਰਸਿਟੀ ਵਿੱਚ ਪ੍ਰੋਟੈਸਟ ਹੋ ਰਿਹਾ ਸੀ, ਉਸ ਨੂੰ ਤਾਰਪੀਡੋ ਕਰਨ ਲਈ ਪੰਜਾਬ ਸਰਕਾਰ ਨੇ ਅਹਿਮ ਭੂਮਿਕਾ ਨਿਭਾਈ, ਜਿਸ ਦੀ ਜਿੰਨੀ ਹੋ ਸਕੇ ਨਿੰਦਾ ਕਰਨੀ ਬਣਦੀ ਹੈ। ਮੀਟਿੰਗ ਦੌਰਾਨ ਜੋ ਵੀ ਕਿਸਾਨ ਜਥੇਬੰਦੀਆਂ, ਟਰੇਡ ਯੂਨੀਅਨ, ਗਾਇਕ ਕਲਾਕਾਰ, ਫਿਲਮੀ ਐਕਟਰਾਂ ਨੇ ਯੂਨੀਵਰਸਿਟੀ ਦੇ ਹੱਕ ਵਿੱਚ ਹਾ ਦਾ ਨਾਅਰਾ ਮਾਰਿਆ, ਸਭ ਦਾ ਧੰਨਵਾਦ ਕੀਤਾ। ਮੀਟਿੰਗ ਦੌਰਾਨ ਝੋਨੇ ਦੀ ਫਸਲ ਦਾ ਝਾੜ ਬਹੁਤ ਘਟਿਆ ਹੈ, ਉਸ 'ਤੇ ਵਿਚਾਰਾਂ ਕਰਦੇ ਹੋਏ ਪੰਜਾਬ ਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਨੂੰ ਫਸਲ ਦੇ ਘਟੇ ਝਾੜ ਦਾ ਮੁਆਵਜ਼ਾ ਦਿੱਤਾ ਜਾਵੇ। ਇਸ ਸਮੇਂ ਬਲਾਕ ਪ੍ਰਧਾਨ ਗੁਰਮੇਲ ਸਿੰਘ ਡਰੋਲੀ ਭਾਈ, ਬਲਾਕ ਪ੍ਰਧਾਨ ਸਤਿੰਦਰਪਾਲ ਸਿੰਘ ਨਿਹਾਲ ਸਿੰਘ ਵਾਲਾ, ਬਲਾਕ ਪ੍ਰਧਾਨ ਜਸਵੀਰ ਸਿੰਘ ਬੱਧਨੀਂ, ਜ਼ਿਲ੍ਹਾ ਮੀਤ ਪ੍ਰਧਾਨ ਮੋਦਨ ਸਿੰਘ ਨਿਧਾਵਾਲਾ, ਜ਼ਿਲ੍ਹਾ ਮੀਤ ਪ੍ਰਧਾਨ ਲਖਵੀਰ ਸਿੰਘ ਸੰਧੂ, ਮੀਤ ਪ੍ਰਧਾਨ ਲਖਵਿੰਦਰ ਸਿੰਘ ਰੌਲੀ, ਸਾਬਕਾ ਜ਼ਿਲ੍ਹਾ ਮੀਤ ਪ੍ਰਧਾਨ ਸੁਖਦੇਵ ਸਿੰਘ ਚੋਟੀਆਂ, ਸੁਖਚੈਨ ਸਿੰਘ ਬਰਾੜ ਕੰਨੀਆ, ਨਿਰਮਲ ਸਿੰਘ ਮਨਾਵਾਂ, ਪ੍ਰੇਮ ਲਾਲ ਪੁਰੀ, ਬੰਤ ਸਿੰਘ ਨਿਧਾ ਵਾਲਾ, ਕਰਨਵੀਰ ਸਿੰਘ ਬਲਾਕ ਜਰਨਲ ਸਕੱਤਰ, ਮੇਜਰ ਸਿੰਘ ਡਰੋਲੀ, ਬਲਦੇਵ ਸਿੰਘ ਮੋਗਾ, ਪ੍ਰਕਾਸ਼ ਸਿੰਘ ਦਫਤਰ ਇੰਚਾਰਜ, ਗੁਰਚਰਨ ਸਿੰਘ ਚੁਗਾਵਾਂ, ਕੁਲਵਿੰਦਰ ਸਿੰਘ ਚੁਗਾਵਾਂ, ਕੁਲਵਿੰਦਰ ਸਿੰਘ ਮੋਗਾ ਬਿੱਕਰ ਸਿੰਘ ਦਾਤਾ, ਦਰਸ਼ਨ ਸਿੰਘ ਦੁੱਨੇਕੇ, ਜਗਦੇਵ ਸਿੰਘ ਦੁੱਨੇਕੇ ਆਦਿ ਹਾਜ਼ਰ ਸਨ।

## ਵਰਲਡ ਯੂਨੀਵਰਸਿਟੀ ਵੱਲੋਂ ਮੂਲ ਜੀਵਨ ਸਹਾਇਤਾ 'ਤੇ ਵਰਕਸ਼ਾਪ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਫਿਜਿਓਥੈਰੇਪੀ ਵਿਭਾਗ ਵੱਲੋਂ ਮੂਲ ਜੀਵਨ ਸਹਾਇਤਾ ਵਿਸ਼ੇ 'ਤੇ ਵਰਕਸ਼ਾਪ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਜੀਵਨ-ਰੱਖਿਆ ਨਾਲ ਸੰਬੰਧਤ ਬੁਨਿਆਦੀ ਕੌਸ਼ਲ ਸਿਖਾਉਣਾ ਤੇ ਐਮਰਜੈਂਸੀ ਸਥਿਤੀਆਂ 'ਚ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਲਈ ਤਿਆਰ ਕਰਨਾ ਸੀ।ਡਾ. ਬਲਦੇਵ ਸਿੰਘ ਕਨਸਲਟੈਂਟ ਆਈ.ਸੀ.ਯੂ. ਤੇ ਟ੍ਰਾਮਾ ਸੈਂਟਰ ਇੰਡਸ ਹਸਪਤਾਲ ਫਤਿਹਗੜ੍ਹ ਸਾਹਿਬ, ਜੋ ਕਿ ਇੱਕ ਪ੍ਰਸਿੱਧ ਕਲੀਨੀਸ਼ੀਅਨ ਤੇ ਚਿਕਿਤਸਾ ਖੇਤਰ ਵਿੱਚ ਸ਼ਾਨਦਾਰਤਾ ਦਾ ਪ੍ਰਤੀਕ ਹਨ, ਇਸ ਵਰਕਸ਼ਾਪ ਦੇ ਮੁੱਖ ਵਿਸ਼ੇਸ਼ ਸਾਧਕ ਸਨ।ਉਹ ਆਪਣੀ ਟੀਮ ਸਮੇਤ ਹਾਜ਼ਰ ਸਨ, ਜਿਸ ਨੇ ਪੂਰੇ ਸੈਸ਼ਨ ਦੌਰਾਨ ਪ੍ਰਦਰਸ਼ਕ ਵਜੋਂ ਭਾਗ ਲਿਆ ਤੇ ਵਿਦਿਆਰਥੀਆਂ ਨੂੰ ਪ੍ਰਯੋਗਕ ਡੈਮੋਸਟ੍ਰੇਸ਼ਨ ਤੇ ਇੰਟਰਐਕਟਿਵ ਸਿਖਲਾਈ ਰਾਹੀਂ ਕੀਮਤੀ ਤਜਰਬਾ ਪ੍ਰਦਾਨ ਕੀਤਾ।ਡਾ. ਬਲਦੇਵ ਸਿੰਘ ਨੇ ਆਪਣੇ ਵਿਖਿਆਨ ਦੌਰਾਨ ਕਾਰਡਿਅਕ ਤੇ ਸਾਸ-ਸਬੰਧੀ ਐਮਰਜੈਂਸੀ ਸਥਿਤੀਆਂ ਵਿੱਚ ਸਮੇਂ ਸਿਰ ਤੇ ਪ੍ਰਭਾਵਸ਼ਾਲੀ ਮੂਲ ਜੀਵਨ ਸਹਾਇਤਾ ਦੀ ਮਹੱਤਤਾ ਬਾਰੇ ਜ਼ੋਰ ਦਿੱਤਾ। ਡਾ. ਸਿੰਘ ਨੇ ਅਸਲ ਜ਼ਿੰਦਗੀ ਦੀਆਂ ਐਮਰਜੈਂਸੀ ਸਥਿਤੀਆਂ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਤੇ ਉਨ੍ਹਾਂ ਦੇ ਹੱਲ ਲਈ ਵਿਗਿਆਨ-ਅਧਾਰਤ ਰਣਨੀਤੀਆਂ ਸਾਂਝੀਆਂ ਕੀਤੀਆਂ।


### ਉੱਤਰ ਰੇਲਵੇ

**ਈ-ਨਿਵਿਦਾ ਸੂਚਨਾ**

**ਨਿਵਿਦਾ ਸੂਚਨਾ ਨੰ. 433-ਸਿਗ-ਟੀ-46-25-26 ਮਿਤੀ 11/11/2025**

**ਨਿਵਿਦਾ ਬੰਦ ਹੋਣ ਦੀ ਮਿਤੀ/ਸਮਾਂ: ਨੂੰ 02.12.2025 15:00 ਵਜੇ**

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-46/25-26 ਈ ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 02.12.2025 ਨੂੰ 15:00 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। **ਐਨ.ਆਈ.ਟੀ.**

**ਕੰਮ ਦਾ ਨਾਮ :** (i) ਫਿਰੋਜਪੁਰ ਡਵੀਜਨ ਦੇ 7 ਸਟੇਸ਼ਨਾਂ ਉਤੇ ਤਿੰਨ (03) ਸਾਲਾਂ ਦੇ ਲਈ ਏਕੀਕ੍ਰਿਤ ਬਿਜਲੀ ਸਪਲਾਈ (ਆਈਪੀਐਸ) ਪ੍ਰਣਾਲੀ ਦਾ HBL ਮੇਕ ਦਾ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ। (ii) ਫਿਰੋਜਪੁਰ ਡਵੀਜਨ ਵਿਚ 14 ਥਾਵਾਂ (ਐਲਸੀ-09 ਅਤੇ ਸਟੇਸ਼ਨ-05 ਨੰਬਰ) ਤੇ ਤਿੰਨ (03) ਸਾਲਾਂ ਦੇ ਲਈ ਏਕੀਕ੍ਰਿਤ ਬਿਜਲੀ ਸਪਲਾਈ (ਆਈਪੀਐਸ) ਪ੍ਰਣਾਲੀ ਦਾ ਸਟੇਟਕਾਨ ਮੇਕ ਦਾ ਵਿਆਪਕ ਸਲਾਨਾ ਰਖਰਖਾਅ ਕਾਂਟਰੈਕਟ।

| | | | |
|---|---|---|---|
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | (i) 02/12/2025 15:00<br>(ii) 01/12/2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 10/11/2025 16:44 |
| ਅੰਦਾਜਨ ਕੀਮਤ | (i) 3403128.96<br>(ii) 5922312.48 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | (i) 18/11/2025<br>(ii) 17/11/2025 |
| ਬਿਆਨਾ ਰਾਸ਼ੀ (ਰੁ) | (i) 68100.00<br>(ii) 118500.00 | ਕੰਮ ਪੂਰਾ ਕਰਨ ਦਾ ਸਮਾਂ | (i) 36 ਮਹੀਨੇ<br>(ii) 36 ਮਹੀਨੇ |

ਨੋਟ: ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। 3495/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### ਉੱਤਰ ਰੇਲਵੇ

**ਭੰਡਾਰ ਦੀ ਸਪਲਾਈ ਲਈ ਨਿਵਿਦਾ ਮੰਗ**

**ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ**

**ਟੈਂਡਰ ਨੋਟਿਸ ਨੰ. 11/2025-2026** **ਮਿਤੀ 11.11.2025**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁਖ ਸਮਗਰੀ ਪ੍ਰਬੰਧਕ/ ਉਤਰ ਰੇਲਵੇ /ਭੰਡਾਰ ਡਿਪੋ/ਯਾਂਤਰਿਕ ਕਾਰਖਾਨਾ/ਅੰਮ੍ਰਿਤਸਰ ਦੁਆਰਾ ਸੰਭਰਨਕਰਤਾਵਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਮਾਲ ਦਾ ਵੇਰਵਾ | ਮਾਤ੍ਰਾ | ਨਿਵਿਦਾ ਖੁਲਣ ਦੀ ਮਿਤੀ |
|---|---|---|---|---|
| 1 | 62255130A | Modified Guard Chair(New Design) for BVCM Wagon. Drg. No. WD-15009-S-13 Item-25, Alt.-3 or latest & WD-24025-S-01 Sheet-1 & Sheet-2, Alt-Nil or latest. | 960 Nos. | 04.12.25 |

**ਨਿਵਿਦਾ ਸ਼ਰਤਾਂ:-** ireps ਦੀ ਵੈਬਸਾਈਟ www.ireps.gov.in 'ਤੇ ਉਪਲਬਧ ਹੈ। ਸਾਰੇ ਇਛੁਕ ਵਿਕ੍ਰੇਤਾਵਾਂ ਨੂੰ ਈ-ਨਿਵਿਦਾ ਵਿਚ ਭਾਗ ਲੈਣ ਅਤੇ ਰਜਿਸਟਰੇਸ਼ਨ ਕਰਾਉਣ ਦੇ ਲਈ ਭਾਰਤ ਸਰਕਾਰ ਆਈ ਟੀ ਅਧਿਨਿਯਮ 2000 ਦੇ ਤਹਿਤ ਪ੍ਰਾਧਿਕ੍ਰਿਤ ਏਜੰਸੀ ਤੋਂ ਕਲਾਸ-III ਡਿਜਿਟਲ ਪ੍ਰਮਾਣ ਪੱਤਰ (ਜੇਕਰ ਪਹਿਲਾਂ ਤੋਂ ਪ੍ਰਾਪਤ ਨਹੀਂ ਕੀਤਾ ਹੈ) ਕਰਨਾ ਹੋਵੇਗਾ। ਹੱਥ ਨਾਲ ਲਿਖੇ ਟੈਂਡਰ ਸਵੀਕ੍ਰਿਤ ਨਹੀਂ ਕੀਤੇ ਜਾਣਗੇ।

3499/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



### Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

**ਜਾਇਦਾਦ ਵਿਕਰੀ ਸੂਚਨਾ**

ਨਿਮਨਹਸਤਾਖ਼ਰੀ ਨੇ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਰਫੇਸੀ ਐਕਟ ਦੇ ਸੈਕਸ਼ਨ 13(4) ਅਧੀਨ ਹੇਠਾਂ ਵਰਨਣ ਜਾਇਦਾਦ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਜਨਤਾ ਨੂੰ ਵੱਡੇ ਪੱਧਰ 'ਤੇ ਜਾਣਕਾਰੀ ਦਿੱਤੀ ਜਾਂਦੀ ਹੈ ਕਿ ਐਨ ਪੀ ਏ ਖਾਤਿਆਂ ਵਿਰੁੱਧ ਬਕਾਇਆ ਰਕਮ ਜਮ੍ਹਾਂ ਭਵਿੱਖੀ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਹੇਠਾਂ ਦਰਸਾਏ ਕੇਸ ਵਿੱਚ ਵਿਕਰੀ ਬੈਂਕ ਦੁਆਰਾ ਮਿਤੀ 15.12.2025 ਨੂੰ ਕਰਵਾਈ ਜਾਵੇਗੀ।

| | |
|---|---|
| ਖਾਤੇ ਦਾ ਨਾਂਅ | 1. ਸ੍ਰੀ ਜਗਸੀਰ ਸਿੰਘ ਪੁੱਤਰ ਸ੍ਰੀ ਕਰਨੈਲ ਸਿੰਘ ਵਾਸੀ ਘਣੀਆ ਵਾਲਾ ਰੋਡ, ਨੇੜੇ ਸਰਵਿਸ ਸਟੇਸ਼ਨ ਔਲਖ, ਫਰੀਦਕੋਟ-151207<br>2. ਸ੍ਰੀਮਤੀ ਸਰਬਜੀਤ ਕੌਰ ਪਤਨੀ ਸ੍ਰੀ ਜਗਸੀਰ ਸਿੰਘ ਵਾਸੀ ਔਲਖ, ਫਰੀਦਕੋਟ-151207 ... (ਕਰਜ਼ਦਾਰ)<br>(3) ਬੇਅੰਤ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਨੇੜੇ ਧਰਮਸ਼ਾਲਾ, ਹਰੀ ਨੌ, ਫਰੀਦਕੋਟ, ਪੰਜਾਬ-151204 .... (ਗਰੰਟਰ) |
| ਬਕਾਇਆ ਰਕਮ LAP/084602000035 | 1. ਰੁਪਏ 10,62,884.10<br>(ਅਤੇ ਮਿਤੀ 01.11.2025 ਤੋਂ ਭਵਿੱਖੀ ਵਿਆਜ) |
| ਜਾਇਦਾਦ ਦਾ ਵੇਰਵਾ | ਬੈਨਾਮਾ ਨੰ. 2018-19/41/1/2007 ਮਿਤੀ 20-03-2019 ਅਨੁਸਾਰ ਸਬ-ਰਜਿਸਟਰਾਰ ਦਫਤਰ 'ਚ ਦਰਜ ਸਰਬਜੀਤ ਕੌਰ ਪਤਨੀ ਜਗਸੀਰ ਸਿੰਘ ਦੀ ਮਲਕੀਅਤ। ਅਚੱਲ ਜਾਇਦਾਦ ਰਕਬਾ 10 ਮਰਲੇ ਪਿੰਡ ਔਲਖ ਵਿਖੇ ਸਥਿਤ, ਜ਼ਿਲ੍ਹਾ ਫਰੀਦਕੋਟ। |
| ਰਾਖਵੀਂ ਰਕਮ | ਰੁਪਏ 14.00 ਲੱਖ (ਚੌਦਾਂ ਲੱਖ ਕੇਵਲ) |
| ਈ ਐਮ ਡੀ (ਬਿਆਨਾ ਰਾਸ਼ੀ) | ਸਫ਼ਲ ਬੋਲੀਕਾਰ ਦੁਆਰਾ ਰਾਖਵੀਂ ਕੀਮਤ ਦੀ ਕੁੱਲ ਈ ਐਮ ਡੀ (ਬਿਆਨਾ ਰਾਸ਼ੀ) 25 ਫੀਸਦੀ ਜਲੰਧਰ ਵਿੱਚ ਅਦਾਇਗੀਯੋਗ ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਦੇ ਰਾਹੀਂ ਮਿਤੀ 15.12.2025 ਨੂੰ ਜਮ੍ਹਾਂ ਕਰਵਾਈ ਜਾਵੇਗੀ। ਟੈਂਡਰ ਫਾਰਮ ਅਤੇ ਈ ਐਮ ਡੀ ਅਧਿਕਾਰਤ ਅਫਸਰ, ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮ. ਮੁੱਖ ਮਫ਼ਤਰ ਮਿਡਾਸ ਕਾਰਪੋਰੇਟ ਪਾਰਕ ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਨੂੰ ਭੇਜੇ ਜਾਣ। |

ਬੈਂਕ ਨੂੰ ਮਾਲੂਮ ਭੰਜਟ : ਕੋਈ ਨਹੀਂ। ਜਾਇਦਾਦ "ਜਿਵੇਂ ਹੈ ਜਿੱਥੇ ਹੈ","ਜੋ ਹੈ ਜਿਵੇਂ ਹੈ" ਅਤੇ "ਉਥੇ ਜੋ ਵੀ ਹੈ" ਦੇ ਅਧਾਰ 'ਤੇ ਵੇਚੀ ਜਾਵੇਗੀ। ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਟਿਡ ਦੇ ਪੱਖ ਵਿੱਚ ਡਿਮਾਂਡ ਡਰਾਫਟ ਰਾਹੀਂ, ਜਲੰਧਰ ਵਿੱਚ ਅਦਾਇਗੀਯੋਗ, ਈ ਐਮ ਡੀ (ਬਿਆਨਾ ਰਾਸ਼ੀ) ਅਰਥਾਤ 25% ਸਮੇਤ ਟੈਂਡਰ ਪ੍ਰਾਪਤ ਕਰਨ ਦੀ ਅੰਤਿਮ ਮਿਤੀ/ਸਮਾਂ 15.12.2025 ਨੂੰ ਸਵੇਰੇ 11.00 ਵਜੇ ਤੱਕ ਹੈ। ਟੈਂਡਰ ਦਰਸਾਈ ਮਿਤੀ ਨੂੰ ਸਵੇਰੇ 11.00 ਵਜੇ ਤੋਂ ਬਾਅਦ ਸਾਰੇ ਪੇਸ਼ਕਾਰਾਂ/ਉਨ੍ਹਾਂ ਦੇ ਪ੍ਰਤੀਨਿਧੀਆਂ ਦੀ ਹਾਜ਼ਰੀ ਵਿੱਚ ਮੁੱਖ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ, ਜਲੰਧਰ ਵਿਖੇ ਖੋਲ੍ਹੇ ਅਤੇ ਉਸੇ ਮਿਤੀ ਨੂੰ ਵਿਚਾਰੇ ਜਾਣਗੇ। ਟੈਂਡਰ ਫਾਰਮ ਸਹਿਤ ਵਿਕਰੀ ਦੇ ਵਿਸਥਾਰਤ ਨਿਯਮਾਂ ਅਤੇ ਜਾਇਦਾਦ ਦੀ ਪੜਤਾਲ ਲਈ ਬਰਾਂਚ ਦਫ਼ਤਰ ਕੋਟਕਪੂਰਾ ਨਾਲ ਸੰਪਰਕ ਕੀਤਾ ਜਾਵੇ। ਵਿਕਰੀ ਸਕਿਓਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫਾਈਨਾਂਸ਼ੀਅਲ ਐਸਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰੈਸਟ ਐਕਟ 2002 ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦਾ ਵਿਸ਼ਾ ਹੋਵੇਗੀ। ਅਧਿਕਾਰਤ ਅਫਸਰ ਨੂੰ ਬਿਨਾਂ ਕੋਈ ਕਾਰਨ ਦੱਸਿਆਂ ਵਿਕਰੀ ਦੀ ਪੁਸ਼ਟੀ ਕਰਨ ਤੋਂ ਪਹਿਲਾਂ ਕਿਸੇ ਵੀ ਸਮੇਂ ਵਿਕਰੀ ਰੱਦ ਕਰਨ/ਅਨਿਸ਼ਚਿਤ ਸਮੇਂ ਲਈ ਅੱਗੇ ਪਾਉਣ/ਮੁਲਤਵੀ ਕਰਨ/ਨਿਯਮਾਂ ਅਤੇ ਸ਼ਰਤਾਂ ਵਿੱਚ ਬਦਲਾਅ ਕਰਨ ਦਾ ਹੱਕ ਪ੍ਰਾਪਤ ਹੈ।

ਮਿਤੀ : 10.11.2025 — ਅਧਿਕਾਰਤ ਅਫਸਰ



### M/S CREDIFIN LIMITED

(formerly known as PHF Leasing Ltd.)

Registered Office : 87, Radio Colony, Mahavir Marg, BMC Chowk, Jalandhar - 144001, Punjab

CIN No. L65110PB1992PLC012488, Ph.No.+91 91151-00401, Website : www.credif.in, Email id : compliance@credif.in

**30 ਸਤੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ (ਰੁਪਏ ਲੱਖਾਂ 'ਚ)**

| ਲੜੀ ਨੰ: | ਵੇਰਵੇ | ਤਿਮਾਹੀ ਖਤਮ | | | ਅੱਧਾ ਸਾਲ ਖਤਮ | | ਸਾਲ ਖਤਮ |
|---|---|---|---|---|---|---|---|
| | | 30 ਸਤੰਬਰ, 2025 ਅਣ-ਪੜਤਾਲੇ | 30 ਜੂਨ 2025 ਅਣ-ਪੜਤਾਲੇ | 30 ਸਤੰਬਰ 2024 ਅਣ-ਪੜਤਾਲੇ | 30 ਸਤੰਬਰ 2025 ਅਣ-ਪੜਤਾਲੇ | 30 ਸਤੰਬਰ 2024 ਅਣ-ਪੜਤਾਲੇ | 31 ਮਾਰਚ 2025 ਪੜਤਾਲੇ |
| 1. | ਕਾਰੋਬਾਰਾਂ ਤੋਂ ਕੁੱਲ ਆਮਦਨ | 1,774.27 | 1,746.56 | 1,651.61 | 3,520.83 | 2,836.10 | 6,337.86 |
| 2. | ਸਮੇਂ ਲਈ ਸ਼ੁੱਧ ਲਾਭ/(ਹਾਨੀ) (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ-ਸਧਾਰਨ ਆਇਟਮਾਂ) | 13.34 | 171.10 | 258.91 | 184.45 | 347.08 | 610.17 |
| 3. | ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ/(ਹਾਨੀ) (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | 13.34 | 171.10 | 258.91 | 184.45 | 347.08 | 610.17 |
| 4. | ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ/ਹਾਨੀ (ਖਾਸ ਅਤੇ/ਜਾਂ ਅਸਧਾਰਨ ਆਇਟਮਾਂ ਮਗਰੋਂ) | (11.16) | 70.34 | 195.67 | 59.18 | 287.58 | 513.84 |
| 5. | ਸਮੇਂ ਲਈ ਕੁੱਲ ਵਿਆਪਕ ਆਮਦਨ [ਸਮੇਤ ਲਾਭ/(ਹਾਨੀ) (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)] | (11.30) | 72.28 | 186.87 | 60.98 | 279.62 | 502.63 |
| 6. | ਇਕੁਇਟੀ ਸ਼ੇਅਰ ਕੈਪੀਟਲ | 3,082.93 | 1,238.68 | 1,238.68 | 3,082.93 | 1,238.68 | 1,238.68 |
| 7. | ਰਿਜ਼ਰਵਜ਼ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਚ ਦਰਸਾਇਆ ਗਿਆ | 5,196.66 | 5,544.72 | 3,806.12 | 5,196.66 | 3,806.12 | 5,476.78 |
| 8. | ਕਮਾਈ 10 ਰੁ:/- ਹਰੇਕ (ਚਾਲੂ ਅਤੇ ਬੰਦ ਕਾਰੋਬਾਰਾਂ ਲਈ) ਪ੍ਰਤੀ ਸ਼ੇਅਰ | | | | | | |
| | ਬੇਸਿਕ (ਰੁਪਏ) | (0.09) | 0.57 | 1.58 | 0.47 | 2.33 | 4.15 |
| | ਡਿਲਿਊਟਡ (ਰੁਪਏ) | (0.09) | 0.28 | 1.03 | 0.47 | 1.51 | 2.70 |

**ਨੋਟਿਸ :-**

1. ਕਰੈਡੇਫਿਨ ਲਿਮਟਿਡ (ਪਹਿਲਾਂ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ) ("ਦਾ ਕੰਪਨੀ") ਵਜੋਂ ਜਾਣੀ ਜਾਂਦੀ ਦੇ ਉਪਰੋਕਤ ਨਤੀਜੇ ਆਡਿਟ ਕਮੇਟੀ ਦੀ ਮੀਟਿੰਗ ਵਿੱਚ ਨਜ਼ਰਸਾਨੀ ਕੀਤੇ ਗਏ ਹਨ ਅਤੇ ਬੋਰਡ ਦੇ ਡਾਇਰੈਕਟਰਾਂ ਵੱਲੋਂ ਕ੍ਰਮਵਾਰ ਉਨ੍ਹਾਂ ਦੀਆਂ 11 ਨਵੰਬਰ 2025 ਨੂੰ ਹੋਈਆਂ ਮੀਟਿੰਗਾਂ 'ਚ ਮਨਜ਼ੂਰ ਕੀਤੇ ਗਏ ਹਨ।
2. ਉਪਰੋਕਤ 30 ਸਤੰਬਰ 2025 ਨੂੰ ਖਤਮ ਹੋਈ ਤਿਮਾਹੀ ਅਤੇ ਖਤਮ ਹੋਏ ਅੱਧੇ ਸਾਲ ਦੇ ਅਣ-ਪੜਤਾਲੇ ਵਿੱਤੀ ਨਤੀਜਿਆਂ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ, ਜੋ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰਜ਼ ਰਿਕੁਆਰਿਮੈਂਟਸ) ਰੈਗੂਲੇਸ਼ਨਜ਼ 2015, ਸੋਧੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜ ਕੋਲ ਦਾਇਰ ਕੀਤਾ ਗਿਆ ਹੈ। ਉਕਤ ਵਿੱਤੀ ਨਤੀਜਿਆਂ ਦਾ ਪੂਰਾ ਸਾਰ ਸਟਾਕ ਐਕਸਚੇਂਜ ਦੀ ਵੈੱਬਸਾਈਟ www. msei.in ਅਤੇ ਕੰਪਨੀ ਦੀ ਵੈੱਬਸਾਈਟ www. credif.in 'ਤੇ ਉਪਲੱਬਧ ਹੈ।

ਬੋਰਡ ਦੇ ਡਾਇਰੈਕਟਰਾਂ ਦੇ ਹੁਕਮ ਨਾਲ
ਵਾਸਤੇ ਕਰੈਡੀਫਿਨ ਲਿਮਟਿਡ
(ਪਹਿਲਾਂ ਪੀ ਐੱਚ ਐੱਫ ਲੀਜ਼ਿੰਗ ਲਿਮਟਿਡ ਵਜੋਂ ਜਾਣਿਆਂ ਜਾਂਦਾ)

ਸਥਾਨ : ਜਲੰਧਰ — ਸਹੀ/- ਕੁਮਾਰ ਸ਼ਾਲੀਆ ਗੁਪਤਾ

ਮਿਤੀ : 11 ਨਵੰਬਰ 2025 — ਮੈਨੇਜਿੰਗ ਡਾਇਰੈਕਟਰ ਅਤੇ ਸੀ ਈ ਓ, ਡੀ ਆਈ ਐੱਨ : 07553217

# ਅੰਤਰ ਸਕੂਲ ਸਾਇੰਸ ਤੇ ਸੱਭਿਆਚਾਰਕ ਮੁਕਾਬਲਿਆਂ 'ਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸਕੂਲ ਦੀ ਬੱਲੇ-ਬੱਲੇ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਅੰਤਰ ਸਕੂਲ ਸਾਇੰਸ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਓਵਰਆਲ ਰਨਰਅੱਪ ਟਰਾਫੀ ਜਿੱਤੀ ਹੈ। ਇਸ ਸੰਬੰਧੀ ਸਕੂਲ ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਕਰਵਾਏ ਗਏ ਅੰਤਰ ਸਕੂਲ ਸਾਇੰਸ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਲਗਭਗ 25 ਸਕੂਲਾਂ ਨੇ ਭਾਗ ਲਿਆ। ਇਸ ਦੌਰਾਨ ਸ਼ਬਦ ਗਾਇਨ ਭਾਸ਼ਣ, ਕਵਿਤਾ ਉਚਾਰਨ, ਲੋਕ ਗੀਤ, ਲੋਕ ਨਾਚ, ਰੰਗੋਲੀ ਮੇਕਿੰਗ, ਮਾਡਲ ਮੇਕਿੰਗ, ਕਾਰਡ ਮੇਕਿੰਗ, ਕੁਇਜ਼ ਅਤੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੇ 23 ਵਿਦਿਆਰਥੀਆਂ ਨੇ ਭਾਗ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਭਾਸ਼ਣ ਵਿੱਚ ਗਗਨਪ੍ਰੀਤ ਕੌਰ ਬਾਰਵੀਂ ਨੇ ਪਹਿਲਾ ਸਥਾਨ। ਸਾਇੰਸ ਕੁਇਜ਼ ਮੁਕਾਬਲੇ ਵਿੱਚ ਜਸ਼ਨ ਮਸੀਹ, ਚਰਨਜੀਤ ਕੌਰ ਤੇ ਅਰਸ਼ਦੀਪ ਕੌਰ ਨੇ ਦੂਸਰਾ ਸਥਾਨ। ਮਾਡਲ ਮੇਕਿੰਗ ਵਿੱਚ ਸੁਖਦੀਪ ਸਿੰਘ, ਅਗਮਨਦੀਪ ਸਿੰਘ, ਜਪਨੀਤ ਸਿੰਘ, ਅਨਿਕੇਤ ਤੇ ਵੀਰ ਪ੍ਰਤਾਪ ਸ਼ਰਮਾ ਨੇ ਪਹਿਲਾ ਸਥਾਨ। ਸੁੰਦਰ ਲਿਖਾਈ ਵਿੱਚ ਸੋਨੀਆ ਨੇ ਪਹਿਲਾ ਸਥਾਨ। ਕਾਰਡ ਮੇਕਿੰਗ ਵਿੱਚ ਨਵਪ੍ਰੀਤ ਕੌਰ ਨੇ ਤੀਸਰਾ ਸਥਾਨ। ਲੋਕ ਗੀਤ ਵਿੱਚ ਸੰਮਸਨ ਬੇਨਹੁਰ ਅਤੇ ਆਕਾਸ਼ਪ੍ਰੀਤ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਓਵਰਆਲ ਰਨਰਅੱਪ ਟਰਾਫੀ ਜਿੱਤ ਕੇ ਵਿਦਿਆਰਥੀਆਂ ਨੇ ਆਪਣੇ ਸਕੂਲ ਅਤੇ ਮਾਤਾ ਪਿਤਾ ਦਾ ਨਾਂ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਡਾ. ਗਗਨਜੀਤ ਕੌਰ ਨੇ ਦੱਸਿਆ ਵਿਦਿਆਰਥੀਆਂ ਨੂੰ ਇਨ੍ਹਾਂ ਮੁਕਾਬਲਿਆਂ ਦੀ ਤਿਆਰੀ ਅਧਿਆਪਕਾ ਰੇਨੂੰ ਦਵੇਸਰ, ਕੁਲਵਿੰਦਰ ਕੌਰ, ਲੋਹਲ, ਰੇਨੂੰ ਬਾਲਾ, ਰਜਿੰਦਰ ਕੌਰ, ਮਨਪ੍ਰੀਤ ਕੌਰ, ਸੋਨੀਆ, ਕਿਰਨਦੀਪ ਕੌਰ, ਰਜਤ ਵੋਹਰਾ, ਸਰਬਪਾਲ ਕੌਰ ਅਤੇ ਅਮਨਪ੍ਰੀਤ ਕੌਰ ਦੁਆਰਾ ਕਰਵਾਈ ਗਈ। ਇਸ ਸ਼ਾਨਦਾਰ ਪ੍ਰਾਪਤੀ 'ਤੇ ਪ੍ਰਿੰਸੀਪਲ ਡਾ. ਗਗਨਜੀਤ ਕੌਰ ਅਤੇ ਮੈਨੇਜਮੈਂਟ ਕਮੇਟੀ ਪ੍ਰਧਾਨ ਗੁਰਵਿੰਦਰ ਸਿੰਘ ਸੰਧੂ ਐਡਵੋਕੇਟ, ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੋਹਲ ਅਤੇ ਕੁਲਦੀਪ ਸਿੰਘ ਸੋਹਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਅਜਿਹੇ ਹਰੇਕ ਮੁਕਾਬਲੇ ਲਈ ਲਗਾਤਾਰ ਪੂਰੀ ਲਗਨ ਨਾਲ ਮਿਹਨਤ ਕਰਦੇ ਰਹਿਣ ਲਈ ਪ੍ਰੇਰਿਤ ਕੀਤਾ।

# ਵਿਦਿਆਰਥੀਆਂ ਦੇ ਹਿੱਤ ਲਈ ਯਤਨ ਜਾਰੀ ਰਹਿਣਗੇ : ਡਾ. ਸ਼ੈਲੀ ਰੇਖੀ



ਗੁਰਾਇਆ (ਬਿੰਦਰ ਸੁਮਨ)-ਸ੍ਰੀ ਹਨੂਮਤ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ (ਸ਼ਿਮਟ) ਦੇ ਪ੍ਰਬੰਧਕਾਂ ਨੇ ਹੋਟਲ ਪਾਰਕ ਪਲਾਜ਼ਾ, ਜਲੰਧਰ ਨਾਲ ਇੱਕ ਸਮਝੌਤਾ ਪੱਤਰ (ਐਮ.ਓ.ਯੂ.) 'ਤੇ ਦਸਤਖ਼ਤ ਕੀਤੇ ਹਨ, ਤਾਂ ਜੋ ਕਾਲਜ ਦੇ ਹੋਟਲ ਪ੍ਰਬੰਧਨ ਵਿਭਾਗ ਦੇ ਵਿਦਿਆਰਥੀਆਂ ਨੂੰ ਹੋਟਲ ਕਾਰੋਬਾਰ ਦੀਆਂ ਤਕਨੀਕੀ ਸੂਖਮਤਾਵਾਂ, ਵਿਹਾਰਕ ਸਿਖਲਾਈ ਅਤੇ ਭਵਿੱਖ ਵਿੱਚ ਪਲੇਸਮੈਂਟ ਦੇ ਮੌਕੇ ਪ੍ਰਦਾਨ ਕੀਤੇ ਜਾ ਸਕਣ। ਕਾਲਜ ਡਾਇਰੈਕਟਰ ਡਾ. ਸ਼ੈਲੀ ਰੇਖੀ ਸ਼ਰਮਾ ਅਤੇ ਅਕਾਦਮਿਕ ਡੀਨ ਦੀਪਕ ਠਾਕੁਰ ਨੇ ਦੱਸਿਆ ਕਿ ਹੋਟਲ ਪਾਰਕ ਪਲਾਜ਼ਾ ਦੇ ਐੱਚ ਆਰ ਅਤੇ ਸਿਖਲਾਈ ਮੈਨੇਜਰ, ਚੰਦਨ ਸ਼ਰਮਾ ਅਤੇ ਕਾਰਜਕਾਰੀ ਸ਼ੈੱਫ ਅਭਿਸ਼ੇਕ ਸ਼ਰਮਾ ਨੇ ਸ੍ਰੀ ਹਨੂਮਤ ਇੰਸਟੀਚਿਊਟ ਦੀ ਮੈਨੇਜਮੈਂਟ ਨੂੰ ਭਰੋਸਾ ਦਿੱਤਾ ਹੈ ਕਿ ਉਹ ਹੋਟਲ ਪ੍ਰਬੰਧਨ ਦੇ ਵਿਦਿਆਰਥੀਆਂ ਨੂੰ ਵਧੀਆ ਉਦਯੋਗਿਕ ਤਜਰਬੇ, ਸਿਖਲਾਈ ਅਤੇ ਪਲੇਸਮੈਂਟ ਦੇ ਮੌਕੇ ਪ੍ਰਦਾਨ ਕਰਨ ਦਾ ਹਰ ਸੰਭਵ ਉਪਰਾਲਾ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਅਨੇਕਾਂ ਵੱਕਾਰੀ ਹੋਟਲਾਂ ਅਤੇ ਹੋਰ ਉਦਯੋਗਿਕ ਇਕਾਈਆਂ ਨਾਲ ਸਮਝੌਤਾ ਪੱਤਰ ਸਹੀਬੱਧ ਕੀਤੇ ਗਏ ਹਨ, ਜਿਨ੍ਹਾਂ ਦੇ ਸਹਿਯੋਗ ਸਦਕਾ ਕਾਲਜ ਦੇ ਵਿਦਿਆਰਥੀਆਂ ਲਈ ਲਾਭਦਾਇਕ ਸੈਮੀਨਾਰ, ਗੈਸਟ ਲੈਕਚਰ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਕਰਦਾ ਹੈ। ਇਸ ਤੋਂ ਇਲਾਵਾ, ਜਾਣਕਾਰੀ ਭਰਪੂਰ ਗੈਸਟ ਲੈਕਚਰ ਅਤੇ ਪਲੇਸਮੈਂਟ ਦੇ ਮੌਕੇ ਪ੍ਰਦਾਨ ਕੀਤੇ ਜਾ ਰਹੇ ਹਨ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਹੋਟਲ ਪਾਰਕ ਪਲਾਜ਼ਾ ਨਾਲ ਦਸਤਖਤ ਕੀਤਾ ਗਿਆ ਸਮਝੌਤਾ ਵਿਦਿਆਰਥੀਆਂ ਲਈ ਲਾਭਦਾਇਕ ਬਣੇਗਾ। ਡਾ. ਸ਼ੈਲੀ ਰੇਖੀ ਸ਼ਰਮਾ ਨੇ ਭਰੋਸਾ ਦਿੱਤਾ ਕਿ ਵਿਦਿਆਰਥੀਆਂ ਦੇ ਹਿੱਤ ਨੂੰ ਦੇਖਦੇ ਹੋਏ ਭਵਿੱਖ ਵਿੱਚ ਵੀ ਅਜਿਹੇ ਯਤਨ ਜਾਰੀ ਰਹਿਣਗੇ।

# ਸ਼ਡਿਊਲਡ ਕਾਸਟ/ਬੈਕਵਰਡ ਕਲਾਸ ਮਹਾਂ-ਪੰਚਾਇਤ ਵੱਲੋਂ ਮੋਹਿੰਦਰ ਭਗਤ ਨੂੰ ਮੰਗ ਪੱਤਰ

ਫਗਵਾੜਾ (ਡਾ ਰਮਨ)-ਸ਼ਡਿਊਲਡ ਕਾਸਟ/ਬੈਕਵਰਡ ਕਲਾਸ ਮਹਾਂ ਪੰਚਾਇਤ (ਰਜਿ) ਪੰਜਾਬ ਅਤੇ ਰਿਜ਼ਰਵੇਸ਼ਨ ਚੋਰ ਫੜੋ ਮੋਰਚਾ ਪੰਜਾਬ ਦੇ ਲੀਗਲ ਸੈੱਲ ਦੇ ਇੰਚਾਰਜ ਤਰਸੇਮ ਚੁੰਬਰ ਵਲੋਂ ਮੋਹਿੰਦਰ ਭਗਤ ਕੈਬਨਿਟ ਮੰਤਰੀ ਪੰਜਾਬ ਨਾਲ ਅਨੁਸੂਚਿਤ ਜਾਤੀਆਂ ਦੇ ਨਾਲ ਹੋ ਰਹੇ ਵਿਤਕਰੇ ਕਾਰਨ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਜਿਸ ਵਿੱਚ ਪੰਜਾਬ ਅੰਦਰ ਅਨੁਸੂਚਿਤ ਜਾਤੀਆਂ ਨੂੰ ਜਾਤੀਸੂਚਕ ਸ਼ਬਦ ਅਤੇ ਰੰਗਰੇਟ ਵਾਲੀ ਨਕਲੀ ਟਿੱਪਣੀਆਂ ਕਰਨ ਵਾਲੇ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਇੱਕ ਮੰਗ ਪੱਤਰ ਸੌਂਪਿਆ ਗਿਆ। ਇਸ ਵਿਚਾਰ ਚਰਚਾ ਵਿੱਚ ਖੇਤੀਬਾੜੀ ਵਿਭਾਗ ਵਿੱਚ ਜਾਅਲੀ ਅਨੁਸੂਚਿਤ ਜਾਤੀ ਸਰਟੀਫਿਕੇਟ ਉੱਤੇ ਨੌਕਰੀ ਕਰ ਰਹੇ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨ ਨੂੰ ਪਹਿਲ ਦੇ ਅਧਾਰ 'ਤੇ ਨਜਿੱਠਣ ਲਈ ਕੈਬਨਿਟ ਮੰਤਰੀ ਨੂੰ ਇਸ ਪੱਤਰ ਰਾਹੀਂ ਜਾਣਕਾਰੀ ਦਿੱਤੀ ਗਈ। ਖੇਤੀਬਾੜੀ ਵਿਭਾਗ ਦੇ ਸਹਾਇਕ ਭੂਮੀ ਰੱਖਿਆ ਵਿਭਾਗ ਵਿੱਚ ਵੀ ਅਨੁਸੂਚਿਤ ਜਾਤੀਆਂ ਦੇ ਅਧਿਕਾਰੀਆਂ ਨੂੰ ਕਾਨੂੰਨ ਅਨੁਸਾਰ ਬਣਦੇ ਹੱਕਾਂ ਤੋਂ ਜ਼ਬਰਦਸਤੀ ਔਖੇ ਧੱਕੇ ਕੀਤਾ ਜਾ ਰਿਹਾ ਹੈ। ਰੋਸਟਰ ਸਿਸਟਮ ਨੂੰ ਵੀ ਸਰਕਾਰੀ ਵਿਭਾਗਾਂ ਵਲੋਂ ਅਣਦੇਖਾ ਕੀਤਾ ਜਾ ਰਿਹਾ ਹੈ। ਸੋਸ਼ਲ ਜਸਟਿਸ ਅਤੇ ਇੰਪਾਵਰਮੈਂਟ ਡਿਪਾਰਟਮੈਂਟ ਪੰਜਾਬ ਵਲੋਂ ਇਸ ਸਬੰਧੀ ਇੱਕ ਪੱਤਰ ਲਿਖ ਕੇ ਖੇਤੀਬਾੜੀ ਵਿਭਾਗ ਤੋਂ ਸਵਾਲ ਪੁੱਛਿਆ ਗਿਆ ਮਹਿੰਦਰ ਭਗਤ ਕੈਬਨਿਟ ਮੰਤਰੀ ਨੇ ਭਰੋਸਾ ਦਿਵਾਇਆ ਗਿਆ ਕਿ ਤੁਹਾਡੇ ਇੱਕ ਵਫਦ ਦੀ ਮੀਟਿੰਗ ਬਹੁਤ ਜਲਦੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਕਰਵਾਈ ਜਾਵੇਗੀ ਜਿਸ ਦੇ ਵਿੱਚ ਪੰਜਾਬ 'ਚ ਹੋ ਰਹੀਆਂ ਅਨੁਸੂਚਿਤ ਜਾਤੀ ਵਿਰੋਧੀ ਗਤੀਵਿਧੀਆਂ ਅਤੇ ਹੋਰ ਮਸਲਿਆਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ। ਇਸ ਮੀਟਿੰਗ ਵਿੱਚ ਸੁਖਵਿੰਦਰ ਸਿੰਘ ਸੰਧਾਵਾਂ, ਤਰਲੋਚਨ ਸਿੰਘ ਰਿਟਾਇਰਡ ਸਹਾਇਕ ਡਾਇਰੈਕਟਰ, ਕ੍ਰਾਂਤੀ ਕੁਮਾਰ ਕੁਤਬੇਵਾਲ, ਵਿਜੇ ਕੁਮਾਰ ਕੁਤਬੇਵਾਲ, ਸੀਨੀਅਰ ਮੈਂਬਰ ਸਾਥੀਆਂ ਮੌਜੂਦ ਸ਼ਾਮਲ ਸਨ।

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ

**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ**

ਬਿਨੈਕਾਰ ਦਾ ਨਾਮ : ਸੁਰਿੰਦਰ ਪਾਲ ਸਿੰਘ ਪਿਤਾ/ਪਤੀ ਦਾ ਨਾਮ : ਨਸੀਬ ਚੰਦ

ਪਤਾ: Vill Nangal Fateh Khan Jalandhar, Tehsil-Jalandhar-1/District-Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : ਹਰਜਿੰਦਰ ਸਿੰਘ ਪੱਕਾ ਪਤਾ: Vill Nangal Fateh Khan Jalandhar, Jalandhar-1, Jalandhar, Punjab ਵਿਦੇਸ਼ੀ ਪਤਾ : 56 ST Anthony PH 4 Triq IL Kappillan Mifsud IL Hamrun/ 56 ਸੈਂਟ ਐਂਥਨੀ ਪੀਐਚ 4 ਟ੍ਰਿਕ ਆਈਐਲ ਕੱਪਿਲਨ ਮਿਫਸੁਦ ਇਲ ਹਮਰੂਣ

ਉਮਰ/ਜਨਮ ਮਿਤੀ : 39(27/09/1986)

ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 10.11.2025 ਨੂੰ ਜਾਰੀ ਹੋਇਆ।

ਨੰਬਰ 92/ਨੰਬਰ/ਰੀਡਰ ਮਿਤੀ 10.11.2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

# ਕਲਾਸੀਫਾਈਡ ਇਸ਼ਤਿਹਾਰ

## Change of Name

I, Dharamjit S/o Dalip Chand R/o H. No. 75, Phase-1, Gali No. 2, Gulmarg, Avenue, Ladhewali, Jalandhar, Punjab-144007, have changed my name Dharamjit to Dharamjit Bhardwaj. (R)

I, Simranjeet Singh S/o Rajinder Singh R/o Simble Chowk Masit Wali Gali Gurdaspur Road Batala, Tehsil Batala, Distt Gurdaspur. I have changed my name from Simranjeet Singh to Simranjit Singh. Please concerned note.

I, Inderdeep Kaur W/O Manjit Singh Athwal R/O Outside Sabji Mandi, Jaspal Avenue, Amritsar, Punjab have changed my name from Inderdeep Kaur to Inderdeep Kaur Athwal. Concerned note.

I Paramvir Singh S/O Jaspal Singh R/O Moga Patti Vpo Jandu Singha Jalandhar 144025 Have Changed My First Name To Parmvir And Singh As A Surname.

I, Rimple W/o Jatinder Singh R/o Sun Sahib Road, Baba Deep Singh Colony Chheharta, Amritsar have changed my name from Rimple to Rimple Kaur.

I, Yash Pal S/o Hans Raj Resident of 45-H, Court Road, Amritsar-I, Amritsar. I have changed my name from Yash Pal S/o Hans Raj to Yash Pal Gupta S/o Hans Raj Gupta. All concerned please note.

I, Amarjit Singh S/o Hira Singh R/o H.No.1532/4, Gali No.2, Guru Gobind Singh Nagar, Gilwali Gate, Distt Amritsar have declare that Amarjit is my Given name and Singh is my Surname.

I, Nirvail Singh S/o Gurdial Singh R/o VPO Jama Rai Patti Bhai Ki Tehsil Khadoor Sahib Tarn Taran have changed my name from Nirvail Singh to Given name Nirvail Surname Singh

I, Sardara Singh S/o Pritam Singh R/o Vill Natt, PO Kandila, Batala Distt Gurdaspur have declare that Sardara is my Given name and Singh is my Surname.

I, Abhishek S/o Manjit Singh R/o Village Dhesian, PO. Nainakot, Tehsil/District Gurdaspur, Punjab, India. Have changed my name from Abhishek to Abhishek Singh.

I, Parkash Chand S/O Chhedi Lal, R/o H No-2642/2, Habib Ganj,VTC: Ludhiana, Po; Central Post Office, Ludhiana, Punjab- 141008, have changed my name and shall hereafter be Known as Surajpal.

I, Sanju Gambhir S/O Lajpat Rai Gambhir, R/o House No-48-R, Model Town, Jalandhar-I, Punjab- 144003, have changed my name and shall hereafter be Known as Sanjiv Kumar Gambhir.

I, Karam Kaur Dhadda wife of Late S. Ajit Singh Dhadda resident of 15, Eton Clase Leicester, U.K at present R/o House No. 62/63, Old Dasmesh Nagar, PO. Dakoha, Rama Mandi, Distt. Jalandhar, Punjab declare that Karam Kaur Dhadda and Karam Kaur is one and the same person. All concerned please note.

I, Sohani Bala W/o Madan Gopal Saini R/o House No. 60A/2D, Ward No. 3, Pthankot Road, Sarabha Nagar, Nurpur, Jalandhar, Punjab-144012 have changed my name and shall hereafter be known as Soni Bala.

I, Rakesh Kapoor S/o Nand Lal Kapoor R/o H.No. 270, Shiv Nagar, Jalandhar, Punjab-144004 have changed my name from Rakesh Kapoor to Rakesh Kapur. All concerned please note.

I, Sandeep Kumar S/o Satpal R/o 108, Dera Bapu Mangal Dass, Village Rajpalwan, PO. Mand Pandher, Hoshiarpur, Punjab-144207 have changed my name and shall hereafter be known as Bishan Dass.

I, Ravi Kant S/o Kanwal Saroop R/o H.No. NJ-107, Mahindru Mohalla, Jalandhar-144001, Punjab have changed my name from Ravi Kant to Ravi Kant Shori. All concerned please note.

I, Arshdeep Singh S/o Balwinder Singh R/o VPO Kot Khera, Tehsil Baba Bakala, Distt. Amritsar, Punjab have changed my name from Arshdeep Singh to Singh is my surname and Arshdeep is my given name.

I, Palak Lakhesar D/o Raj Kumar R/o T-14/341, Gali Abbal Thana, Lohgarh Gate, Amritsar, Punjab have changed my name from Palak Lakhesar to Palak.

I, Baldish Kaur w/o Paramjeet Singh Khera r/o Vill. Sukhia Nangal, Po. Khalu, Distt. Kapurthala have changed my name to Baldish Kaur Khera. All Please Note.

I, Charanpreet Singh Son of Pawandeep Singh R/o VPO Dhilwan, District. Kapurthala Punjab have changed my Name from Charanpreet Singh to Singh Charanpreet (Singh as Surname).

## Change of Name

I, Paramjit Singh s/o Massa Singh r/o Vill.Sukhia Nangal, Po. Khalu, Distt. Kapurthala have changed my name to Paramjeet Singh Khera. All Please Note.

I, Palwinderjit Singh s/o Mukhtiar Singh r/o Vill. Lamme, Po. Jaid, Distt. Kapurthala have changed my name to Singh Palwinderjit (Surname as Singh) All Please Note.

I, Monica w/o Rajan r/o WS-386, Mohalla Satran, Basti Sheikh, Po. Basti Guzan, Jalandhar have changed my name to Monika Chauhan. All Please Note.

I, Mandeep Kaur w/o Roshan Singh r/o Vill. Harbanspur, Teh. Phagwara, Po. Domeli, Kapurthala have changed my name from Mandeep Kaur to Mandip Kaur. All Please Note.

I, Ashok Kumar s/o Kishan Chand Shaili r/o VPO. Randhawa Masandan, Distt. Jalandhar have changed my name to Ashok Kumar Saili. All Please Note.

I, Papeender Kour w/o Satwinder Singh r/o Arya Smaj Road, Mohalla Gobindgarh, Po.Nawanshahr, Distt. Shaheed Bhagat Singh Nagar have changed my name to Papinder Kour. All Please Note.

I, Sukhvinder Kour w/o Harmahender Singh r/o Near Power House, Kishan Ghar Road Khairthal Alwar, Rajasthan have changed my name to Sukhvinder Kaur. All Please Note.

I, Raveena W/o Manjeet Lal R/o Village Salarpur, Distt. Jalandhar have changed my name from Raveena to Rabeena. All concerned please note.

I, Om Parkash S/o Amrik Chand R/o VPO. Bal, Distt. Jalandhar have changed my name from Om Parkash to Om Parkash Bangar. All concerned please note.

I, Jatinder Kaur D/o Surjit Singh R/o Patti Kalla Dalla, VPO Samrai, Distt. Jalandhar have changed my name from Jatinder Kaur to Jatinder Kaur Aulakh. All concerned please note.

I, Vansh S/o Amrik Chand R/o Village Hardo Pharala, PO. Raipur, Distt. Jalandhar have changed my name from Vansh to Vansh Kumar. All concerned please note.

I, Prabhjit Kaur D/o Rajinder Singh Sethi R/o 193 L Model Town, Jalandhar, Punjab have changed my name from Prabhjit Kaur to Prabhjit Kaur Dang.

I, Bhalinderjit Singh S/o Kuldip Singh R/o 193 L Model Town, Jalandhar, Punjab have changed my name from Bhalinderjit Singh to Bhalinderjit Singh Dang.

I, Seerat D/o Bhalinderjit Singh R/o 193 L Model Town, Jalandhar, Punjab have changed my name from Seerat to Seerat Kaur Dang.

I, Rohan S/o Surjit Kumar R/o Pandita Di Gali, Khalwara Gate, Phagwara, Kapurthala, Punjab, 144401 have changed my name to Rohan Kumar.

I, Shashi Singh S/o Avtar Singh R/o Vill. Sufipind, Po. Sofi, Distt. Jalandhar have changed my name Read as Given name Shashi and Surname as Singh.

I, Ajay Kumar S/o Harish Kumar R/o H.No. 20-A, Gagan Vihar Colony, Mithu Basti, Jalandhar-144002, Punjab have changed my name from Ajay Kumar to Ajay Kumar Gupta.

I, Balram Singh S/o Surinder Pal R/o H.No. 1231/81, Boota Pind, Model Town, Jalandhar-144003, Punjab have changed my name to Given name as Balram & Surname as Singh.

## PUBLIC NOTICE

I, Davinder Sharma son of Sh. Krishan Dev resident of H.No. E.C 362 (Property No. B/5/845) Qilla Mohalla, Khingra Gate, Jalandhar, Punjab hereby declare that I am the absolute owner of the H.No. E.C 362 (Property No. B/5/845) Qilla Mohalla, Khingra Gate, Jalandhar, Punjab as per Transfer Deed No. 2916, Dated 06-12-1955 issued by Sub Registrar, Jalandhar-I, Punjab. Any other person/party having no concern with this premises. If any other person/party deal with any other person/party regarding any sale /rent etc, He/she shall be personally held responsible for the same. M - 95012-13008.

It is for general information that I, Prabhjeet Singh Matharu S/o Lakhwinder Singh R/o House Number 13, Kapurthala Road, Hardev Nagar, Jalandhar, Punjab - 144001 declare that name of my mother has been wrongly written as Harjinder Kaur in my educational documents. The actual name of my mother is Jaspreet Kaur respectively which may be amended accordingly.

## ਬੇਦਖਲੀ ਨੋਟਿਸ

ਮੈਂ ਗੁਰਦੇਵ ਕੌਰ ਪਤਨੀ ਲਹਿੰਬਰ ਸਿੰਘ ਪਿੰਡ ਖਾਨਕੇ ਫਤਿਹਗੜ੍ਹ ਸਬ-ਤਹਿਸੀਲ ਕਰਤਾਰਪੁਰ ਜਿਲਾ ਜਲੰਧਰ ਦੀ ਵਸਨੀਕ ਹਾਂ। ਮੇਰੀ ਲੜਕੀ ਬਲਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ।ਇਸ ਲਈ ਮੈਂ ਉਸ ਨੂੰ ਆਪਣੀ ਚਲ-ਅਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਜਸਪਾਲ ਪੁੱਤਰ ਗੁਰਦਿਆਲ ਸਿੰਘ, ਵਾਸੀ ਪਿੰਡ ਨਸੀਰਪੁਰ ਜਾਨੀਆ, ਤਹਿਸੀਲ ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵਿੰਦਰ ਕੁਮਾਰ ਉਰਫ ਸੋਨੂੰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਅਸ਼ਵਨੀ ਕੁਮਾਰ ਪੁੱਤਰ ਦੁਰਗਾ ਦਾਸ ਅਤੇ ਸੁਮਨ ਬਾਲਾ ਪਤਨੀ ਅਸ਼ਵਨੀ ਕੁਮਾਰ, ਵਾਸੀ ਪਲਾਟ ਨੰ: 18, ਗਲੀ ਨੰ: 6, ਨਿਊ ਅਮਨ ਨਗਰ, ਫੇਜ਼-2, ਤਲਹਣ ਰੋਡ, ਢਿੱਲਵਾਂ, ਡਾਕ. ਦਕੋਹਾ, ਜਲੰਧਰ-144023 ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਧੀਰਜ ਅਤੇ ਉਸ ਦੀ ਪਤਨੀ ਸੁਨੈਨਾ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਆਪਣੀ ਮਨਮਰਜ਼ੀ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਡਾ ਤੇ ਸਾਡੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਰੇਸ਼ਮ ਸਿੰਘ ਪੁੱਤਰ ਸ. ਗੁਰਦਾਸ ਸਿੰਘ, ਵਾਸੀ ਮਕਾਨ ਨੰਬਰ 49, ਮੁਹੱਲਾ ਕਬੀਰ ਐਵੀਨਿਊ, ਲਾਲੇ ਲੱਧੇਵਾਲੀ, ਜਲੰਧਰ ਨੇ ਆਪਣੇ ਲੜਕੇ ਬਚਿੱਤਰ ਸਿੰਘ ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੈ, ਨੂੰ ਆਪਣੀ ਪੂਰੇ ਭਾਰਤ ਵਰਸ਼ ਵਿਚ ਪੈਣ ਵਾਲੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰ ਰਿਹਾ ਹਾਂ। ਜੋ ਵੀ ਮੇਰਾ ਸੱਜਣ ਮਿੱਤਰ ਜਾਂ ਰਿਸ਼ਤੇਦਾਰ ਉਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਰਿਸ਼ਤਾ-ਨਾਤਾ ਰੱਖੇਗਾ, ਉਹ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਚਰਨਜੀਤ ਸਿੰਘ ਪੁੱਤਰ ਸ਼੍ਰੀ ਸਰੂਪ ਸਿੰਘ ਵਾਸੀ ਵਾਰਡ ਨੰਬਰ 01 ਪੁਰਾਣੀ ਅਬਾਦੀ ਭੋਗਪੁਰ ਜਿਲਾ ਜਲੰਧਰ, ਪੰਜਾਬ ਬਿਆਨੀ ਹਾਂ ਕਿ ਮੇਰਾ ਲੜਕਾ ਹਰਜਿੰਦਰ ਸਿੰਘ ਅਤੇ ਉਸਦੀ ਪਤਨੀ ਨਵਜੋਤ ਕੌਰ ਮੇਰੇ ਕਹਿਣੇਂ ਤੋਂ ਬਾਹਰ ਹੋਣ ਕਾਰਨ ਮੈਂ ਉਹਨਾਂ ਨੂੰ ਆਪਣੀਂ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਹੁਣ ਉਹਨਾਂ ਦਾ ਮੇਰੇ ਅਤੇ ਮੇਰੇ ਪਰਿਵਾਰ ਨਾਲ ਕੋਈ ਸੰਬੰਧ ਨਹੀਂ ਹੈ। ਉਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਚਰਨੋ ਦੇਵੀ ਪਤਨੀ ਲੇਟ ਜਸਵੰਤ ਰਾਏ ਵਾਸੀ ਮਕਾਨ ਨੰਬਰ:1138, ਏਕਤਾ ਇੰਨਕਲੇਵ, ਪਿੰਡ ਵਿਰਕ, ਤਹਿਸੀਲ ਫਿਲੌਰ, ਜ਼ਿਲਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਪਵਨ ਮੈਹਿਮੀ ਅਤੇ ਉਸਦੀ ਪਤਨੀ ਸੰਦੀਪ ਕੌਰ ਜੋਕਿ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਦੇ ਝਗੜਦੇ ਰਹਿੰਦੇ ਹਨ ਅਤੇ ਇਨ੍ਹਾਂ ਨੇ ਮੈਨੂੰ ਬਹੁਤ ਤੰਗ ਪਰੇਸ਼ਾਨ ਕੀਤਾ ਹੋਇਆ ਹੈ ਇਸ ਲਈ ਮੈਂ ਉਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰ ਦਿੱਤਾ ਹੈ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ ਮੇਰੀ ਕੋਈ ਵੀ ਜੁੰਮੇਵਾਰੀ ਨਹੀਂ ਹੋਵੇਗੀ।

ਮੈਂ ਹਰਜਿੰਦਰ ਕੁਮਾਰ ਪੁੱਤਰ ਸਰਦਾਰੀ ਲਾਲ ਵਾਸੀ ਮਕਾਨ ਨੰਬਰ 15/378, ਮੁਹੱਲਾ ਉੱਚਾ ਧੌੜਾ , ਕਪੂਰਥਲਾ ਇਹ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪ੍ਰਥਮ ਮਾਹਲਾ ਜੋ ਕਿ ਕੁਆਰਾ ਹੈ ਮਾੜੀ ਸੰਗਤ ਵਿੱਚ ਪੈ ਗਿਆ ਹੈ ਤੇ ਮੇਰੇ ਕਹਿਣੇਕਾਰ ਤੋਂ ਬਾਹਰ ਹੈ । ਇਸ ਲਈ ਮੈਂ ਉਕਤ ਲੜਕੇ ਨੂੰ ਆਪਣੀ ਸਾਰੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਭਵਿੱਖ ਵਿੱਚ ਇਸ ਨਾਲ ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜਸਪਾਲ ਪੁੱਤਰ ਗੁਰਦਿਆਲ ਸਿੰਘ, ਵਾਸੀ ਪਿੰਡ ਨਸੀਰਪੁਰ ਜਾਨੀਆ, ਤਹਿ. ਧਰਮਕੋਟ, ਜ਼ਿਲ੍ਹਾ ਮੋਗਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਵਿੰਦਰ ਕੁਮਾਰ ਉਰਫ ਸੋਨੂੰ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਹਰਜਿੰਦਰ ਪੁੱਤਰ ਸਰਵਨ, ਵਾਸੀ ਪੱਤੀ ਹਵੇਲੀ ਮਲਸੀਆਂ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਸਿੰਘ ਅਤੇ ਮੇਰੀ ਨੂੰਹ ਸਪਨਾ ਇਹ ਦੋਨੋਂ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੈਨੂੰ ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਪ੍ਰਸ਼ੋਤਮ ਲਾਲ ਪੁੱਤਰ ਹਰਬੰਸ ਲਾਲ, ਵਾਸੀ ਮਕਾਨ ਨੰਬਰ 408, ਗਲੀ ਨੰ: 13, ਰਾਮ ਨਗਰ ਕਾਲੋਨੀ, ਇਸਲਾਮਾਬਾਦ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਸੰਜੀਵ ਕੁਮਾਰ ਅਤੇ ਉਸ ਦੀ ਪਤਨੀ ਰੀਨਾ ਅਤੇ ਛੋਟਾ ਲੜਕਾ ਗੌਰਵ ਕੁਮਾਰ ਅਤੇ ਉਸ ਦੀ ਪਤਨੀ ਜੀਵਨ ਜੋਤੀ, ਜੋ ਮੇਰੀ ਜਾਇਦਾਦ ਹਥਿਆਉਣ ਦੀ ਖਾਤਰ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ ਅਤੇ ਮੇਰੇ ਕਹਿਣੇ-ਸੁਨਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਅਤੇ ਇਨ੍ਹਾਂ ਦੇ ਨਾਬਾਲਗ ਬੱਚਿਆਂ ਨੂੰ ਆਪਣੀ ਨਿੱਜੀ ਜ਼ਿੰਦਗੀ, ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੇ ਨਾਲ ਮਿਲਵਰਤਣ ਰੱਖਣ ਅਤੇ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਜਿਸ ਵਿਚ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਕੇਸ਼ ਕੁਮਾਰ ਪੁੱਤਰ ਦੇਵ ਰਾਜ, ਵਾਸੀ ਮਕਾਨ ਨੰ: 274, ਕਪੂਰਥਲਾ ਰੋਡ, ਬਸਤੀ ਬਾਵਾ ਖੇਲ, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਪਲਕ ਮੇਰੇ ਕਹਿਣੇ ਤੋਂ ਬਾਹਰ ਹੈ। ਉਸ ਨੇ ਮੇਰੀ ਇਜਾਜ਼ਤ ਦੇ ਖਿਲਾਫ ਸ਼ਾਦੀ ਕਰ ਲਈ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਗਿੰਦਰ ਸਿੰਘ ਪੁੱਤਰ ਗੁਰਬਖਸ਼ ਸਿੰਘ ਵਾਸੀ ਪਿੰਡ ਗੌਰੇ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਮਜੀਤ ਸਿੰਘ ਅਤੇ ਉਸਦੀ ਪਤਨੀ ਮਨਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਪਰਿਵਾਰ ਸਮੇਤ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਦਲਜੀਤ ਕੌਰ ਪਤਨੀ ਲੇਟ ਅਮਰਜੀਤ ਸਿੰਘ ਵਾਸੀ ਪਿੰਡ ਕਾਂਜਲੀ, ਤਹਿਸੀਲ ਵਾ ਜ਼ਿਲ੍ਹਾ ਕਪੂਰਥਲਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਲਵਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨ ਮਰਜੀ ਕਰਦਾ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ ਹਰਜਿੰਦਰ ਸਿੰਘ ਪੁੱਤਰ ਗੋਪਾਲ ਸਿੰਘ ਵਾਸੀ ਧਵਾਨ ਵਾ ਸੁਖਵਿੰਦਰ ਕੋਰ ਪਤਨੀ ਹਰਜਿੰਦਰ ਸਿੰਘ ਵਾਸੀਆਨ ਧਵਾਨ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਪਲਵਿੰਦਰ ਸਿੰਘ ਜੋ ਕਿ ਕਨੇਡਾ ਵਿੱਖੇ ਰਹਿੰਦਾ ਹੈ, ਸਾਡੇ ਕਹਿਣੇ ਤੋਂ ਬਾਹਰ ਹੈ। ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਵਾ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਰੇਨੂੰ ਬਾਲਾ ਪਤਨੀ ਕੁਲਵਿੰਦਰ ਸਿੰਘ, ਵਾਸੀ ਮਕਾਨ ਨੰ: 10, ਰਾਜਨ ਕਾਲੋਨੀ, ਬਸਤੀ ਪੀਰ ਦਾਦ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਕੁਲਵਿੰਦਰ ਸਿੰਘ ਮੇਰੇ ਨਾਲ ਲੜਦਾ-ਝਗੜਦਾ ਰਹਿੰਦਾ ਹੈ, ਮੈਨੂੰ ਮੇਰਾ ਬਣਦਾ ਮਾਣ-ਸਤਿਕਾਰ ਨਹੀਂ ਦਿੰਦਾ, ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਹੁਣ ਮੇਰਾ ਮੇਰੇ ਪਤੀ ਨਾਲ ਕੋਈ ਲੈਣ-ਦੇਣ ਨਹੀਂ ਹੈ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਤਰਲੋਚਨ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਤੇ ਡਾਕ: ਨਸਰਾਲਾ, ਤਹਿਸੀਲ ਵਾ ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਗੁਰਸਿਮਰਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹੈ। ਇਸ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਅਸੀਂ ਬਖਸ਼ੀਸ਼ ਮਸੀਹ ਪੁੱਤਰ ਨਿਆਮਤ ਮਸੀਹ ਅਤੇ ਸੋਮਾ ਪਤਨੀ ਬਖਸ਼ੀਸ਼ ਮਸੀਹ ਦੋਵੇਂ ਵਾਸੀ ਮੁਸਤਫਾਬਾਦ ਸੈਦਾਂ ਜਿਲ੍ਹਾ ਗੁਰਦਾਸਪੁਰ ਆਪਣੇ ਲੜਕੇ ਸੁਲੇਮਾਨ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਹ ਸਾਡੇ ਅਤੇ ਸਾਡੇ ਬਾਕੀ ਪਰਿਵਾਰ ਦੇ ਕਹਿਣੇ ਵਿੱਚ ਨਹੀਂ ਹੈ । ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਅਸੀਂ ਸੰਗੀਤਾ ਪਾਂਡੇ ਪਤਨੀ ਵਰਿੰਦਰ ਪਾਂਡੇ ਅਤੇ ਵਰਿੰਦਰ ਮੋਹਨ ਪਾਂਡੇ ਪੁੱਤਰ ਕਵਲਜੀਤ ਪਾਂਡੇ ਵਾਸੀਆਨ ਮਕਾਨ ਨੰਬਰ 140/2 , ਨੇੜੇ ਬਸਤੀ ਬਾਵਾ ਖੇਲ , ਨਿਊ ਗੌਤਮ ਨਗਰ , ਜਲੰਧਰ ਇਹ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਧੀਰਜ ਪਾਂਡੇ ਅਤੇ ਉਸਦੀ ਪਤਨੀ ਰੋਲੀ ਪਾਂਡੇ ਸਾਡੇ ਕਹਿਣੇ ਤੋਂ ਬਾਹਰ ਹਨ । ਇਸ ਲਈ ਅਸੀਂ ਇਹਨਾਂ ਨੂੰ ਆਪਣੀ ਚੱਲ - ਅੱਚਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਹਨਾ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ । ਸੰਬੰਧਿਤ ਨੋਟ ਕਰਨ।

ਮੈਂ, ਬਲਵੰਤ ਸਿੰਘ ਪੁੱਤਰ ਉਜਾਗਰ ਸਿੰਘ ਵਾਸੀ ਪਿੰਡ ਯੱਕੋਪੁਰ ਖੁਰਦ, ਬਲਾਕ ਲੋਹੀਆਂ ਖਾਸ, ਤਹਿਸੀਲ ਸ਼ਾਹਕੋਟ, ਜਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਵੱਡਾ ਲੜਕਾ ਸੁਖਦੇਵ ਸਿੰਘ ਅਤੇ ਉਸਦੀ ਪਤਨੀ ਸਰਬਜੀਤ ਕੌਰ ਜੋ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਮਨਮਰਜ਼ੀਆਂ ਕਰਦਾ ਹੈ, ਨੂੰ ਮੈਂ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦਾ ਹੁਣ ਸਾਡੇ ਨਾਲ ਕੋਈ ਤਾਲੁਕ ਵਾਸਤਾ ਨਹੀਂ ਅਤੇ ਉਸ ਨਾਲ ਲੈਣ ਦੇਣ ਕਰਨ ਵਾਲਾ ਖ਼ੁਦ ਜ਼ਿੰਮੇਵਾਰ ਹੋਵੇਗਾ।

ਮੈਂ, ਪਰਗਟ ਸਿੰਘ ਪੁੱਤਰ ਅਜੈਬ ਸਿੰਘ, ਵਾਸੀ ਮਕਾਨ ਨੰ: 6279/2, ਗਲੀ ਨੰ: 2, ਇੰਦਰਾ ਕਾਲੋਨੀ, ਮੁਸਤਫਾਬਾਦ, ਬਟਾਲਾ ਰੋਡ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਾਜਨ ਸਿੰਘ ਅਤੇ ਉਸ ਦੀ ਪਤਨੀ ਲਛਮੀ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਮੇਰੇ ਨਾਲ ਲੜਾਈ- ਝਗੜਾ, ਤੰਗ-ਪ੍ਰੇਸ਼ਾਨ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਸੰਬੰਧ/ਤਲਕ-ਵਾਸਤਾ ਨਹੀਂ ਹੈ।

## ਨਾਂਅ ਦੀ ਬਦਲੀ

ਮੈਂ, ਰੇਖਾ ਪਤਨੀ ਸਵ: ਸ੍ਰੀ ਦੀਪਕ ਕੁਮਾਰ, ਵਾਸੀ ਮੁਹੱਲਾ ਨਵੀਪੁਰ, ਡਾਕ. ਅਲਾਵਲਪੁਰ (ਜਲੰਧਰ) ਨੇ ਆਪਣੇ ਨਾਬਾਲਗ ਪੁੱਤਰ ਦਾ ਨਾਂਅ ਹਿਮਾਂਸ਼ੂ ਤੋਂ ਬਦਲ ਕੇ ਹਿਮਾਂਸ਼ੂ ਕੁਮਾਰ ਰੱਖ ਦਿੱਤਾ ਹੈ। ਸੰਬੰਧਤ ਨੋਟ ਕਰਨ।

ਮੈਂ, ਸਾਹਿਲ ਪੁੱਤਰ ਧਰਮਿੰਦਰ, ਵਾਸੀ ਪਿੰਡ ਕੌਲਪੁਰ, ਤਹਿ. ਵਾ ਜ਼ਿਲ੍ਹਾ ਕਪੂਰਥਲਾ ਨੇ ਆਪਣਾ ਨਾਂਅ ਬਦਲ ਕੇ ਸਾਹਿਲ ਤੋਂ ਸਾਹਿਲ ਸਹੋਤਾ ਰੱਖ ਲਿਆ ਹੈ ਅਤੇ ਮੈਨੂੰ ਹੁਣ ਸਹੋਤਾ ਦੇ ਨਾਂਅ ਨਾਲ ਜਾਣਿਆ ਜਾਵੇ। ਸੰਬੰਧਤ ਨੋਟ ਕਰਨ।

ਮੈਂ, ਰਵਿੰਦਰਪਾਲ ਸਿੰਘ ਪੁੱਤਰ ਮਲਕੀਅਤ ਸਿੰਘ ਪਵਾਰ ਵਾਸੀ ਮਕਾਨ ਨੰ: 203-ਆਰ, ਮਾਡਲ ਟਾਊਨ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਰਵਿੰਦਰਪਾਲ ਸਿੰਘ ਤੋਂ ਬਦਲ ਕੇ ਅਰਵਿੰਦਰ ਸਿੰਘ ਪਵਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਅਰਵਿੰਦਰ ਪਾਲ ਸਿੰਘ ਪੁੱਤਰ ਪੁੱਤਰ ਮਲਕੀਅਤ ਸਿੰਘ ਪਵਾਰ ਵਾਸੀ ਮਕਾਨ ਨੰ: 203-ਆਰ, ਮਾਡਲ ਟਾਊਨ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਅਰਵਿੰਦਰ ਪਾਲ ਸਿੰਘ ਤੋਂ ਬਦਲ ਕੇ ਅਰਵਿੰਦਰ ਸਿੰਘ ਪਵਾਰ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

ਮੈਂ, ਸੁਖਜਿੰਦਰ ਕੁਮਾਰ ਪੁੱਤਰ ਸ਼੍ਰੀ ਸੁਰਜੀਤ ਕੁਮਾਰ ਵਾਸੀ ਪਿੰਡ ਆਲਮਗੀਰ ਡਾਕਘਰ ਕਾਲਾ ਬੱਕਰਾ ਜਿਲਾ ਜਲੰਧਰ ਨੇ ਆਪਣਾ ਨਾਂ ਬਦਲ ਕੇ ਸੁਖਜਿੰਦਰ ਪਾਲ ਰੱਖ ਲਿਆ ਹੈ। ਸੰਬੰਧਤ ਨੋਟ ਕਰੋ।

## ਆਮ ਸੂਚਨਾ

ਮੈਂ ਬਚਨ ਮਸੀਹ ਪੁੱਤਰ ਖਜ਼ਾਨ ਮਸੀਹ ਵਾਸੀ ਪਿੰਡ ਨੜਾਂਵਾਲੀ ਤਹਿਸੀਲ ਕਲਾਨੌਰ ਜਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ ਅਤੇ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸਰਬਜੀਤ ਮਸੀਹ ਅਤੇ ਨੂੰਹ ਰਿੰਪਲ ਜੋ ਕਿ ਆਪਣੀ ਮਨ ਮਰਜ਼ੀ ਕਰਦੇ ਸਨ ਅਤੇ ਮੇਰੇ ਕਹਿਣੇ ਤੋਂ ਬਾਹਰ ਸਨ। ਮੈਂ ਇਹਨਾਂ ਨੂੰ ਬੇਦਖਲ ਕੀਤਾ ਹੋਇਆ ਸੀ, ਪਰ ਹੁਣ ਦੋਵੇਂ ਮੇਰੇ ਤੇ ਪਰਿਵਾਰ ਦੇ ਕਹਿਣੇ ਵਿੱਚ ਹਨ, ਤੇ ਮੇਰੀ ਚੱਲ ਅਤੇ ਅਚੱਲ ਜਾਇਦਾਦ ਦੇ ਬਰਾਬਰ ਹੱਕਦਾਰ ਹਨ, ਮੈਂ ਇਹਨਾਂ ਦੋਨਾਂ ਨੂੰ ਬੇਦਖਲੀ ਤੋਂ ਫਾਰਗ ਕਰਦਾ ਹਾਂ।

ਮੈਂ ਸੁਭਦਰ ਕੌਰ ਪਤਨੀ ਜੋਗਿੰਦਰ ਸਿੰਘ ਵਾਸੀ ਸਿਬੋਚੱਕ ਤਹਿਸੀਲ ਮੁਕੇਰੀਆਂ ਜ਼ਿਲ੍ਹਾ ਹੁਸ਼ਿਆਰਪੁਰ ਮੇਰੀ ਸਹੀ ਜਨਮ ਮਿਤੀ 10/1/1939 ਹੈ। ਮੇਰੇ ਪੁੱਤਰ ਨਰਿੰਦਰ ਸਿੰਘ ਜੋ ਕਿ ਆਰਮੀ ਵਿੱਚ ਸਰਵਿਸ ਕਰਦਾ ਹੈ। ਉਸ ਦੇ ਆਰਮੀ ਰਿਕਾਰਡ ਵਿੱਚ ਮੇਰੀ ਜਨਮ ਮਿਤੀ 1/7/1949 ਗਲਤ ਲਿਖੀ ਗਈ ਹੈ। ਮੈਂ ਆਪਣੇ ਪੁੱਤਰ ਦੇ ਆਰਮੀ ਰਿਕਾਰਡ ਵਿੱਚ ਆਪਣੀ ਜਨਮ ਮਿਤੀ 1/7/1949 ਤੋਂ ਬਦਲ ਕੇ 1/1/1939 ਕਰਵਾਉਣੀ ਹੈ। ਜੋ ਕਿ ਬਿਲਕੁਲ ਸਹੀ ਹੈ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਨਿਲਾਮੀ ਨੋਟਿਸ

ਹਰ ਆਮ ਵਿਅਕਤੀ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਗ੍ਰਾਮ ਪੰਚਾਇਤ ਨੰਦਾਚੌਰ ਬਲਾਕ-1, ਹੁਸ਼ਿਆਰਪੁਰ-1 ਦੇ ਜੋ 12 ਏਕੜ ਮੱਛੀ ਫਾਰਮ ਦੀ ਨਿਲਾਮੀ 03.11.2025 ਨੂੰ ਸੀ, ਉਹ ਕੈਂਸਲ ਹੋ ਗਈ ਹੈ। ਹੁਣ 12 ਏਕੜ ਮੱਛੀ ਫਾਰਮ ਦੀ ਨਿਲਾਮੀ 20.11.2025 ਨੂੰ ਦਿਨ ਬੁੱਧਵਾਰ, ਟਾਈਮ 01 ਵਜੇ ਕਮਿਊਨਿਟੀ ਸੈਂਟਰ ਨੰਦਾਚੌਰ ਵਿਖੇ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਲਾਕ-1, ਹੁਸ਼ਿਆਰਪੁਰ-1 ਦੀ ਮੌਜੂਦਗੀ ਹੇਠ ਹੋਵੇਗੀ। ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਵੱਲੋਂ : ਗ੍ਰਾਮ ਪੰਚਾਇਤ ਨੰਦਾਚੌਰ, ਬਲਾਕ-1, ਹੁਸ਼ਿਆਰਪੁਰ-1, ਜ਼ਿਲ੍ਹਾ ਹੁਸ਼ਿਆਰਪੁਰ।

## COURT NOTICE

(U/o 5 Rule 20 CPC)
In the Court of Shivani
Civil Judge (Junior Division)
Amritsar
CNR No. PBAS02-003379-2025
Next Date: 19-11-2025
State Bank Of India
Vs
Bikramjit Singh
Cs Recovery
Publication Issued To:
Bikramjit Singh
Father : Mukhtiar Singh
Village Taharpur Po. Bhattike, Tehsil Baba Bakala Sahib, Amritsar.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 19-11-2025 at 10:00 a.m.

For details logon to https://highcourtchd.gov.in/?trs=district_notice&district=Amritsar.

Civil Judge (Junior Division)
Amritsar
Dated, this day of 10-11-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ :-Other Cases/11/2024

ਕਿਸਮ ਕੇਸ : ਤਕਸੀਮ ਤਾਰੀਖ ਪੇਸ਼ੀ: 25.11.2025

ਅਨੁਵਾਨ: 1. ਕਰਮਜੀਤ ਸਿੰਘ 2. ਹਰਮੀਤ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਗਗਾ ਸਿੰਘ ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਬਲਵੰਤ ਸਿੰਘ ਪੁੱਤਰ ਭਗਵੰਤ ਸਿੰਘ ਪੁੱਤਰ ਗੰਗਾ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਦਰਖਾਸਤ ਬਾਬਤ ਜੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁੱਲ ਰਕਬਾ 29 ਕਨਾਲ 04 ਮਰਲੇ, ਖੇਵਟ ਨੰਬਰ 122/124 ਖਤੌਨੀ ਨੰਬਰ 217, 218, 219, 220 ਮੁਤਾਬਕ ਜਮ੍ਹਾਂਬੰਦੀ ਸਾਲ 2018-2019, ਵਾਕਿਆ ਰਕਬਾ ਪਿੰਡ ਭਕਨਾ ਕਲਾਂ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 25.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ । ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 25.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ।ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ:

3. ਕੁਲਵੰਤ ਸਿੰਘ ਪੁੱਤਰ ਭਗਵੰਤ ਸਿੰਘ 5. ਬਲਦੇਵ ਸਿੰਘ ਪੁੱਤਰ ਅਜੈਬ ਸਿੰਘ 7. ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ 8. ਗੁਰਚਰਨ ਸਿੰਘ ਪੁੱਤਰ ਮੋਹਨ ਸਿੰਘ 9. ਸਤਪਾਲ ਸਿੰਘ ਪੁੱਤਰ ਮੋਹਨ ਸਿੰਘ 10. ਜੋਗਿੰਦਰ ਸਿੰਘ ਪੁੱਤਰ ਮੋਹਨ ਸਿੰਘ 11. ਗੁਰਬਚਨ ਸਿੰਘ ਪੁੱਤਰ ਮੋਹਨ ਸਿੰਘ 12. ਤੇਜ ਕੌਰ ਵਿਧਵਾ ਮੋਹਨ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ 13. ਮੈਨੇਜਰ, ਦੀ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਿਡ ਬਰਾਂਚ ਖਾਸਾ, ਅੰਮ੍ਰਿਤਸਰ , 14. ਮੈਨੇਜਰ, ਓਰੀਐਂਟਲ ਬੈਂਕ ਆਫ ਕਾਮਰਸ ਬਰਾਂਚ ਖਾਸਾ, ਅੰਮ੍ਰਿਤਸਰ

ਨੰਬਰ, ਰੀਡਰ/244 ਮਿਤੀ : 06.11.25

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ

ਕੇਸ ਨੰਬਰ :- Other Cases/12/2024

ਕਿਸਮ ਕੇਸ : ਤਕਸੀਮ ਤਾਰੀਖ ਪੇਸ਼ੀ: 25.11.2025

ਅਨੁਵਾਨ: 1. ਕਰਮਜੀਤ ਸਿੰਘ 2. ਹਰਮੀਤ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਗਗਾ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਬਲਵੰਤ ਸਿੰਘ ਪੁੱਤਰ ਭਗਵੰਤ ਸਿੰਘ ਪੁੱਤਰ ਗੰਗਾ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਦਰਖਾਸਤ ਬਾਬਤ ਜੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁੱਲ ਰਕਬਾ 51 ਕਨਾਲ 13 ਮਰਲੇ, ਖੇਵਟ ਨੰਬਰ 122/124 ਖਤੌਨੀ ਨੰਬਰ 217, 218, 219, 220, 221, 222, 223, 224, 225, 226, 227, 228, 229 ਮੁਤਾਬਕ ਜਮ੍ਹਾਂਬੰਦੀ ਸਾਲ 2018-2019, ਵਾਕਿਆ ਰਕਬਾ ਪਿੰਡ ਭਕਨਾ ਕਲਾਂ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 25.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ । ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 25.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ।ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ:-

3. ਕੁਲਵੰਤ ਸਿੰਘ ਪੁੱਤਰ ਭਗਵੰਤ ਸਿੰਘ 5. ਬਲਦੇਵ ਸਿੰਘ ਪੁੱਤਰ ਅਜੈਬ ਸਿੰਘ 7. ਹਰਨਾਮ ਕੌਰ ਵਿਧਵਾ ਬੂਟਾ ਸਿੰਘ 8. ਗੁਰਚਰਨ ਸਿੰਘ ਪੁੱਤਰ ਮੋਹਨ ਸਿੰਘ 9. ਸਤਪਾਲ ਸਿੰਘ ਪੁੱਤਰ ਮੋਹਨ ਸਿੰਘ 10. ਜੋਗਿੰਦਰ ਸਿੰਘ ਪੁੱਤਰ ਮੋਹਨ ਸਿੰਘ 11. ਗੁਰਬਚਨ ਸਿੰਘ ਪੁੱਤਰ ਮੋਹਨ ਸਿੰਘ 12. ਤੇਜ ਕੌਰ ਵਿਧਵਾ ਮੋਹਨ ਸਿੰਘ, 13. ਮਹਿੰਗਾ ਸਿੰਘ ਪੁੱਤਰ ਲੱਭੂ ਸਿੰਘ 14. ਗੁਰਾ ਸਿੰਘ ਪੁੱਤਰ ਨਰੈਣ ਸਿੰਘ 15. ਭੱਗਣ ਸਿੰਘ ਪੁੱਤਰ ਰੁਸਦ ਪੁੱਤਰ ਫੱਗੂ 16. ਜੋਗਾ ਪੁੱਤਰ ਰੁਸਦ ਪੁੱਤਰ ਫੱਗੂ 17. ਅੱਛਰ ਸਿੰਘ ਪੁੱਤਰ ਗਾਮਾਂ 18. ਮੱਖਣ ਸਿੰਘ ਪੁੱਤਰ ਗਾਮਾਂ 19. ਬੂਟਾ ਸਿੰਘ ਪੁੱਤਰ ਗਾਮਾਂ 20. ਸੁਲੱਖਣ ਸਿੰਘ ਪੁੱਤਰ ਗਾਮਾਂ 21. ਪੂਰਨ ਪੁੱਤਰ ਲੱਭੂ ਪੁੱਤਰ ਕਾਕਾ 22. ਮਹਿੰਗਾ ਪੁੱਤਰ ਲੱਭੂ ਪੁੱਤਰ ਕਾਕਾ 23. ਹਜ਼ੂਰੀ ਪੁੱਤਰ ਲੱਭੂ ਪੁੱਤਰ ਕਾਕਾ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

24. ਮੈਨੇਜਰ, ਦੀ ਅੰਮ੍ਰਿਤਸਰ ਸੈਂਟਰਲ ਕੋਆਪਰੇਟਿਵ ਬੈਂਕ ਲਿਮਿਟਡ ਬ੍ਰਾਂਚ ਖਾਸਾ, ਅੰਮ੍ਰਿਤਸਰ, 25. ਮੈਨੇਜਰ, ਓਰੀਐਂਟਲ ਬੈਂਕ ਆਫ ਕਾਮਰਸ, ਬ੍ਰਾਂਚ ਖਾਸਾ, ਅੰਮ੍ਰਿਤਸਰ

ਨੰਬਰ, ਰੀਡਰ/247 ਮਿਤੀ : 06.11.25

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## Lost and Found

It is notified for the information that my lost Registry Sale Deed dated 24-08-2020 Document No. 2020-21/149/1/285 executed by Rajinder Kaur w/o Lakhwinder Singh in favour of Surinder Kaur w/o Bachan Lal actually lost at near Bus stand district Gurdaspur, PSOC Kalanaur, Gurdaspur, Date of Lost 10-11-2025, Date of Report 11-11-2025 LR N: 647001/2025. If anybody found below address Pawan Kumar S/o Babu Ram. R/o Mohalla Daggar Kalanaur, Gurdaspur. Mobile 98152-30890

## NOTICE

(U/o 5 Rule 20 CPC)
In The Court of
Ms. Minakshi Mahajan
Additional Civil Judge (Senior Division), Payal
CNR No. PBLDD0-000476-2025
Next Date:- 08-01-2026
Pardhan Kaur
Vs.
General Public
Publication Issued To:
General Public
:- Payal

In above titled case, the defendant(s)/respondent(s) could not be served. It is ordered that defendant(s) /respondent(s) should appear in person or through counsel on 08-01-2026 at 10:00 a.m.

For details logon to https://highcourtchd.gov.in/?trs=district_notice&district=ludhiana

Additional Civil Judge (Senior Division), Payal
Dated, this day of 11-11-2025

## ਅਦਾਲਤੀ ਇਸ਼ਤਿਹਾਰ, ਬਾ ਅਦਾਲਤ ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ

**ਸਪੈਸ਼ਲ ਮੈਰਿਜ ਐਕਟ-1954 ਅਧੀਨ ਮੈਰਿਜ ਰਜਿਸਟਰ ਕਰਵਾਉਣ ਸੰਬੰਧੀ ਨੋਟਿਸ**

ਬਨਾਮ

ਜਨਰਲ ਪਬਲਿਕ



ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ MANJINDER MOHTTA S/O JOGA RAM MOHTTA R/O LECHNERSTRASSE 1-5, 23,21, VIENNA, AUSTRIA PRESENTLY RESIDING, AT HOUSE NO. 224, ST. NO. 2, GURU TEG BAHADUR NAGAR, KAPURTHALA (PUNJAB)-144601 ਨੇ ਇਸ ਅਦਾਲਤ ਵਿੱਚ ਸਪੈਸ਼ਲ ਮੈਰਿਜ ਐਕਟ 1954 ਅਧੀਨ POONAM D/O PARAMJEET R/O HOUSE NO. 73-A, NEW KARTAR NAGAR, JALANDHAR, (PUNJAB). ਨਾਲ ਮੈਰਿਜ ਰਜਿਸਟਰਡ ਕਰਵਾਉਣ ਲਈ ਦਰਖਾਸਤ ਦਿੱਤੀ ਹੈ।

ਜੇਕਰ ਕਿਸੇ ਵਿਅਕਤੀ ਨੂੰ ਇਹ ਮੈਰਿਜ ਰਜਿਸਟਰਡ ਹੋਣ ਵਿੱਚ ਕੋਈ ਇਤਰਾਜ ਹੋਵੇ ਤਾਂ ਉਹ ਖੁਦ ਜਾਂ ਵਕੀਲ ਰਾਹੀ ਆਪਣਾ ਇਤਰਾਜ ਇਸ ਇਸ਼ਤਿਹਾਰ ਦੇ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅੰਦਰ ਇਸ ਅਦਾਲਤ ਵਿੱਚ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਵਿੱਚ ਆਏ ਇਤਰਾਜਾਂ ਤੇ ਕੋਈ ਗੋਰ ਨਹੀਂ ਕੀਤਾ ਜਾਵੇਗਾ।

ਨੰਬਰ 02/SMA/ਰੀਡਰ/ਏ.ਡੀ.ਸੀ ਮਿਤੀ 11-11-2025 ਜ਼ਿਲਾ ਮੈਰਿਜ ਅਫ਼ਸਰ,ਜਲੰਧਰ

## COURT NOTICE

(U/o 5 Rule 20 CPC)
In The Court of Shivani
Civil Judge (Junior Division), Amritsar
CNR No. PBAS02-000966-2023
Next Date:- 14-11-2025
Gurvinder Kaur
Vs. Arvinder Pal Singh
Rent
Publication Issued To:
Arvinder Pal Singh
Son of Joginder Singh R/o 17-A, Gokal KA Bagh Amritsar and Tenant in one Shop forming the part of property No. 265, East Mohan Nagar, Opposite Mata Kaulan Hospital Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 14-11-2025 at 10:00 a.m.

For details logon to https://highcourtchd.gov.in/?trs=district_notice&district= Amritsar

Civil Judge (Junior Division)
Amritsar
Dated, this day of 11-11-2025

## COURT NOTICE

(U/o 5 Rule 20 CPC)
In The Court of Arun Thapa
Civil Judge (Junior Division), Amritsar
CNR No. PBAS02-001278-2025
Next Date:- 24-11-2025
Bank of India
Vs.
Sumit Kumar
CS RECOVERY
Publication Issued To:
Sumit Kumar
S/o Shashi Mohan, R/o House No. 4047/19, Bazar Munshian, Katra Karam Singh, Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 24-11-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division),
Amritsar
Dated, this day of 10-11-2025

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ :- Other Cases/10/2024

ਕਿਸਮ ਕੇਸ : ਤਕਸੀਮ ਤਾਰੀਖ ਪੇਸ਼ੀ: 25.11.2025

ਅਨੁਵਾਨ: 1. ਕਰਮਜੀਤ ਸਿੰਘ 2. ਹਰਮੀਤ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਗਗਾ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਦਰਖਾਸਤ ਬਾਬਤ ਜੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁੱਲ ਰਕਬਾ 21 ਕਨਾਲ, 07 ਮਰਲੇ, ਖੇਵਟ ਨੰਬਰ 295/290 ਖਤੌਨੀ ਨੰਬਰ 705, 706 ਮੁਤਾਬਕ ਜਮ੍ਹਾਂਬੰਦੀ ਸਾਲ 2018-2019, ਵਾਕਿਆ ਰਕਬਾ ਪਿੰਡ ਭਕਨਾ ਕਲਾਂ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 25.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ । ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 25.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ।ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ:

1. ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ 3. ਕੁਲਵੰਤ ਸਿੰਘ ਪੁੱਤਰ ਭਗਵੰਤ ਸਿੰਘ 7. ਗੁਰਚਰਨ ਸਿੰਘ ਪੁੱਤਰ ਸੋਹਨ ਸਿੰਘ 8. ਸਤਪਾਲ ਸਿੰਘ ਪੁੱਤਰ ਸੋਹਨ ਸਿੰਘ 9. ਜੋਗਿੰਦਰ ਸਿੰਘ ਪੁੱਤਰ ਸੋਹਨ ਸਿੰਘ 10. ਵੀਰ ਕੌਰ ਵਿਧਵਾ ਬਲਦੇਵ ਸਿੰਘ 11. ਚਰਨਜੀਤ ਸਿੰਘ ਪੁੱਤਰ ਬਲਦੇਵ ਸਿੰਘ 12. ਗੁਰਸ਼ਰਨ ਸਿੰਘ ਪੁੱਤਰ ਬਲਦੇਵ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਨੰਬਰ, ਰੀਡਰ/245 ਮਿਤੀ : 06.11.25

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ

ਕੇਸ ਨੰਬਰ :-Other Cases/09/2024

ਕਿਸਮ ਕੇਸ : ਤਕਸੀਮ

ਤਾਰੀਖ ਪੇਸ਼ੀ : 25.11.2025

ਅਨੁਵਾਨ : 1. ਕਰਮਜੀਤ ਸਿੰਘ 2. ਹਰਮੀਤ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਗਗਾ ਸਿੰਘ ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਦਰਖਾਸਤ ਬਾਬਤ ਜ਼ੇਰ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁੱਲ ਰਕਬਾ 59 ਕਨਾਲ 07 ਮਰਲੇ, ਖੇਵਟ ਨੰਬਰ 295/290 ਖਤੌਨੀ ਨੰਬਰ 701, 702, 703, 704, 705, 706 ਮੁਤਾਬਕ ਜਮ੍ਹਾਂਬੰਦੀ ਸਾਲ 2018-2019, ਵਾਕਿਆ ਰਕਬਾ ਪਿੰਡ ਭਕਨਾ ਕਲਾਂ, ਸਬ-ਤਹਿਸੀਲ ਅਟਾਰੀ, ਤਹਿ. ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ।

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 25.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ । ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 25.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ।ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ :

1. ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ 7. ਵੀਰ ਕੌਰ ਵਿਧਵਾ ਬਲਦੇਵ ਸਿੰਘ 8: ਚਰਨਜੀਤ ਸਿੰਘ ਪੁੱਤਰ ਬਲਦੇਵ ਸਿੰਘ 9. ਗੁਰਸ਼ਰਨ ਸਿੰਘ ਪੁੱਤਰ ਬਲਦੇਵ ਸਿੰਘ 10. ਗੁਰਚਰਨ ਸਿੰਘ ਪੁੱਤਰ ਸੋਹਨ ਸਿੰਘ 11. ਸਤਪਾਲ ਸਿੰਘ ਪੁੱਤਰ ਸੋਹਨ ਸਿੰਘ 12. ਜੋਗਿੰਦਰ ਸਿੰਘ ਪੁੱਤਰ ਸੋਹਨ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ, 13. ਮੈਨੇਜਰ, ਓਰੀਐਂਟਲ ਬੈਂਕ ਆਫ ਕਾਮਰਸ, ਬ੍ਰਾਂਚ ਖਾਸਾ, ਅੰਮ੍ਰਿਤਸਰ

ਨੰਬਰ, ਰੀਡਰ/243 ਮਿਤੀ : 06/11/25

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## ਅਦਾਲਤੀ ਇਸ਼ਤਿਹਾਰ

ਬਾ ਅਦਾਲਤ ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1, ਅਟਾਰੀ

ਕੇਸ ਨੰਬਰ :- Other Cases/13/2024

ਕਿਸਮ ਕੇਸ : ਤਕਸੀਮ ਤਾਰੀਖ ਪੇਸ਼ੀ: 25.11.2025

ਅਨੁਵਾਨ: 1. ਕਰਮਜੀਤ ਸਿੰਘ 2. ਹਰਮੀਤ ਸਿੰਘ ਪੁੱਤਰ ਸੰਤੋਖ ਸਿੰਘ ਪੁੱਤਰ ਗਗਾ ਸਿੰਘ ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਬਨਾਮ

ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਦਰਖਾਸਤ ਬਾਬਤ ਜੇਰੇ ਧਾਰਾ 111 ਪੰਜਾਬ ਲੈਂਡ ਰੈਵੀਨਿਊ ਐਕਟ ਬਾਬਤ ਜ਼ਮੀਨ ਕੁਲ ਰਕਬਾ 08 ਕਨਾਲ 09 ਮਰਲੇ, ਖੇਵਟ ਨੰਬਰ 295/290 ਖਤੌਨੀ ਨੰਬਰ 704 ਮੁਤਾਬਕ ਜਮ੍ਹਾਂਬੰਦੀ ਸਾਲ 2018-2019, ਵਾਕਿਆ ਰਕਬਾ ਪਿੰਡ ਭਕਨਾ ਕਲਾਂ, ਸਬ ਤਹਿ: ਅਟਾਰੀ, ਤਹਿ: ਅੰਮ੍ਰਿਤਸਰ-2, ਜ਼ਿਲ੍ਹਾ ਅੰਮ੍ਰਿਤਸਰ

ਉਪਰੋਕਤ ਅਨੁਵਾਨ ਕੇਸ ਵਿੱਚ ਤਾਰੀਖ ਪੇਸ਼ੀ ਮਿਤੀ 25.11.2025 ਨੂੰ ਸੁਣਵਾਈ ਲਈ ਨਿਸ਼ਚਿਤ ਹੋਈ ਹੈ । ਹੇਠ ਲਿਖੇ ਉੱਤਰਵਾਦੀ ਧਿਰਾਂ ਨੂੰ ਇਸ ਅਖਬਾਰ ਨੋਟਿਸ/ਅਦਾਲਤੀ ਇਸ਼ਤਿਹਾਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਉਕਤ ਕੇਸ ਦੀ ਪੈਰਵੀ ਲਈ ਮਿਤੀ 25.11.2025 ਨੂੰ ਸਵੇਰੇ 10:00 ਵਜੇ ਇਸ ਅਦਾਲਤ ਵਿੱਚ ਅਸਾਲਤਨ ਜਾਂ ਵਕਾਲਤਨ ਹਾਜ਼ਰ ਆਉਣ । ਹਾਜ਼ਰ ਨਾ ਆਉਣ ਦੀ ਸੂਰਤ ਵਿੱਚ ਕਾਰਵਾਈ ਇੱਕਤਰਫਾ ਅਮਲ ਵਿੱਚ ਲਿਆਂਦੀ ਜਾਵੇਗੀ ।ਇਹ ਅਦਾਲਤੀ ਇਸ਼ਤਿਹਾਰ ਨਿਮਨਹਸਤਾਖਰ ਦੀ ਅਦਾਲਤੀ ਮੋਹਰ ਹੇਠ ਜਾਰੀ ਕੀਤਾ ਗਿਆ।

ਉੱਤਰਵਾਦੀ ਨੰ:

1. ਹਰਨਾਮ ਕੌਰ ਵਿਧਵਾ ਬੂਟਾ ਸਿੰਘ ਪੁੱਤਰ ਸਮਾ ਸਿੰਘ 3. ਕੁਲਵੰਤ ਸਿੰਘ ਪੁੱਤਰ ਭਗਵੰਤ ਸਿੰਘ 7. ਵੀਰ ਕੌਰ ਵਿਧਵਾ ਬਲਦੇਵ ਸਿੰਘ 8. ਚਰਨਜੀਤ ਸਿੰਘ ਪੁੱਤਰ ਬਲਦੇਵ ਸਿੰਘ 9. ਗੁਰਸ਼ਰਨ ਸਿੰਘ ਪੁੱਤਰ ਬਲਦੇਵ ਸਿੰਘ, ਵਾਸੀ ਪਿੰਡ ਭਕਨਾ ਕਲਾਂ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ

ਨੰਬਰ, ਰੀਡਰ/246 ਮਿਤੀ : 06.11.25

ਸਹੀ/-ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ-1 ਅਟਾਰੀ, (ਅੰਮ੍ਰਿਤਸਰ)

## CHOLAMANDALAM INVESTMENT AND FINANCE COMPANY LIMITED

Chola — Enter a better life

Corporate Office Address : Chola Crest, Super B, C54 & C55, 4, Thiru Vi Ka, Industrial Estate, Guindy, Chennai-600 032

### ਅੰਤਿਕਾ IV [ ਰੂਲ (8-1)] ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ਼ ਸਕਿਉਰਟੀ ਇੰਟਰੈੱਸਟ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002, ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਮਿਤੀ ਤੇ ਸੈਕਸ਼ਨ 13(2) 'ਤੇ ਕਰਜ਼ਦਾਰਾਂ (ਨਾਂਅ ਅਤੇ ਪਤੇ ਹੇਠਾਂ ਦਰਸਾਏ ਗਏ ਹਨ) ਨੂੰ ਉਕਤ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਨੋਟਿਸਾਂ 'ਚ ਦਰਸਾਈ ਰਕਮ ਅਤੇ ਇਸ 'ਤੇ ਵਿਆਜ ਵਾਪਸ ਮੋੜਨ ਲਈ ਸੱਦਾ ਦਿੰਦਾ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਹੇਠਾਂ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ 'ਚ ਅਸਫ਼ਲ ਰਹੇ ਹਨ। ਹੇਠਾਂ ਦਰਸਾਏ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਕਰਜ਼ਾ ਲੈ ਲਿਆ ਹੈ।

ਖਾਸ ਕਰਕੇ ਕਰਜ਼ਦਾਰਾਂ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਖਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਕਰਨ 'ਤੇ ਮੈਸਰਜ਼ ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ ਵੱਲੋਂ ਹੇਠਾਂ ਦਰਸਾਈ ਕੁੱਲ ਰਕਮ ਅਤੇ ਇਸ ਉਪਰ ਵਿਆਜ ਵਸੂਲ ਕੀਤੀ ਜਾਵੇਗੀ।

ਉਪਲਬੱਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰਾਂ ਦਾ ਨਾਂਅ ਅਤੇ ਪਤਾ ਤੇ ਕਰਜ਼ਾ ਅਕਾਊਂਟ ਨੰਬਰ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਾਸ਼ੀ | ਕਬਜ਼ਾ ਜਾਇਦਾਦ ਦਾ ਵੇਰਵਾ | ਕਬਜ਼ੇ ਦੀ ਮਿਤੀ |
|---|---|---|---|---|---|
| 1. | ਕਰਜ਼ਾ ਖਾਤਾ ਨੰ. HL30CHA000093894 ਸ੍ਰੀਮਾਨ/ਸ੍ਰੀਮਤੀ ਪ੍ਰਤੀਕ ਬੱਬਰ ਸ੍ਰੀ ਬਲਦੇਵ ਕੁਮਾਰ ਦੋਵੇਂ ਵਾਸੀ 300/1 ਆਦਰਸ਼ ਨਗਰ, ਨਯਾ ਗਾਓਂ, ਐੱਸ ਏ ਐੱਸ ਨਗਰ (ਮੁਹਾਲੀ), ਪੰਜਾਬ-160103 ਨੇੜੇ ਰਾਮਲੀਲ੍ਹਾ ਮੈਦਾਨ, ਮੁਹਾਲੀ-160103 ਨਾਲ ਹੀ : ਪਲਾਟ ਨੰ. 3 ਜਾਇਦਾਦ ਮਾਤਾ ਗੁਜਰੀ ਐਨਕਲੇਵ ਵਿਖੇ ਸਥਿਤ, ਮੁੰਡੀ ਖਰੜ, ਖਰੜ, ਪੰਜਾਬ-140301, ਮੁੰਡੀ ਖਰੜ, ਐੱਸ ਏ ਐੱਸ ਨਗਰ, ਮੁਹਾਲੀ ਪੰਜਾਬ-140301 | 29.08.2025 | ਮਿਤੀ 28.08.2025 ਨੂੰ ਕਰਜ਼ੇ ਵਿਰੁੱਧ ਰਾਸ਼ੀ ਰੁਪਏ 25,69,329/- (ਪੰਚੀ ਲੱਖ ਉਨੱਤਰ ਹਜ਼ਾਰ ਤਿੰਨ ਸੋ ਉਨੱਤੀ ਰੁਪਏ ਕੇਵਲ) ਅਤੇ ਇਸ 'ਤੇ ਵਿਆਜ | ਦੁਕਾਨ ਨੰ. 3, ਰਕਬਾ 00 ਕਨਾਲ 1.41 ਮਰਲਾ (42.77 ਵਰਗ ਗਜ਼), ਖੇਵਟ/ਖਤੌਨੀ ਨੰ. 239/269 ਖਸਰਾ ਨੰ. 5//15(7-4), ਕਿੱਤਾ 01, ਜ਼ਮੀਨ ਰਕਬਾ 07 ਕਨਾਲ 04 ਮਰਲਾ 141/14400 ਦਾ ਹੱਦ ਹਿੱਸਾ ਜੋ ਕਿ 00 ਕਨਾਲ 1.41 ਮਰਲਾ, ਮਾਤਾ ਗੁਜਰੀ ਐਨਕਲੇਵ ਵਿਖੇ ਸਥਿਤ, ਪਿੰਡ ਮੁੰਡੀ ਖਰੜ, ਹੱਦਬਸਤ ਨੰ. 185, ਤਹਿਸੀਲ ਖਰੜ, ਜ਼ਿਲ੍ਹਾ ਐੱਸ ਏ ਐੱਸ ਨਗਰ, ਮੁਹਾਲੀ, ਪੰਜਾਬ। ਹੱਦਾਂ : ਪੂਰਬ : ਰਸਤਾ, ਪੱਛਮ : ਹੋਰ ਮਾਲਕ, ਉੱਤਰ : ਦੁਕਾਨ ਨੰ.4, ਦੱਖਣ : ਦੁਕਾਨ ਨੰ.2 | ਕਬਜ਼ਾ ਨੋਟਿਸ 06.11.2025 |
| 2. | ਕਰਜ਼ਾ ਖਾਤਾ ਨੰ. LAP3BAT000127848 ਸ੍ਰੀ ਗੁਰਵਿੰਦਰ ਅਰੋੜਾ ਸ੍ਰੀਮਤੀ ਸੁਨੀਤਾ ਅਰੋੜਾ ਸ੍ਰੀ ਅਰਸ਼ਦੀਪ ਅਰੋੜਾ ਸਾਰੇ ਵਾਸੀ : ਮਕਾਨ ਨੰ. ਬੀ-XIII -343, ਗਲੀ ਨੰ.7, ਗੁਰੂ ਤੇਗ ਬਹਾਦਰ ਨਗਰ, ਹੰਡਿਆਇਆ ਰੋਡ, ਬਰਨਾਲਾ, ਪੰਜਾਬ-148101 ਨਾਲ ਹੀ : ਗਲੀ ਨੰ. 7, ਨੇੜੇ ਹੀਰੋ ਏਜੰਸੀ ਹੰਡਿਆਇਆ ਰੋਡ ਦੇ ਅੰਦਰਵਾਰ, ਗੁਰੂ ਤੇਗ ਬਹਾਦਰ ਨਗਰ, ਬਰਨਾਲਾ-148101, ਗੁਰੂ ਤੇਗ ਬਹਾਦਰ ਨਗਰ, ਪੰਜਾਬ-148101 | 29.08.2025 | ਮਿਤੀ 28.08.2025 ਨੂੰ ਕਰਜ਼ੇ ਵਿਰੁੱਧ ਰਾਸ਼ੀ ਰੁਪਏ 21,82,010/- (ਇੱਕੀ ਲੱਖ ਬਿਆਸੀ ਹਜ਼ਾਰ ਦਸ ਰੁਪਏ ਕੇਵਲ) ਅਤੇ ਇਸ 'ਤੇ ਵਿਆਜ | ਜ਼ਮੀਨ ਰਕਬਾ 195 ਵਰਗ ਗਜ਼, ਜਿਹੜਾ ਕਿ ਜ਼ਮੀਨ ਰਕਬਾ 04 ਕਨਾਲ 06 ਮਰਲੇ ਦਾ 7/96 ਹਿੱਸਾ, ਖਸਰਾ ਨੰ. 71//8/1 ਮਿੰਨ (4-6), ਖੇਵਟ ਨੰ. 737 ਖਤੌਨੀ ਨੰ.945, ਹੰਡਿਆਇਆ ਦੀਆਂ ਮਾਲੀ ਹੱਦਾਂ ਦੇ ਅੰਦਰਵਾਰ, ਤਹਿਸੀਲ ਤੇ ਜ਼ਿਲ੍ਹਾ ਬਰਨਾਲਾ ਹੱਦਾਂ : ਪੂਰਬ : 89' ਯਾਦਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ, ਪੱਛਮ : 89' ਸੁਖਪਾਲ ਸਿੰਘ, ਉੱਤਰ : 20' ਗੁਰਦੁਆਰਾ ਸਾਹਿਬ ਦੀ ਜਾਇਦਾਦ, ਦੱਖਣ : 20' ਗਲੀ, 20' ਚੌੜੀ | ਕਬਜ਼ਾ ਨੋਟਿਸ 06.11.2025 |

ਮਿਤੀ : 11.11.2025
ਸਥਾਨ : ਪੰਜਾਬ

ਅਧਿਕਾਰਤ ਅਫ਼ਸਰ
ਚੋਲਾਮੰਡਲਮ ਇਨਵੈਸਟਮੈਂਟ ਐਂਡ ਫਾਇਨਾਂਸ ਕੰਪਨੀ ਲਿਮਟਿਡ

# ਦੂਜੇ ਫੈਡਰੇਸ਼ਨ ਗੱਤਕਾ ਕੱਪ 'ਤੇ ਪੰਜਾਬ ਦੇ ਗੱਤਕੇਬਾਜ਼ ਕਾਬਜ਼

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਗੱਤਕੇਬਾਜ਼ਾਂ ਨੇ ਵੱਕਾਰੀ ਦੂਜੇ ਫੈਡਰੇਸ਼ਨ ਗੱਤਕਾ ਕੱਪ ਦੀ ਸਮੁੱਚੀ ਚੈਂਪੀਅਨਸ਼ਿਪ ਦਾ ਖਿਤਾਬ ਆਪਣੇ ਨਾਮ ਕਰ ਲਿਆ। ਰਵਾਇਤੀ ਕਲਾ ਦੇ ਸ਼ਾਨਦਾਰ ਪੰਜਾਬ ਦੀ ਟੀਮ ਨੇ ਪ੍ਰਦਰਸ਼ਨ ਦੌਰਾਨ ਬੰਗਲੁਰੂ ਸਿਟੀ ਯੂਨੀਵਰਸਿਟੀ ਕੈਂਪਸ ਵਿੱਚ ਆਯੋਜਿਤ ਇਸ ਸਾਲਾਨਾ ਟੂਰਨਾਮੈਂਟ 'ਤੇ ਇੱਕ ਅਮਿੱਟ ਛਾਪ ਛੱਡੀ। ਹਰਿਆਣਾ ਦੇ ਤੇਜ਼-ਤਰਾਰ ਗੱਤਕੇਬਾਜ਼ਾਂ ਨੇ ਜ਼ਬਰਦਸਤ ਖੇਡ ਦਾ ਪ੍ਰਦਰਸ਼ਨ ਕਰਦਿਆਂ ਇਨਾਂ ਮੁਕਾਬਲਿਆਂ ਵਿੱਚ ਸਮੁੱਚੇ ਤੌਰ 'ਤੇ ਉਪ-ਜੇਤੂ ਵਜੋਂ ਪ੍ਰਸ਼ੰਸਾਯੋਗ ਸਥਾਨ ਪ੍ਰਾਪਤ ਕੀਤਾ। ਪੰਜਾਬ ਤੇ ਹਰਿਆਣਾ ਵਿਚਕਾਰ ਖੇਡਿਆ ਗਿਆ ਗੱਤਕਾ-ਸੋਟੀ (ਵਿਅਕਤੀਗਤ) ਦਾ ਫਾਈਨਲ ਮੁਕਾਬਲਾ ਤਾਂ ਐਨਾ ਦਿਲਚਸਪ ਰਿਹਾ ਕਿ ਵਾਧੂ ਸਮੇਂ ਦੌਰਾਨ ਵੀ ਖਿਡਾਰੀਆਂ ਦੇ ਬਰਾਬਰੀ ਤੇ ਰਹਿਣ ਉਪਰੰਤ 'ਸਡਨ ਡੈਥ' ਨਿਯਮ ਨਾਲ ਫੈਸਲਾ ਕਰਨਾ ਪਿਆ। ਦੋ ਦਿਨ ਚੱਲੇ ਇਹ ਮੁਕਾਬਲੇ ਦੂਜੀਆਂ ਰਾਸ਼ਟਰੀ ਸੱਭਿਆਚਾਰਕ ਪਾਈਥੀਅਨ ਖੇਡਾਂ ਦੇ ਨਾਲ ਹੀ ਕਰਵਾਏ ਗਏ। ਗੱਤਕਈਆਂ ਨੇ ਹਰ ਮੈਚ ਵਿੱਚ ਅੰਕ ਪ੍ਰਾਪਤ ਕਰਨ ਲਈ ਲਗਾਤਾਰ ਟਿਕਟਿਕੀ ਲਾਈ ਰੱਖੀ ਅਤੇ ਨਿਪੁੰਨ ਗੱਤਕਾ ਤਕਨੀਕਾਂ ਨਾਲ ਆਪਣੇ ਵਿਰੋਧੀ ਖਿਡਾਰੀ ਉੱਤੇ ਹਮਲਾ ਕਰਨ ਦੀ ਕੋਈ ਚੂਕ ਨਹੀਂ ਸੀ ਕਰ ਰਹੇ।ਪੰਜਾਬ ਦੇ ਗੱਤਕੇਬਾਜ਼ਾਂ ਨੇ ਲੜਕਿਆਂ ਦੇ ਵਰਗ ਵਿੱਚ ਸਿਖਰਲਾ ਸਨਮਾਨ ਹਾਸਲ ਕਰਨ ਲਈ ਪੂਰੀ ਦਬਦਬਾ ਕਾਇਮ ਰੱਖਿਆ। ਉਧਰ ਹਰਿਆਣਾ ਦੀਆਂ ਕੁੜੀਆਂ ਨੇ ਗੱਤਕਾ-ਸੋਟੀ ਦੇ ਹੁਨਰ ਨਾਲ ਅਤੇ ਜੇਤੂ ਹੋਣ ਲਈ ਜੁਟਾਏ ਸਮਾਨਾਂਤਰ ਜੋਸ਼ ਨਾਲ ਆਪਣੇ ਵਰਗ ਦੀ ਚੈਂਪੀਅਨਸ਼ਿਪ ਦਾ ਖਿਤਾਬ ਜਿੱਤ ਕੇ ਪੰਜਾਬ ਦੀਆਂ ਲੜਕੀਆਂ ਨੂੰ ਮਾਤ ਦਿੱਤੀ। ਚੈਂਪੀਅਨਸ਼ਿਪ ਦੌਰਾਨ ਬਾਕੀ ਸਥਾਨਾਂ ਲਈ ਵੀ ਬਹੁਤ ਤਿੱਖੇ ਅਤੇ ਤੇਜ਼ ਮੁਕਾਬਲੇ ਦੇਖਣ ਨੂੰ ਮਿਲੇ।ਹਰਿਆਣਾ ਦੇ ਮੁੰਡੇ ਅਤੇ ਪੰਜਾਬ ਦੀਆਂ ਕੁੜੀਆਂ ਆਪੋ-ਆਪਣੇ ਵਰਗਾਂ ਵਿੱਚ ਉਪ ਜੇਤੂ ਰਹੀਆਂ। ਉਤਰਾਖੰਡ ਅਤੇ ਛੱਤੀਸਗੜ੍ਹ ਦੇ ਨੌਜਵਾਨਾਂ ਨੇ ਤੀਜੇ ਸਥਾਨ 'ਤੇ ਸਬਰ ਕਰਦਿਆਂ ਕਾਂਸੀ ਦੇ ਤਗਮੇ ਸਾਂਝੇ ਕੀਤੇ। ਇਸੇ ਤਰ੍ਹਾਂ ਚੰਡੀਗੜ੍ਹ ਅਤੇ ਆਂਧਰਾ ਪ੍ਰਦੇਸ਼ ਦੀਆਂ ਨੇ ਕੁੜੀਆਂ ਨੇ ਵੀ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।




# ਦੋ ਰੋਜ਼ਾ ਜ਼ਿਲ੍ਹਾ ਬਾਸਕਟਬਾਲ ਚੈਂਪੀਅਨਸ਼ਿਪ ਸਮਾਪਤ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਸਵ. ਭਗਤ ਸਿੰਘ ਤੇ ਰਮਾ ਰਾਣੀ ਪਤਨੀ ਸੋਢੀ ਲਾਲ ਕੋਚ ਦੀ ਯਾਦ ਵਿਚ ਇੰਜੀ. ਸੁਰਿੰਦਰ ਸੰਧੂ ਜ਼ਿਲ੍ਹਾ ਪ੍ਰਧਾਨ ਬਾਸਕਟਬਾਲ ਐਸੋਸੀਏਸ਼ਨ ਦੀ ਅਗਵਾਈ ਹੇਠ ਕਰਵਾਈ ਗਈ ਦੋ ਰੋਜ਼ਾ ਬਾਸਕਟਬਾਲ ਚੈਂਪੀਅਨਸ਼ਿਪ ਮੜੂਲੀ ਬ੍ਰਾਹਮਣਾਂ ਵਿਖੇ ਬੜੀ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਈ। ਚੈਂਪੀਅਨਸ਼ਿਪ ਦਾ ਉਦਘਾਟਨ ਸੰਤ ਰਾਮ ਮੂਰਤੀ ਜੀ ਨਾਰੇ ਵਾਲੇ ਅਤੇ ਵਰਿੰਦਰ ਕੁਮਾਰ ਜ਼ਿਲ੍ਹਾ ਅਟਾਰਨੀ ਹੁਸ਼ਿਆਰਪੁਰ ਨੇ ਕੀਤਾ। 14 ਸਾਲ ਤੋਂ ਘਟ ਲੜਕਿਆਂ ਵਿਚ ਪੁਰਹੀਰਾਂ ਨੇ ਪਹਿਲਾ ਸਥਾਨ ਤੇ ਦਸੂਹਾ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 14 ਸਾਲ ਤੋਂ ਘੱਟ ਉਮਰ ਵਿਚ ਮੁਕੇਰੀਆਂ ਪਹਿਲੇ ਸਥਾਨ ਤੇ ਅਤੇ ਹੁਸ਼ਿਆਰਪੁਰ ਵਿੰਗ ਨੇ ਦੂਜਾ ਸਥਾਨ ਪ੍ਰਾਪਤ ਕੀਤਾ। 19 ਸਾਲ ਤੋਂ ਘੱਟ ਲੜਕੇ ਪੁਰਹੀਰਾਂ ਪਹਿਲਾ ਤੇ ਟਾਂਡਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ 19 ਸਾਲ ਤੋਂ ਘੱਟ ਲੜਕੀਆਂ ਲਾਜਵੰਤੀ ਸਪੋਰਟਸ ਵਿੰਗ ਪਹਿਲਾ ਅਤੇ ਮੜੂਲੀ ਬ੍ਰਾਹਮਣਾ ਟੀਮ ਨੇ ਦੂਜਾ ਸਥਾਨ ਪ੍ਰਾਪਤ ਕੀਤਾ।ਇਸ ਮੌਕੇ ਜ਼ਿਲ੍ਹਾ ਬਾਸਕਟਬਾਲ ਐਸੋਸੀਏਸ਼ਨ ਵੱਲੋਂ ਇੰਜ. ਸੁਰਿੰਦਰ ਸੰਧੂ ਪ੍ਰਧਾਨ ਤੇ ਜਨਰਲ ਸਕੱਤਰ ਪ੍ਰੇਮ ਸਿੰਘ ਨੇ ਮੁੱਖ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਤੇ ਸੋਢੀ ਲਾਲ ਕੋਚ ਤੇ ਇੰਟਰਨੈਸ਼ਨਲ ਸਾਈਕਲਿਸਟ ਬਲਰਾਜ ਸਿੰਘ ਚੌਹਾਨ ਨੂੰ ਸਨਮਾਨਤ ਕੀਤਾ। ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਹਲਕਾ ਚੱਬੇਵਾਲ ਦੇ ਵਿਧਾਇਕ ਡਾ. ਇਸ਼ਾਕ ਕੁਮਾਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ ਇਸ ਮੌਕੇ ਡਾ. ਇਸ਼ਾਕ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿਚ ਵੀ ਦਿਲਚਸਪੀ ਰੱਖਣੀ ਬਹੁਤ ਜਰੂਰੀ ਹੈ, ਸਰੀਰਕ ਤੰਦਰੁਸਤੀ ਦੇ ਨਾਲ ਨਾਲ ਖੇਡਾਂ ਨਸ਼ਿਆਂ ਦੇ ਰੁਝਾਨ ਨੂੰ ਰੋਕਣ ਲਈ ਵੀ ਕਾਰਗਾਰ ਸਾਬਿਤ ਹੁੰਦੀਆਂ ਹਨ। ਇਸ ਮੌਕੇ ਡਾ.ਇਸ਼ਾਕ ਨੇ ਆਪਣੇ ਅਖਤਿਆਰੀ ਕੋਟੇ ਵਿਚੋਂ ਜ਼ਿਲਾ ਬਾਸਕਟਬਾਲ ਐਸੋਸੀਏਸ਼ਨ ਨੂੰ ਦੋ ਲੱਖ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕੀਤਾ। ਇਸ ਮੌਕੇ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਡਾ. ਸੰਜੀਵ ਹੀਰਾ, ਡਾ. ਕਮਲੇਸ਼ ਹੀਰਾ, ਕੈਪਟਨ ਰਾਜ ਕੁਮਾਰ ਹੀਰਾ, ਵਨੀਤਾ ਹੀਰਾ (ਹੀਰਾ ਕਲਿਨਿਕ ਲੈਬੋਰਟਰੀ), ਡਾ. ਐਸ ਪੀ ਸਿੰਘ ਐਸ ਐਮ ਓ, ਡਾ. ਸੁਰਿੰਦਰ ਕੁਮਾਰ (ਰਿਟਾ.) ਡਿਪਟੀ ਡਾਇਰੈਕਟਰ, ਇੰਜੀ. ਜਗਦੀਸ਼ ਬੱਧਣ, ਪ੍ਰੋ.ਬਹਾਦਰ ਸਿੰਘ ਸਨੇਤ, ਹਰਜਿੰਦਰ ਹਰਿਗੜ੍ਹ, ਪ੍ਰਵੀਨ ਬੰਗਾ, ਐਡਵੋਕੇਟ ਜਸਵਿੰਦਰ ਸਿੰਘ, ਐਡਵੋਕੇਟ ਪਲਵਿੰਦਰ ਮਾਨਾ, ਸੁਰਜੀਤ ਚੰਦੇਲ ਐਨ ਆਰ ਆਈ, ਮੰਗਲ ਨਾਥ ਪਾਲ, ਡਾ. ਰਤਨ ਚੰਦ, ਰਣਜੀਤ ਰਾਣਾ, ਸੁਖਵਿੰਦਰ ਰਾਣਾ, ਇੰਜ.ਸਤਵਿੰਦਰ ਮਦਾਰਾ, ਧਰਮਪਾਲ, ਰਾਕੇਸ਼ ਕੁਮਾਰ, ਲਹਿੰਬਰ ਰਾਮ ਝੰਮਟ, ਹਰਕੀਰਤ ਸਿੰਘ ਸਪੋਰਸ ਅਫਸਰ ਨੇ ਸ਼ਿਰਕਤ ਕੀਤੀ। ਇਨਾਮਾਂ ਦੀ ਵੰਡ ਵਿਸ਼ਾਲ ਥਾਪਰ ਟੈਕਨੀਕਲ ਅਫਸਰ ਮਾਰਕਫੈਡ ਹੁਸ਼ਿਆਰਪੁਰ/ਗੁਰਦਾਸਪੁਰ, ਡਾ. ਅਮਨਦੀਪ ਕੌਰ, ਬੇਅੰਤ ਸਿੰਘ ਸਟੇਟ ਅਵਾਰਡੀ ਨੇ ਕਰਕੇ ਖਿਡਾਰੀਆਂ ਦੀ ਹੌਂਸਲਾ ਅਫਜਾਈ ਕੀਤੀ। ਇਸ ਮੌਕੇ ਸੁਰਿੰਦਰ ਸੰਧੂ ਜ਼ਿਲਾ ਪ੍ਰਧਾਨ ਬਾਸਕਟਬਾਲ ਐਸੋਸੀਏਸ਼ਨ ,ਸਰਪੰਚ ਰਾਜ ਰਾਣੀ ਵਲੋਂ ਆਏ ਹੋਏ ਮਹਿਮਾਨਾਂ ਅਤੇ ਸ਼ਹਿਰ ਵਾਸੀਆਂ, ਖੇਡ ਪ੍ਰੇਮੀਆਂ ਦਾ ਤਹਿ ਦਿਲੋਂ ਧੰਨਬਾਦ ਕੀਤਾ। ਇਸ ਮੌਕੇ ਨਗਰ ਪੰਚਾਇਤ, ਸਰਪੰਚ ਠਾਕੁਰ ਦਾਸ, ਸੋਢੀ ਲਾਲ,ਸੰਤੋਖ ਸਿੰਘ, ਬਲਰਾਜ, ਅਜੇ ਕੁਮਾਰ, ਬੀਬੀ ਤੀਰਥ ਕੌਰ, ਜਸਵਿੰਦਰ ਸਿੰਘ, ਰਾਮ ਆਸਰਾ ਐਨ ਆਰ ਆਈ, ਸੰਦੀਪ ਮਿੰਟੂ, ਐਨ ਐਸ ਭੱਟੀ, ਰਜਿੰਦਰ ਕੁਮਾਰ, ਸਤੀਸ਼ ਕੁਮਾਰ, ਸਰਬਜੀਤ ਸਿੰਘ ਵਿਰਦੀ, ਜਤਿੰਦਰ ਕੁਮਾਰ ਮੈਨੇਜਰ, ਭੁਪਿੰਦਰ ਬਿੰਦੂ, ਅਮਨਦੀਪ ਟਰਨਟੀ ਸਕੂਲ, ਗੁਰਪ੍ਰੀਤ ਪੁਰਹੀਰਾਂ, ਜਸਵੰਤ ਬੱਸੀ, ਮੈਡਮ ਅਮਨਦੀਪ ਕੌਰ ਕੋਚ, ਸਿਮੀ ਕੋਚ ਰੇਲਵੇ ਮੰਡੀ, ਆਰਤੀ ਭਾਰਦਵਾਜ, ਗੁਰਕਿਰਨ ਸਿੰਘ, ਬ੍ਰਿਜ ਸ਼ਰਮਾ, ਮਾਸਟਰ ਸੋਮ ਨਾਥ, ਅਜੇ ਦਸੂਹਾ, ਕੋਚ ਰੋਹਿਤ ਮੁਕੇਰੀਆਂ ਵੀ ਹਾਜ਼ਰ ਸਨ।



**● ਵਿਧਾਇਕ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਬਾਸਕਟਬਾਲ ਐਸੋਸੀਏਸ਼ਨ ਨੂੰ ਦਿੱਤੇ ਦੋ ਲੱਖ**

# ਸਿਵਲ ਸਰਜਨ ਵੱਲੋਂ ਆਮ ਆਦਮੀ ਕਲੀਨਿਕ ਦਾ ਦੌਰਾ

**ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਲਿਆ ਜਾਇਜ਼ਾ**



**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਸ਼ਹਿਰ ਦੇ ਫ਼ੇਜ਼ 1 ਵਿਚ ਪੈਂਦੇ ਆਮ ਆਦਮੀ ਕਲੀਨਿਕ ਦਾ ਦੌਰਾ ਕੀਤਾ ਅਤੇ ਲੋਕਾਂ ਨੂੰ ਦਿਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਜਾਇਜ਼ਾ ਲਿਆ। ਡਾ. ਜੈਨ ਨੇ ਕਲੀਨਿਕ ਵਿਚ ਆਏ ਹੋਏ ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਕੋਲੋਂ ਕਲੀਨਿਕ ਵਿਚ ਹੋਰ ਸੁਧਾਰ ਲਈ ਸੁਝਾਅ ਵੀ ਲਏ। ਉਨ੍ਹਾਂ ਕਲੀਨਿਕ ਦੇ ਵੱਖ-ਵੱਖ ਕਮਰਿਆਂ ਵਿਚ ਫੇਰੀ ਪਾਈ ਅਤੇ ਓ ਪੀ ਡੀ ਸੇਵਾਵਾਂ, ਮੁਫ਼ਤ ਦਵਾਈਆਂ ਅਤੇ ਜਾਂਚ, ਸਾਫ਼-ਸਫ਼ਾਈ, ਡਾਕਟਰੀ ਸਾਜ਼-ਸਮਾਨ ਦਾ ਵੀ ਨਿਰੀਖਣ ਕੀਤਾ। ਸਿਵਲ ਸਰਜਨ ਨੇ ਆਖਿਆ ਕਿ ਉਨ੍ਹਾਂ ਦੇ ਦੌਰੇ ਦਾ ਮਕਸਦ ਆਮ ਆਦਮੀ ਕਲੀਨਿਕ ਦੀ ਕਾਰਜਪ੍ਰਣਾਲੀ ਅਤੇ ਲੋਕਾਂ ਨੂੰ ਦਿਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦਾ ਨਿਰੀਖਣ ਕਰਨਾ ਸੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਵੱਖ-ਵੱਖ ਥਾਈਂ ਖੁਲ੍ਹੇ ਆਮ ਆਦਮੀ ਕਲੀਨਿਕ ਮਿਆਰੀ ਤੇ ਸੁਚੱਜੀਆਂ ਸਿਹਤ ਸਹੂਲਤਾਂ ਦੇਣ ਪੱਖੋਂ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ।

# ਗੁਰਮਤਿ ਪ੍ਰਚਾਰ ਸਿਮਰਨ ਸੁਸਾਇਟੀ ਦੀ ਮੀਟਿੰਗ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਗੁਰਬਾਣੀ ਦੇ ਪ੍ਰਸਾਰ ਅਤੇ ਪ੍ਰਚਾਰ ਲਈ ਯਤਨਸ਼ੀਲ ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਦੀ ਅਹਿਮ ਮੀਟਿੰਗ ਸੁਸਾਇਟੀ ਦੇ ਦਫ਼ਤਰ ਟਾਂਡਾ ਵਿਖੇ ਹੋਈ, ਜਿਸ ਵਿਚ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਦੇ ਸਬੰਧ ਵਿਚ ਸੁਸਾਇਟੀ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਵਿਸ਼ੇਸ਼ ਸਮੀਖਿਆ ਕੀਤੀ ਗਈ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਰਵਿੰਦਰ ਸਿੰਘ ਰਵੀ ਅਤੇ ਜਨਰਲ ਸਕੱਤਰ ਕਿਰਪਾਲ ਸਿੰਘ ਪੱਡੇਰੀ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਜਿੱਥੇ ਪਿਛਲੇ ਦਿਨਾਂ ਵਿਚ ਇਲਾਕੇ ਦੇ ਵੱਖ-ਵੱਖ ਗੁਰਦੁਆਰਾ ਸਾਹਿਬਾਨਾਂ ਵਿਖੇ ਧਾਰਮਿਕ ਸਮਾਗਮ ਕਰਵਾਏ ਜਾ ਰਹੇ ਹਨ, ਉੱਥੇ ਆਉਣ ਵਾਲੇ ਸਮੇਂ ਵਿੱਚ 14 ਨਵੰਬਰ ਨੂੰ ਗੁਰਦੁਆਰਾ ਬੀਬੀਆਂ ਟਾਂਡਾ ਵਿਖੇ, 16 ਨਵੰਬਰ ਨੂੰ ਗੁਰਦੁਆਰਾ ਸਾਹਿਬ ਪਿੰਡ ਮੂਨਕਾਂ ਅਤੇ 25 ਨਵੰਬਰ ਨੂੰ ਗੁਰਦੁਆਰਾ ਬਾਬਾ ਭਾਗ ਸਿੰਘ ਜੀ (ਬਾਬਾ ਰੋਟੀ ਰਾਮ ਜੀ) ਪਿੰਡ ਢਡਿਆਲਾ ਵਿਖੇ ਸਵੇਰੇ 10 ਵਜੇ ਤੋਂ 3 ਵਜੇ ਤੱਕ ਇਕ ਵਿਸ਼ਾਲ ਕੀਰਤਨ ਦਰਬਾਰ ਕਰਵਾਇਆ ਜਾਵੇਗਾ, ਜਿਸ ਵਿਚ ਸਿੱਖ ਪੰਥ ਦੇ ਨਾਮਵਰ ਕੀਰਤਨੀ ਜੱਥੇ ਅਤੇ ਕਥਾਵਾਚਕ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਮਤਿ ਵਿਚਾਰਾਂ ਨਾਲ ਨਿਹਾਲ ਕਰਨਗੇ। ਇਸ ਮੌਕੇ ਸੁਸਾਇਟੀ ਵੱਲੋਂ ਮੈਂਬਰ ਗੁਰਪ੍ਰੀਤ ਸਿੰਘ ਨੂੰ ਵਧੀਆ ਕਾਰਗੁਜ਼ਾਰੀ ਕਰਕੇ ਪ੍ਰੈੱਸ ਸਕੱਤਰ ਬਣਾਉਣ ਲਈ ਮਤਾ ਪੇਸ਼ ਗਿਆ ਜੋ ਕਿ ਸਾਰੇ ਮੈਂਬਰਾਂ ਨੇ ਪ੍ਰਵਾਨ ਕੀਤਾ। ਇਸ ਮੌਕੇ ਇਨ੍ਹਾਂ ਤੋਂ ਇਲਾਵਾ ਸੁਸਾਇਟੀ ਦੇ ਸਰਪ੍ਰਸਤ ਸ਼ਰਧਾ ਸਿੰਘ, ਖਜਾਨਚੀ ਪਿਆਰਾ ਸਿੰਘ, ਮੀਤ ਪ੍ਰਧਾਨ ਤੀਰਥ ਸਿੰਘ, ਪ੍ਰੈੱਸ ਸਕੱਤਰ ਗੁਰਪ੍ਰੀਤ ਸਿੰਘ, ਸ਼ਰਨਦੀਪ ਸਿੰਘ, ਗੁਰਪ੍ਰੀਤ ਸਿੰਘ, ਤਜਿੰਦਰ ਸਿੰਘ ਅਤੇ ਹੋਰ ਮੈਂਬਰ ਹਾਜ਼ਰ ਸਨ।



# ਐੱਲ ਪੀ ਯੂ ਵੱਲੋਂ ਨਵੇਂ ਡਿਸਟੈਂਸ ਤੇ ਆਨਲਾਈਨ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮ

**ਜਲੰਧਰ (ਸ਼ੈਲੀ ਐਲਬਰਟ)**- ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ (ਐਲ ਪੀ ਯੂ) ਦੇ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ (ਸੀ ਡੀ ਓ ਈ) ਨੇ ਜੁਲਾਈ-ਅਗਸਤ 2025 ਦੇ ਅਕਾਦਮਿਕ ਸੈਸ਼ਨ ਲਈ ਡਿਸਟੈਂਸ ਅਤੇ ਆਨਲਾਈਨ ਸਿਖਲਾਈ ਵਿੱਚ ਦਾਖਲ ਹੋਏ ਨਵੇਂ ਵਿਦਿਆਰਥੀਆਂ ਲਈ ਇੰਡਕਸ਼ਨ ਪ੍ਰੋਗਰਾਮਾਂ ਦਾ ਸਫਲਤਾਪੂਰਵਕ ਆਯੋਜਨ ਕੀਤਾ।ਇਨ੍ਹਾਂ ਪ੍ਰੋਗਰਾਮਾਂ ਵਿੱਚ ਮੈਨੇਜਮੈਂਟ, ਕੰਪਿਊਟਰ ਐਪਲੀਕੇਸ਼ਨ, ਸੂਚਨਾ ਤਕਨਾਲੋਜੀ, ਵਿਗਿਆਨ, ਵਣਜ, ਕਲਾ ਅਤੇ ਲਾਇਬ੍ਰੇਰੀ ਅਤੇ ਸੂਚਨਾ ਵਿਗਿਆਨ ਸਮੇਤ ਵੱਖ-ਵੱਖ ਅੰਡਰਗ੍ਰੈਜੂਏਟ, ਗ੍ਰੈਜੂਏਟ ਅਤੇ ਡਿਪਲੋਮਾ ਪ੍ਰੋਗਰਾਮਾਂ ਵਿੱਚ ਦਾਖਲ ਹੋਏ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ।ਇਹ ਇੰਡਕਸ਼ਨ ਪ੍ਰੋਗਰਾਮ ਨਵੇਂ ਵਿਦਿਆਰਥੀਆਂ ਨੂੰ ਐਲ ਪੀ ਯੂ ਦੇ ਡਿਸਟੈਂਸ ਅਤੇ ਆਨਲਾਈਨ ਸਿਖਲਾਈ ਪ੍ਰਣਾਲੀ ਨੂੰ ਆਧਾਰ ਬਣਾਉਣ ਵਾਲੇ ਮੁੱਖ ਪ੍ਰਣਾਲੀਆਂ, ਪ੍ਰਕਿਰਿਆਵਾਂ ਅਤੇ ਸਿੱਖਣ ਸਰੋਤਾਂ ਨਾਲ ਜਾਣੂ ਕਰਵਾਉਣ ਲਈ ਤਿਆਰ ਕੀਤੇ ਗਏ ਸਨ। ਪ੍ਰੋਗਰਾਮ ਦੀਆਂ ਮੁੱਖ ਗੱਲਾਂ ਵਿੱਚ ਐਲ ਪੀ ਯੂ ਦੀ ਸ਼ੁਰੂਆਤ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮਾਨਤਾ, ਦਰਜਾਬੰਦੀ ਅਤੇ ਮਾਨਤਾਵਾਂ ਦਾ ਜਾਣਕਾਰੀ ਸ਼ਾਮਲ ਸੀ, ਜਿਸ ਤੋਂ ਬਾਅਦ ਓਪਨ ਐਂਡ ਡਿਸਟੈਂਸ ਲਰਨਿੰਗ (ਓ ਡੀ ਐਲ) ਅਤੇ ਆਨਲਾਈਨ ਲਰਨਿੰਗ (ਓ ਐਲ) ਪ੍ਰੋਗਰਾਮਾਂ ਨੂੰ ਨਿਯੰਤਰਿਤ ਕਰਨ ਵਾਲੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ ਜੀ ਸੀ) ਦੇ ਨਿਯਮਾਂ ਦੀਆਂ ਜ਼ਰੂਰੀ ਵਿਸ਼ੇਸ਼ਤਾਵਾਂ ਦਾ ਵਿਸਤ੍ਰਿਤ ਸੰਖੇਪ ਜਾਣਕਾਰੀ ਦਿੱਤੀ ਗਈ।ਵਿਦਿਆਰਥੀਆਂ ਨੂੰ ਵਾਈਸ ਚਾਂਸਲਰ, ਰਜਿਸਟਰਾਰ, ਡਾਇਰੈਕਟਰ, ਹੋਰ ਸੀਨੀਅਰ ਅਧਿਕਾਰੀਆਂ ਅਤੇ ਸੀਡੀਓਈ ਸਟਾਫ ਸਮੇਤ ਸੀਨੀਅਰ ਯੂਨੀਵਰਸਿਟੀ ਨੇਤਾਵਾਂ ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ।

# ਵਿਧਾਇਕ ਨੇ ਵਾਲੀਬਾਲ ਚੈਂਪੀਅਨਸ਼ਿਪ 'ਚ ਜਿੱਤ ਪ੍ਰਾਪਤ ਕਰਨ 'ਤੇ ਟੀਮ ਨੂੰ ਕੀਤਾ ਸਨਮਾਨਤ

**ਬਲਾਚੌਰ (ਜਸਵਿੰਦਰ ਬੈਂਸ)**- ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੀ ਸਬ-ਜੂਨੀਅਰ ਵਾਲੀਬਾਲ ਟੀਮ ਨੇ 38ਵੀਂ ਪੰਜਾਬ ਰਾਜ ਸਬ-ਜੂਨੀਅਰ ਵਾਲੀਬਾਲ ਚੈਂਪੀਅਨਸ਼ਿਪ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਜ਼ਿਲ੍ਹੇ ਦਾ ਨਾਂਅ ਰੋਸ਼ਨ ਕੀਤਾ ਹੈ। ਇਸ ਸ਼ਾਨਦਾਰ ਪ੍ਰਾਪਤੀ 'ਤੇ ਜੇਤੂ ਟੀਮ ਦੇ ਖਿਡਾਰੀਆਂ ਨੂੰ ਵਿਧਾਇਕ ਸੰਤੋਸ਼ ਕਟਾਰੀਆ ਵੱਲੋਂ ਆਪਣੇ ਦਫ਼ਤਰ ਵਿਖੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। 38ਵੀਂ ਪੰਜਾਬ ਰਾਜ ਸਬ-ਜੂਨੀਅਰ ਵਾਲੀਬਾਲ ਚੈਂਪੀਅਨਸ਼ਿਪ 8 ਨਵੰਬਰ ਤੋਂ 10 ਨਵੰਬਰ ਤੱਕ ਕਸਬਾ ਟਾਂਡਾ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਪੰਜਾਬ ਰਾਜ ਵਾਲੀਬਾਲ ਐਸੋਸੀਏਸ਼ਨ ਵੱਲੋਂ ਕਰਵਾਇਆ ਗਿਆ। ਇਸ ਸਟੇਟ ਪੱਧਰੀ ਵਾਲੀਵਾਲ ਚੈਂਪੀਅਨਸ਼ਿਪ ਵਿਚ ਭਾਗ ਲੈਣ ਵਾਲੇ 23 ਜ਼ਿਲ੍ਹੇ ਦੇ ਨਤੀਜੇ ਇਸ ਤਰਾਂ ਪਹਿਲਾ ਸਥਾਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ (ਨਵਾਂਸ਼ਹਿਰ) ਦੂਜਾ ਸਥਾਨ ਹੁਸ਼ਿਆਰਪੁਰ ਤੀਜਾ ਸਥਾਨ ਪਟਿਆਲਾ ਦੀਆ ਟੀਮਾਂ ਦੇ ਰਹੇ ਹਨ। ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਨੇ ਜੇਤੂ ਟੀਮ ਦੇ ਖਿਡਾਰੀਆਂ ਨੂੰ ਸਿਰੋਪਾਓ ਪਾ ਕੇ ਸਨਮਾਨਤ ਕੀਤਾ ਅਤੇ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਤਾਰੀਫ਼ ਕੀਤੀ। ਇਸ ਮੌਕੇ ਜ਼ਿਲ੍ਹਾ ਵਾਲੀਬਾਲ ਐਸੋਸੀਏਸ਼ਨ ਨਵਾਂਸ਼ਹਿਰ ਦੇ ਪ੍ਰਧਾਨ ਅਸ਼ੋਕ ਕਟਾਰੀਆ ਅਤੇ ਸੈਕਟਰੀ ਅਨਿਲ ਕਸਾਨਾ(ਸ਼ਮੀ ਖੀਵੇਵਾਲ) ਵੀ ਮੌਜੂਦ ਸਨ। ਉਨ੍ਹਾਂ ਨੇ ਜੇਤੂ ਖਿਡਾਰੀਆਂ ਦੇ ਜਜ਼ਬੇ ਦੀ ਪ੍ਰਸ਼ੰਸਾ ਕੀਤੀ ਅਤੇ ਕੋਚ ਭੁਪਿੰਦਰ ਕੁਮਾਰ, ਸੋਹਨ ਲਾਲ, ਮਨੋਹਰ ਲਾਲ ਤੇ ਪ੍ਰਬੰਧਕਾਂ ਨੂੰ ਇਸ ਸਫਲਤਾ ਲਈ ਮੁਬਾਰਕਬਾਦ ਦਿੱਤੀ।



# ਨੁੱਕੜ ਨਾਟਕ ਤੇ ਪੋਸਟਰ ਮੇਕਿੰਗ ਪ੍ਰਤੀਯੋਗਤਾ ਕਰਵਾਈ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਐੱਚ ਆਈ ਐੱਮ ਟੀ ਕਾਲਜ ਟਾਂਡਾ ਵੱਲੋਂ ਖੇਤੀ ਅਤੇ ਕਿਸਾਨ ਕਲਿਆਣ ਵਿਭਾਗ, ਟਾਂਡਾ ਦੇ ਸਹਿਯੋਗ ਨਾਲ ਝੋਨੇ ਦੀ ਪਰਾਲੀ ਸਾੜਨ ਦੇ ਖਿਲਾਫ ਜਾਗਰੂਕਤਾ ਮੁਹਿੰਮ ਅਧੀਨ ਨੁੱਕੜ ਨਾਟਕ ਅਤੇ ਪੋਸਟਰ ਮੇਕਿੰਗ ਪ੍ਰਤੀਯੋਗਿਤਾ ਦਾ ਆਯੋਜਨ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਅਤੇ ਸਮਾਜ ਵਿਚ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਸੀ।ਇਸ ਮੌਕੇ ਖੇਤੀਬਾੜੀ ਵਿਕਾਸ ਅਧਿਕਾਰੀ ਲਵਜੀਤ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਝੋਨੇ ਦੀ ਪਰਾਲੀ ਸਾੜਨ ਨਾਲ ਪ੍ਰਦੂਸ਼ਣ ਵਧਦਾ ਹੈ ਜਿਸ ਨਾਲ ਮਨੁੱਖੀ ਸਿਹਤ ਤੇ ਮਿੱਟੀ ਦੀ ਉਪਜਾਊ ਸ਼ਕਤੀ ਉੱਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਉਨ੍ਹਾਂ ਨੇ ਕਿਸਾਨਾਂ ਨੂੰ ਪਰਾਲੀ ਸਾੜਨ ਦੀ ਬਜਾਏ ਇਸ ਨੂੰ ਖਾਦ ਜਾਂ ਜੈਵਿਕ ਉਪਯੋਗ ਵੱਲ ਮੋੜਨ ਦੀ ਅਪੀਲ ਕੀਤੀ।ਇਸ ਦੌਰਾਨ ਜਲ ਵਿਭਾਗ ਦੇ ਜੇ ਈ ਨਵਜੀਵਨ ਵੱਲੋ ਇਹ ਸੁਨੇਹਾ ਦਿੱਤਾ ਗਿਆ ਕਿ ਪਾਣੀ ਦੀ ਬੇਕਾਰ ਖਪਤ ਤੋਂ ਬਚਿਆ ਜਾਵੇ। ਉਨ੍ਹਾਂ ਕਿਹਾ ਕਿ ਪਾਣੀ ਸਾਡੀ ਜ਼ਿੰਦਗੀ ਦਾ ਅਹਿਮ ਹਿੱਸਾ ਹੈ, ਇਸ ਲਈ ਹਰ ਬੂੰਦ ਦੀ ਕਦਰ ਕਰਨੀ ਚਾਹੀਦੀ ਹੈ। ਕਾਲਜ ਦੇ ਪ੍ਰਿੰਸੀਪਲ ਚੇਅਰਮੈਨ ਡਾ. ਰੋਹਿਤ ਟੰਡਨ ਨੇ ਕਿਹਾ ਕਿ ਕਾਲਜ ਵੱਲੋਂ ਹਰ ਸਮੇਂ ਵਿਦਿਆਰਥੀਆਂ ਨੂੰ ਸਮਾਜਿਕ ਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਪ੍ਰੇਰਿਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਦੀ ਪ੍ਰਦਰਸ਼ਨਕਾਰੀ ਪ੍ਰਤਿਭਾ ਅਤੇ ਉਤਸ਼ਾਹ ਦੀ ਖਾਸ ਤੌਰ 'ਤੇ ਸ਼ਲਾਘਾ ਕੀਤੀ।ਪੋਸਟਰ ਮੇਕਿੰਗ ਪ੍ਰਤੀਯੋਗਿਤਾ ਵਿਚ ਪ੍ਰੇਮ ਕੁਮਾਰ ਏ ਪਹਿਲਾ ਸਥਾਨ, ਸ਼ਰਿਸ਼ਟੀ ਅਟਵਾਲ ਨੇ ਦੂਜਾ ਸਥਾਨ ਅਤੇ ਅੰਜਲੀ ਤੀਜਾ ਸਥਾਨ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਦਿਆਰਥੀਆਂ ਨੇ ਆਪਣੇ ਪੋਸਟਰਾਂ ਰਾਹੀਂ ਹਵਾ ਸ਼ੁੱਧ ਰੱਖੋ- ਧਰਤੀ ਬਚਾਓ ਅਤੇ ਪਰਾਲੀ ਨਾ ਸਾੜੋ -ਜੀਵਨ ਬਚਾਓ ਵਰਗੇ ਸੁਨੇਹੇ ਦਿੱਤੇ।ਇਸ ਮੌਕੇ ਕਾਲਜ ਦੇ ਸਟਾਫ ਮੈਂਬਰ ਭਾਰਤ ਰਤਨ ਟੰਡਨ, ਦਿਸ਼ਾਂਤ ਕੁਮਾਰ, ਅਮਨਦੀਪ ਕੁਮਾਰ, ਹਰਪ੍ਰੀਤ ਸਿੰਘ, ਭਾਨੂ ਪ੍ਰੀਆ, ਹਰਜੀਤ ਕੌਰ, ਅੰਕੀਤਾ ਕੁਮਾਰੀ, ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ, ਹਰਪ੍ਰੀਤ ਕੌਰ ਮੱਲੀ, ਖੁਸ਼ਪ੍ਰੀਤ ਕੌਰ, ਅਮਨਦੀਪ ਕੌਰ, ਨਵਰਤ ਕੌਰ, ਖੁਸ਼ਪ੍ਰੀਤ ਕੌਰ, ਹਰਜਿੰਦਰ ਕੌਰ, ਸਿਮਰਨ ਅਤੇ ਅਨਮੋਲਪ੍ਰੀਤ ਕੌਰ ਮੌਜੂਦ ਸਨ।ਅੰਤ ਵਿਚ ਕਾਲਜ ਪ੍ਰਬੰਧਨ ਵੱਲੋਂ ਵਿਦਿਆਰਥੀਆਂ ਨੂੰ ਵਾਤਾਵਰਣ ਸੁਰੱਖਿਆ ਤੇ ਪ੍ਰਦੂਸ਼ਣ ਰੋਕਥਾਮ ਲਈ ਸਦਾ ਸਰਗਰਮ ਰਹਿਣ ਦੀ ਪ੍ਰੇਰਨਾ ਦਿੱਤੀ ਗਈ।



# ਪੱਤਰਕਾਰਾਂ 'ਤੇ ਚੰਡੀਗੜ੍ਹ ਪੁਲਸ ਦਾ ਹਮਲਾ ਬੇਹੱਦ ਨਿੰਦਣਯੋਗ : ਬਲਵੀਰ ਸੈਣੀ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਦੀ ਜ਼ਮੀਨੀ ਪੱਧਰ 'ਤੇ ਕਵਰੇਜ ਕਰ ਰਹੇ ਪੱਤਰਕਾਰਾਂ 'ਤੇ ਚੰਡੀਗੜ੍ਹ ਪੁਲਿਸ ਵੱਲੋਂ ਕੀਤਾ ਗਿਆ ਹਮਲਾ ਅਤੇ ਬਦਸਲੂਕੀ ਨਾ ਸਿਰਫ਼ ਆਜ਼ਾਦ ਮੀਡੀਆ 'ਤੇ ਸਿੱਧਾ ਹਮਲਾ ਹੈ, ਬਲਕਿ ਲੋਕਤੰਤਰ ਦੇ ਮੁੱਢਲੇ ਅਧਿਕਾਰਾਂ ਦਾ ਵੀ ਘਾਣ ਹੈ। ਇਹ ਵਿਚਾਰ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ ਦੇ ਪ੍ਰਧਾਨ ਪ੍ਰਿੰਸੀਪਲ ਬਲਵੀਰ ਸਿੰਘ ਸੈਣੀ,ਕੌਮੀ ਜਨਰਲ ਸਕੱਤਰ ਵਿਨੋਦ ਕੌਸ਼ਲ, ਕੌਮੀ ਜੁਆਇੰਟ ਸਕੱਤਰ ਤਰਸੇਮ ਦੀਵਾਨਾ, ਸੂਬਾ ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ ਨੇ ਸਾਂਝੇ ਤੌਰ 'ਤੇ ਪ੍ਰਗਟ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਆਰ ਐੱਸ ਐੱਸ ਦੇ ਇਸ਼ਾਰੇ 'ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਵਿਦਿਆਰਥੀਆਂ ਵੱਲੋਂ ਵਿੱਢੇ ਸੰਘਰਸ਼ ਦੀ ਜ਼ਮੀਨੀ ਤੌਰ 'ਤੇ ਕਵਰੇਜ ਕਰ ਰਹੇ ਪੱਤਰਕਾਰਾਂ ਉੱਪਰ ਚੱਲੇ ਇਸ ਦਮਨ ਚੱਕਰ ਦੀ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ' ਸਖ਼ਤ ਨਿਖੇਧੀ ਕਰਦੀ ਹੈ । ਜਿਹੜੇ ਪੱਤਰਕਾਰ ਆਪਣੀ ਡਿਊਟੀ ਨਿਭਾਉਂਦੇ ਹੋਏ ਮੌਕੇ 'ਤੇ ਮੌਜੂਦ ਸਨ, ਉਹਨਾਂ ਨਾਲ ਧੱਕਾਮੁੱਕੀ, ਕੈਮਰੇ ਤੋੜਨਾ, ਅਪਸ਼ਬਦ ਕਹਿਣਾ ਤੇ ਡਰਾਉਣਾ-ਧਮਕਾਉਣਾ ਕਿਸੇ ਵੀ ਤਰ੍ਹਾਂ ਕਬੂਲਯੋਗ ਨਹੀਂ। ਇਸ ਤਰ੍ਹਾਂ ਦੀ ਕਾਰਵਾਈ ਅਧਿਕਾਰੀਆਂ ਦੀ ਬੇਲਗਾਮੀ ਨੂੰ ਬੇਨਕਾਬ ਕਰਦੀ ਹੈ ਅਤੇ ਇਹ ਦਰਸਾਉਂਦੀ ਹੈ ਕਿ ਪ੍ਰਸ਼ਾਸਨ ਸੰਘਰਸ਼ ਦੀ ਹਕੀਕਤ ਨੂੰ ਕੈਮਰੇ 'ਚ ਆਉਣ ਨਹੀਂ ਦੇਣਾ ਚਾਹੁੰਦਾ। ਆਗੂਆਂ ਨੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਆਫ ਇੰਡੀਆ ਵੱਲੋਂ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਕਿ ਚੰਡੀਗੜ੍ਹ ਪੁਲਸ ਨੂੰ ਆਪਣੇ ਵਿਹਾਰ ਲਈ ਜਵਾਬਦੇਹ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਯੂਨੀਵਰਸਿਟੀ ਵਿੱਚ ਵਾਪਰੀ ਇਸ ਮੰਦ ਭਾਗੀ ਘਟਨਾ ਦੀ ਨਿਰਪੱਖ ਜਾਂਚ, ਦੋਸ਼ੀਆਂ 'ਤੇ ਕਾਰਵਾਈ ਅਤੇ ਮੀਡੀਆ ਸਟਾਫ਼ ਦੀ ਸੁਰੱਖਿਆ ਲਈ ਸਪਸ਼ਟ ਨੀਤੀਆਂ ਲਾਗੂ ਕੀਤੀਆਂ ਜਾਣੀਆਂ ਬੇਹੱਦ ਲਾਜ਼ਮੀ ਹਨ।



# ਮੈਡੀਕਲ ਸਟੋਰਾਂ ਦੀ ਨਿਰੰਤਰ ਜਾਂਚ ਯਕੀਨੀ ਬਣਾਈ ਜਾਵੇ : ਜਗਦੀਪ ਸਿੰਘ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** - ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਹਾਇਕ ਕਮਿਸ਼ਨਰ (ਜਨਰਲ) ਜਗਦੀਪ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮੰਗਲਵਾਰ ਨੂੰ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮਹੀਨਾਵਾਰ ਮੀਟਿੰਗ ਆਯੋਜਿਤ ਹੋਈ, ਜਿਸ ਵਿਚ ਰਾਸ਼ਟਰੀ ਤੇ ਸੂਬਾਈ ਸਿਹਤ ਪ੍ਰੋਗਰਾਮਾਂ ਦੇ ਪ੍ਰਗਤੀ ਕੰਮਾਂ ਤੇ ਗਤੀਵਿਧੀਆਂ 'ਤੇ ਗੰਭੀਰਤਾ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ।ਇਸ ਮੌਕੇ ਸਹਾਇਕ ਕਮਿਸ਼ਨਰ (ਜਨਰਲ) ਜਗਦੀਪ ਸਿੰਘ ਨੇ ਸਿਹਤ ਵਿਭਾਗ ਅਧਿਕਾਰੀਆਂ ਸਮੇਤ ਵੱਖ-ਵੱਖ ਭਾਈਵਾਲ ਵਿਭਾਗਾਂ ਨੂੰ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਸਿਹਤ ਵਿਭਾਗ ਸਮੇਤ ਜ਼ਿਲ੍ਹਾ ਡਰੱਗ ਅਫਸਰ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਡਰੱਗ ਕੰਟਰੋਲ ਪ੍ਰੋਗਰਾਮ ਅਧੀਨ ਕੈਮਿਸਟ ਸਟੋਰਾਂ ਦੀ ਨਿਰੰਤਰ ਜਾਂਚ ਯਕੀਨੀ ਬਣਾਈ ਜਾਵੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਵਿਚ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ ਕਿੱਟਾਂ (ਐੱਮ ਟੀ ਪੀ ਕਿੱਟਾਂ) ਦੀ ਅਣਅਧਿਕਾਰਿਤ ਵਿਕਰੀ ਨੂੰ ਠੱਲ੍ਹ ਪਾਉਣ ਸਮੇਤ ਪਾਬੰਦੀਸ਼ੁਦਾ ਦਵਾਈਆਂ ਦੀ ਵਿਕਰੀ ਰੋਕਣ ਲਈ ਸਖਤ ਰੁੱਖ ਅਪਣਾਇਆ ਹੈ। ਉਨ੍ਹਾਂ ਹਦਾਇਤ ਕਰਦੇ ਹੋਏ ਕਿਹਾ ਕਿ ਮੈਡੀਕਲ ਸਟੋਰਾਂ ਨੂੰ ਨਿਰਦੇਸ਼ ਦਿੱਤੇ ਜਾਣ ਕਿ ਐੱਮ ਟੀ ਪੀ ਕਿੱਟਾਂ ਰਜਿਸਟਰਡ ਮੈਡੀਕਲ ਪ੍ਰੈਕਟਿਸ਼ਨਰਾਂ ਦੀ ਵੈਧ ਪਰਚੀ ਤੋਂ ਬਿਨਾਂ ਨਾ ਵੇਚੀ ਜਾਵੇ ਤਾਂ ਜੋ ਇਨ੍ਹਾਂ ਕਿੱਟਾਂ ਦੀ ਦੁਰਵਰਤੋਂ ਹੋਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਇਹ ਵੀ ਹਦਾਇਤ ਕੀਤੀ ਕਿ ਐੱਮ ਟੀ ਪੀ ਕਿੱਟਾਂ ਦਾ ਸਾਰਾ ਰਿਕਾਰਡ ਮੇਨਟੇਨ ਕਰਵਾਇਆ ਜਾਵੇ। ਜੇਕਰ ਕੋਈ ਵੀ ਕੈਮਿਸਟ ਸਟੋਰ ਐੱਮ ਟੀ ਪੀ ਕਿੱਟਾਂ ਦੀ ਅਣਅਧਿਕਾਰਿਤ ਵਿਕਰੀ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਵਿਰੁੱਧ ਐੱਮ ਟੀ ਪੀ ਐਕਟ ਅਤੇ ਡਰੱਗ ਕੰਟਰੋਲ ਅਤੇ ਕੋਸਮੈਟਿਕਸ ਐਕਟ ਤਹਿਤ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।ਸਹਾਇਕ ਕਮਿਸ਼ਨਰ (ਜਨਰਲ) ਸ. ਜਗਦੀਪ ਸਿੰਘ ਨੇ ਜ਼ਿਲ੍ਹੇ ਵਿਚ ਇਕ ਮਾਤਰ ਮੌਤ ਦੇ ਕੇਸ ਵਿਚ ਹਦਾਇਤਾਂ ਦਿੰਦੇ ਹੋਏ ਕਿਹਾ ਕਿ ਜੇਕਰ ਸਿਹਤ ਵਿਭਾਗ ਨੂੰ ਮਾਤਰੀ ਮੌਤਾਂ ਦੀ ਰੋਕਥਾਮ ਵਿਚ ਕਿਸੇ ਵੀ ਤਰ੍ਹਾਂ ਦੇ ਸਹਿਯੋਗ ਦੀ ਜ਼ਰੂਰਤ ਹੈ ਤਾਂ ਉਸ ਸਬੰਧੀ ਜਾਣੂ ਕਰਵਾਇਆ ਜਾਵੇ।



# ਸ੍ਰੀ ਗੁਰੂ ਤੇਗ ਬਹਾਦੁਰ ਸੰਪੂਰਨ ਦੁਨੀਆ ਦੇ ਮਨੁੱਖੀ ਅਧਿਕਾਰਾਂ ਦੇ ਪਹਿਲੇ ਮਹਾਂਨਾਇਕ : ਮੁੱਖ ਮੰਤਰੀ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਹਿੰਦ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਪਵਿੱਤਰ ਮੌਕੇ 'ਤੇ ਮੰਗਲਵਾਰ ਨੂੰ ਦੂਜੀ ਪਵਿੱਤਰ ਨਗਰ ਕੀਰਤਨ ਯਾਤਰਾ ਦਾ ਸ਼ੁਭਾਰੰਭ ਹਰਿਆਣਾ ਦੇ ਪੰਚਕੂਲਾ ਜ਼ਿਲ੍ਹੇ ਦੇ ਪਿੰਜੌਰ ਸਥਿਤ ਪਵਿੱਤਰ ਭੂਮੀ ਤੋਂ ਹੋਇਆ। ਇਸ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਦੀ ਮੌਜੂਦਗੀ ਵਿੱਚ ਗੁਰੂਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ, ਪਿੰਡ ਗੋਰਖਨਾਥ ਵਿੱਚ ਅਰਦਾਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਮੁੱਖ ਮੰਤਰੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਾਹਮਣੇ ਅਰਦਾਸ ਕਰਦੇ ਹੋਏ ਸੂਬੇ ਵਾਸਿਆਂ ਦੀ ਖੁਸ਼ਹਾਲੀ ਦੀ ਕਾਮਨਾ ਕੀਤੀ।ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਗਵਰਨਮੇਂਟ ਪਾਲਿਟੇਕਲਿਨ, ਅੰਬਾਲਾ ਦਾ ਨਾਂਅ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਨਾਮ 'ਤੇ ਰਖਣ ਦਾ ਐਲਾਨ ਵੀ ਕੀਤਾ।ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦੁਰ ਜੀ ਸਿਰਫ਼ ਸਿੱਖ ਭਾਈਚਾਰੇ ਜਾਂ ਭਾਰਤ ਦੇ ਹੀ ਨਹੀਂ ਸਗੋਂ ਪੂਰੀ ਦੁਨੀਆ ਦੇ ਮਨੁੱਖੀ ਅਧਿਕਾਰਾਂ ਦੇ ਪਹਿਲੇ ਮਹਾਨਾਇਕ ਹਨ। ਉਨ੍ਹਾਂ ਨੇ ਧਰਮ ਅਤੇ ਦੇਸ਼ ਦੀ ਰੱਖਿਆ ਲਈ ਆਪਣਾ ਬਲਿਦਾਨ ਦਿੱਤਾ। ਮੁੱਖ ਮੰਤਰੀ ਨੇ ਦੱਸਿਆ ਕਿ ਪਿੰਜੌਰ ਤੋਂ ਸ਼ੁਰੂ ਕੀਤੀ ਗਈ ਇਹ ਦੂਜੀ ਨਗਰ ਕੀਰਤਨ ਯਾਤਰਾ, ਗੁਰੂ ਦੀ ਦੇ ਤਪ, ਤਿਆਗ, ਵਿਚਾਰ ਅਤੇ ਧਰਮ ਦੀ ਰੱਖਿਆ ਦੇ ਸੰਦੇਸ਼ ਨੂੰ ਜਨ-ਜਨ ਤੱਕ ਪਹੁੰਚਾਉਣ ਦੀ ਵਿਆਪਕ ਮੁਹਿੰਮ ਹੈ। ਉਨ੍ਹਾਂ ਨੇ ਦੱਸਿਆ ਕਿ ਸ਼੍ਰੀ ਗੁਰੂ ਤੇਗ ਬਹਾਦੁਰ ਜੀ ਦੇ 350ਵੇਂ ਸ਼ਹੀਦੀ ਸਾਲ ਦੇ ਉਪਲੱਖ ਵਿੱਚ ਸੂਬੇ ਭਰ ਵਿੱਚ ਚਾਰ ਪਵਿੱਤਰ ਨਗਰ ਕੀਰਤਨ ਯਾਤਰਾਵਾਂ ਕੱਢੀ ਜਾ ਰਹੀਆਂ ਹਨ ਜੋ ਹਰਿਆਣਾ ਦੇ ਸਾਰੇ ਜ਼ਿਲ੍ਹਿਆਂ ਤੋਂ ਹੋ ਕੇ ਲੰਘੇਗੀ। ਇਨ੍ਹਾਂ ਯਾਤਰਾਵਾਂ ਦਾ ਸਮਾਪਨ 24 ਨਵੰਬਰ ਨੂੰ ਕੁਰੂਕਸ਼ੇਤਰ ਵਿੱਚ ਹੋਵੇਗਾ। ਅਗਲੇ ਦਿਨ 25 ਨਵੰਬਰ ਨੂੰ ਸ੍ਰੀ ਗੁਰੂ ਤੇਗ ਬਹਾਦੁਰ ਜੀ ਦੇ ਸ਼ਹੀਦੀ ਸਾਲ 'ਤੇ ਕੁਰੂਕਸ਼ੇਤਰ ਵਿੱਚ ਮਹਾਸਮਾਗਮ ਦਾ ਆਯੋਜਨ ਹੋਵੇਗਾ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁੱਖ ਮਹਿਮਾਨ ਵੱਜੋਂ ਸ਼ਾਮਲ ਹੋਣਗੇ।

# ਮੁਫਤ ਅਪ੍ਰੇਸ਼ਨ ਕੈਂਪ ਸ਼ੁਰੂ

**ਆਦਮਪੁਰ (ਪਰਮਜੀਤ ਸਿੰਘ)**- ਲਾਇਨਜ਼ ਕਲੱਬ ਆਦਮਪੁਰ ਦੋਆਬਾ ਵਲੋਂ ਆਈਜ਼ ਫਾਰ ਦ ਵਰਲਡ ਕੈਨੇਡਾ ਤੇ ਸੰਤ ਵਤਨ ਸਿੰਘ ਲੰਬੜਦਾਰ ਭਗਵੰਤ ਸਿੰਘ ਮਿਨਹਾਸ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਲਾਇਨਜ਼ ਆਈ ਹਸਪਤਾਲ ਚੈਰੀਟੇਬਲ ਸੁਸਾਇਟੀ ਦੀ ਦੇਖ ਰੇਖ ਹੇਠ 44ਵਾਂ ਮੁਫ਼ਤ ਅੱਖਾਂ ਦਾ ਅਪ੍ਰੇਸ਼ਨ ਕੈਂਪ ਸ਼ੁਰੂ ਹੋਇਆ। ਕੈਂਪ ਦੀ ਸ਼ੁਰੂਆਤ ਮੌਕੇ ਉੱਘੇ ਸਮਾਜ ਸੇਵੀ ਤੇ ਬਿਜਨੈਸਮੈਨ ਜਤਿੰਦਰ ਜੇ ਮਿਨਹਾਸ, ਨਿਰਪਾਲ ਸਿੰਘ ਮਿਨਹਾਸ ਅਤੇ ਅਵਤਾਰ ਸਿੰਘ ਮਿਨਹਾਸ ਕੈਨੇਡਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਗੁਰੂ ਮਹਾਰਾਜ ਜੀ ਦੇ ਚਰਨਾਂ ਵਿੱਚ ਅਰਦਾਸ ਉਪਰੰਤ ਲਾਇਨਜ ਆਈ ਹਸਪਤਾਲ ਦੇ ਮਾਹਿਰ ਡਾਕਟੀਰਾਂ ਦੀ ਟੀਮਾਂ ਵੱਲੋਂ ਮਰੀਜਾਂ ਦੀ ਜਾਂਚ ਕੀਤੀ ਗਈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਦੇ ਚੇਅਰਮੈਨ ਦਸ਼ਵਿੰਦਰ ਚਾਂਦ ਅਤੇ ਉਪ ਚੇਅਰਮੈਨ ਅਮਰਜੀਤ ਸਿੰਘ ਨੇ ਦੱਸਿਆ ਕਿ ਇਸ ਲਗਾਤਾਰ ਇੱਕ ਹਫਤਾ ਚੱਲਣ ਵਾਲੇ ਕੈਂਪ ਦੌਰਾਨ ਹੁਣ ਤੱਕ 2146 ਮਰੀਜਾਂ ਦੀ ਜਾਂਚ ਕਰ 1057 ਮਰੀਜਾਂ ਦੇ ਅਪ੍ਰੇਸ਼ਨ ਅਲਟਰਾ ਮਾਡਰਨ ਫੀਕੋ ਵਿਧੀ ਰਾਹੀਂ ਲੈਨਜ਼ ਫਿੱਟ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਮਰੀਜ਼ਾਂ ਦੇ ਰਹਿਣ ਸਹਿਣ ਖਾਣਪੀਣ ਦੇ ਸਾਰੇ ਇੰਤਜਾਮ ਕੀਤੇ ਜਾ ਚੁੱਕੇ ਹਨ ਅਤੇ ਹਰ ਰੋਜ਼ 100 ਦੇ ਕਰੀਬ ਮਰੀਜਾਂ ਦੇ ਅਪ੍ਰੇਸ਼ਨ ਕੀਤੇ ਜਾਣਗੇ।ਇਸ ਮੌਕੇ ਆਪਣੇ ਸੰਬੋਧਨ ਅੰਦਰ ਜੇ ਮਿਨਹਾਸ ਨੇ ਦੱਸਿਆ ਕਿ ਆਈਜ਼ ਫੇਰ ਵਰਲਡ ਕੈਨੇਡਾ ਨਾਲ ਸਾਡਾ ਇਹ ਲਗਾਤਾਰ 8ਵਾਂ ਕੈਂਪ ਹੈ ਜਿਸ ਵਿਚ ਮਰੀਜ਼ਾਂ ਨੂੰ ਤਮਾਮ ਅਲਟਰਾ ਮਾਡਰਨ ਸਿਹਤ ਸੁਵਿਧਾਵਾਂ ਦਿੱਤੀਆਂ ਜਾਣਗੀਆਂ ਅਤੇ ਇਸ ਦਾ ਸਾਰਾ ਖਰਚਾ ਸੰਸਥਾ ਵੱਲੋਂ ਹੀ ਕੀਤਾ ਜਾ ਰਿਹਾ ਹੈ। ਇਸ ਮੌਕੇ ਵਿਸ਼ੇਸ਼ ਤੌਰ ਤੇ ਪੁੱਜੇ ਸਮਾਜ ਸੇਵਾ ਦਲਵਿੰਦਰ ਸਿੰਘ ਪ੍ਰਮਾਰ ਇੰਗਲੈਂਡ, ਸੁਨੀਤਾ ਰਾਣੀ ਰਾਣੀ ਕੈਨੇਡਾ ਨੇ ਵੀ ਆਦਮਪੁਰ ਵਿਖੇ ਲਗਾਤਾਰ 44 ਸਾਲਾਂ ਤੋਂ ਚੱਲ ਰਹੀ ਸੇਵਾ ਦੀ ਸ਼ਲਾਘਾ ਕੀਤੀ।ਕੈਂਪ ਵਿੱਚ ਵਿਸ਼ੇਸ਼ ਤੌਰ 'ਤੇ ਲਾਇਨਜ ਕਲੱਬ ਆਦਮਪੁਰ ਦੇ ਪ੍ਰਧਾਨ ਰਾਕੇਸ਼ ਚੋਢਾ, ਸਕੱਤਰ ਰਾਜੇਸ਼ ਅੱਗਰਵਾਲ, ਲਾਇਨ ਵਿਨੋਦ ਟੰਡਨ ਕੈਸ਼ੀਅਰ,ਲਾਇਨ ਰਘਵੀਰ ਸਿੰਘ ਵਿਰਦੀ, ਲਾਇਨ ਹਰਵਿੰਦਰ ਪਰਹਾਰ, ਲਾਇਨ ਰਜਿੰਦਰ ਵਰਮਾ ਕਮਲਜੀਤ ਸਿਆਣ ,ਲਾਇਨ ਕਰਨਲ ਮੋਹਨ ਲਾਲ ਸ਼ਾਰਦਾ, ਲਾਇਨ ਅਕਸ਼ਰ ਦੀਪ ਸ਼ਰਮਾਂ, ਲਾਇਨ ਵਿਕਰਮ ਟੰਡਨ, ਲਾਇਨ ਕੁਲਵੀਰ ਸਿੰਘ, ਲਾਇਨ ਅਮਰ ਸਿੰਘ,ਲਾਇਨ ਅਮਰਜੀਤ ਸਿੰਘ ਮਿਨਹਾਸ,ਲਾਇਨ ਰਾਜ ਕੁਮਾਰ ਪਾਲ, ਲਾਇਨ ਹਰਿੰਦਰ ਸਿੰਘ ਬੰਸਲ, ਲਾਈਨ ਰਾਜਿੰਦਰ ਪ੍ਰਸ਼ਾਦ, ਲਾਇਨ ਮਲਕੀਤ ਸਿੰਘ ਮਿਨਹਾਸ, ਲਾਇਨ ਸੁਖਦੇਵ ਸਿੰਘ ਰੂਪਰਾ, ਲਾਇਨ ਖੜਕ ਸਿੰਘ, ਗੁਰੂ ਨਾਨਕ ਸਭਾ ਦੇ ਸਮੂਹ ਮੈਂਬਰ ਅਤੇ ਡੇਰਾ ਰਾਧਾ ਸੁਆਮੀ ਜੀ ਦੇ ਸੇਵਾਦਾਰ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਤੋਂ ਨਰਸਿੰਗ ਸਟਾਫ ਹਾਜ਼ਰ ਸਨ।



# ਪੰਜਾਬ 'ਵਰਸਿਟੀ ਨੂੰ ਸਿਆਸੀ ਖੇਡ ਦਾ ਮੋਹਰਾ ਬਣਾਉਣ ਤੋਂ ਗੁਰੇਜ਼ ਕਰੇ ਭਾਜਪਾ : ਬਿੱਟੂ

**ਫਗਵਾੜਾ (ਡਾ. ਰਮਨ)**- ਕਾਂਗਰਸ ਪਾਰਟੀ ਦੇ ਜ਼ਿਲ੍ਹਾ ਕਪੂਰਥਲਾ ਦੇ ਸਕੱਤਰ ਕਰਮਜੀਤ ਸਿੰਘ ਬਿੱਟੂ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਵਿਦਿਆਰਥੀਆਂ ਵਲੋਂ ਕੀਤੀ ਜਾ ਰਹੀ ਸੈਨੇਟ ਚੋਣਾਂ ਦੇ ਐਲਾਨ ਦੀ ਮੰਗ ਦਾ ਸਮਰਥਨ ਕਰਦਿਆਂ ਕਿਹਾ ਕਿ ਚੰਡੀਗੜ੍ਹ ਦੇ ਯੂ.ਟੀ. ਹੋਣ ਦਾ ਕੇਂਦਰ ਦੀ ਭਾਜਪਾ ਸਰਕਾਰ ਨਾਜਾਇਜ਼ ਫਾਇਦਾ ਚੁੱਕ ਰਹੀ ਹੈ ਅਤੇ ਪੰਜਾਬ ਯੂਨੀਵਰਸਿਟੀ ਨੂੰ ਆਪਣੀ ਸਿਆਸੀ ਖੇਡ ਦਾ ਮੋਹਰਾ ਬਨਾਉਣ ਦੀ ਕੋਸ਼ਿਸ਼ ਕਰ ਰਹੀ ਹੈ, ਜਿਸ ਤੋਂ ਗੁਰੇਜ ਕੀਤਾ ਜਾਣਾ ਚਾਹੀਦਾ ਹੈ। ਉਹਨਾਂ ਚੰਡੀਗੜ੍ਹ ਪੁਲਸ ਵਲੋਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ 'ਤੇ ਕੀਤੇ ਲਾਠੀਚਾਰਜ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਕਿ ਪੁਲਸ ਵਲੋਂ ਸਾਰੇ ਐਂਟਰੀ ਪੁਆਇੰਟ ਬੰਦ ਕਰਕੇ ਵਿਦਿਆਰਥੀਆਂ ਨੂੰ ਜ਼ਬਰਦਸਤੀ ਯੂਨੀਵਰਸਿਟੀ ਕੈਂਪਸ 'ਚ ਦਾਖਲ ਹੋਣ ਤੋਂ ਰੋਕਿਆ ਗਿਆ। ਜਦਕਿ ਸ਼ਾਂਤਮਈ ਵਿਰੋਧ ਪ੍ਰਗਟਾਉਣਾ ਕੋਈ ਜ਼ੁਰਮ ਨਹੀਂ ਹੈ। ਉਹਨਾਂ ਚੰਡੀਗੜ੍ਹ ਪੁਲਿਸ ਨੂੰ ਵੀ ਤਾੜਨਾ ਕੀਤੀ ਕਿ ਆਪਣੀ ਤਾਕਤ ਦੀ ਵਿਦਿਆਰਥੀਆਂ ਉਪਰ ਬੇਰਹਿਮ ਵਰਤੋਂ ਨਾ ਕੀਤੀ ਜਾਵੇ। ਉਹਨਾਂ ਜਲਦੀ ਹੀ ਸੀਨੀਅਰ ਆਗੂਆਂ ਦੀ ਅਗਵਾਈ ਹੇਠ ਫਗਵਾੜਾ 'ਚ ਭਾਜਪਾ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕਰਨ ਦੀ ਗੱਲ ਵੀ ਕਹੀ।

# ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ

**ਗੁਰਾਇਆ (ਬਿੰਦਰ ਸੁੰਮਨ)**- ਜੀ ਐੱਨ ਏ ਯੂਨੀਵਰਸਿਟੀ ਵੱਲੋਂ ਇੱਕ ਟਰੈਜ਼ਰ ਹੰਟ ਮੁਕਾਬਲਾ ਕਰਵਾਇਆ ਗਿਆ ਜਿਸ ਵਿੱਚ 100 ਤੋਂ ਵੱਧ ਟੀਮਾਂ ਨੇ ਹਿੱਸਾ ਲਿਆ। ਇਸ ਮੁਕਾਬਲੇ ਵਿੱਚ ਐੱਸ ਟੀ ਐੱਸ ਵਰਲਡ ਸਕੂਲ ਦੀ ਟੀਮ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਗੌਰਵ ਨਾਲ ਉੱਚਾ ਕੀਤਾ ਹੈ। ਇਹ ਮੁਕਾਬਲਾ ਵਿਦਿਆਰਥੀਆਂ ਦੀ ਸੋਚਣ ਸਮਝਣ ਦੀ ਯੋਗਤਾ, ਸਮੇਂ ਦੇ ਪ੍ਰਬੰਧ ਅਤੇ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਕਾਬਲੀਅਤ ਨੂੰ ਪਰਖਣ ਲਈ ਕਰਵਾਇਆ ਗਿਆ ਸੀ। ਵਿਦਿਆਰਥੀਆਂ ਨੇ ਆਪਣੀ ਤੇਜ਼ ਸੋਚ, ਚੁਸਤ ਕਾਰਗੁਜ਼ਾਰੀ ਅਤੇ ਮਿਲਜੁਲ ਕੇ ਕੰਮ ਕਰਨ ਦੀ ਸੋਝੀ ਨਾਲ ਹਰ ਪੜਾਅ ਨੂੰ ਸਫਲਤਾ ਨਾਲ ਪਾਰ ਕੀਤਾ। ਸਕੂਲ ਦੇ ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਨੂੰ ਇਸ ਉਪਲਬਧੀ ਲਈ ਦਿਲੋਂ ਵਧਾਈ ਦਿੰਦਿਆਂ ਹੋਇਆ ਇਸ ਤਰ੍ਹਾਂ ਹੀ ਹਮੇਸ਼ਾ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।



# ਸਕੂਲ ਪੱਧਰ 'ਤੇ ਮਾਸ ਕਾਊਂਸਲਿੰਗ-ਵਿਦਿਆਰਥੀਆਂ ਲਈ ਕੈਰੀਅਰ, ਸਵੈ-ਰੋਜ਼ਗਾਰ ਦੀ ਰਾਹਦਾਰੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਡਿਪਟੀ ਕਮਿਸ਼ਨਰ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਹੇਠ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ (ਡੀ ਬੀ ਈ ਈ) ਮੋਹਾਲੀ ਵੱਲੋਂ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਮਾਸ ਕਾਊਂਸਲਿੰਗ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਹ ਪ੍ਰੋਗਰਾਮ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮਗੜ੍ਹ ਬੁੱਢਾ, ਸਰਕਾਰੀ ਸੀਨੀਅਰ ਸੰਕੈਂਡਰੀ ਸਕੂਲ ਮਛਲੀ ਕਲਾਂ, ਸਰਕਾਰੀ ਹਾਈ ਸਕੂਲ ਸੈਦਪੁਰ, ਸਰਕਾਰੀ ਹਾਈ ਸਕੂਲ ਹਸਨਖੇੜੀ, ਸਰਕਾਰੀ ਹਾਈ ਸਕੂਲ ਲਾਂਡਰਾ, ਸਰਕਾਰੀ ਹਾਈ ਸਕੂਲ ਚੋਲਟਾ ਖੁਰਦ, ਸਰਕਾਰੀ ਹਾਈ ਸਕੂਲ ਭਾਗੋਮਾਜਰਾ, ਸਰਕਾਰੀ ਹਾਈ ਸਕੂਲ ਰੁੜਕੀ ਪੁਖਤਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੀਗੇ ਮਾਜਰਾ, ਸਰਕਾਰੀ ਹਾਈ ਸਕੂਲ ਸੁਦਰਾਂ, ਸਰਕਾਰੀ ਹਾਈ ਸਕੂਲ ਦਫਰਪੁਰ, ਸਰਕਾਰੀ ਹਾਈ ਸਕੂਲ ਹੁਲਕਾ, ਸਰਕਾਰੀ ਹਾਈ ਸਕੂਲ ਦੇਵੀਨਗਰ, ਸਰਕਾਰੀ ਹਾਈ ਸਕੂਲ ਰਡਿਆਲਾ, ਸਰਕਾਰੀ ਹਾਈ ਸਕੂਲ ਕਾਰਕੌਰ, ਸਰਕਾਰੀ ਹਾਈ ਸਕੂਲ ਰਾਜੋ ਮਾਜਰਾ, ਸਰਕਾਰੀ ਹਾਈ ਸਕੂਲ ਨਵਾਂ ਗਾਓਂ, ਸਰਕਾਰੀ ਹਾਈ ਸਕੂਲ ਮੁੱਲਾਂਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੰਡਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਹੋੜਾ, ਸਰਕਾਰੀ ਸੀਨੀਅਰ ਸੰਕੈਂਡਰੀ ਸਕੂਲ ਅਮਲਾਲਾ, ਸਰਕਾਰੀ ਸੀਨੀਅਰ ਸੰਕੈਂਡਰੀ ਸਕੂਲ ਨਾਡਾ, ਐਸ.ਓ.ਈ. ਮੁੱਲਾਂਪੁਰ ਵਿਖੇ ਕਰਵਾਏ ਗਏ।ਮਾਸ ਕਾਊਂਸਲਿੰਗ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਖੇਤਰਾਂ ਵਿੱਚ ਉਪਲਬਧ ਕਰੀਅਰ ਮੌਕਿਆਂ, ਕੌਸ਼ਲ ਵਿਕਾਸ ਪ੍ਰੋਗਰਾਮਾਂ ਅਤੇ ਸਵੈ-ਰੋਜ਼ਗਾਰ ਯੋਜਨਾਵਾਂ ਬਾਰੇ ਜਾਣੂ ਕਰਵਾਉਣਾ ਸੀ, ਤਾਂ ਜੋ ਉਹ ਆਪਣੀ ਯੋਗਤਾ, ਰੁਚੀ ਅਤੇ ਰੁਝਾਨ ਅਨੁਸਾਰ ਭਵਿੱਖ ਲਈ ਸਹੀ ਦਿਸ਼ਾ ਦੀ ਚੋਣ ਕਰ ਸਕਣ।

# ਰਿਟਾਇਰਡ ਸੀਨੀਅਰ ਰੇਡੀਓਗ੍ਰਾਫਰਜ਼ ਵੈੱਲਫੇਅਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ

**ਬੰਗਾ (ਅਵਤਾਰ ਕਲੇਰ)**- ਰਿਟਾਇਰਡ ਸੀਨੀਅਰ ਰੇਡੀਓਗ੍ਰਾਫਰਜ਼ ਵੈਲਫੇਅਰ ਐਸੋਸੀਏਸ਼ਨ ਪੰਜਾਬ ਦੀ ਮੀਟਿੰਗ ਜਨਾਬ ਵਲੀ ਮੁਹੰਮਦ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਵਿਛੜੇ ਸਾਥੀ ਗੁਰਦਾਸ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨ ਉਪਰੰਤ ਫੈਸਲਾ ਕੀਤਾ ਗਿਆ ਕਿ ਇਸ ਵਾਰ ਸੰਸਾਰ ਰੇਡੀਓਗ੍ਰਾਫੀ ਦਿਵਸ ਨੂੰ ਸਮਰਪਤ ਪ੍ਰੋਗਰਾਮ, ਫਗਵਾੜਾ ਜ਼ਿਲ੍ਹਾ ਕਪੂਰਥਲਾ ਵਿਖੇ ਕਰਵਾਇਆ ਜਾਵੇਗਾ। ਮੀਟਿੰਗ ਵਿੱਚ ਸਰਵ ਸਾਥੀ ਪ੍ਰੇਮਜੀਤ ਸਿੰਘ, ਪ੍ਰਕਾਸ਼ ਚੰਦ ਦੋਸ਼ੀ ਜਲਾਲਾਬਾਦ ਪੱਛਮੀ, ਗੁਰਵਿੰਦਰ ਸਿੰਘ ਭੁੱਲਰ, ਸੁਖਜਿੰਦਰ ਸਿੰਘ ਮੋਹੀ ਅਤੇ ਹਰੀ ਬਿਲਾਸ ਹਾਜ਼ਰ ਸਨ।ਮੀਟਿੰਗ ਦੇ ਫੈਸਲੇ ਅਨੁਸਾਰ ਕੀਤੇ ਜਾਣ ਵਾਲੇ ਸਮਾਗਮ ਵਿੱਚ ਸੁਪਰ ਸੀਨੀਅਰ ਰੇਡੀਓਗ੍ਰਾਫਰਜ਼ ਨੂੰ ਅਤੇ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ ਸੀਨੀਅਰ ਰੇਡੀਓਗ੍ਰਾਫਰਜ਼ ਨੂੰ ਸਨਮਾਨਤ ਕੀਤਾ ਜਾਵੇਗਾ। ਇਸ ਮੀਟਿੰਗ ਵਿੱਚ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਸਾਥੀ ਦਰਸ਼ਨ ਸਿੰਘ ਭੱਟੀ ਅਤੇ ਦਵਿੰਦਰਪਾਲ ਸਿੰਘ ਕੋਟਕਪੂਰਾ ਦੀ ਸਿਹਤਯਾਬੀ ਲਈ ਕਾਮਨਾਵਾਂ ਕੀਤੀਆਂ ਗਈਆਂ। ਇੱਕ ਮਤੇ ਰਾਹੀਂ ਪੁਰਾਣੀ ਪੈਨਸ਼ਨ ਪ੍ਰਾਪਤੀ ਲਈ ਸੰਘਰਸ਼ਸ਼ੀਲ ਮੁਲਾਜ਼ਮਾਂ ਦੇ ਸੰਘਰਸ਼ ਦਾ ਸਮਰਥਨ ਕੀਤਾ ਗਿਆ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਰ ਪ੍ਰਕਾਰ ਦੇ ਸਮੂਹ ਕੱਚੇ ਮੁਲਾਜ਼ਮਾਂ ਤੇ ਕੌਮੀ ਸਿਹਤ ਮਿਸ਼ਨ ਸਕੀਮ ਤਹਿਤ ਸੇਵਾਵਾਂ ਦੇ ਰਹੇ ਮੁਲਾਜ਼ਮਾਂ ਦੀਆਂ ਅਸਾਮੀਆਂ ਨੂੰ ਤੁਰੰਤ ਰੈਗੂਲਰ ਕਰਨ ਉਪਰੰਤ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਸਮੂਹ ਪੈਨਸ਼ਨਰ ਅਤੇ ਮੁਲਾਜ਼ਮਾਂ ਦੇ ਬਕਾਏ ਜਲਦੀ ਤੋਂ ਜਲਦੀ ਦਿੱਤੇ ਜਾਣ ਅਤੇ ਖਾਲੀ ਅਸਾਮੀਆਂ ਨੂੰ ਰੈਗੂਲਰ ਭਰਤੀਆਂ ਰਾਹੀਂ ਹੀ ਭਰਿਆ ਜਾਵੇ। ਸਮੂਹ ਅਵਾਮ ਲਈ ਪੇਂਡੂ ਤੇ ਸ਼ਹਿਰੀ ਸਿਹਤ ਸੇਵਾਵਾਂ ਦੀ ਨਿੱਘਰਦੀ ਹਾਲਤ ਨੂੰ ਹਰ ਹਾਲ ਸੁਧਾਰਿਆ ਜਾਵੇ। ਅੰਤ ਵਿੱਚ ਸਾਰੇ ਹੀ ਸੂਬਾਈ ਮੈਂਬਰਾਂ ਵਲੋਂ ਸਮੂਹ ਰਿਟਾਇਰਡ ਰੇਡੀਓਗ੍ਰਾਫਰਾਂ, ਸੀਨੀਅਰ ਰੇਡੀਓਗ੍ਰਾਫਰਾਂ ਨੂੰ ਇਸ ਸਮਾਗਮ ਵਿੱਚ ਸ਼ਮੂਲੀਅਤ ਕਰਕੇ ਸਫ਼ਲ ਬਣਾਉਣ ਹਿੱਤ ਬੇਨਤੀ ਕੀਤੀ ਗਈ।



# ਘਰਾਟੀਆ ਜਠੇਰਿਆਂ ਦੀ ਸਰਦ ਰੁੱਤ ਮੇਲ 'ਚ ਲੱਗੀਆਂ ਭਾਰੀ ਰੌਣਕਾਂ : ਲੱਭਾ ਰਾਮ

**ਜਲੰਧਰ (ਰਾਜੇਸ਼ ਥਾਪਾ)**- ਘਰਾਟੀਆ ਜਠੇਰੇ ਜਲੰਧਰ ਪੰਜਾਬ ਦੇ ਚੇਅਰਮੈਨ ਲੱਭਾ ਰਾਮ, ਪ੍ਰਧਾਨ ਵਿਜੇ ਭਗਤ, ਜਰਨਲ ਸਕੱਤਰ ਗਣੇਸ਼ ਭਗਤ , ਖਜਾਨਚੀ ਰਾਕੇਸ਼ ਕੁਮਾਰ ਅਤੇ ਮੁੱਖ ਸਲਾਹਕਾਰ ਰਵਿੰਦਰ ਭਗਤ ਨੇ ਦੱਸਿਆ ਘਰਾਟੀਏ ਗੋਤਰ (ਪੂਨਮ) ਨਾਲ ਸਬੰਧਤ ਸਰਦ ਰੁੱਤ ਦੀ ਮੇਲ ਆਰ ਐੱਸ ਪੁਰਾ ਚਕਰੋਈ ਜੰਮੂ ਵਿਖੇ ਸਾਲਾਨਾ ਮੇਲ ਦਾ ਆਯੋਜਨ ਕੀਤਾ ਗਿਆ। ਇਸ ਸਰਦ ਰੁੱਤ ਮੇਲ ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਇਲਾਵਾ ਜੰਮੂ, ਰਾਜਸਥਾਨ, ਹਰਿਆਣਾ ਅਤੇ ਹੋਰ ਰਾਜਾਂ ਤੋਂ ਵੱਡੀ ਗਿਣਤੀ ਵਿਚ ਆਪਣੇ ਪਰਵਾਰਾਂ ਸਮੇਤ ਸ਼ਾਮਲ ਹੋਏ ਤੇ ਬੂਆ ਬਾਵਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਮੁੱਖ ਸੇਵਾਦਾਰ ਬਾਬਾ ਬਚਨ ਲਾਲ ਅਤੇ ਸਭਾ ਦੇ ਮੈਂਬਰ ਸਾਹਿਬਾਨ ਅਤੇ ਸ਼ਰਧਾਲੂ ਬਾਬਾ ਬੂਆ ਜੀ ਦੀ ਪੂਜਾ ਅਰਚਨਾ ਕੀਤੀ ਜਾਵੇਗੀ। ਝੰਡਾ ਚੜ੍ਹਾਉਣ ਦੀ ਰਸਮ ਤੋਂ ਬਾਅਦ ਸਰਦ ਰੁੱਤ ਦਾ ਭੰਡਾਰਾ ਸ਼ੁਰੂ ਹੋਇਆ। ਇਸ ਮੌਕੇ ਤੇ ਨਵ ਵਿਹਾਏ ਜੋੜੇ ਆਪਣੇ ਪਰਵਾਰ ਸਮੇਤ ਆ ਕੇ ਆਪਣੇ ਜਠੇਰਿਆਂ ਦੀਆਂ ਰਸਮਾਂ ਪੂਰੀਆ ਕਰਕੇ ਅਤੇ ਜਿਸ ਪਰਵਾਰ ਵਿੱਚ ਪਹਿਲੇ ਲੜਕੇ ਨੇ ਜਨਮ ਲਿਆ ਹੁੰਦਾ ਹੈ ਉਹ ਵੀ ਪਰਵਾਰ ਸਮੇਤ ਆਪਣੇ ਵੱਡੇ ਵਡੇਰਿਆਂ ਵਲੋਂ ਚਲਾਈ ਰਸਮ (ਛਿੱਲਾਂ) ਬੱਕਰੇ ਦੇ ਰੂਪ ਬਾਬਾ ਬੂਆ ਜੀ ਨੂੰ ਚੜ੍ਹਾ ਕੇ ਅਸ਼ੀਰਵਾਦ ਪ੍ਰਾਪਤ ਕਰਦੇ ਹਨ। ਇਸ ਮੌਕੇ ਤੇ ਘਰਾਟੀਆ ਜਠੇਰੇ (ਰਜਿ) ਸਭਾ ਜਲੰਧਰ ਪੰਜਾਬ ਵੱਲੋ ਮੁੱਖ ਸੇਵਾਦਾਰ ਬਾਬਾ ਬਚਨ ਲਾਲ ਤੇ ਸਰਦ ਰੁੱਤ ਦੀ ਮੇਲ ਤੇ ਲੰਗਰ ਦੀ ਸੇਵਾ ਦੇਣ ਵਾਲੇ ਸੁਰਿੰਦਰ ਮੋਹਨ ਅਤੇ ਪਰਵਾਰ ਦੇ ਮੈਂਬਰਾਂ ਨੂੰ ਸਿਰੋਪਾਓ ਦੇ ਸਨਮਾਨਤ ਕੀਤਾ ਗਿਆ। ਇਸ ਮੌਕੇ 'ਤੇ ਸਰਦ ਰੁੱਤ ਮੇਲ ਤੇ ਸ਼ਾਮਿਲ ਹੋਏ ਸ਼ਰਧਾਲੂਆਂ ਲਈ ਲੰਗਰ ਦੀ ਪੂਰੀ ਵਿਵਸਥਾ ਕੀਤੀ ਗਈ। ਇਸ ਮੌਕੇ ਤੇ ਸੰਸਾਰ ਚੰਦ, ਗਿਆਨ ਚੰਦ, ਮਾਸਟਰ ਦਲੀਪ ਕੁਮਾਰ, ਬ੍ਰਿਜ ਲਾਲ, ਗਾਰਾ ਰਾਮ, ਪਵਨ ਕੁਮਾਰ, ਬਲਵਿੰਦਰ ਕੁਮਾਰ, ਮਨੋਹਰ ਲਾਲ, ਰਤਨ ਲਾਲ, ਸ਼ਸ਼ੀ ਪਾਲ, ਸ਼ਾਮ ਲਾਲ, ਰਮੇਸ਼ ਕੁਮਾਰ, ਕਰਨ ਕੁਮਾਰ, ਭੂਸ਼ਨ ਲਾਲ, ਦਵਿੰਦਰ ਕੁਮਾਰ, ਸ਼ਾਮਲ ਹੋਏ। ਘਰਾਟੀਆ ਜਠੇਰੇ ਸਭਾ ਜਲੰਧਰ ਪੰਜਾਬ ਵੱਲੋ ਸਰਦ ਰੁੱਤ ਮੇਲ ਵਿਚ ਸ਼ਾਮਿਲ ਵੱਖ ਰਾਜਾਂ ਅਤੇ ਪੰਜਾਬ ਵਿੱਚੋਂ ਸ਼ਾਮਲ ਹੋਏ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਗਿਆ।



# ਪਤਵੰਤ ਸਿੰਘ ਤਿੰਮੋਵਾਲ ਲੈਬਾਰਟਰੀ ਸਟਾਫ ਯੂਨੀਅਨ ਦੇ ਸੂਬਾ ਪ੍ਰਧਾਨ ਬਣੇ




**ਗੁਰਾਇਆ (ਬਿੰਦਰ ਸੁੰਮਨ)**- ਸਰਕਾਰੀ ਸਕੂਲਜ਼ ਲੈਬਾਰਟਰੀ ਸਟਾਫ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਦੀ ਚੋਣ ਅਮਨਬੀਰ ਸਿੰਘ ਗੁਰਾਇਆ ਸਾਬਕਾ ਪ੍ਰਧਾਨ ਚੋਣ ਅਬਜਰਵਰ ਨਿਰੰਜਨਜੋਤ ਸਿੰਘ ਚਾਂਦਪੁਰੀ ਸਾਬਕਾ ਜਨਰਲ ਸਕੱਤਰ ਚੋਣ ਅਬਜਰਵਰ ਵੱਲੋਂ ਕੀਤੀ ਗਈ ਜਿਸ ਵਿੱਚ ਪੰਜਾਬ ਭਰ ਦੇ ਸਾਰੇ ਜ਼ਿਲ੍ਹਿਆਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਗਈ ਅਤੇ ਸਰਬ-ਸੰਮਤੀ ਨਾਲ ਪਤਵੰਤ ਸਿੰਘ ਤਿੰਮੋਵਾਲ ਜ਼ਿਲ੍ਹਾ ਅੰਮ੍ਰਿਤਸਰ ਨੂੰ ਸੂਬਾ ਪ੍ਰਧਾਨ, ਪੰਕਜ ਸਪਰਾ ਜਨਰਲ ਸਕੱਤਰ ਪੰਜਾਬ, ਸੁਖਮਿੰਦਰ ਸਿੰਘ ਮੋਗਾ ਸੀਨੀਅਰ ਮੀਤ ਪ੍ਰਧਾਨ, ਸੁਖਮਿੰਦਰ ਸਿੰਘ ਵਿੱਤ ਸਕੱਤਰ, ਯੋਗੇਸ਼ ਕੁਮਾਰ ਕੌੜਾ ਸੀਨੀਅਰ ਮੀਤ ਪ੍ਰਧਾਨ, ਸ੍ਰ ਗੁਰਮੀਤ ਸਿੰਘ ਸਲਾਬਤਪੁਰਾ ਸੂਬਾ ਮੀਤ ਪ੍ਰਧਾਨ, ਪ੍ਰੈੱਸ ਸਕੱਤਰ ਵਿਨੈ ਕੁਮਾਰ ਜਲੰਧਰ, ਹਰਜੀਤ ਸਿੰਘ ਬਰਾੜ ਮੁੱਖ ਬੁਲਾਰਾ ਅਤੇ ਸੂਬਾ ਮੀਤ ਪ੍ਰਧਾਨ ਬਣਾਇਆ ਗਿਆ। ਨਵੇਂ ਬਣੇ ਸੂਬਾ ਪ੍ਰਧਾਨ੍ ਪਤਵੰਤ ਸਿੰਘ ਤਿੰਮੋਵਾਲ ਨੇ ਪੰਜਾਬ ਸਰਕਾਰ ਕੋਲੋਂ ਆਪਣੀਆਂ ਹੱਕੀ ਮੰਗਾਂ 2011 'ਚ ਟੁੱਟੀ ਪੇਅ ਪੈਰਿਟੀ ਦੀ ਬਹਾਲੀ, ਆਸਾਮੀ ਦਾ ਨਾਂਅ ਬਦਲ ਕੇ ਲੈਬਾਰਟਰੀ ਅਸਿਸਟੈਂਟ ਕਰਨਾ, ਯੋਗਤਾ ਅਨੁਸਾਰ ਤਰੱਕੀ ਦੇ ਮੌਕੇ, ਮਾਸਟਰ ਕੇਡਰ 'ਚ ਪ੍ਰਮੋਸ਼ਨ ਕੋਟਾ ਵਧਾਉਣਾ ਆਦਿ ਨੂੰ ਪੂਰਾ ਕਰਨ ਦੀ ਮੰਗ ਕੀਤੀ।

# ਵਿਦਿਆਰਥੀਆਂ ਤੇ ਲੋਕਾਂ ਦੇ ਏਕੇ ਦੀ ਜਿੱਤ ਹੋਈ : ਤਲਵਿੰਦਰ ਹੀਰ

**ਮਾਹਿਲਪੁਰ, ਜੇਜੋਂ ਦੁਆਬਾ (ਸ਼ਫ਼ਰੀ, ਨਿਰਮਲ ਸਿੰਘ ਮੁੱਗੋਵਾਲ)**- ਪੰਜਾਬੀਆਂ ਦੇ ਹੱਕਾਂ ਨੂੰ ਦੇਹਸ਼ਤ ਤੇ ਵਿਰਸੇ ਤੇ ਮਾਣ ਨੂੰ ਢਾਹ ਲਾਉਣ ਦੀਆਂ ਸਾਜਿਸ਼ਾਂ ਰਚਣ ਵਾਲੇ ਵਿਰਕਾਪ੍ਰਸਤ ਹਾਕਮਾਂ ਨੂੰ ਵਿਦਿਆਰਥੀਆਂ ਤੇ ਲੋਕਾਂ ਦੇ ਏਕੇ ਮੂਹਰੇ ਝੁਕਣਾ ਪਿਆ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਦਿਆਰਥੀਆਂ ਦੇ ਸੰਘਰਸ਼ ਤੇ ਪੰਜਾਬ ਯੂਨੀਵਰਸਿਟੀ ਬਚਾਓ ਅੰਦੋਲਨ ਦੀ ਹਮਾਇਤ ਤੇ ਚੰਡੀਗੜ੍ਹ ਜਾ ਕੇ ਹਾਜ਼ਰੀ ਲਗਵਾ ਕੇ ਆਏ ਭਾਕਿਯੂ ਏਕਤਾ ਉਗਰਾਹਾਂ ਦੇ ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੇ ਪਿੰਡ ਨੰਗਲ ਖਿਲਾੜੀਆਂ ਵਿਖੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦੀ ਮਾਣਮੱਤੀ ਵਿਰਾਸਤ ਪੰਜਾਬ ਯੂਨੀਵਰਸਿਟੀ ਦੇ ਸਿੰਡੀਕੇਟ ਤੇ ਸੈਨੇਟ ਦੀ ਬਹਾਲੀ ਲਈ ਡਟੇ ਵਿਦਿਆਰਥੀਆਂ ਨਾਲ ਹੰਕਾਰੇ ਹਾਕਮਾਂ ਨੇ ਗੈਰ ਮਨੁੱਖੀ ਵਰਤਾਓ ਕੀਤਾ ਤੇ ਉਨਾਂ ਦਾ ਭਵਿੱਖ ਖਰਾਬ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਪੰਜਾਬ ਦੀ ਧਰਤੀ ਤੇ ਵਸਾਏ ਚੰਡੀਗੜ੍ਹ ਨੂੰ ਦੂਜੇ ਦੇਸ਼ ਦੀਆਂ ਸਰਹੱਦਾਂ ਵਾਂਗ ਸੀਲ ਕੀਤੇ ਪ੍ਰਸ਼ਾਸਨ ਦੇ ਸਾਰੇ ਹੱਦਾਂ ਬੰਨੇ ਉਲੰਘ ਕੇ ਵਿਦਿਆਰਥੀ ਤੇ ਜੁਝਾਰੂ ਲੋਕ ਜਾਨ ਜੋਖਮ 'ਚ ਪਾ ਕੇ ਪੰਜਾਬ ਯੂਨੀਵਰਸਿਟੀ ਦੇ ਗੇਟ ਖੁਲਵਾ ਕੇ ਅੰਦਰ ਦਾਖਲ ਹੋਏ।ਹਾਕਮਾਂ ਦੇ ਹੁਕਮ ਤੇ ਪੁਲਸ ਤੇ ਅਰਧ ਸੈਨਿਕ ਬਲਾਂ ਨੇ ਵਿਦਿਆਰਥੀਆਂ ਤੇ ਹਮਾਇਤੀ ਲੋਕਾਂ ਤੇ ਅੰਨਾ ਤਸ਼ੱਦਦ ਕੀਤਾ ਤੇ ਗ੍ਰਿਫਤਾਰੀਆਂ ਵੀ ਕੀਤੀਆਂ, ਇੱਥੋਂ ਤੱਕ ਕਿ ਮਾਸੂਮ ਵਿਦਿਆਰਥਣਾਂ ਨੂੰ ਵੀ ਬਖਸ਼ਿਆ ਨਹੀਂ ਗਿਆ।ਪਰ ਪੰਜਾਬੀਆਂ ਦੇ ਕੁਰਬਾਨੀਆਂ ਭਰੇ ਇਤਿਹਾਸ, ਮਿਸ਼ਨ, ਸਿਦਕ ਤੇ ਸਬਰ ਨੂੰ ਨਜ਼ਰਅੰਦਾਜ਼ ਕਰਨਾ ਹਾਕਮਾਂ ਨੂੰ ਮਹਿੰਗਾ ਮੁੱਲ ਪਿਆ। ਚੰਡੀਗੜ੍ਹ ਪ੍ਰਸ਼ਾਸਨ ਦਾ ਪੂਰਾ ਜ਼ੋਰ ਵਿਦਿਆਰਥੀਆਂ ਦੇ ਸੰਘਰਸ਼ ਨੂੰ ਦਬਾਉਣ ਤੇ ਲੱਗਾ ਰਿਹਾ ਆਮ ਲੋਕਾਂ ਦੀ ਸਹੂਲਤ ਲਈ ਕੋਈ ਇੱਕ ਸਿਪਾਹੀ ਵੀ ਕਿਧਰੇ ਤੈਨਾਤ ਨਹੀਂ ਸੀ। ਵਿਦਿਆਰਥੀਆਂ ਤੇ ਲੋਕਾਂ ਦੇ ਏਕੇ ਦੀ ਜਿੱਤ ਹੋਈ।



# ਪੈਨਸ਼ਨਰਜ਼ ਪਾਵਰਕਾਮ ਤੇ ਟਰਾਂਸਕੋ ਸ਼ਹਿਰੀ ਮੰਡਲ ਦੇ ਅਹੁਦੇਦਾਰਾਂ ਦੀ ਮੀਟਿੰਗ

## 16 ਦੀ ਰੈਲੀ 'ਚ ਵੱਡੀ ਗਿਣਤੀ 'ਚ ਹੋਵਾਂਗੇ ਸ਼ਾਮਿਲ : ਰੇਸ਼ਮ ਸਿੰਘ, ਬਲਦੇਵ ਰਾਜ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਤੇ ਟਰਾਂਸਕੋ ਸ਼ਹਿਰੀ ਮੰਡਲ ਕਪੂਰਥਲਾ ਦੀ ਵਿਸ਼ੇਸ਼ ਮੀਟਿੰਗ ਪ੍ਰਧਾਨ ਰੇਸ਼ਮ ਲਾਲ ਅਤੇ ਸਕੱਤਰ ਬਲਦੇਵ ਰਾਜ ਦੀ ਅਗਵਾਈ ਹੇਠ ਵਿਸ਼ੇਸ਼ ਮੀਟਿੰਗ ਸਥਾਨਕ ਬਾਵਾ ਦੇ ਗੁਰਦੁਆਰਾ ਬਾਬਾ ਕਾਹਨ ਦਾਸ ਵਿਖੇ ਹੋਈ ਜਿਸ ਵਿਚ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰਨ ਦੀ ਨਿਖੇਧੀ ਕਰਦਿਆਂ ਆਗੂਆਂ ਨੇ ਮੁਲਜ਼ਮਾਂ ਅਤੇ ਪੈਨਸ਼ਨਰਾਂ ਦੇ ਸਾਂਝੇ ਫਰੰਟ ਵੱਲੋਂ 16 ਨਵੰਬਰ ਨੂੰ ਮੁੱਖ ਮੰਤਰੀ ਦੇ ਹਲਕੇ ਧੂਰੀ ਵਿਖੇ ਰੱਖੀ ਰੈਲੀ ਵਿੱਚ ਪੈਨਸ਼ਨਰ ਵੱਧ ਚੜ੍ਹ ਕੇ ਹਿੱਸਾ ਲੈਣਗੇ। ਹਾਜ਼ਰ ਮੈਂਬਰਾਂ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਰੇਸ਼ਮ ਸਿੰਘ ਮਾਨ, ਸਕੱਤਰ ਬਲਦੇਵ ਰਾਜ, ਗੁਰਬਚਨ ਚੰਦ ਸਮੇਤ ਹੋਰ ਆਗੂਆਂ ਨੇ ਕਿਹਾ ਕਿ ਸਰਕਾਰ ਵੱਲੋਂ ਜੱਥੇਬੰਦੀ ਦੀਆਂ ਹੱਕੀ ਮੰਗਾਂ ਨੂੰ ਮੁੜ ਤੋਂ ਅਣਗੌਲਿਆ ਕਰਨ ਕਰਕੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਕਿਹਾ ਕਿ ਸਰਕਾਰ ਮੁਲਾਜ਼ਮਾਂ ਦਾ ਡਿਵੈਲਪਮੈਂਟ ਫੰਡ ਕੱਟ ਕੇ ਯੂਨੀਅਨ ਤੇ ਮੁਲਾਜ਼ਮਾਂ ਨੂੰ ਸੰਘਰਸ਼ ਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਚਿਰਾਂ ਤੋਂ ਜੱਥੇਬੰਦੀ ਵੱਲੋਂ ਕੀਤੀਆਂ ਜਾ ਰਹੀਆਂ ਮੰਗਾਂ ਜਿਹਨਾਂ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 12 ਪ੍ਰਤੀਸ਼ਤ ਡੀ ਏ ਅਤੇ ਬਕਾਇਆ ਡੀ ਏ ਦੀ ਕਿਸ਼ਤ, ਛੇਵੇਂ ਪੇ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਮੂਹ ਪੈਨਸ਼ਨਰਾਂ ਨੂੰ 2.59 ਗੁਣਾਂਕ ਨਾਲ ਪੈਨਸ਼ਨ ਵਿੱਚ ਸੋਧ ਕਰਨਾ, ਮਹਿਗਾਈ ਭੱਤਾ ਸਮੇਂ ਸਿਰ ਜਾਰੀ ਕਰਨਾ ਅਤੇ ਉਸ ਦਾ ਬਕਾਇਆ ਦੇਣਾ, ਕੈਸ਼ਲੈਸ ਮੈਡੀਕਲ ਸਕੀਮ ਸਮੇਤ ਵਿਕਾਸ ਟੈਕਸ ਦੇ ਨਾਂਅ ਤੇ 200 ਰੁਪਏ ਦੀ ਕਟੌਤੀ ਬੰਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ 16 ਨਵੰਬਰ ਵਾਲੀ ਰੋਸ ਰੈਲੀ ਮਗਰੋਂ ਵੀ ਜੇਕਰ ਸਰਕਾਰ ਦੀ ਕੁੰਭਕਰਨੀ ਨੀਂਦ ਨਾ ਖੁੱਲੀ ਤਾਂ ਅਗਾਊਂ ਸੰਘਰਸ਼ ਦੀ ਵਿਉਂਤਬੰਦੀ ਕੀਤੀ ਜਾਵੇਗੀ। ਜੇਕਰ ਸਰਕਾਰ ਮੰਗਾਂ ਨਹੀਂ ਮੰਨਦੀ ਤਾਂ 22 ਮਾਰਚ ਨੂੰ ਪੰਜਾਬ ਦੀ ਬਿਜਲੀ ਮੰਤਰੀ ਦੀ ਅੰਮ੍ਰਿਤਸਰ ਵਿਖੇ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਜੱਥੇਬੰਦੀ ਵਿੱਚ ਸ਼ਾਮਲ ਹੋਏ ਨਵੇਂ ਮੈਂਬਰ ਪ੍ਰਮਾ ਨੰਦ ਨੂੰ ਸਿਰੋਪਾਓ ਨਾਲ ਸਨਮਾਨਤ ਕੀਤਾ ਗਿਆ। ਇਸ ਮੌਕੇ ਅਵਤਾਰ ਸਿੰਘ, ਮਾਹੀ ਲਾਲ,ਭਜਨ ਸਿੰਘ,ਜੀਤ ਲਾਲ, ਰਣਧੀਰ ਸਿੰਘ, ਸਤਨਾਮ ਸਿੰਘ, ਅਸ਼ੋਕ ਕੁਮਾਰ ,ਦੀਪਕ ਕੁਮਾਰ , ਬ੍ਰਿਜ ਮੋਹਨ , ਰਵਿੰਦਰ ਕੌਰ, ਜਗੀਰੋ, ਸ਼ਾਂਤੀ ਦੇਵੀ ਆਦਿ ਹਾਜ਼ਰ ਸਨ।

# ਸਾਲਾਨਾ ਸਮਾਗਮ ਦਾ ਸ਼ਾਨਦਾਰ ਆਯੋਜਨ

**ਗੁਰਾਇਆ (ਬਿੰਦਰ ਸੁੰਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ, ਗੁਰਾਇਆ 'ਚ ਸਾਲਾਨਾ ਦਿਵਸ ਸਮਾਰੋਹ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਾਲ ਦੇ ਸਮਾਰੋਹ ਦੀ ਥੀਮ "ਅਨੰਤਾ" ਰੱਖੀ ਗਈ, ਜੋ ਜੀਵਨ ਦੀ ਅਸੀਮ ਸੰਭਾਵਨਾਵਾਂ, ਨਿਰੰਤਰ ਵਿਕਾਸ ਅਤੇ ਸਿਰਜਣਾਤਮਕਤਾ ਦੇ ਬੇਅੰਤ ਪੱਖਾਂ ਨੂੰ ਦਰਸਾਉਂਦੀ ਹੈ। ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪ੍ਰਚੰਡ ਕਰਨ ਨਾਲ ਹੋਈ, ਜੋ ਮੁੱਖ ਮਹਿਮਾਨ ਨਵੀਨ ਸਿੰਗਲਾ, ਡਿਪਟੀ ਇੰਸਪੈਕਟਰ ਜਨਰਲ (ਡੀ.ਆਈ.ਜੀ.) ਜਲੰਧਰ ਰੇਂਜ ਵੱਲੋਂ ਕੀਤੀ ਗਈ। ਗੈਸਟ ਆਫ ਆਨਰ ਮੁਕਿਲਨ ਆਰ (ਸਬ ਡਿਵੀਜ਼ਨਲ ਮੈਜਿਸਟਰੇਟ, ਫਿਲੌਰ) ਵੀ ਹਾਜ਼ਰ ਰਹੇ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਨਵਲ ਭਾਰਦਵਾਜ (ਮਸ਼ਹੂਰ ਆਰਕੀਟੈਕਟ) ਸਮਾਰੋਹ 'ਚ ਸ਼ਾਮਲ ਹੋਏ। ਸਕੂਲ ਦੀ ਪ੍ਰਿੰਸੀਪਲ ਆਰਤੀ ਸੋਬਤੀ ਨੇ ਸਭ ਮਹਿਮਾਨਾਂ ਦਾ ਗੁਲਦਸਤਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸ਼ਾਂਤੀ ਦੇਵੀ ਗੁਪਤਾ ਅਤੇ ਗੁਪਤਾ ਪਰਿਵਾਰ, ਭੂਪਿੰਦਰ ਸਿੰਘ ਗਰਚਾ, ਸੁਖਵਿੰਦਰ ਸਿੰਘ, ਸਵਰਨ ਤੇ ਹੋਰ ਮਾਣਯੋਗ ਸ਼ਖ਼ਸੀਅਤਾਂ ਹਾਜ਼ਰ ਰਹੀਆਂ। ਪ੍ਰਿੰਸੀਪਲ ਆਰਤੀ ਸੋਬਤੀ ਨੇ ਸਕੂਲ ਦੀ ਸਾਲਾਨਾ ਪ੍ਰਗਤੀ ਰਿਪੋਰਟ ਪੇਸ਼ ਕੀਤੀ, ਜਿਸ 'ਚ ਉਨ੍ਹਾਂ ਨੇ ਸਕੂਲ ਦੀਆਂ ਵਿਦਿਅਕ ਉਪਲਬਧੀਆਂ, ਸਹ-ਪਾਠਕ੍ਰਮ ਗਤੀਵਿਧੀਆਂ, ਖੇਡਾਂ 'ਚ ਪ੍ਰਦਰਸ਼ਨ ਅਤੇ ਸਮਾਜਿਕ ਜ਼ਿੰਮੇਵਾਰੀਆਂ ਵਿਚ ਵਿਦਿਆਰਥੀਆਂ ਦੀ ਭਾਗੀਦਾਰੀ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਕਾਰਜਕ੍ਰਮ ਦੌਰਾਨ ਵਿਦਿਆਰਥੀਆਂ ਨੇ ਇੱਕ ਤੋਂ ਵਧ ਕੇ ਇੱਕ ਪ੍ਰਸਤੁਤੀਆਂ ਦਿੱਤੀਆਂ। "ਅਨੰਤਾ"ਥੀਮ 'ਤੇ ਆਧਾਰਿਤ ਵਿਸ਼ੇਸ਼ ਪ੍ਰਸਤੁਤੀ ਨੇ ਦਰਸ਼ਕਾਂ ਨੂੰ ਮੋਹ ਲਿਆ। ਸਮਾਰੋਹ ਦੇ ਅੰਤ 'ਚ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਮਹਿਮਾਨ, ਗੈਸਟ ਆਫ ਆਨਰ ਅਤੇ ਵਿਸ਼ੇਸ਼ ਮਹਿਮਾਨ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ।



# ਚੀਮਾ ਵੱਲੋਂ 47 ਮੁਲਾਜ਼ਮ ਯੂਨੀਅਨਾਂ ਨਾਲ ਮੀਟਿੰਗਾਂ

## ਮੁੱਖ ਮੁੱਦਿਆਂ ਦੇ ਸਮਾਂ-ਬੱਧ ਹੱਲ ਦਾ ਕੀਤਾ ਵਾਅਦਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਮੁਲਾਜ਼ਮਾਂ ਦੇ ਮੁੱਦਿਆਂ ਨੂੰ ਹੱਲ ਕਰਨ ਲਈ ਗਠਿਤ ਕੈਬਨਿਟ ਸਬ-ਕਮੇਟੀ ਦੇ ਚੇਅਰਮੈਨ ਅਤੇ ਪੰਜਾਬ ਦੇ ਵਿੱਤ ਮੰਤਰੀ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ 47 ਵੱਖ-ਵੱਖ ਮੁਲਾਜ਼ਮ ਯੂਨੀਅਨਾਂ ਦੇ ਨੁਮਾਇੰਦਿਆਂ ਨਾਲ ਵਿਆਪਕ ਮੀਟਿੰਗਾਂ ਕੀਤੀਆਂ। ਪੰਜ ਘੰਟਿਆਂ ਤੋਂ ਵੱਧ ਚੱਲੀਆਂ ਇਨ੍ਹਾਂ ਮੀਟਿੰਗਾਂ ਦਾ ਮੁੱਖ ਮਕਸਦ ਸੂਬਾ ਸਰਕਾਰ ਦੀ ਇੱਕ ਪਾਰਦਰਸ਼ੀ ਅਤੇ ਮੁਲਾਜ਼ਮ-ਕੇਂਦਰਿਤ ਪ੍ਰਸ਼ਾਸਨ ਨੂੰ ਉਤਸ਼ਾਹਿਤ ਕਰਨ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਿਆਂ ਮੁਲਾਜ਼ਮਾਂ ਦੀਆਂ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਮਸਲਿਆਂ ਨੂੰ ਹੱਲ ਕਰਨਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਸਾਰੀਆਂ 47 ਯੂਨੀਅਨਾਂ ਦੇ ਨੁਮਾਇੰਦਿਆਂ ਦੀਆਂ ਮੰਗਾਂ ਨੂੰ ਬਹੁਤ ਧਿਆਨ ਅਤੇ ਹਮਦਰਦੀ ਨਾਲ ਸੁਣਿਆ। ਇੰਨ੍ਹਾਂ ਯੂਨੀਅਨਾਂ ਵਿੱਚ ਸਿੱਖਿਆ, ਸਿਹਤ, ਜਲ ਸਪਲਾਈ ਤੇ ਬਿਜਲੀ ਵਿਭਾਗ ਅਤੇ ਠੇਕਾ ਮੁਲਾਜ਼ਮਾਂ ਤੇ ਸਾਂਝੇ ਮੋਰਚਿਆਂ ਵਰਗੇ ਯੂਨੀਅਨਾਂ ਦੇ ਨੁਮਾਇੰਦੇ ਸ਼ਾਮਲ ਸਨ। ਯੂਨੀਅਨਾਂ ਦੁਆਰਾ ਉਠਾਏ ਗਏ ਮੁੱਦਿਆਂ ਵਿੱਚ ਮੁੱਖ ਤੌਰ 'ਤੇ ਠੇਕਾ ਅਧਾਰਿਤ ਅਤੇ ਆਊਟਸੋਰਸਡ ਮੁਲਾਜ਼ਮਾਂ ਨੂੰ ਰੈਗੂਲਰ ਕਰਨ ਨਾਲ ਸਬੰਧਤ ਸਨ, ਜਿਸ 'ਤੇ ਵਿੱਤ ਮੰਤਰੀ ਨੇ ਕਾਨੂੰਨ ਤਹਿਤ ਹਮਦਰਦੀ ਨਾਲ ਸਮੀਖਿਆ ਦਾ ਭਰੋਸਾ ਦਿੱਤਾ।



# ਨਗਰ ਕੀਰਤਨ ਦੇ ਸਵਾਗਤ ਲਈ ਪ੍ਰਸ਼ਾਸਨ ਪੂਰੀ ਤਰ੍ਹਾਂ ਤਿਆਰ : ਆਸ਼ਿਕਾ ਜੈਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ 350ਵੇਂ ਸਾਲ ਨੂੰ ਸਮਰਪਿਤ ਨਗਰ ਕੀਰਤਨ ਦੇ ਸਵਾਗਤ ਦੀਆਂ ਤਿਆਰੀਆਂ ਸਬੰਧੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਇਕ ਮਹੱਤਵਪੂਰਨ ਮੀਟਿੰਗ ਹੋਈ। ਮੀਟਿੰਗ ਵਿਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ, ਜਦਕਿ ਐੱਸ ਐੱਸ ਪੀ ਸੰਦੀਪ ਕੁਮਾਰ ਮਲਿਕ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸ੍ਰੀਨਗਰ ਤੋਂ ਸ਼ੁਰੂ ਹੋਇਆ ਇਹ ਨਗਰ ਕੀਰਤਨ 21 ਨਵੰਬਰ ਨੂੰ ਪਠਾਨਕੋਟ ਰਾਹੀਂ ਹੁਸ਼ਿਆਰਪੁਰ ਜ਼ਿਲ੍ਹੇ ਦੀ ਸਰਹੱਦ ਵਿੱਚ ਦਾਖਲ ਹੋਵੇਗਾ। ਇਹ ਮੁਕੇਰੀਆਂ ਅਤੇ ਦਸੂਹਾ ਮਾਰਗ ਤੋਂ ਹੁੰਦੇ ਹੋਏ ਗੁਰਦੁਆਰਾ ਖੇੜਾ ਪਹੁੰਚੇਗਾ। ਇਥੇ ਇਸ ਦਾ ਰਾਤ ਰੁਕਣ ਦਾ ਪ੍ਰੋਗਰਾਮ ਹੈ। ਅਗਲੇ ਦਿਨ 22 ਨਵੰਬਰ ਨੂੰ ਨਗਰ ਕੀਰਤਨ ਭੂੰਗਾ ਅਤੇ ਹਰਿਆਣਾ ਤੋਂ ਹੋ ਕੇ ਹੁਸ਼ਿਆਰਪੁਰ ਸ਼ਹਿਰ ਪਹੁੰਚੇਗਾ, ਜਿਥੇ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਇਸ ਨੂੰ ਸ਼ਾਨਦਾਰ ਗਾਰਡ ਆਫ਼ ਆਨਰ ਦਿੱਤਾ ਜਾਵੇਗਾ। ਇਸ ਤੋਂ ਬਾਅਦ ਨਗਰ ਕੀਰਤਨ ਚੱਬੇਵਾਲ, ਮਾਹਿਲਪੁਰ, ਸੈਲਾ ਖੁਰਦ ਅਤੇ ਗੜ੍ਹਸ਼ੰਕਰ ਤੋਂ ਹੁੰਦਾ ਹੋਇਆ ਸ੍ਰੀ ਅਨੰਦਪੁਰ ਸਾਹਿਬ ਵੱਲ ਰਵਾਨਾ ਹੋਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਨਗਰ ਕੀਰਤਨ ਦੇ ਪੂਰੇ ਮਾਰਗ 'ਤੇ ਸਫਾਈ ਵਿਵਸਥਾ, ਲੰਗਰ ਸੇਵਾ, ਪੀਣ ਵਾਲੇ ਪਾਣੀ, ਫੁੱਲਾਂ ਦੀ ਵਰਖਾ ਅਤੇ ਹੋਰ ਸਹੂਲਤਾਂ ਦੀਆਂ ਸਮੁਚੀਆਂ ਤਿਆਰੀਆਂ ਯਕੀਨੀ ਬਣਾਈਆਂ ਜਾਣ, ਤਾਂ ਜੋ ਸ਼ਰਧਾਲੂਆਂ ਨੂੰ ਕਿਸੇ ਤਰ੍ਹਾਂ ਦੀ ਅਸੁਵਿਧਾ ਨਾ ਹੋਵੇ।

# ਗੁਰਮਤਿ ਸਮਾਗਮ ਦੇ ਸੰਬੰਧ 'ਚ ਸੰਤਾਂ-ਮਹਾਂਪੁਰਸ਼ਾਂ ਦੀ ਮੰਡਲੀ ਨਿਰਮਲ ਕੁਟੀਆ ਪਹੁੰਚੀ



**ਜੇਜੋ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਬ੍ਰਹਮਲੀਨ ਸੰਤ ਬਾਬਾ ਦਲੇਲ ਸਿੰਘ ਮਹਾਰਾਜ, ਸੰਤ ਬਾਬਾ ਸਤਨਾਮ ਅਤੇ ਬ੍ਰਹਮਲੀਨ ਸੰਤ ਬਾਬਾ ਜਗਦੇਵ ਸਿੰਘ ਮੋਨੀ ਦੀਆਂ ਸਾਲਾਨਾ ਯਾਦਾਂ ਦੇ ਸੰਬੰਧ ਵਿੱਚ ਕਰਵਾਏ ਜਾ ਰਹੇ 26ਵੇਂ ਮਹਾਨ ਗੁਰਮਤਿ ਸਮਾਗਮ ਦੇ ਸੰਬੰਧ ਵਿੱਚ ਨਿਰਮਲ ਕੁਟੀਆ ਟੂਟੋਮਜ਼ਾਰਾ ਵਿਖੇ ਹਰ ਸਾਲ ਦੀ ਤਰ੍ਹਾਂ ਸੰਤਾਂ ਮਹਾਂਪੁਰਸ਼ਾਂ ਦੀ ਮੰਡਲੀ ਸਵੇਰੇ ਅੰਮ੍ਰਿਤ ਵੇਲੇ ਪਹੁੰਚ ਗਈ। ਇਸ ਮੰਡਲੀ ਦਾ ਇਸ ਅਸਥਾਨ ਤੇ ਪਹੁੰਚਣ ਤੇ ਮੁੱਖ ਸੇਵਾਦਾਰ ਸੰਤ ਬਾਬਾ ਮੱਖਣ ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਸਮੇਤ ਸਮੂਹ ਸੰਗਤਾਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਗੱਲਬਾਤ ਕਰਦਿਆਂ ਸੰਤ ਬਾਬਾ ਮੱਖਣ ਸਿੰਘ ਅਤੇ ਸੰਤ ਬਾਬਾ ਬਲਵੀਰ ਸਿੰਘ ਸ਼ਾਸਤਰੀ ਨੇ ਦੱਸਿਆ ਕਿ ਮਹਾਂਪੁਰਸ਼ਾਂ ਦੀ ਯਾਦ ਵਿੱਚ ਹੋ ਰਹੇ ਸਾਲਾਨਾ ਸਮਾਗਮ ਦੇ ਸੰਬੰਧ ਵਿੱਚ 11 ਨਵੰਬਰ ਨੂੰ ਸ੍ਰੀ ਆਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ , ਜਿਨਾਂ ਦੀ ਸਮਾਪਤੀ 23 ਨਵੰਬਰ ਨੂੰ ਹੋਵੇਗੀ। ਮੁੱਖ ਸਮਾਗਮ 21 ਨਵੰਬਰ ਨੂੰ ਹੋਵੇਗਾ। 20 ਨਵੰਬਰ ਨੂੰ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਉਨਾਂ ਦੱਸਿਆ ਕਿ 11 ਨਵੰਬਰ ਰਾਤ ਤੋਂ ਹੀ ਧਾਰਮਿਕ ਦੀਵਾਨ ਸੱਜਣੇ ਸ਼ੁਰੂ ਹੋ ਜਾਣਗੇ, ਜਿਸ ਵਿੱਚ 11- 12- 13 ਅਤੇ 14 ਨਵੰਬਰ ਨੂੰ ਰਾਤਰੀ ਦੀਵਾਨ ਵਿੱਚ ਸੰਤ ਬਲਵੀਰ ਸਿੰਘ ਸ਼ਾਸਤਰੀ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਉਸ ਸਰਬ ਸ਼ਕਤੀਮਾਨ ਪਰਮਾਤਮਾ ਨਾਲ ਜੋੜਨਗੇ ਜੋ ਇਸ ਬ੍ਰਹਿਮੰਡ ਦੇ ਕਣ-ਕਣ ਵਿੱਚ ਮੌਜੂਦ ਹੋ ਕੇ ਸਭਨਾ ਜੀਵਾਂ ਦੀ ਪਾਲਣਾ ਕਰ ਰਿਹਾ ਹੈ। ਗੁਰੂ ਕੇ ਲੰਗਰ ਅਤੁੱਟ ਚਲਣਗੇ।

# ਪੀ ਆਰ ਓ ਐਲੀ ਦਲਜੀਤ ਅਜਨੋਹਾ ਦਾ ਸਨਮਾਨ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਇੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਡਿਸਟਰਿਕਟ-119 ਦੀ ਕੋਰ ਕਮੇਟੀ ਦੀ ਮੀਟਿੰਗ ਕੀਤੀ ਗਈ ਜਿਸ ਵਿੱਚ ਪਿਛਲੇ ਛੇ ਮਹੀਨਿਆਂ ਦੇ ਕੰਮ ਉੱਪਰ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਤੇ ਐਲੀ ਐਡਵੋਕੇਟ ਐਸ ਪੀ ਰਾਣਾ ਐਲੀ ਡਾਕਟਰ ਐਮ ਜਮੀਲ ਬਾਲੀ, ਐਲੀ ਰਮੇਸ਼ ਕੁਮਾਰ, ਐਲੀ ਪੁਸ਼ਪਿੰਦਰ ਸ਼ਰਮਾ ਅਤੇ ਐਲੀ ਸਮੇਸ਼ ਕੁਮਾਰ ਵੱਲੋਂ ਕੀਤੇ ਗਏ ਕੰਮਾਂ ਦੀ ਪ੍ਰਸ਼ੰਸਾ ਕੀਤੀ ਗਈ। ਇਸ ਮੌਕੇ ਤੇ ਪਿਛਲੇ 10 ਸਾਲ ਤੋਂ ਅਲਾਇੰਸ ਕਲੱਬ ਡਿਸਟਿਕ ਦੇ ਡਿਸਟਰਿਕਟ ਪੀ ਆਰ ਓ ਐਲੀ ਦਲਜੀਤ ਅਜਨੋਹਾ ਵੱਲੋਂ ਸਮਾਜ ਨੂੰ ਜਾਗਰੂਕ ਕਰਾਉਣ ਹਿਤ ਕੀਤੇ ਜਾਣ ਵਾਲੇ ਕੰਮਾਂ ਲਈ ਇੰਟਰਨੈਸ਼ਨਲ ਡਾਇਰੈਕਟਰ ਐਲੀ ਅਸ਼ੋਕ ਪੁਰੀ ਨੇ ਇੰਟਰਨੈਸ਼ਨਲ ਪਿਨ ਲਗਾ ਕੇ ਸਨਮਾਨਤ ਕੀਤਾ। ਇਸ ਮੌਕੇ ਤੇ ਉਘੇ ਪੱਤਰਕਾਰ ਐਲੀ ਅਸ਼ੋਕ ਪੁਰੀ ਨੇ ਦੱਸਿਆ ਕਿ ਅੱਜ ਦੇ ਸਮਾਜ ਵਿੱਚ ਕਿਸੇ ਨੂੰ ਵੀ ਚੰਗੀਆਂ ਕਦਰਾਂ ਕੀਮਤਾਂ ਨਾਲ ਜਿਉਣ ਵਾਸਤੇ ਸੰਘਰਸ਼ ਕਰਨਾ ਪੈਂਦਾ ਹੈ ਜਿਸ ਦੀ ਉਦਾਹਰਣ ਦਿਲਜੀਤ ਅਜਨੋਹਾ ਸਾਡੇ ਵਿੱਚ ਹਨ।



# ਜੂਨੀਅਰ ਤੇ ਸੀਨੀਅਰ ਪੰਜਾਬ ਬੈਡਮਿੰਟਨ ਚੈਂਪੀਅਨਸ਼ਿਪ ਸ਼ੁਰੂ

**ਜਲੰਧਰ (ਇਕਬਾਲ ਸਿੰਘ ਉੱਭੀ)**- ਜੂਨੀਅਰ ਤੇ ਸੀਨੀਅਰ ਪੰਜਾਬ ਬੈਡਮਿੰਟਨ ਚੈਂਪੀਅਨਸ਼ਿਪ ਦੀ ਸ਼ੁਰੂਆਤ ਅੱਜ ਰਾਇਜ਼ਾਦਾ ਹੰਸਰਾਜ ਬੈਡਮਿੰਟਨ ਸਟੇਡਿਅਮ, ਜਲੰਧਰ 'ਚ ਵੱਡੇ ਜੋਸ਼ ਤੇ ਉਤਸ਼ਾਹ ਨਾਲ ਹੋਈ। ਇਸ ਟੂਰਨਾਮੈਂਟ 'ਚ ਪੰਜਾਬ ਦੇ 23 ਜ਼ਿਲ੍ਹਿਆਂ ਤੋਂ ਵੱਧ ਕੇ 350 ਖਿਡਾਰੀ ਹਿੱਸਾ ਲੈ ਰਹੇ ਹਨ। ਇਸ ਚੈਂਪੀਅਨਸ਼ਿਪ ਦਾ ਉਦਘਾਟਨ ਸ਼੍ਰੀ ਸੰਦੀਪ ਸ਼ਰਮਾ, ਜਾਇੰਟ ਕਮਿਸ਼ਨਰ ਆਫ਼ ਪੁਲਸ ਜਲੰਧਰ ਨੇ ਕੀਤਾ। ਉਹਨਾਂ ਨੇ ਕਿਹਾ ਕਿ ਖੇਡਾਂ ਨੌਜਵਾਨਾਂ ਦੇ ਵਿਅਕਤੀਗਤ ਵਿਕਾਸ ਤੇ ਚਰਿੱਤਰ ਨਿਰਮਾਣ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ। ਪੰਜਾਬ ਬੈਡਮਿੰਟਨ ਐਸੋਸੀਏਸ਼ਨ ਦੇ ਮਾਨਦ ਸਕੱਤਰ ਸ਼੍ਰੀ ਰਿਤਿਨ ਖੰਨਾ ਨੇ ਦੱਸਿਆ ਕਿ ਇਹ ਚਾਰ ਦਿਨਾਂ ਦੀ ਚੈਂਪੀਅਨਸ਼ਿਪ 13 ਨਵੰਬਰ ਨੂੰ ਖਤਮ ਹੋਵੇਗੀ। ਉਹਨਾਂ ਕਿਹਾ ਕਿ ਖਿਡਾਰੀ ਸਿੰਗਲਜ਼, ਡਬਲਜ਼ ਤੇ ਮਿਕਸਡ ਡਬਲਜ਼ ਸ਼੍ਰੇਣੀਆਂ 'ਚ ਖੇਡਣਗੇ। ਜਿੱਤਣ ਵਾਲੇ ਖਿਡਾਰੀ ਇਟਾਨਗਰ ਤੇ ਵਿਜਯਵਾੜਾ 'ਚ ਹੋਣ ਵਾਲੀਆਂ ਨੇਸ਼ਨਲ ਚੈਂਪੀਅਨਸ਼ਿਪਾਂ 'ਚ ਪੰਜਾਬ ਦੀ ਨੁਮਾਇੰਦਗੀ ਕਰਨਗੇ। ਇਨਾਮ ਵੰਡ ਸਮਾਰੋਹ ਵੀਰਵਾਰ ਨੂੰ ਹੋਵੇਗਾ, ਜਿਸ 'ਚ ਡਾ. ਹਿਮਾਂਸ਼ੂ ਅਗਰਵਾਲ (ਆਈ.ਏ.ਐਸ.), ਡਿਪਟੀ ਕਮਿਸ਼ਨਰ, ਜਲੰਧਰ ਵਿਜੇਤਿਆਂ ਨੂੰ ਸਨਮਾਨਿਤ ਕਰਨਗੇ। ਇਸ ਮੌਕੇ ਤੇ ਏਸ਼ੀਅਨ ਬਰਾਂਜ਼ ਮੈਡਲਿਸਟ ਜਗਸ਼ੇਰ ਖੰਗੂਰਾ ਤੇ ਥਾਈਲੈਂਡ ਓਪਨ ਬਰਾਂਜ਼ ਮੈਡਲਿਸਟ ਅਭਿਨਵ ਠਾਕੁਰ ਨੂੰ ਵੀ ਐਸੋਸੀਏਸ਼ਨ ਵੱਲੋਂ 21,000 ਨਕਦ ਇਨਾਮ ਦਿੱਤਾ ਜਾਵੇਗਾ।



# ਰਿਆਤ ਬਾਹਰਾ ਪ੍ਰੋਫੈਸ਼ਨਲ 'ਵਰਸਿਟੀ ਵਿਖੇ ਅਧਿਆਪਕ ਸਨਮਾਨ ਸਮਾਰੋਹ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਅਧਿਆਪਕ ਸਨਮਾਨ ਸਮਾਰੋਹ ਕੀਤਾ ਗਿਆ। ਇਸ ਮੌਕੇ 200 ਤੋਂ ਵੱਧ ਸਕੂਲਾਂ ਦੇ ਅਧਿਆਪਕਾਂ ਨੂੰ ਉਨ੍ਹਾਂ ਵਲੋਂ ਕੀਤੀ ਸਖ਼ਤ ਮਿਹਨਤ, ਸਮਰਪਣ, ਸ਼ਾਨਦਾਰ ਸੇਵਾਵਾਂ ਅਤੇ 100 ਪ੍ਰਤੀਸ਼ਤ ਅਕਾਦਮਿਕ ਨਤੀਜਿਆਂ ਲਈ ਸਨਮਾਨਤ ਕੀਤਾ ਗਿਆ।ਇਸ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ, ਅਧਿਆਪਕ ਸਮਾਜ ਦੀ ਰੀੜ੍ਹ ਦੀ ਹੱਡੀ ਹਨ, ਜੋ ਆਪਣੇ ਗਿਆਨ, ਸਮਰਪਣ ਅਤੇ ਨੈਤਿਕ ਮੁੱਲਾਂ ਰਾਹੀਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿਸ਼ਾ ਦਿੰਦੇ ਹਨ। ਰਿਆਤ ਬਾਹਰਾ ਗਰੁੱਪ ਹਮੇਸ਼ਾਂ ਅਧਿਆਪਕਾਂ ਦੇ ਯੋਗਦਾਨ ਨੂੰ ਸਭ ਤੋਂ ਵੱਧ ਸਨਮਾਨ ਦੇਂਦਾ ਹੈ। ਉਨ੍ਹਾਂ ਇਸ ਮੌਕੇ ਤੇ ਵਿਦਿਆਰਥੀਆਂ ਲਈ 25 ਕਰੋੜ ਰੁਪਏ ਦੇ ਆਰ.ਬੀ.ਪੀ.ਯੂ.-ਸੈੱਟ ਸਕਾਲਰਸ਼ਿਪ ਇਨੀਸ਼ਿਏਟਿਵ ਦਾ ਵੀ ਐਲਾਨ ਕੀਤਾ।ਇਸ ਸਨਮਾਨ ਸਮਾਰੋਹ ਵਿੱਚ ਸਰਕਾਰੀ ਕੰਨਿਆ ਸਕੈਂਡਰੀ ਸਮਾਰਟ ਸਕੂਲ ਰੇਲਵੇ ਮੰਡੀ ਹੁਸ਼ਿਆਰਪੁਰ ਦੇ ਕਰਮਵਾਰ ਜਸਪ੍ਰੀਤ ਕੌਰ, ਸੁਮਨ ਲਤਾ, ਮਨਜੀਤ ਕੌਰ, ਚੰਦਰਪ੍ਰਭਾ, ਬਲਦੇਵ ਸਿੰਘ, ਗੁਰਨਾਮ ਸਿੰਘ ਤੇ ਗੁਰਪਾਲ ਸਿੰਘ ਸਮੇਤ ਕੁਲ ਸੱਤ ਅਧਿਆਪਕਾਂ ਨੂੰ ਸਨਮਾਨਤ ਕੀਤਾ ਗਿਆ। ਸਨਮਾਨਤ ਹੋਣ 'ਤੇ ਅਧਿਆਪਕਾਂ ਨੇ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਮਿਲਣਾ ਉਨ੍ਹਾਂ ਲਈ ਮਾਣ ਦੀ ਗੱਲ ਹੈ।

# ਸੀ ਟੀ ਗਰੁੱਪ ਵੱਲੋਂ ਇੰਟਰ ਕਾਲਜ ਕ੍ਰਿਕਟ ਟੂਰਨਾਮੈਂਟ

**ਜਲੰਧਰ (ਸ਼ੈਲੀ ਐਲਬਰਟ)**- ਸੀ.ਟੀ. ਗਰੁੱਪ ਆਫ ਇੰਸਟੀਚਿਊਸ਼ਨਜ਼, ਸ਼ਾਹਪੁਰ ਕੈਂਪਸ ਵੱਲੋਂ ਪੰਜਾਬ ਟੈਕਨੀਕਲ ਇੰਸਟੀਚਿਊਸ਼ਨਜ਼ ਇੰਟਰ ਕਾਲਜ ਕ੍ਰਿਕਟ ਟੂਰਨਾਮੈਂਟ 2025 ਦਾ ਸਫਲ ਆਯੋਜਨ ਕੀਤਾ ਗਿਆ। ਇਸ ਰੋਮਾਂਚਕ ਟੂਰਨਾਮੈਂਟ ਨੇ ਨੌਂ ਕਾਲਜ ਟੀਮਾਂ ਨੂੰ ਇਕ ਮੰਚ ਤੇ ਇਕੱਠਾ ਕਰਦਿਆਂ ਖੇਡ ਭਾਵਨਾ, ਟੀਮ ਵਰਕ ਅਤੇ ਯੁਵਾ ਜੋਸ਼ ਦਾ ਖੂਬਸੂਰਤ ਮਿਲਾਪ ਪੇਸ਼ ਕੀਤਾ। ਇਸ ਟੂਰਨਾਮੈਂਟ ਵਿੱਚ ਕਈ ਮੁਕਾਬਲੇ ਹੋਏ, ਸੈਮੀਫਾਈਨਲ, ਤੀਜੇ ਸਥਾਨ ਲਈ ਖੇਡ ਅਤੇ ਧੜਕਨ ਵਧਾਉਣ ਵਾਲਾ ਫਾਈਨਲ ਮੁਕਾਬਲਾ। ਉਦਘਾਟਨ ਤੇ ਸਮਾਪਨ ਸਮਾਰੋਹ ਦੀ ਸ਼ੋਭਾ ਵਾਈਸ ਚੇਅਰਮੈਨ ਸੀ.ਟੀ. ਗਰੁੱਪ ਹਰਪ੍ਰੀਤ ਸਿੰਘ ਚੰਨੀ, ਡਾਇਰੈਕਟਰ ਕੈਂਪਸ ਡਾ. ਸ਼ਿਵ ਕੁਮਾਰ, ਡਾਇਰੈਕਟਰ (ਅਕੈਡਮਿਕ ਓਪਰੇਸ਼ਨਜ਼) ਡਾ. ਸੰਗਰਾਮ ਸਿੰਘ, ਡੀਨ (ਡੀਪਾਰਟਮੈਂਟ ਆਫ ਸਟੂਡੈਂਟ ਵੇਲਫੇਅਰ) ਡਾ. ਅਰਜਨ ਸਿੰਘ, ਅਤੇ ਪ੍ਰਿੰਸੀਪਲ ਸੀ ਟੀ ਪੋਲੀਟੈਕਨਿਕ ਸ਼ਾਹਪੁਰ ਮਨੀਸ਼ ਢੀਂਗਰਾ ਦੀ ਮੌਜੂਦਗੀ ਨੇ ਵਧਾਈ। ਉਨ੍ਹਾਂ ਦੀ ਪ੍ਰੇਰਕ ਹਾਜ਼ਰੀ ਨੇ ਖਿਡਾਰੀਆਂ ਨੂੰ ਜਿੱਤ ਤੋਂ ਵੱਧ ਜਜ਼ਬੇ ਨਾਲ ਖੇਡਣ ਲਈ ਉਤਸ਼ਾਹਿਤ ਕੀਤਾ।ਮੁਕਾਬਲਿਆਂ ਵਿੱਚ ਮੇਹਰ ਚੰਦ ਜਲੰਧਰ ਨੇ ਜੀ ਪੀ ਸੀ ਫਿਰੋਜ਼ਪੁਰ ਨੂੰ ਹਰਾਇਆ, ਸੀ ਸੀ ਈ ਟੀ ਚੰਡੀਗੜ੍ਹ ਨੇ ਸਾਈ ਪੋਲੀ ਬਾਧਾਣੀ ਨੂੰ ਮਾਤ ਦਿੱਤੀ, ਸੀ ਟੀ ਪੋਲੀਟੈਕਨਿਕ ਸ਼ਾਹਪੁਰ ਨੇ ਜੀ ਪੀ ਸੀ ਬਟਾਲਾ ਨੂੰ ਹਰਾਇਆ, ਜਦਕਿ ਜੀ ਪੀ ਸੀ ਲੁਧਿਆਣਾ ਨੇ ਜੀ ਪੀ ਸੀ ਜਲੰਧਰ 'ਤੇ ਜਿੱਤ ਦਰਜ ਕੀਤੀ। ਮੇਹਰ ਚੰਦ ਜਲੰਧਰ ਨੇ ਸੀ ਆਈ ਐੱਚ ਟੀ ਜਲੰਧਰ ਨੂੰ ਵੀ ਪਛਾੜਦਿਆਂ ਸੈਮੀਫਾਈਨਲਾਂ ਲਈ ਮੈਦਾਨ ਤਿਆਰ ਕੀਤਾ।ਸੈਮੀਫਾਈਨਲਾਂ 'ਚ ਮੇਹਰ ਚੰਦ ਜਲੰਧਰ ਨੇ ਸੀ ਟੀ ਪੋਲੀਟੈਕਨਿਕ ਸ਼ਾਹਪੁਰ ਨੂੰ ਹਰਾਇਆ, ਜਦਕਿ ਸੀ ਸੀ ਈ ਟੀ ਚੰਡੀਗੜ੍ਹ ਨੇ ਜੀ ਪੀ ਸੀ ਲੁਧਿਆਣਾ 'ਤੇ ਜਿੱਤ ਹਾਸਲ ਕੀਤੀ। ਤੀਜੇ ਸਥਾਨ ਲਈ ਖੇਡੇ ਗਏ ਮੁਕਾਬਲੇ 'ਚ ਜੀ ਪੀ ਸੀ ਲੁਧਿਆਣਾ ਨੇ ਸੀ ਟੀ ਪੋਲੀਟੈਕਨਿਕ ਸ਼ਾਹਪੁਰ ਨੂੰ 7 ਵਿਕਟਾਂ ਨਾਲ ਹਰਾ ਦਿੱਤਾ। ਫਾਈਨਲ ਵਿੱਚ ਸੀ ਸੀ ਈ ਟੀ ਚੰਡੀਗੜ੍ਹ ਅਤੇ ਮੇਹਰ ਚੰਦ ਜਲੰਧਰ ਵਿਚਾਲੇ ਦਮਦਾਰ ਟੱਕਰ ਹੋਈ ਜਿਸ ਵਿੱਚ ਸੀ ਸੀ ਈ ਟੀ ਚੰਡੀਗੜ੍ਹ ਨੇ ਸਿਰਫ 2 ਰਨਾਂ ਨਾਲ ਜਿੱਤ ਦਰਜ ਕਰਦੇ ਹੋਏ ਚੈਂਪੀਅਨ ਦਾ ਖਿਤਾਬ ਹਾਸਲ ਕੀਤਾ। ਟੂਰਨਾਮੈਂਟ ਦੇ ਸਮਾਪਨ 'ਤੇ ਸੀ ਸੀ ਈ ਟੀ ਚੰਡੀਗੜ੍ਹ ਨੂੰ ਚੈਂਪੀਅਨ, ਮੇਹਰ ਚੰਦ ਜਲੰਧਰ ਨੂੰ ਰਨਰ-ਅੱਪ, ਅਤੇ ਜੀ.ਪੀ.ਸੀ. ਲੁਧਿਆਣਾ ਨੂੰ ਤੀਜਾ ਸਥਾਨ ਪ੍ਰਾਪਤ ਹੋਇਆ।



# ਵਿਦਿਆਰਥੀਆਂ 'ਤੇ ਹਮਲਾ ਪੰਜਾਬ ਦੇ ਮਾਣ ਤੇ ਲੋਕਤੰਤਰ 'ਤੇ ਹਮਲਾ : ਮਲਵਿੰਦਰ ਕੰਗ

**ਚੰਡੀਗੜ੍ਹ (ਨ ਜ ਸ)**- ਆਮ ਆਦਮੀ ਪਾਰਟੀ (ਆਪ) ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ 'ਤੇ ਕੀਤੇ ਗਏ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਇਸ ਨੂੰ ਪੰਜਾਬ ਦੀ ਲੋਕਤੰਤਰੀ ਭਾਵਨਾ ਨੂੰ ਕੁਚਲਣ ਦੀ ਸ਼ਰਮਨਾਕ ਅਤੇ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਦੱਸਿਆ। ਕੰਗ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਸਿਰਫ਼ ਇੱਕ ਸੰਸਥਾ ਨਹੀਂ ਹੈ, ਇਹ ਪੰਜਾਬ ਦੀ ਬੌਧਿਕ ਅਤੇ ਸੱਭਿਆਚਾਰਕ ਪਛਾਣ ਹੈ, ਅਤੇ ਭਾਜਪਾ ਵੱਲੋਂ ਇਸ ਦੇ ਲੋਕਤੰਤਰੀ ਢਾਂਚੇ ਵਿੱਚ ਵਾਰ-ਵਾਰ ਦਖਲਅੰਦਾਜ਼ੀ ਇਸਦੀ ਪੰਜਾਬ ਵਿਰੋਧੀ ਮਾਨਸਿਕਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਕਿਸਾਨਾਂ, ਸਾਡੇ ਪਾਣੀ ਦੇ ਅਧਿਕਾਰਾਂ ਅਤੇ ਸਾਡੀ ਸੰਘੀ ਖੁਦਮੁਖਤਿਆਰੀ 'ਤੇ ਹਮਲਾ ਕਰਨ ਤੋਂ ਬਾਅਦ, ਭਾਜਪਾ ਹੁਣ ਸਾਡੇ ਵਿਦਿਆਰਥੀਆਂ, ਪੰਜਾਬ ਦੇ ਭਵਿੱਖ ਨੂੰ ਨਿਸ਼ਾਨਾ ਬਣਾ ਰਹੀ ਹੈ। ਇਹ ਪੰਜਾਬ ਦੇ ਮਾਣ ਅਤੇ ਲੋਕਤੰਤਰ 'ਤੇ ਹਮਲਾ ਹੈ। ਉਨ੍ਹਾਂ ਭਾਜਪਾ 'ਤੇ ਦੋਸ਼ ਲਗਾਇਆ ਕਿ ਉਹ ਪਹਿਲਾਂ ਚੋਣਾਂ ਵਿੱਚ ਦੇਰੀ ਕਰਕੇ ਅਤੇ ਫਿਰ ਸੈਨੇਟ ਨੂੰ ਭੰਗ ਕਰਕੇ ਗੈਰ-ਲੋਕਤੰਤਰੀ ਤਰੀਕਿਆਂ ਨਾਲ ਪੰਜਾਬ ਯੂਨੀਵਰਸਿਟੀ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

# ਸਿੱਖਿਆ ਤੇ ਰੋਜ਼ਗਾਰ ਤੋਂ ਸਮੇਂ ਦੀਆਂ ਸਰਕਾਰਾਂ ਵੱਲੋਂ ਵਾਂਝੇ ਰੱਖਿਆ ਜਾ ਰਿਹਾ : ਸੰਜੀਵਨ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਤਮਾਮ ਵਿਦਿਆਰਥੀ ਸੰਗਠਨਾਂ ਵੱਲੋਂ ਪੰਜਾਬੀ ਯੂਨੀਵਿਰਸਟੀ ਸੈਨੇਟ ਬਚਾਓ ਮੋਰਚੇ ਦੀ ਹਮਾਇਤ ਕਰਦਿਆਂ ਇਪਟਾ, ਪੰਜਾਬ ਦੇ ਪ੍ਰਧਾਨ ਨਾਟਕਕਾਰ ਅਤੇ ਨਾਟ-ਨਿਰਦੇਸ਼ਕ ਸੰਜੀਵਨ ਸਿੰਘ ਨੇ ਕਿਹਾ ਕਿ ਇਸ ਸੰਘਰਸ਼ ਦੀ ਹਮਾਇਤ ਕਰਨਾ ਹਰ ਉਸ ਵਿਅਕਤੀ ਦਾ ਫਰਜ਼ ਜੋ ਆਪਣੇ ਔਲਾਦ ਦੇ ਭਵਿੱਖ ਲਈ ਫ਼ਿਕਰਮੰਦ ਹੈ। ਸਿਖਿਆ, ਸਿਹਤ ਅਤੇ ਰੋਜ਼ਗਾਰ ਤੋਂ ਜਾਣ ਬੁੱਝ ਕੇ ਆਮ ਲੋਕਾਂ ਨੂੰ ਸਮੇਂ ਦੇ ਹਾਕਿਮਾਂ ਵੱਲੋਂ ਵਾਂਝੇ ਰੱਖਿਆ ਜਾ ਰਿਹਾ ਹੈ।ਕਿਉਂਕਿ ਸਿਖਿਅਤ ਅਤੇ ਤੰਦਰੁਸਤ ਲੋਕ ਆਪਣੇ ਹੱਕ ਮੰਗਣਗੇ।ਹਾਕਿਮ ਨੂੰ ਪਾਲੂਤ ਜਾਨਵਰਾਂ ਵਾਂਗ ਅਵਾਮ ਵੀ ਪਾਲਤੂ ਚਾਹੀਦੀ ਹੈ।ਪੈਸਾ ਫੈਕ ਕੇ ਵੋਟ ਬਟੋਰਨ ਦੀ ਇਨ੍ਹਾਂ ਦੀ ਪੱਕੀ ਆਦਤ ਬਣ ਚੁੱਕੀ ਹੈ।ਸੰਜੀਵਨ ਨੇ ਅੱਗੇ ਕਿਹਾ ਕਿ ਪੁਰਾਣੇਂ ਸਮਿਆਂ ਵਾਂਗ ਅੱਜ ਕਿਸੇ ਵੀ ਮੁਲਕ ਨੂੰ ਗੁਲਾਮ ਕਰਨ ਲਈ ਬੰਬਾਂ, ਬੰਦੂਕਾਂ, ਤੋਪਾਂ ਮਜ਼ਾਇਲਾਂ ਦੀ ਲੋੜ ਨਹੀਂ। ਉਸ ਦੇ ਸਭਿਆਚਾਰ, ਭਾਸ਼ਾ ਅਤੇ ਵਿਰਸੇ ਨੂੰ ਤਬਾਹ ਕਰ ਦੇਵੋ।ਮੁਲਕ ਖੁਦ ਬ ਖੁਦ ਗੁਲਾਮ ਬਣ ਜਾਵੇਗਾ।ਪਹਿਲਾ ਤਾਂ ਵਿਦੇਸ਼ੀ ਤਾਕਤਾਂ ਪਰ ਹੁਣ ਸਾਡੇ ਆਪਣਿਆਂ ਵੱਲੋਂ ਸਾਡੇ ਮੁਲਕ 'ਤੇ ਬੜੀ ਸੋਚੀ ਸਮਝੀ ਸਾਜਿਸ਼ ਤਾਹਿਤ ਸਾਡੇ ਸਭਿਆਚਾਰ, ਭਾਸ਼ਾ ਅਤੇ ਵਿਰਸੇ ਨੂੰ ਗਿਣ-ਮਿੱਥ ਕੇ ਤਬਾਹ ਕੀਤਾ ਜਾ ਰਿਹਾ ਹੈ।



# 'ਪੈਨਸ਼ਨਰ ਸੇਵਾ ਮੇਲਾ' 13 ਤੋਂ 15 ਤੱਕ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇਥੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਮੂਹ ਜ਼ਿਲ੍ਹਾ ਖਜ਼ਾਨਾ ਦਫ਼ਤਰਾਂ ਵਿਖੇ 13 ਨਵੰਬਰ ਤੋਂ 15 ਨਵੰਬਰ 2025 ਤੱਕ 'ਪੈਨਸ਼ਨਰ ਸੇਵਾ ਮੇਲਾ' ਕਰਵਾਇਆ ਜਾਵੇਗਾ। ਇਸ ਪਹਿਲਕਦਮੀ ਦਾ ਉਦੇਸ਼ ਸੂਬਾ ਸਰਕਾਰ ਦੇ ਸਮੂਹ ਪੈਨਸ਼ਨਰਾਂ ਨੂੰ ਜ਼ਰੂਰੀ ਈ-ਕੇ ਵਾਈ ਸੀ ਪ੍ਰਕਿਰਿਆ ਸਬੰਧੀ ਸਹੂਲਤ ਪ੍ਰਦਾਨ ਕਰਨਾ ਹੈ, ਤਾਂ ਜੋ ਉਹ ਨਵੇਂ ਲਾਂਚ ਕੀਤੇ ਗਏ ਪੈਨਸ਼ਨਰ ਸੇਵਾ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਣ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ 3 ਨਵੰਬਰ 2025 ਨੂੰ ਸਾਰੀਆਂ ਪੈਨਸ਼ਨ ਸਬੰਧੀ ਸੇਵਾਵਾਂ ਲਈ ਵਨ-ਸਟਾਪ ਡਿਜੀਟਲ ਪਲੇਟਫਾਰਮ ਲਾਂਚ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਲਈ ਪੋਰਟਲ 'ਤੇ ਆਪਣੀ ਰਜਿਸਟ੍ਰੇਸ਼ਨ ਕਰਵਾਉਣ ਵਾਸਤੇ ਈ-ਕੇ ਵਾਈ ਸੀ ਕਰਵਾਉਣਾ ਲਾਜ਼ਮੀ ਹੈ। ਇਸ ਪੋਰਟਲ, ਜੋ ਕਿ https://pensionersewa.punjab.gov.in 'ਤੇ ਮੌਜੂਦ ਹੈ, ਰਾਹੀਂ ਸ਼ੁਰੂਆਤ ਵਿੱਚ ਪੈਨਸ਼ਨਰਾਂ ਨੂੰ ਛੇ ਮੁੱਖ ਸੇਵਾਵਾਂ ਪ੍ਰਦਾਨ ਕੀਤੀਆਂ ਜਾਣਗੀਆਂ।

# ਰੰਧਾਵਾ ਦੀ ਮੌਜੂਦਗੀ 'ਚ ਹੋਈ ਨਗਰ ਕੌਂਸਲ ਦੀ ਮੀਟਿੰਗ 'ਚ ਅਹਿਮ ਮਤੇ ਪਾਸ

**ਲਾਲੜੂ (ਵਿਨੈ ਕੁਮਾਰ ਜੈਨ)**- ਨਗਰ ਕੌਂਸਲ ਲਾਲੜੂ ਦੀ ਅਹਿਮ ਮੀਟਿੰਗ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦੀ ਮੌਜੂਦਗੀ ਵਿੱਚ ਨਗਰ ਕੌਂਸਲ ਦਫ਼ਤਰ ਵਿਖੇ ਹੋਈ । ਮੀਟਿੰਗ ਵਿੱਚ ਜਿੱਥੇ ਵਿਕਾਸ ਨਾਲ ਸੰਬੰਧਤ ਕਈ ਅਹਿਮ ਏਜੰਡੇ ਪਾਸ ਕੀਤੇ ਗਏ, ਉੱਥੇ ਆਮ ਲੋਕਾਂ ਦੀ ਸਹੂਲਤ ਨੂੰ ਵੇਖਦਿਆਂ ਕੌਂਸਲ ਵਿੱਚ ਬਣੇ ਕਮਿਊਨਿਟੀ ਕੇਂਦਰਾਂ ਦੀ ਰਾਸ਼ੀ ਗਿਆਰਾਂ ਸੌ ਰੁਪਏ ਹੀ ਰੱਖਣ ਦਾ ਫੈਸਲਾ ਹੋਇਆ ਜਦਕਿ ਏਜੰਡੇ ਵਿਚ ਇਹ ਰਾਸ਼ੀ ਵਧਾ ਕੇ 31 ਸੌ ਰੁਪਏ ਰੱਖਣ ਦੀ ਤਜਵੀਜ਼ ਸੀ। ਮੀਟਿੰਗ ਵਿੱਚ ਹੋਏ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਕੌਂਸਲ ਪ੍ਰਧਾਨ ਸਤੀਸ਼ ਰਾਣਾ ਤੇ ਕਾਰਜਸਾਧਕ ਅਫ਼ਸਰ ਅਸ਼ੋਕ ਪਥਰੀਆ ਨੇ ਦੱਸਿਆ ਕਿ ਕੌਂਸਲ ਵਿੱਚ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ ਤੇ ਜਾਰੀ ਕੰਮ ਜਲਦ ਹੀ ਮੁਕੰਮਲ ਕਰ ਲਏ ਜਾਣਗੇ । ਉਨ੍ਹਾਂ ਦੱਸਿਆ ਕਿ ਕੌਂਸਲ ਵਿੱਚ ਪੀਣ ਵਾਲੇ ਪਾਣੀ ਲਈ ਟਿਊਬਵੈੱਲ ਲਗਾਉਣ ਤੋਂ ਇਲਾਵਾ ਕੌਂਸਲ ਵਿਚਲੇ ਪਸ਼ੂ ਹਸਪਤਾਲ ਦੀ ਖ਼ਸਤਾ ਹਾਲ ਇਮਾਰਤ ਨੂੰ ਜਲਦ ਬਣਾਉਣ ਦਾ ਫ਼ੈਸਲਾ ਹੋਇਆ ਹੈ । ਦੂਜੇ ਪਾਸੇ ਮੀਟਿੰਗ ਦੌਰਾਨ ਜਿੱਥੇ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਸਾਰੇ ਮਤਿਆਂ ਨੂੰ ਧਿਆਨ ਨਾਲ ਸਮਝ ਕੇ ਅਧਿਕਾਰੀਆਂ ਨੂੰ ਇਹ ਮਤੇ ਜਲਦ ਨੇਪਰੇ ਚਾੜ੍ਹਨ ਦੀ ਹਦਾਇਤ ਕੀਤੀ, ਉੱਥੇ ਹੀ ਉਨ੍ਹਾਂ ਮੀਟਿੰਗ ਉਪਰੰਤ ਆਮ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ । ਉਨ੍ਹਾਂ ਕਿਹਾ ਕਿ ਕੌਂਸਲ ਤੇ ਹਲਕੇ ਵਿੱਚ ਸੜਕਾਂ ਦੇ ਕੰਮ ਜਾਰੀ ਹਨ । ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਵੱਟੀ ਚੁੱਪੀ ਕਾਰਨ ਹੀ ਸੜਕਾਂ ਦਾ ਇਹ ਹਾਲ ਹੋਇਆ ਹੈ ਜਦਕਿ ਭਗਵੰਤ ਮਾਨ ਦੀ ਸਰਕਾਰ ਵੀਹ ਹਜ਼ਾਰ ਕਿਲੋਮੀਟਰ ਸੜਕਾਂ ਬਣਵਾ ਰਹੀ ਹੈ । ਇਸੇ ਤਰ੍ਹਾਂ ਹੋਰ ਲੋਕ ਭਲਾਈ ਸਕੀਮਾਂ ਵੀ ਜਾਰੀ ਹਨ। ਇਸ ਮੌਕੇ ਉਨ੍ਹਾਂ ਨਾਲ ਕੌਂਸਲਰ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ, ਸਮੁੱਚੀ ਟੀਮ ਤੇ ਅਧਿਕਾਰੀ ਹਾਜ਼ਰ ਸਨ ।



# ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰਾਂ ਦੀ ਮੀਟਿੰਗ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਸੀਨੀਅਰ ਸਿਟੀਜ਼ਨ ਕੌਂਸਲ ਚਮਕੌਰ ਸਾਹਿਬ ਦੇ ਮੈਂਬਰਾਂ ਦੀ ਮੀਟਿੰਗ ਸਥਾਨਕ ਪੈਨਸ਼ਨਰ ਹੋਮ ਵਿਖੇ ਕੌਂਸਲ ਦੇ ਪ੍ਰਧਾਨ ਅਜਾਇਬ ਸਿੰਘ ਮਾਂਗਟ ਦੀ ਪ੍ਰਧਾਨਗੀ ਹੇਠ ਹੋਈ । ਮਾਂਗਟ ਨੇ ਦੱਸਿਆ ਕਿ ਸੀਨੀਅਰ ਸਿਟੀਜ਼ਨਾਂ ਨੂੰ ਰੋਜ਼ਾਨਾ ਜੀਵਨ ਵਿੱਚ ਆ ਰਹੀਆਂ ਮੁਸ਼ਕਲਾਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਅਤੇ ਸਰਕਾਰ ਤੋਂ ਮੰਗ ਕੀਤੀ ਗਈ ਕਿ ਬਜ਼ੁਰਗਾਂ ਦੇ ਬੈਂਕਾਂ ਅਤੇ ਸਰਕਾਰੀ ਦਫ਼ਤਰਾਂ ਵਿੱਚ ਪਹਿਲ ਦੇ ਆਧਾਰ 'ਤੇ ਕੰਮ ਕੀਤੇ ਜਾਣ। ਇਸ ਤੋਂ ਇਲਾਵਾ ਸ਼ਹੀਦੀ ਜੋੜ ਮੇਲ ਨੂੰ ਧਿਆਨ ਵਿੱਚ ਰੱਖਦੇ ਹੋਏ ਚਮਕੌਰ ਸਾਹਿਬ ਇਤਿਹਾਸਕ ਨਗਰ ਨੂੰ ਜੋੜਨ ਵਾਲੀਆਂ ਸਮੂਹ ਲਿੰਕ ਸੜਕਾਂ, ਜਿਵੇਂ ਪਿੰਡ ਭੂਰੜੇ ਰੋਡ , ਸੰਧੂਆਂ ਰੋਡ ਅਤੇ ਭੈਰੋਮਾਜਰਾ ਰੋਡ ਆਦਿ ਜਿਨ੍ਹਾਂ ਦੀ ਹਾਲਤ ਬਹੁਤ ਹੀ ਤਰਸਯੋਗ ਹੈ, ਦੀ ਮੁਰੰਮਤ ਕਰਨ ਲਈ ਸਰਕਾਰ ਨੂੰ ਅਪੀਲ ਕੀਤੀ ਗਈ । ਕੌਂਸਲ ਦੇ ਮੈਂਬਰਾਂ ਸੜਕਾਂ 'ਤੇ ਘੁੰਮ ਰਹੇ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਦਾ ਯੋਗ ਪ੍ਰਬੰਧ ਕਰਨ ਲਈ ਵੀ ਸਰਕਾਰ ਨੂੰ ਬੇਨਤੀ ਕੀਤੀ, ਕਿਉਂਕਿ ਅਵਾਰਾ ਪਸ਼ੂ ਅਤੇ ਕੁੱਤੇ ਅਕਸਰ ਹੀ ਹਾਦਸਿਆਂ ਦਾ ਕਾਰਨ ਬਣਦੇ ਹਨ । ਇਸ ਮੌਕੇ ਕੈਪਟਨ ਹਰਪਾਲ ਸਿੰਘ, ਕੈਪਟਨ ਗੁਰਦੇਵ ਸਿੰਘ, ਗੁਰਦਿਆਲ ਸਿੰਘ, ਧਰਮਪਾਲ ਸੋਖਲ, ਬਾਰਾ ਸਿੰਘ ਕੰਗ, ਨੌਹਰੀਆ ਸਿੰਘ, ਲਛਮਣ ਸਿੰਘ, ਰਾਮ ਸਿੰਘ, ਨਿਰਮਲ ਸਿੰਘ, ਕਰਨੈਲ ਸਿੰਘ, ਗੁਰਦੇਵ ਸਿੰਘ, ਜਸਵੰਤ ਸਿੰਘ, ਦਰਸ਼ਨ ਸਿੰਘ ਅਤੇ ਕੇਵਲ ਸਿੰਘ ਆਦਿ ਹਾਜ਼ਰ ਸਨ।

# ਜਨ-ਅਰੋਗਿਆ ਸਮਿਤੀ ਦੀ ਮੀਟਿੰਗ ਹੋਈ

**ਮਾਹਿਲਪੁਰ (ਸ਼ਫ਼ਰੀ)**- ਆਯੁਸ਼ਮਾਨ ਅਰੋਗਿਆ ਕੇਂਦਰ ਮਾਹਿਲਪੁਰ ਵਿਖੇ ਜਨ ਅਰੋਗਿਆ ਸਮਿਤੀ ਦੀ ਇੱਕ ਵਿਸ਼ੇਸ਼ ਮੀਟਿੰਗ ਸੀ ਐਚ ਸੀ ਮਾਹਿਲਪੁਰ ਵਿਖੇ ਐਸ ਐਮ ਓ ਡਾਕਟਰ ਜਸਵੰਤ ਸਿੰਘ ਥਿੰਦ ਦੀ ਅਗਵਾਈ ਹੇਠ ਹੋਈ ਜਿਸ ਵਿਚ ਡਾਕਟਰ ਅੰਜੂ ਬਾਲਾ,ਬਲਦੇਵ ਸਿੰਘ ਐੱਮ ਸੀ, ਕੁਲਦੀਪ ਕੌਰ ਐੱਮ ਸੀ, ਸਾਬਕਾ ਐੱਮ ਜਸਵੰਤ ਸਿੰਘ ਸੀਹਰਾ,ਰਮਨ ਕੁਮਾਰ ਮੇਲ ਵਰਕਰ ਅਤੇ ਸਮੂਹ ਆਸ਼ਾ ਵਰਕਰ ਨਾਲ ਹੋਈ ਮੀਟਿੰਗ ਵਿਚ ਆਪਣੇ ਆਪਣੇ ਇਲਾਕੇ ਵਿਚ ਆ ਰਹੀਆਂ ਮੁਸ਼ਿਕਲਾਂ ਜਿਵੇਂ ਡੇਂਗੂ, ਮਲੇਰੀਆ ਦੀਆ ਬਿਮਾਰੀਆਂ, ਤੰਬਾਕੂ ਮੁਕਤ ਨੌਜਵਾਨ ਮੁਹਿੰਮ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ।



# ਪ੍ਰਕਾਸ਼ ਦਿਹਾੜੇ 'ਤੇ ਨਗਰ ਕੀਰਤਨ ਸਜਾਇਆ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਸਤਿਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਨੂੰ ਮੁੱਖ ਰੱਖਦਿਆਂ ਨਵਾਂ ਪਿੰਡ ਸ਼ੌਕੀਆ ਵਿਖੇ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਸਿੰਘ ਸਭਾ ਤੋ ਸ਼ੁਰੂ ਹੋਇਆ ਪਹਿਲਾ ਪੜਾਅ ਗੁਰਦਿਆਲ ਸਿੰਘ ਜੋਹਲ ਦੇ ਘਰ ਅੱਗੇ ਫਲਾਂ ਦਾ ਪ੍ਰਸ਼ਾਦ ਵਰਤਾਇਆ ਗਿਆ। ਦੂਸਰਾ ਪੜਾਅ ਭਗਵਾਨ ਵਾਲਮੀਕਿ ਮੰਦਰ ਵਿਖੇ ਫਲਾਂ ਦਾ ਪ੍ਰਸ਼ਾਦ ਵਰਤਾਇਆ ਗਿਆ। ਤੀਸਰਾ ਪੜਾਅ ਗੁਰਦੁਆਰਾ ਸੁੱਖ ਸਾਗਰ ਸਾਹਿਬ ਵਿਖੇ ਚਾਹ ਪਕੌੜੇ ਦਾ ਲੰਗਰ ਲਗਾਇਆ ਗਿਆ। ਚੋਥਾ ਪੜਾਅ ਸਤਿਗੁਰ ਰਵਿਦਾਸ ਧਾਮ ਵਿਖੇ ਚਾਹ ਪਕੌੜੇ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਭਾਈ ਜਰਨੈਲ ਸਿੰਘ ਤਲਵਣ ਵਾਲਿਆਂ ਦੇ ਜੱਥੇ ਬਹੁਤ ਵਧੀਆ ਕੀਰਤਨ ਕਰਦੇ ਹੋਏ ਸਤਿਗੁਰ ਨਾਨਕ ਦੇਵ ਮਹਾਰਾਜ ਦੇ ਜੀਵਨੀ ਤੇ ਚਾਨਣਾ ਪਾਇਆ ਗਿਆ ਸਤਿਗੁਰ ਰਵਿਦਾਸ ਧਾਮ ਤੋ ਹੁੰਦੇ ਹੋਏ ਗੁਰਦੁਆਰਾ ਸਿੰਘ ਸਭਾ ਵਿਖੇ ਸਮਾਪਤ ਹੋਇਆ।



# ਸਰਕਾਰੀ ਸਕੂਲਾਂ ਦੀ ਸਿੱਖਿਆ ਵਿਵਸਥਾ ਨੂੰ ਹੋਰ ਮਜ਼ਬੂਤ ਬਣਾਇਆ ਜਾਵੇਗਾ : ਸਿੱਖਿਆ ਮੰਤਰੀ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਸਿੱਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸੂਬੇ ਦੇ ਸਰਕਾਰੀ ਸਕੂਲਾਂ ਦੀ ਸਿਖਿਆ ਵਿਵਸਥਾ ਨੂੰ ਹੋਰ ਵੱਧ ਮਜਬੂਤ ਅਤੇ ਗੁਣਵੱਤਾਪੂਰਣ ਬਨਾਉਣ ਲਈ ਵੱਖ-ਵੱਖ ਬਿੰਦੂਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਗਈ।ਮੰਤਰੀ ਸਿਵਲ ਸਕੱਤਰੇਤ ਚੰਡੀਗੜ੍ਹ ਵਿੱਚ ਹਰਿਆਣਾ ਸਕੂਲ ਅਧਿਆਪਕ ਸੰਘ ਅਤੇ ਸਿਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਦੇ ਨਾਲ ਇੱਕ ਮਹਤੱਵਪੂਰਨ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਦੌਰਾਨ ਸਿਖਿਆ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਦਾ ਟੀਚਾ ਹੈ ਕਿ ਹਰ ਸਰਕਾਰੀ ਸਕੂਲ ਵਿੱਚ ਸਿਖਿਆ ਦਾ ਪੱਧਰ ਨਿਜੀ ਸਕੂਲਾਂ ਦੇ ਸਾਹਮਣੇ ਜਾਂ ਉਸ ਤੋਂ ਵੀ ਬਿਹਤਰ ਹੋਵੇ। ਉਨ੍ਹਾਂ ਨੇ ਕਿਹਾ ਕਿ ਇਸ ਦਿਸ਼ਾ ਵਿੱਚ ਸਰਕਾਰ ਲਗਾਤਾਰ ਠੋਸ ਕਦਮ ਚੁੱਕ ਰਹੀ ਹੈ। ਸਰਕਾਰੀ ਸਕੂਲ ਭਵਨਾਂ ਦੀ ਮੁਰੰਮਤ ਤੇ ਰੱਖ-ਰਖਾਵ ਦੇ ਕੰਮ ਤੇਜੀ ਨਾਲ ਕਰਵਾਏ ਜਾ ਰਹੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਪੜਾਈ ਦੌਰਾਨ ਕਿਸੇ ਤਰ੍ਹਾ ਦੀ ਅਸਹੂਲਤ ਨਾ ਹੋਵੇ।ਮੰਤਰੀ ਨੇ ਕਿਹਾ ਕਿ ਅਧਿਆਪਕਾਂ ਨੂੰ ਵੀ ਇਹ ਯਕੀਨੀ ਕਰਨਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਬੱਚਿਆਂ ਦੀ ਨਾਮਜ਼ਦਗੀ ਸਰਕਾਰੀ ਸਕੂਲਾਂ ਵਿੱਚ ਹੋਵੇ। ਉਨ੍ਹਾਂ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਦਾ ਪ੍ਰੀਖਿਆ ਨਤੀਜਾ ਵਧੀਆ ਰਹੇਗਾ, ਉਨ੍ਹਾਂ ਸਕੂਲਾਂ ਦੇ ਅਧਿਆਪਕਾਂ ਨੂੰ ਸਰਕਾਰ ਵੱਲੋਂ ਸਨਮਾਨਿਤ ਅਤੇ ਪ੍ਰੋਤਸਾਹਿਤ ਕੀਤਾ ਜਾਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਾਰੇ ਸਕੂਲਾਂ ਵਿੱਚ ਸਫਾਈ ਵਿਵਸਥਾ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ, ਤਾਂ ਜੋ ਵਿਦਿਆਰਥੀਆਂ ਨੂੰ ਸਾਫ ਅਤੇ ਸਕਾਰਾਤਮਕ ਵਿਦਿਅਕ ਮਾਹੌਲ ਮਿਲ ਸਕੇ। ਮੀਟਿੰਗ ਦੌਰਾਨ ਹਰਿਆਣਾ ਸਕੂਲ ਅਧਿਆਪਕ ਸੰਘ ਦੇ ਅਧਿਕਾਰੀਆਂ ਨੇ ਮੰਗ ਰੱਖੀ ਕਿ ਅਧਿਆਪਕਾਂ ਦੀ ਟ੍ਰੇਨਿੰਗ ਸਕੂਲਾਂ ਦੀ ਛੁੱਟੀਆਂ ਦੌਰਾਨ ਹੀ ਕਰਵਾਈ ਜਾਵੇ ਅਤੇ ਇਸ ਦੇ ਬਦਲੇ ਵਿੱਚ ਅਧਿਆਪਕਾਂ ਨੂੰ ਪ੍ਰਤੀਪੂਰਵਕ ਛੁੱਟੀਆਂ ਪ੍ਰਦਾਨ ਕੀਤੀਆਂ ਜਾਣ। ਇਸ 'ਤੇ ਸਿਖਿਆ ਮੰਤਰੀ ਨੇ ਸਾਕਰਾਤਮਕ ਰੁੱਖ ਅਪਨਾਉਂਦੇ ਹੋਏ ਕਿਹਾ ਕਿ ਇਸ ਪ੍ਰਸਤਾਵ 'ਤੇ ਵਿਭਾਗ ਦੇ ਅਧਿਕਾਰੀਆਂ ਦੇ ਨਾਲ ਵਿਸਤਾਰਪੂਰਵਕ ਵਿਚਾਰ-ਵਟਾਂਦਰਾਂ ਕੀਤਾ ਜਾਵੇਗਾ।

# ਅਧਿਆਪਕ ਮੰਗਾਂ ਦੇ ਹੱਲ ਲਈ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਹੋਵੇਗੀ ਸੂਬਾਈ ਰੋਸ ਰੈਲੀ

**ਜਲੰਧਰ (ਰਾਜੇਸ਼ ਥਾਪਾ)**- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਵੱਲੋਂ ਅਧਿਆਪਕਾਂ ਦੀਆਂ ਮੰਗਾਂ ਨੂੰ ਲੈ ਕੇ 13 ਦਸੰਬਰ ਨੂੰ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਰੋਸ ਰੈਲੀ ਕੀਤੀ ਜਾਵੇਗੀ। ਇਸ ਸਬੰਧੀ ਫੈਸਲਾ ਪਿਛਲੀ ਦਿਨੀਂ ਜਲੰਧਰ ਦੇ ਦੇਸ਼ ਭਗਤ ਯਾਦਗਾਰ ਹਾਲ ਵਿੱਚ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ 17ਵੀਂ ਜਨਰਲ ਕੌਂਸਲ ਦੇ ਦੂਜੇ ਸੂਬਾਈ ਅਜਲਾਸ ਵਿੱਚ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਗੌਰਮੈਂਟ ਟੀਚਰਜ਼ ਯੂਨੀਅਨ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਤੀਰਥ ਸਿੰਘ ਬਾਸੀ ਨੇ ਦੱਸਿਆ ਕਿ ਇਸ ਇਜਲਾਸ ਵਿੱਚ ਜੀ ਟੀ ਯੂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਬਲਾਕ ਪ੍ਰਧਾਨ ਅਤੇ ਜ਼ਿਲ੍ਹਾ ਆਗੂਆਂ ਨੇ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲੋਂ ਝੰਡੇ ਦੀ ਰਸਮ ਕੀਤੀ ਗਈ। ਇਸ ਤੋਂ ਬਾਅਦ ਜੀ ਟੀ ਯੂ ਪੰਜਾਬ ਦੇ ਸਾਬਕਾ ਆਗੂ ਹਰਕੰਵਲ ਸਿੰਘ ਨੇ ਜਨਰਲ ਕੌਂਸਲ ਦਾ ਉਦਘਾਟਨ ਕਰਦਿਆਂ ਜੀ ਟੀ ਯੂ ਪੰਜਾਬ ਦੇ ਸੰਘਰਸ਼ੀ ਇਤਿਹਾਸ 'ਤੇ ਚਾਨਣਾ ਪਾਇਆ। ਇਸ ਸਮੇਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ ਅਤੇ ਜਰਨਲ ਸਕੱਤਰ ਤੀਰਥ ਸਿੰਘ ਬਾਸੀ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਦੇ ਕਨਵੀਨਰ ਜਸਵੀਰ ਸਿੰਘ ਤਲਵਾੜਾ, ਜੀ ਟੀ ਯੂ ਦੇ ਸਾਬਕਾ ਜਨਰਲ ਸਕੱਤਰ ਕੁਲਦੀਪ ਸਿੰਘ ਦੌੜਕਾ ਅਤੇ 4161 ਦੇ ਸੂਬਾ ਪ੍ਰਧਾਨ ਗੁਰਮੇਲ ਸਿੰਘ ਕੁਲਰੀਆ ਨੇ ਭਰਾਤਰੀ ਸੰਦੇਸ਼ ਦਿੱਤਾ। ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਰਨੈਲ ਫਿਲੌਰ ਵੱਲੋਂ ਆਏ ਹੋਏ ਆਗੂਆਂ ਨੂੰ ਜੀ ਆਇਆਂ ਕਿਹਾ ਗਿਆ। ਜੀ ਟੀ ਯੂ ਦੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਵੱਲੋਂ ਡਰਾਫਟ ਰਿਪੋਰਟ ਪੇਸ਼ ਕੀਤੀ ਗਈ। ਉਹਨਾਂ ਵੱਲੋਂ ਆਪਣੀ ਡਰਾਫਟ ਰਿਪੋਰਟ ਵਿੱਚ ਜੀ ਟੀ ਯੂ ਦੀਆਂ ਜਥੇਬੰਦਕ ਸਰਗਰਮੀਆਂ, ਸਿੱਖਿਆ ਵਿਭਾਗ ਵਿੱਚ ਅਧਿਆਪਕਾਂ ਤੋਂ ਲਏ ਜਾਂਦੇ ਗੈਰ ਵਿੱਦਿਅਕ ਕੰਮ ਅਤੇ ਭਵਿੱਖ ਵਿੱਚ ਆਉਣ ਵਾਲੀਆਂ ਚੁਣੌਤੀਆਂ ਅਤੇ ਜਥੇਬੰਦੀ ਦੀ ਮਜ਼ਬੂਤੀ ਅਤੇ ਵਾਧੇ ਦਾ ਪੱਖ ਰੱਖਿਆ ਗਿਆ। ਇਸ ਰਿਪੋਰਟ 'ਤੇ ਬਾਅਦ ਵਿੱਚ ਪੰਜਾਬ ਭਰ ਦੇ ਵੱਖ ਵੱਖ ਜ਼ਿਲਿਆਂ ਤੋਂ ਆਏ 35 ਡੈਲੀਗੇਟਾਂ ਨੇ ਰਿਪੋਰਟ 'ਤੇ ਆਪਣੇ ਸੁਝਾਅ ਦਿੱਤੇ। ਰਿਪੋਰਟ 'ਤੇ ਡੈਲੀਗੇਟਾਂ ਦੇ ਸੁਝਾਅ ਦੇਣ ਤੋਂ ਬਾਅਦ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਵੱਲੋਂ ਦਿੱਤੇ ਗਏ ਸੁਝਾਵਾਂ ਨੂੰ ਸਰਬ ਸੰਮਤੀ ਨਾਲ ਪਾਸ ਕਰਾਇਆ ਗਿਆ ਅਤੇ ਮੰਗ ਪੱਤਰ ਦਾ ਹਿੱਸਾ ਬਣਾਇਆ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਕੇਂਦਰ ਦੀ ਦਖਲ ਅੰਦਾਜ਼ੀ ਬੰਦ ਕੀਤੀ ਜਾਵੇ ਅਤੇ ਸੈਨਟ ਚੋਣਾਂ ਤੁਰੰਤ ਕਰਵਾਈਆਂ ਜਾਣ, ਇਲਾਹਾਬਾਦ ਹਾਈਕੋਰਟ ਦਾ ਫੈਸਲਾ ਲਾਗੂ ਕਰਨ, ਅਦਾਲਤਾਂ ਵਲੋਂ ਅਧਿਆਪਕਾਂ ਦੇ ਹੱਕ ਵਿੱਚ ਹੋਏ ਫੈਸਲੇ ਜਨਰਲਾਈਜ਼ ਕਰਨ, ਹੜ੍ਹ ਪੀੜਤ ਜਿਜ਼ਲ੍ਹਿਆਂ ਦੇ ਬੱਚਿਆਂ ਦੀਆਂ ਫੀਸਾਂ ਮੁਆਫ ਕਰਨ, ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਸਿਆਸੀ ਦਖਲ ਅੰਦਾਜੀ ਬੰਦ ਕਰਨ, ਸੋਧ ਦੇ ਨਾਂ 'ਤੇ ਬੰਦ ਕੀਤੇ ਸਮੁੱਚੇ ਭੱਤੇ ਬਹਾਲ ਕਰਨ ਆਦਿ ਮਤੇ ਪਾਸ ਕੀਤੇ ਗਏ।ਜੀ ਟੀ ਯੂ ਪੰਜਾਬ ਦੀ ਜਨਰਲ ਕੌਂਸਲ ਨੇ 13 ਦਸੰਬਰ ਨੂੰ ਮੰਗ ਪੱਤਰ 'ਚ ਦਰਜ ਮੰਗਾਂ ਮਨਾਉਣ ਲਈ ਸਿੱਖਿਆ ਮੰਤਰੀ ਦੇ ਹਲਕੇ ਅਨੰਦਪੁਰ ਸਾਹਿਬ ਵਿਖੇ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਫੈਸਲਾ ਕੀਤਾ ਗਿਆ। ਜਥੇਬੰਦੀ ਦਾ ਜਥੇਬੰਦਕ ਵਿਸਥਾਰ ਕਰਦੇ ਹੋਇਆ ਤੀਰਥ ਸਿੰਘ ਬਾਸੀ ਨੂੰ ਸੀਨੀਅਰ ਮੀਤ ਪ੍ਰਧਾਨ, ਰਛਪਾਲ ਸਿੰਘ ਵੜੈਚ ਅਤੇ ਹਰਿੰਦਰ ਸਿੰਘ ਮੱਲੀ ਨੂੰ ਮੀਤ ਪ੍ਰਧਾਨ ਮਨੋਹਰ ਲਾਲ ਸ਼ਰਮਾ ਨੂੰ ਕੈਸ਼ੀਅਰ ਰਵਿੰਦਰ ਸਿੰਘ ਪੱਪੀ ਨੂੰ ਸਹਾਇਕ ਕੈਸ਼ੀਅਰ ਦੀ ਜ਼ਿੰਮੇਵਾਰੀ ਸੌਂਪੀ ਗਈ ।



# ਸੂਫ਼ੀ ਗਾਇਕਾ ਸੋਨੀਆ ਸ਼ਰਮਾ ਦੇ ਪਿਤਾ ਦਾ ਦੇਹਾਂਤ

**ਕਾਲਾ ਸੰਘਿਆਂ (ਮਨਜੀਤ ਮਾਨ)**- ਸੂਫ਼ੀ ਗਾਇਕਾ ਸੋਨੀਆ ਸ਼ਰਮਾ ਨੇ ਦੱਸਿਆ ਕਿ ਉਸ ਦੇ ਪਿਤਾ ਵਿਕਰਮ ਸ਼ਰਮਾ ਉਰਫ ਹੀਰਾ ਲਾਲ ਸ਼ਰਮਾ ਪਿਛਲੇ ਕਾਫੀ ਸਮੇਂ ਤੋਂ ਕੈਂਸਰ ਦੀ ਬਿਮਾਰੀ ਤੋਂ ਪੀੜ੍ਹਤ ਸੀ। ਅਲਗ ਅਲਗ ਨਿੱਜੀ ਹਸਪਤਾਲਾਂ ਤੋਂ ਇਲਾਜ ਕਰਵਾਉਂਦੇ ਰਹੇ ਪਰ 6 ਨਵੰਬਰ ਰਾਤ 11 ਵਜੇ ਉਹਨਾਂ ਦਾ ਦਿਹਾਂਤ ਹੋ ਗਿਆ ਜਿਨ੍ਹਾਂ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ ਮਿਤੀ 15 ਨਵੰਬਰ ਦਿਨ ਸ਼ਨੀਵਾਰ ਮੁਹੱਲਾ ਨੀਲ ਕੰਠ ਟਾਂਡਾ ਰੋਡ ਹੁਸ਼ਿਆਰਪੁਰ ਵਿਖੇ ਪਾਇਆ ਜਾਵੇਗਾ।



12-NOV-PAGE-10.qxd 11/11/2025 10:47 PM Page 1



## ਪੰਮਾ ਸਾਹਿਰ ਦੇ ਗੀਤ 'ਲਾਸਟ ਫਾਈਟ' ਦਾ ਪੋਸਟਰ ਰਿਲੀਜ਼



ਕੋਟਕਪੂਰਾ (ਸ਼ਾਮ ਲਾਲ ਚਾਵਲਾ)-'ਜੁੱਤੀ ਝਾੜ ਕੇ ਚੜ੍ਹੀ ਮਟਿਆਰੇ, ਗੱਡੀ ਆ ਸ਼ੌਕੀਨ ਜੱਟ ਦੀ' ਵਾਲੇ ਲੋਕ ਗਾਇਕ ਪੰਮਾ ਸਾਹਿਰ ਦੀ ਬੁਲੰਦ ਆਵਾਜ਼ ਵਿੱਚ ਨਵਾਂ ਗੀਤ 'ਲਾਸਟ ਫਾਈਟ' ਦਾ ਪੋਸਟਰ ਦੇਵ ਲੋਕ ਕਲਾ ਤੇ ਖੇਡ ਕੇਂਦਰ ਵਿੱਚ ਉੱਘੇ ਨਾਟਕਕਾਰ ਜਗਦੇਵ ਸਿੰਘ ਢਿੱਲੋਂ ਵੱਲੋਂ ਰਿਲੀਜ਼ ਕੀਤਾ ਗਿਆ।ਇਹ ਗੀਤ ਵੀ ਆਰ ਸੀ ਪੰਜਾਬੀ ਯੂਟਿਊਬ ਚੈਨਲ 'ਤੇ ਆ ਰਿਹਾ ਹੈ।ਇਸ ਗੀਤ ਨੂੰ ਲਿਖਿਆ ਹੈ ਜਗਸੀਰ ਸਿੰਘ ਖਾਰਾ ਨੇ ਅਤੇ ਮਿਊਜ਼ਿਕ ਫਾਇਰ ਬੀਟ ਸਟੂਡੀਓ ਨੇ ਦਿੱਤਾ।ਗੀਤ ਦੀ ਵੀਡੀਓ ਸਿੰਘ ਬੀ ਬਿਲਨੀਦੀ ਨੇ ਬਣਾਈ ਹੈ।ਗੀਤਕਾਰ ਜਗਸੀਰ ਸਿੰਘ ਖਾਰਾ ਨੇ ਦੱਸਿਆ ਕਿ ਇਹ ਗੀਤ ਕਿਸ਼ਾਨ ਕਾਇਰ ਮਿਜ਼ਾਜ-ਸਾਹਿਬਾਂ ਦਾਸਤਾਨ ਦਾ ਅਕਸ ਹੈ।ਜਗਦੇਵ ਢਿੱਲੋਂ ਨੇ ਕਿਹਾ ਕਿ ਪੰਮਾ ਸਾਹਿਰ ਬੁਲੰਦ ਆਵਾਜ਼ ਵਾਲਾ ਗਾਇਕ ਹੈ, ਜਿਸ ਨੇ ਇਸ ਗੀਤ ਨੂੰ ਇਸ ਤਰਾਂ ਗਾਇਆ ਹੈ ਕਿ ਬਹੁਤ ਸਾਰੇ ਸਰੋਤੇ ਦੀਵਾਨੇ ਹੋ ਜਾਣਗੇ।

## ਅਗਰਵਾਲ ਸਭਾ ਦੀ ਵਿਸ਼ੇਸ਼ ਮੀਟਿੰਗ ਹੋਈ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਅਗਰਵਾਲ ਸਭਾ ਰਜਿ: ਦੀ ਵਿਸ਼ੇਸ਼ ਮੀਟਿੰਗ ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਦੀ ਅਗਵਾਈ 'ਚ ਹੋਈ।ਇਸ ਮੌਕੇ ਸਭਾ ਦੇ ਵੱਖ-ਵੱਖ ਅਹੁਦੇਦਾਰ ਚੇਅਰਮੈਨ ਬਲਦੇਵ ਸਹਾਏ ਗਰਗ, ਖਜ਼ਾਨਚੀ ਅਨਿਲ ਸਿੰਗਲਾ ਪੱਪੂ, ਜਨਰਲ ਸੈਕਟਰੀ ਪ੍ਰਿੰਸੀਪਲ ਸੰਜੀਵ ਜਿੰਦਲ, ਪ੍ਰਦੀਪ ਜੈਨ, ਮਨੋਜ ਗਰਗ, ਵਾਇਸ ਪ੍ਰਧਾਨ ਅਸ਼ੋਕ ਖਿੰਗਾ, ਅਸ਼ੋਕ ਤਾਇਲ, ਕੁਲਦੀਪ ਗੋਇਲ, ਪਾਲਾ ਕਾਂਸਲ, ਸਰਪ੍ਰਸਤ ਸੁਨੀਲ ਜੈਨ, ਕੁਲਭੂਸ਼ਨ ਕਾਂਸਲ, ਵਿਜੇ ਗੋਇਲ, ਰਾਜੂ ਬਾਂਸਲ, ਸੈਕਟਰੀ ਸਵਿੰਦੀ ਗਰਗ, ਅਜੇ ਕੁਸ਼ਲ, ਸ਼ਾਮ ਲਾਲ ਬਾਂਸਲ, ਸ਼ਾਮ ਲਾਲ ਗੋਇਲ, ਸੰਜੀਵ ਗਰਗ ਤੋਂ ਇਲਾਵਾ ਵੱਡੀ ਗਿਣਤੀ ਅਗਰਵਾਲ ਸਭਾ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਸ਼ਹਿਰੀ ਪ੍ਰਧਾਨ ਤਰਸੇਮ ਗੋਇਲ ਨੇ ਪਿਛਲੇ ਦਿਨੀਂ ਸੂਬਾ ਪੱਧਰ 'ਤੇ ਮਨਾਈ ਗਈ ਮਹਾਰਾਜਾ ਅਗਰਸੈਨ ਜੀ ਦੀ ਜਯੰਤੀ ਸੰਬੰਧੀ ਅਗਰਵਾਲ ਸਮਾਜ ਦੇ ਪਰਿਵਾਰਾਂ ਦਾ ਧੰਨਵਾਦ ਕੀਤਾ ਗਿਆ। ਆਗੂਆਂ ਅਗਰਵਾਲ ਸਮਾਜ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਤੇ ਉਨ੍ਹਾਂ ਦੇ ਹੱਲ ਲਈ ਵਿਚਾਰ ਵਟਾਂਦਰਾ ਕੀਤਾ ਗਿਆ।ਪ੍ਰਧਾਨ ਤਰਸੇਮ ਗੋਇਲ ਨੇ ਦੱਸਿਆ ਕਿ ਮਹਾਰਾਜਾ ਅਗਰਸੈਨ ਇੱਕ ਮਹਾਨ ਸ਼ਾਸਕ, ਅਗਰਵਾਲ ਭਾਈਚਾਰੇ ਦੇ ਸੰਸਥਾਪਕ, ਸਮਾਜਵਾਦ, ਅਹਿੰਸਾ ਤੇ ਆਰਥਿਕ ਸਮਾਨਤਾ ਦੇ ਸਿਧਾਂਤਾਂ ਦੇ ਪ੍ਰਮੋਟਰ ਸਨ।ਉਨ੍ਹਾਂ ਅਗਰੋਹਾ ਦੀ ਸਥਾਪਨਾ ਕੀਤੀ ਤੇ ਆਪਣੇ ਰਾਜ ਅਗਰੋਹਾ ਨੂੰ ਇੱਕ ਮਜ਼ਬੂਤ ਵਪਾਰਕ ਕੇਂਦਰ ਬਣਾਇਆ ਤੇ ਵਪਾਰ ਭਾਈਚਾਰੇ ਲਈ ਅਹਿੰਸਾ, ਸਮਾਜਵਾਦ ਤੇ ਆਰਥਿਕ ਸਮਾਨਤਾ ਵਰਗੇ ਆਦਰਸ਼ ਸਥਾਪਤ ਕੀਤੇ।ਇਸ ਲਈ ਨੌਜਵਾਨਾਂ ਨੂੰ ਉਨ੍ਹਾਂ ਦੇ ਜੀਵਨ ਕਾਲ ਨਾਲ ਜੋੜਨ ਦੇ ਉਦੇਸ਼ ਨਾਲ ਨਵੰਬਰ ਮਹੀਨੇ ਦੇ ਆਖ਼ਰ 'ਚ ਇੱਕ ਬੱਸ ਅਗਰੋਹਾ ਧਾਮ ਲਈ ਲੈਜਾਈ ਜਾਵੇਗੀ।ਇਸ ਤੋਂ ਇਲਾਵਾ ਸਭਾ ਵੱਲੋਂ ਜਨਵਰੀ ਮਹੀਨੇ 'ਚ ਲੋਹੜੀ ਦੇ ਤਿਉਹਾਰ ਦੌਰਾਨ 'ਧੀਆਂ ਦੀ ਲੋਹੜੀ' ਮਨਾਉਣ ਦਾ ਫੈਸਲਾ ਕੀਤਾ ਗਿਆ ਤੇ ਸਭਾ ਵੱਲੋਂ ਹਰੇਕ ਅਗਰਵਾਲ ਸਮਾਜ ਦੇ ਪਰਵਾਰਾਂ 'ਚ ਸ਼ਾਮਲ ਹੋ ਪੁਰਾਤਨ ਰੀਤੀ ਰਿਵਾਜ ਦੇ ਮੁਤਾਬਕ ਪਰਗਤੀ ਦੀ ਰਸਮ ਨਿਭਾਉਣ ਦਾ ਵੀ ਅਹਿਮ ਫੈਸਲਾ ਲਿਆ ਗਿਆ।

## ਦੇਸ਼ ਭਗਤ ਯੂਨੀਵਰਸਿਟੀ ਨੇ ਪਹਿਲੇ ਡੀ ਬੀ ਯੂ ਮਾਡਲ ਯੂਨਾਈਟਿਡ ਨੇਸ਼ਨਜ਼-2025 ਦੀ ਕੀਤੀ ਮੇਜ਼ਬਾਨੀ



ਮੰਡੀ ਗੋਬਿੰਦਗੜ੍ਹ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ (ਡੀਬੀਯੂ) ਨੇ ਪੰਜਾਬ ਡਿਪਲੋਮੈਟਿਕ ਫੋਰਮ ਦੇ ਸਹਿਯੋਗ ਨਾਲ ਆਪਣੇ ਪਹਿਲੇ ਡੀਬੀਯੂ ਮਾਡਲ ਯੂਨਾਈਟਿਡ ਨੇਸ਼ਨਜ਼ (ਡੀਬੀਯੂ ਐਮਯੂਐਨ 2025) ਦੀ ਮੇਜ਼ਬਾਨੀ ਕਰਕੇ ਇੱਕ ਮਹੱਤਵਪੂਰਨ ਮੀਲ ਪੱਥਰ ਪ੍ਰਾਪਤ ਕੀਤਾ, ਜੋ ਉੱਤਮਤਾ, ਕੂਟਨੀਤੀ ਅਤੇ ਸਹਿਯੋਗ ਲਈ ਇਸ ਦੀ ਨਵੀਂ ਮਾਪਦੰਡ ਹੈ।ਇਸ ਅੰਤਰਰਾਸ਼ਟਰੀ ਇਕੱਠ ਵਿੱਚ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ, ਪ੍ਰੈਜ਼ੀਡੈਂਟ ਡਾ. ਸੰਦੀਪ ਸਿੰਘ ਤੇ ਵਾਈਸ ਚਾਂਸਲਰ ਪ੍ਰੋ. (ਡਾ.) ਹਰਸ਼ ਸਦਾਵਰਤੀ ਤੇ ਯੂਨੀਵਰਸਿਟੀ ਦੇ ਹੋਰ ਸੀਨੀਅਰ ਪਤਵੰਤਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਸਮਾਗਮ ਨੂੰ ਵਿਸ਼ੇਸ਼ ਮਹਿਮਾਨ ਐਡਵੋਕੇਟ ਸੁਰਿੰਦਰਪਾਲ ਸਿੰਘ ਆਹਲੂਵਾਲੀਆ, ਮੁੱਖ ਸਲਾਹਕਾਰ, ਅਪਰਾਧ ਸੂਚਨਾ ਬਿਊਰੋ ਅਤੇ ਮੈਂਬਰ, ਐਂਟੀਸੀਸ਼ਨ, ਭਾਰਤ ਸਰਕਾਰ ਤੇ ਵਿਸ਼ੇਸ਼ ਮਹਿਮਾਨ ਸ੍ਰੀ ਪਾਰਥ ਰਮਨ, ਰਾਜਦੂਤ, ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨ, ਸੰਯੁਕਤ ਰਾਸ਼ਟਰ, ਇਟਲੀ ਦੁਆਰਾ ਸਨਮਾਨਿਤ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਖੇਤਰਾਂ ਦੇ ਪ੍ਰਸਿੱਧ ਡਿਪਲੋਮੈਟਾਂ, ਸਿੱਖਿਆ ਸ਼ਾਸਤਰੀਆਂ ਤੇ ਵਿਚਾਰਵਾਨ ਆਗੂਆਂ ਨੇ ਵਿਚਾਰ-ਵਟਾਂਦਰੇ ਨੂੰ ਹੋਰ ਅਮੀਰ ਬਣਾਇਆ, ਜਦੋਂਕਿ ਰਾਜ ਤੇ ਇਸ ਤੋਂ ਬਾਹਰ ਵੱਖ-ਵੱਖ ਯੂਨੀਵਰਸਿਟੀਆਂ, ਕਾਲਜਾਂ ਤੇ ਸਕੂਲਾਂ ਦੇ ਉਤਸ਼ਾਹੀ ਡੈਲੀਗੇਟਾਂ ਨੇ ਆਪਣੇ ਕੂਟਨੀਤਕ ਹੁਨਰ ਦਾ ਪ੍ਰਦਰਸ਼ਨ ਕੀਤਾ।ਡੀਬੀਯੂ ਐਮਯੂਐਨ 2025 ਕਮੇਟੀ ਦੇ ਨਤੀਜੇ 'ਚ ਸਰਵੋਤਮ ਡੈਲੀਗੇਟ ਰੋਹਿਣੀ, ਸੀਜੀਸੀ ਯੂਨੀਵਰਸਿਟੀ, ਉੱਚ ਪ੍ਰਸ਼ੰਸਾ: ਇਵਾ ਬਲਦੇਵ, ਦੇਸ਼ ਭਗਤ ਯੂਨੀਵਰਸਿਟੀ ਤੇ ਮਾਨਸੀ ਚੌਹਾਨ, ਦੇਸ਼ ਭਗਤ ਯੂਨੀਵਰਸਿਟੀ ਨੂੰ ਵਿਸ਼ੇਸ਼ ਇਨਾਮ ਮਿਲਿਆ।

## ਲੋਕ ਸੇਵਾ ਸੋਸਾਇਟੀ ਨੇ ਵਿਦਿਆਰਥੀਆਂ ਨੂੰ ਜਰਸੀਆਂ ਵੰਡੀਆਂ



ਜਗਰਾਉਂ (ਅਮਿਤ ਖੰਨਾ, ਸੰਜੀਵ ਅਰੋੜਾ)-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਆਦਰਸ਼ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਜਗਰਾਉਂ ਦੀਆਂ 150 ਵਿਦਿਆਰਥਣਾਂ ਨੂੰ ਗਰਮ ਜਰਸੀਆਂ ਤਕਸੀਮ ਕੀਤੀਆਂ ਗਈਆਂ। ਸੁਸਾਇਟੀ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਡਾਕਟਰ ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਦੀ ਅਗਵਾਈ ਵਿੱਚ ਸਕੂਲ ਵਿਦਿਆਰਥਣਾਂ ਨੂੰ ਜਰਸੀਆਂ ਦੇਣ ਸਮੇਂ ਸੁਸਾਇਟੀ ਅਹੁਦੇਦਾਰਾਂ ਨੇ ਦੱਸਿਆ ਕਿ ਸੁਸਾਇਟੀ ਵੱਲੋਂ ਸਮੇਂ-ਸਮੇਂ ਜਿੱਥੇ ਆਦਰਸ਼ ਸਕੂਲ ਦੇ ਵਿਦਿਆਰਥੀਆਂ ਦੀ ਮਦਦ ਲਈ ਪ੍ਰੋਜੈਕਟ ਲਾਏ ਜਾਂਦੇ ਹਨ, ਉੱਥੇ ਹੀ ਜਗਰਾਉਂ ਦੀਆਂ ਸਾਰੀਆਂ ਵਿਦਿਅਕ ਸੰਸਥਾਵਾਂ ਨੂੰ ਲੋੜੀਂਦਾ ਸਾਮਾਨ ਮੁਹੱਈਆ ਕਰਾਉਣ ਵਿੱਚ ਸੁਸਾਇਟੀ ਹਮੇਸ਼ਾ ਹੀ ਤਤਪਰ ਰਹਿੰਦੀ ਹੈ। ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਾਜੇਸ਼ ਕਤਿਆਲ, ਮੈਨੇਜਰ ਡਾਕਟਰ ਵਿਪਨ ਗੁਪਤਾ, ਪ੍ਰਿੰਸੀਪਲ ਸੁਨੀਤਾ ਰਾਣੀ, ਰਾਜੂ ਮਲਹੋਤਰਾ, ਮਨੀਸ਼ ਕਪੂਰ, ਸੈਕਟਰੀ ਬਿਕਰਮਜੀਤ ਸਿੰਘ ਕਤਿਆਲ, ਅਧਿਆਪਕਾ ਸ਼ਿਫਾਲੀ ਕਤਿਆਲ, ਡੁਪਿੰਦਰ ਕੌਰ ਤੇ ਅਸ਼ਵਨੀ ਕਤਿਆਲ ਨੇ ਲੋਕ ਸੇਵਾ ਸੋਸਾਇਟੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਨੇ ਹਮੇਸ਼ਾ ਹੀ ਸਕੂਲ ਦੇ ਵਿਦਿਆਰਥੀਆਂ ਦੀ ਹਰੇਕ ਮੰਗ ਨੂੰ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਏਡਿਡ ਸਕੂਲਾਂ ਨੂੰ ਸਰਕਾਰ ਵੱਲੋਂ ਕੋਈ ਵੀ ਮਾਲੀ ਸਹਾਇਤਾ ਨਹੀਂ ਮਿਲਦੀ, ਬਲਕਿ ਸਕੂਲ ਪ੍ਰਬੰਧਕ ਆਪਣੇ ਸਰੋਤਾਂ ਤੋਂ ਫੰਡ ਇਕੱਠਾ ਕਰਕੇ ਕਿਸੇ ਨਾ ਕਿਸੇ ਤਰੀਕੇ ਨਾਲ ਮਾਲੀ ਮਦਦ ਲੈ ਕੇ ਸਕੂਲ ਚਲਾ ਰਹੇ ਹਨ ਤੇ ਬੱਚਿਆਂ ਨੂੰ ਵਧੀਆ ਪੜ੍ਹਾਈ ਕਰਵਾਈ ਜਾ ਰਹੀ ਹੈ। ਇਸ ਮੌਕੇ ਸੋਸਾਇਟੀ ਵੱਲੋਂ ਸਕੂਲ ਦੀਆਂ 150 ਵਿਦਿਆਰਥਣਾਂ ਨੂੰ ਗਰਮ ਜਰਸੀਆਂ ਤਕਸੀਮ ਕੀਤੀਆਂ ਗਈਆਂ। ਇਸ ਮੌਕੇ ਸੋਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ ਤੇ ਕੰਵਲ ਕੱਕੜ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ, ਪ੍ਰੋਜੈਕਟ ਕੈਸ਼ੀਅਰ ਰਜੀਵ ਗੁਪਤਾ, ਪੀਆਰਓ ਸੁਖਦੇਵ ਗਰਗ, ਲਾਕੇਸ਼ ਟੰਡਨ, ਮੁਕੇਸ਼ ਗੁਪਤਾ, ਸਰਪ੍ਰਸਤ ਰਜਿੰਦਰ ਜੈਨ, ਸਾਬਕਾ ਕੌਂਸਲਰ ਰਵਿੰਦਰ ਸਭਰਵਾਲ ਫੀਨਾ, ਆਰ ਕੇ ਗੋਇਲ, ਡਾਕਟਰ ਭਾਰਤ ਭੂਸ਼ਣ ਬਾਂਸਲ ਪ੍ਰੇਮ ਬਾਂਸਲ, ਅਨਿਲ ਮਲਹੋਤਰਾ ਆਦਿ ਸੁਸਾਇਟੀ ਮੈਂਬਰ ਤੇ ਸਮੂਹ ਸਕੂਲ ਸਟਾਫ਼ ਹਾਜ਼ਰ ਸੀ।

## ਸ੍ਰੀ ਰਾਮਦਾਸ ਸੇਵਾ ਸੋਸਾਇਟੀ ਨੇ ਸਮੂਹਕ ਵਿਆਹ ਕਰਵਾਏ



ਨਾਭਾ (ਵਰਿੰਦਰ ਵਰਮਾ)-ਹਰ ਸਾਲ ਦੀ ਤਰ੍ਹਾਂ ਸ਼ਹਿਰ ਦੀ ਨਾਮੀ ਸਮਾਜ ਸੇਵੀ ਸੰਸਥਾ ਸ੍ਰੀ ਗੁਰੂ ਰਾਮਦਾਸ ਸੇਵਾ ਸੋਸਾਇਟੀ ਨਾਭਾ ਵੱਲੋਂ ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਸਮੂਹਕ ਵਿਆਹ ਗੁਰਦੁਆਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਸਹਿਬ ਵਿਖੇ ਕਰਵਾਏ ਗਏ।ਇਸ ਮੌਕੇ ਸੰਸਥਾ ਵੱਲੋਂ ਉਨ੍ਹਾਂ ਦੇ ਅਨੰਦ ਕਾਰਜ ਦੀਆਂ ਸ਼ਰਮਾ ਉਪਰੰਤ ਜਿੱਥੇ ਚਾਹ ਤੇ ਲੰਗਰ ਦਾ ਪ੍ਰਬੰਧ ਕੀਤਾ ਗਿਆ, ਉੱਥੇ ਹੀ ਵਿਆਹ ਵਾਲੀਆਂ ਲੜਕੀਆਂ ਨੂੰ ਫਰਿੱਜ, ਅਲਮਾਰੀ, ਬੈਂਡ, ਸੋਫੇ, ਗੱਦੇ, ਸਿਲਾਈ ਮਸ਼ੀਨਾਂ, ਬਿਸਤਰੇ, ਕੱਪੜੇ, ਭਾਂਡਿਆਂ, ਡਿੱਨਰ ਸੈੱਟ, ਸੂਟਾਂ ਤੋਂ ਇਲਾਵਾ ਘਰੇਲੂ ਵਰਤੋਂ ਵਿੱਚ ਆਉਣ ਵਾਲਾ ਸਾਮਾਨ ਵੀ ਦਿੱਤਾ ਗਿਆ, ਜਿਸ ਦੀ ਸਾਰੇ ਪਾਸੇ ਸ਼ਲਾਘਾ ਹੋ ਰਹੀ ਹੈ।ਇਸ ਮੌਕੇ ਸੰਸਥਾ ਦੇ ਸਰਪ੍ਰਸਤ ਜਥੇਦਾਰ ਸਰਬਜੀਤ ਸਿੰਘ ਧੀਰੋਮਾਜਰਾ, ਸਰਪ੍ਰਸਤ ਜਥੇਦਾਰ ਜਗਜੀਤ ਸਿੰਘ ਖੋਖ, ਪ੍ਰਧਾਨ ਹਰਪ੍ਰੀਤ ਸਿੰਘ ਨੇ ਵਿਆਹ ਵਾਲੀਆਂ ਜੋੜੀਆਂ ਨੂੰ ਅਸ਼ੀਰਵਾਦ ਦਿੰਦਿਆਂ ਵਧਾਈਆਂ ਦਿੱਤੀਆ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।ਇਸ ਮੌਕੇ ਚਰਨ ਸਿੰਘ ਐੱਮ ਡੀ ਮਲਕੀਤ ਗਰੁੱਪ, ਹਰਵਿੰਦਰ ਸਿੰਘ ਕਰਤਾਰ ਕੰਬਾਈਨ, ਅਮਰੀਕ ਸਿੰਘ ਗੁਰਦਿਆਲ ਕੰਬਾਈਨ, ਹਰਫੂਲ ਸਿੰਘ ਐੱਮ ਡੀ ਜੀ ਐੱਨ ਕੰਬਾਈਨ, ਬਾਬਾ ਕੁਲਦੀਪ ਸਿੰਘ ਕਾਰਸੇਵਾ ਵਾਲੇ, ਮੈਨੇਜਰ ਆਤਮ ਪ੍ਰਕਾਸ਼ ਸਿੰਘ ਤੋਂ ਇਲਾਵਾ ਸੰਸਥਾ ਦੇ ਅਹੁਦੇਦਾਰ ਤੇ ਮੈਂਬਰਾਂ ਅਮਰਜੀਤ ਸਿੰਘ ਮਠਾੜੂ, ਭਗਵੰਤ ਸਿੰਘ ਡਿਫੈਂਸ ਕਲੋਨੀ, ਮਾਸਟਰ ਗੁਰਮੇਲ ਸਿੰਘ, ਜਗਪ੍ਰੀਤ ਸਿੰਘ ਭਾਟੀਆ, ਦਵਿੰਦਰ ਸਿੰਘ ਘਣੀਵਾਲ, ਗੁਰਮੀਤ ਸਿੰਘ ਨਾਭਾ, ਬਾਬੂ ਸਿੰਘ ਮੋਤੀ ਬਾਗ, ਜਥੇਦਾਰ ਗਿਆਨ ਸਿੰਘ ਲੋਪੇ, ਹਰਵਿੰਦਰ ਸਿੰਘ ਬਾਬਰਪੁਰ, ਪਰਮਜੀਤ ਸਿੰਘ ਮੋਲਗਵਾਰਾ, ਕੁਲਵੰਤ ਸਿੰਘ, ਮਿਹਰ ਸਿੰਘ, ਰਜਿੰਦਰ ਸਿੰਘ, ਦਲੇਰ ਸਿੰਘ, ਮੈਨੇਜਰ ਹਰਸਿਮਰਨ ਸਿੰਘ, ਮੈਨੇਜਰ ਬਲਜੀਤ ਸਿੰਘ ਮਾਸਟਰ ਤਰਲੋਚਨ ਸਿੰਘ, ਸ਼ਮਿੰਦਰ ਸਿੰਘ ਪੱਪੂ, ਸ਼ੇਰ ਬਹਾਦਰ ਸਿੰਘ, ਪਰਗਟ ਸਿੰਘ ਹੀਰਾ ਮਹਿਲ, ਰਣਜੀਤ ਸਿੰਘ ਕੁੱਕੂ ਤੇ ਸੰਗਤ ਵੱਡੀ ਗਿਣਤੀ 'ਚ ਹਾਜ਼ਰ ਸੀ।

# ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਦੀ ਰਿਹਾਇਸ਼ ਦਾ ਕੀਤਾ ਜਾਵੇਗਾ ਘਿਰਾਓ : ਖਿਆਲੀ



ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)
ਭਾਈ ਲਾਲੋ ਪੰਜਾਬੀ ਮੰਚ, ਮਜ਼ਦੂਰ ਮੁਕਤੀ ਮੋਰਚਾ, ਲਾਲ ਝੰਡਾ ਮਨਰੇਗਾ ਵਰਕਰ ਯੂਨੀਅਨ ਆਦਿ ਵੱਖ-ਵੱਖ ਜਥੇਬੰਦੀਆਂ ਵੱਲੋਂ ਭਖਦੀਆਂ ਹੱਕੀ ਮੰਗਾਂ ਨੂੰ ਲੈ ਕੇ 12 ਦਸੰਬਰ ਨੂੰ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਰਿਹਾਇਸ਼ ਸੰਗਰੂਰ ਦਾ ਘਿਰਾਓ ਕੀਤਾ ਜਾਵੇਗਾ।ਇਸ ਸਬੰਧੀ ਤਿਆਰੀਆਂ ਨੂੰ ਤੇਜ਼ ਕਰਨ ਲਈ ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਵਿਖੇ ਅਹਿਮ ਮੀਟਿੰਗ ਬਲਾਕ ਪ੍ਰਧਾਨ ਬਲਦੇਵ ਸਿੰਘ ਸਹਿਜੜਾ ਦੀ ਅਗਵਾਈ ਹੇਠ ਹੋਈ।ਇਸ ਮੌਕੇ ਪਾਸ ਕੀਤੇ ਗਏ ਇੱਕ ਮਤੇ ਰਾਹੀਂ ਪੰਜਾਬ ਯੂਨੀਵਰਸਿਟੀ ਬਚਾਓ ਮੋਰਚੇ ਵਿੱਚ ਸ਼ਾਮਲ ਹੋਣ ਤੋਂ ਰੋਕਣ ਲਈ ਪੁਲਸ ਵੱਲੋਂ ਥਾਂ-ਥਾਂ ਨਾਕੇਬੰਦੀ ਕਰਕੇ ਕੀਤੀ ਘਟੀਆ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਵਿਰੁੱਧ ਲੋਕਾਂ ਨੂੰ ਲਾਮਬੰਦ ਹੋਣ ਦਾ ਸੱਦਾ ਦਿੱਤਾ ਗਿਆ।

ਇਸ ਮੌਕੇ ਬੋਲਦਿਆਂ ਹਰਜੀਤ ਸਿੰਘ ਖਿਆਲੀ, ਸਰਪੰਚ ਜਗਰਾਜ ਸਿੰਘ ਟੱਲੇਵਾਲ, ਬੀਬੀ ਪਰਮਜੀਤ ਕੌਰ ਗੁੰਮਟੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ 78 ਸਾਲ ਬੀਤ ਜਾਣ ਦੇ ਬਾਵਜੂਦ ਪੱਛੜੇ ਵਰਗਾਂ ਦੇ ਹਾਲਾਤ ਅੱਜ ਵੀ ਤਰਸਯੋਗ ਬਣੇ ਹੋਏ ਹਨ।ਸਮੇਂ ਸਮੇਂ ਦੀਆਂ ਸਰਕਾਰਾਂ ਨੇ ਸਿਰਫ ਵੋਟਾਂ ਲੈਣ ਲਈ ਲਾਰੇ ਲਾਉਣ ਤੋਂ ਬਾਅਦ ਮੁੜ ਕਦੇ ਸਾਰ ਲੈਣ ਦੀ ਲੋੜ ਨਹੀਂ ਸਮਝੀ।ਆਏ ਦਿਨ ਅਸਮਾਨੀ ਛੋਹ ਰਹੀ ਮਹਿੰਗਾਈ ਨੇ ਗਰੀਬ ਲੋਕਾਂ ਦਾ ਕਚੂੰਮਰ ਕੱਢ ਕੇ ਰੱਖ ਦਿੱਤਾ ਹੈ।ਪਿੰਡਾਂ ਅੰਦਰ ਲੋਕ ਅਜੇ ਵੀ ਮੁੱਢਲੀਆਂ ਲੋੜਾਂ ਤੋਂ ਵਾਂਝੇ ਹਨ।ਆਗੂਆਂ ਨੇ ਕਿਹਾ ਕਿ ਸਦੀਆਂ ਤੋਂ ਜ਼ੁਲਮੀ ਦੀ ਚੱਕੀ 'ਚ ਪਿਸ ਰਹੇ ਲੋਕਾਂ ਨੂੰ ਸੁਨੇਹਾ ਹੈ ਕਿ ਜੇਕਰ ਤੁਸੀਂ ਇੱਜ਼ਤ ਦਾ ਜੀਵਨ ਜਿਉਣਾ ਚਾਹੁੰਦੇ ਹੋ, ਤਾਂ ਤੁਹਾਨੂੰ ਆਤਮ ਵਿਸ਼ਵਾਸ 'ਤੇ ਭਰੋਸਾ ਕਰਨਾ ਪਵੇਗਾ।ਬਲਾਕ ਪ੍ਰਧਾਨ ਬਲਦੇਵ ਸਿੰਘ ਖ਼ਾਲਸਾ, ਸੁਦਾਗਰ ਸਿੰਘ ਭੋਤਨਾ, ਸ਼ਿੰਗਾਰਾ ਸਿੰਘ ਸੋਹੀਆਂ, ਨੰਬਰਦਾਰ ਜਗਦੇਵ ਸਿੰਘ ਕਲਾਲ ਮਾਜਰਾ ਨੇ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਪੱਕਾ ਰੁਜ਼ਗਾਰ, ਮਹਿੰਗਾਈ ਵਧਣ ਦੇ ਨਾਲ ਮਜ਼ਦੂਰਾਂ ਦੀ ਦਿਹਾੜੀ 700 ਰੁਪਏ ਵਧਾਉਣ, ਬੁਢਾਪਾ ਪੈਨਸ਼ਨ ਦੀ ਉਮਰ ਹੱਦ 65 ਸਾਲ ਤੋਂ ਘਟਾ ਕੇ 55 ਸਾਲ ਕਰਨ ਤੇ ਬੁਢਾਪਾ, ਵਿਧਵਾ ਤੇ ਅੰਗਹੀਣ ਪੈਨਸ਼ਨ ਘੱਟੋ ਘੱਟ ਦਸ ਹਜ਼ਾਰ ਰੁਪਏ ਮਹੀਨਾ ਦੇਣ, ਬੇਘਰ ਲੋਕਾਂ ਨੂੰ 10-10 ਮਰਲਿਆਂ ਦੇ ਪਲਾਟ, ਭਾਰੀ ਮੀਂਹ ਕਾਰਨ ਹੋਏ ਘਰਾਂ ਦੇ ਨੁਕਸਾਨ ਦਾ ਮੁਆਵਜ਼ਾ, ਬਿਜਲੀ ਸੋਧ ਬਿੱਲ ਨੂੰ ਰੱਦ ਕੀਤਾ ਜਾਵੇ।ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦਿੱਲੀ ਵਾਲਿਆਂ ਦਾ ਮੋਹਰਾ ਬਣ ਕੇ ਲੋਕ ਵਿਰੋਧੀ ਫੈਸਲੇ ਲੈਣ ਤੋਂ ਗੁਰੇਜ਼ ਕਰਨ।ਵੋਟਾਂ ਵੇਲੇ ਕੀਤੇ ਵਾਅਦੇ ਅਨੁਸਾਰ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਤੁਰੰਤ ਪੂਰਾ ਕੀਤਾ ਜਾਵੇ।ਆਗੂਆਂ ਨੇ ਕਿਸਾਨਾਂ, ਮਜ਼ਦੂਰਾਂ, ਛੋਟੇ ਵਪਾਰੀਆਂ ਨੂੰ ਇੱਕਜੁੱਟ ਹੋ ਕੇ ਆਪਣੇ ਹੱਕ ਲੈਣ ਲਈ ਸੰਘਰਸ਼ ਕਰਨ ਦਾ ਸੱਦਾ ਦਿੱਤਾ, ਕਿਉਂਕਿ ਸੰਘਰਸ਼ ਨਾਲ ਹੀ ਤਾਕਤ, ਵਿਸ਼ਵਾਸ ਤੇ ਮਾਨਤਾ ਪ੍ਰਾਪਤ ਹੁੰਦੇ ਹਨ।

ਇਸ ਮੌਕੇ ਪੱਲੇਦਾਰ ਗੁਰਦੀਪ ਸਿੰਘ, ਅਰਮਾਨ ਟੱਲੇਵਾਲ, ਗੋਰਖੀ, ਅਮਨਦੀਪ ਸਿੰਘ ਮਾਂਗੇਵਾਲ, ਜਗਸੀਰ ਸਿੰਘ ਖਿਆਲੀ, ਰਾਜੂ ਸਿੰਘ ਮੈਂਬਰ, ਗੁਰਪ੍ਰੀਤ ਕੌਰ, ਮਨਪ੍ਰੀਤ ਕੌਰ ਗਹਿਲ, ਜੱਗਾ ਸਿੰਘ, ਸੁਖਵਿੰਦਰ ਕਾਲਾ ਪ੍ਰਧਾਨ, ਜੱਗਰ ਸਲੇਮਪੁਰ, ਹਰਨੇਕ ਸਿੰਘ ਛੀਨੀਵਾਲ ਖੁਰਦ, ਮਨਦੀਪ ਕੌਰ, ਵੀਰਪਾਲ ਕੌਰ, ਕੁਲਵਿੰਦਰ ਸਿੰਘ ਕਿੰਦਾ, ਇੰਦਰਵੀਰ ਸਿੰਘ, ਡੋਗਰ ਸਿੰਘ ਨੰਬਰਦਾਰ ਨੇ ਕਿਹਾ ਕਿ ਹੱਕੀ ਮੰਗਾਂ ਦੀ ਪ੍ਰਾਪਤੀ ਲਈ ਸ਼ੁਰੂ ਕੀਤੇ ਗਏ ਸੰਘਰਸ਼ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।

## ਪੈਨਸ਼ਨਰਜ਼ ਮੁਲਾਜ਼ਮ ਫਰੰਟ ਵੱਲੋਂ 16 ਦਾ ਧਰਨਾ ਲਾਮਿਸਾਲ ਹੋਵੇਗਾ



ਸਮਰਾਲਾ (ਸੁਰਜੀਤ ਸਿੰਘ)
ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਦੀ ਮਹੀਨਾਵਾਰ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ ਤੇ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਸਬੰਧੀ ਵਿਚਾਰ ਵਿਟਾਂਦਰਾ ਕੀਤਾ ਗਿਆ।ਮੀਟਿੰਗ ਦੌਰਾਨ 7 ਨਵੰਬਰ ਨੂੰ ਹੈੱਡ ਆਫਿਸ ਸਾਹਮਣੇ ਹੋਏ ਵਿਸ਼ਾਲ ਰੋਸ ਧਰਨੇ ਸਬੰਧੀ ਪੜਚੋਲ ਕੀਤੀ ਗਈ।ਇਸ ਉਪਰੰਤ ਸਕਿੰਦਰ ਸਿੰਘ ਪ੍ਰਧਾਨ ਨੇ ਸਾਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ 16 ਨਵੰਬਰ ਨੂੰ ਪੈਨਸ਼ਨਰਜ਼ ਮੁਲਾਜਮ ਸਾਂਝੇ ਫਰੰਟ ਵੱਲੋਂ ਮੰਗਾਂ ਸਬੰਧੀ ਵਿਸ਼ਾਲ ਧਰਨਾ ਦਿੱਤਾ ਜਾ ਰਿਹਾ ਹੈ, ਉਸ ਵਿੱਚ ਸਮਰਾਲਾ ਮੰਡਲ ਪਾਵਰਕਾਮ ਪੈਨਸ਼ਨਰਾਂ ਵੱਲੋਂ ਵਧ-ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ।ਕੇਂਦਰ ਸਰਕਾਰ ਵੱਲੋਂ ਜੋ 2025 ਬਿਜਲੀ ਸੋਧ ਬਿੱਲ ਪੇਸ਼ ਕੀਤਾ ਜਾ ਰਿਹਾ ਹੈ, ਉਸਦਾ ਵਿਰੋਧ ਕਰਦੇ ਹੋਏ ਆਪਣੀ ਪੈਨਸ਼ਨ ਦੀ ਰਾਖੀ ਕਰਨ ਲਈ ਆਉਣ ਵਾਲੇ ਸਮੇਂ ਵਿੱਚ ਸੰਘਰਸ਼ਾਂ ਲਈ ਤਿਆਰ ਰਹਿਣ ਲਈ ਸੁਚੇਤ ਵੀ ਕੀਤਾ।ਪੰਜਾਬ ਸਰਕਾਰ ਜੋ ਪਾਵਰਕਾਮ ਦੀਆਂ ਬੇਸ਼ਕੀਮਤੀ ਜਾਇਦਾਦਾਂ ਵੇਚਣ ਜਾ ਰਹੀ ਹੈ, ਉਸਦੇ ਨੋਟੀਫਿਕੇਸ਼ਨ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕਰਦੇ ਹੋਏ ਕਿਹਾ ਗਿਆ ਕਿ ਸਰਕਾਰ ਨੂੰ ਇਹ ਜਾਇਦਾਦਾਂ ਕਿਸੇ ਵੀ ਕੀਮਤ ਉੱਤੇ ਵੇਚਣ ਨਹੀਂ ਦਿੱਤੀਆਂ ਜਾਣਗੀਆਂ। ਪਿਛਲੇ ਸਮੇਂ ਦੌਰਾਨ ਜੋ ਹੜ੍ਹ ਪੀੜਤਾਂ ਲਈ ਫੰਡ ਇਕੱਤਰ ਕਰਕੇ ਜਿਹੜੀ ਸੰਘਰਸ਼ੀਲ ਜਥੇਬੰਦੀ ਨੂੰ ਦਿੱਤਾ ਗਿਆ ਹੈ, ਉਹ ਫੰਡ ਸਾਰੇ ਲੋੜਵੰਦਾਂ ਲਈ ਜਿਸ ਵਿੱਚ ਛੋਟੇ ਕਿਸਾਨ, ਮਜ਼ਦੂਰ, ਛੋਟੇ ਵਪਾਰੀ ਅਤੇ ਸਾਰੇ ਕਮਜੋਰ ਵਰਗਾਂ ਵਿੱਚ ਹੀ ਵੰਡਿਆ ਜਾਵੇਗਾ।ਇਹ ਫੰਡ ਵੰਡਣ ਸਬੰਧੀ ਕਿਸੇ ਦੇ ਮਨ ਵਿੱਚ ਕੋਈ ਸ਼ੰਕਾ ਨਹੀਂ ਰਹਿਣੀ ਚਾਹੀਦੀ।ਜਿਹੜੇ ਪੈਨਸ਼ਨਰ ਸਾਥੀ ਇਹ ਸਹਾਇਤਾ ਦੇਣ ਤੋਂ ਰਹਿ ਗਏ ਹਨ, ਉਹ 13 ਨਵੰਬਰ ਤੋਂ ਪਹਿਲਾਂ ਜਥੇਬੰਦੀ ਦੇ ਨੁਮਾਇੰਦਿਆਂ ਕੋਲ ਜਮਾ ਕਰਵਾ ਦੇਣ।

ਇਸ ਤੋਂ ਪਹਿਲਾਂ ਵਿਛੜ ਗਏ ਸਾਥੀ ਬਿਕਰਮਜੀਤ ਬੱਠਲਾ ਦੇ ਛੋਟੇ ਭਰਾ, ਗੁਰਦਾਸ ਸਿੰਘ ਰਾਮਗੜ੍ਹ ਦੇ ਭਰਾ, ਸੁਖਵਿੰਦਰ ਸਿੰਘ ਖਮਾਣੋਂ ਦੀ ਭਰਜਾਈ, ਅਜੀਤ ਸਿੰਘ ਜੇ.ਈ. ਮੋਹਨਮਾਜਰਾ ਦੀ ਭੈਣ ਪਰਮਜੀਤ ਕੌਰ, ਨਿਰਮਲ ਸਿੰਘ ਕੋਟਾਲਾ ਦੇ ਭਜੀਤੇ ਗੁਰਜੋਤ ਸਿੰਘ, ਪ੍ਰੇਮ ਸਿੰਘ ਧਨੌਲਾ ਦੀ ਭਰਜਾਈ ਸੁਰਿੰਦਰ ਕੌਰ, ਪ੍ਰੀਤਮ ਸਿੰਘ ਲੁਬਾਣਗੜ੍ਹ ਦੀ ਪਤਨੀ, ਇਨ੍ਹਾਂ ਦੀ ਬੇਕਵਤੀ ਮੌਤ 'ਤੇ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ।

## ਡੇਢ ਕਿੱਲੋ ਅਫੀਮ ਸਮੇਤ ਕਾਬੂ

ਫਿਰੋਜ਼ਪੁਰ (ਅਸ਼ੋਕ ਸ਼ਰਮਾ)
ਥਾਣਾ ਮੱਲਾਂਵਾਲਾ ਦੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇੱਕ ਵਿਅਕਤੀ ਨੂੰ 1 ਕਿੱਲੋ 50 ਗ੍ਰਾਮ ਅਫੀਮ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ।

ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੇ ਦਿਨ ਮੱਲਾਂਵਾਲਾ ਆਦਿ ਰਵਾਨਾ ਸੀ ਤਾਂ ਜਦ ਪੁਲਸ ਪਾਰਟੀ ਗਸ਼ਤ ਕਰਦੀ ਮੱਲਾਂਵਾਲਾ ਤੋਂ ਮਖੂ ਰੋਡ ਨੂੰ ਜਾ ਰਹੀ ਸੀ ਤਾਂ ਸੜਕ ਦੇ ਕਿਨਾਰੇ ਕੋਲ 1 ਨੌਜਵਾਨ ਲਵਜੀਤ ਸਿੰਘ ਉਰਫ ਲਵ ਪੁੱਤਰ ਜਸਵੰਤ ਸਿੰਘ ਵਾਸੀ ਸ਼ੀਹਾ ਪਾੜੀ ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ, ਜਿਸ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 1 ਕਿੱਲੋ 50 ਗ੍ਰਾਮ ਅਫੀਮ ਬਰਾਮਦ ਹੋਈ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

## ਮੋਟਰਸਾਈਕਲ ਸਵਾਰਾਂ ਰਾਹ ਜਾਂਦੀ ਲੜਕੀ ਦਾ ਮੋਬਾਇਲ ਖੋਹਿਆ

ਬਰੇਟਾ (ਰੀਤਵਾਲ)-ਸਥਾਨਕ ਬੱਸ ਸਟੈਂਡ ਵਾਲੀ ਗਲੀ ਵਿਖੇ ਜਾ ਰਹੀ ਇੱਕ ਲੜਕੀ ਅਮਰਪਾਲ ਕੌਰ ਪਿੰਡ ਕਾਹਨਗੜ੍ਹ, ਜੋ ਕਿ ਮੋਬਾਇਲ 'ਤੇ ਗੱਲ ਕਰ ਰਹੀ ਸੀ ਤਾਂ ਅਚਾਨਕ ਨੇੜਿਓਂ ਲੰਘ ਰਹੇ ਤਿੰਨ ਮੋਟਰਸਾਈਕਲ ਸਵਾਰਾਂ ਨੇ ਉਸ ਦਾ ਵੀਵੋ ਕੰਪਨੀ ਦਾ ਮੋਬਾਇਲ ਝਪਟ ਲਿਆ ਤੇ ਰਫੂ ਚੱਕਰ ਹੋ ਗਏ।

ਲੜਕੀ ਨੇ ਤੁਰੰਤ ਹੀ ਉਥੋਂ ਭੱਜ ਕੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ ਤੇ ਇੱਕ ਹੋਰ ਮੋਟਰਸਾਈਕਲ ਦੇ ਪਿੱਛੇ ਬੈਠ ਕੇ ਝਪਟਮਾਰਾਂ ਦਾ ਪਿੱਛਾ ਕਰਨ ਦੀ ਕੋਸ਼ਿਸ਼ ਵੀ ਕੀਤੀ, ਪਰ ਮੋਟਰਸਾਈਕਲ ਸਵਾਰ ਚਕਮਾ ਦੇ ਕੇ ਫਰਾਰ ਹੋ ਗਏ।ਲੜਕੀ ਨੇ ਇਸ ਦੀ ਸ਼ਿਕਾਇਤ ਪੁਲਸ ਕੋਲ ਕੀਤੀ ਤਾਂ ਪੁਲਸ ਦੇ ਸਹਾਇਕ ਥਾਣੇਦਾਰ ਦਲੇਲ ਸਿੰਘ ਨੇ ਮੌਕੇ 'ਤੇ ਪੁੱਜ ਕੇ ਸੀਸੀਟੀਵੀ ਕੈਮਰੇ ਚੈੱਕ ਕੀਤੇ ਅਤੇ ਕਿਹਾ ਕਿ ਛੇਤੀ ਹੀ ਇਨ੍ਹਾਂ ਝਪਟ ਮਾਰਾਂ ਨੂੰ ਕਾਬੂ ਕਰ ਲਿਆ ਜਾਵੇਗਾ।

## ਡਾ. ਪੂਨਮ ਸ਼ਰਮਾ ਨੇ ਦੁਬਈ ਸਿੱਖਿਆ ਵਰਕਸ਼ਾਪ 'ਚ ਕੀਤੀ ਸ਼ਿਰਕਤ




ਡਾ. ਪ੍ਰਗਿਆ ਸਿੰਘ, ਸੀ ਬੀ ਐੱਸ ਸੀ ਸਕੱਤਰ ਹਿਮਾਸ਼ੂ ਗੁਪਤਾ ਤੇ ਡਾ. ਰਾਮ

ਸਮਰਾਲਾ (ਸੁਰਜੀਤ ਸਿੰਘ)-ਨਵੀਂ ਸਿੱਖਿਆ ਨੀਤੀ ਮੱਦੇਨਜ਼ਰ ਸਿੱਖਿਆ ਖੇਤਰ ਵਿੱਚ ਉੱਤਮਤਾ ਵਧਾਉਣ ਨੂੰ ਲੈ ਕੇ ਦੁਬਈ ਵਿੱਚ ਆਯੋਜਿਤ ਵਰਕਸ਼ਾਪ ਵਿੱਚ ਸਥਾਨਕ ਸੈਂਟੀਨਲ ਇੰਟਰਨੈਸ਼ਨਲ ਸਕੂਲ ਦੀ ਪ੍ਰਿੰਸੀਪਲ ਨੇ ਸ਼ਿਰਕਤ ਕੀਤੀ।ਇਹ ਵਰਕਸ਼ਾਪ ਕੇਂਦਰੀ ਮਾਧਿਅਮਿਕ ਸਿੱਖਿਆ ਬੋਰਡ ਵੱਲੋਂ ਆਯੋਜਿਤ ਕੀਤੀ ਗਈ ਸੀ। ਇਹ ਸਮਾਗਮ ਹੋਟਲ ਗ੍ਰੈਂਡ ਹਯਾਤ, ਦੁਬਈ, ਸੰਯੁਕਤ ਅਰਬ ਅਮੀਰਾਤ ਵਿਖੇ ਹੋਇਆ, ਜਿਸ ਦਾ ਮੁੱਖ ਉਦੇਸ਼ ਨੈਸ਼ਨਲ ਐਜੂਕੇਸ਼ਨ ਪਾਲਿਸੀ ਐੱਨ ਈ ਪੀ-2020 ਦੇ ਮੁੱਢਲੇ ਸਿਧਾਂਤਾਂ ਨੂੰ ਲਾਗੂ ਕਰਨਾ ਸੀ। ਸਮਾਗਮ ਦੇ ਮੁੱਖ ਮਹਿਮਾਨ ਰਾਜ ਸਭਾ ਦੀ ਮੈਂਬਰ ਸੁਧਾ ਮੂਰਤੀ ਸਨ।ਡਾ. ਪੂਨਮ ਸ਼ਰਮਾ ਦੀ ਸ਼ਮੂਲੀਅਤ ਨੇ ਸਕੂਲ ਦੀ ਵਚਨਬੱਧਤਾ ਨੂੰ ਦਰਸਾਇਆ ਕਿ ਉਹ ਆਪਣੇ ਪਾਠਕ੍ਰਮ ਨੂੰ ਰਾਸ਼ਟਰੀ ਸਿੱਖਿਆ ਸੁਧਾਰਾਂ ਨਾਲ ਜੋੜ ਕੇ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦੇ ਭਵਿੱਖ ਨੂੰ ਸਵਾਰਨ ਦਾ ਬੀੜਾ ਚੁੱਕਿਆ।ਉਦਘਾਟਨ ਸੈਸ਼ਨ ਵਿੱਚ ਸੰਕਰ, ਪ੍ਰੋਫੈਸਰ ਤੇ ਡਾਇਰੈਕਟਰ ਦੁਆਰਾ ਸਵਾਗਤੀ ਟਿੱਪਣੀਆਂ ਪੇਸ਼ ਕੀਤੀਆਂ ਗਈਆਂ।ਸਮਾਗਮ ਵਿੱਚ ਦੇਸ਼ ਭਰ ਤੋਂ ਇੱਕ ਹਜ਼ਾਰ ਤੋਂ ਵੱਧ ਅਧਿਆਪਕਾਂ ਨੇ ਹਿੱਸਾ ਲਿਆ।ਸੈਸ਼ਨਾਂ ਵਿੱਚ ਅਨੁਭਵੀ ਸਿੱਖਿਆ, ਵੋਕੇਸ਼ਨਲ ਸਿੱਖਿਆ ਦਾ ਏਕੀਕਰਨ, ਭਾਰਤੀ ਗਿਆਨ ਪ੍ਰਣਾਲੀਆਂ ਨੂੰ ਉਤਸ਼ਾਹਤ ਕਰਨਾ ਤੇ ਆਲੋਚਨਾਤਮਕ ਸੋਚ ਵਿਕਸਿਤ ਕਰਨ 'ਤੇ ਚਰਚਾ ਹੋਈ।ਸੈਂਟੀਨਲ ਇੰਟਰਨੈਸ਼ਨਲ ਸਕੂਲ ਦੀ ਨੁਮਾਇੰਦਗੀ ਕਰਦਿਆਂ ਡਾ. ਪੂਨਮ ਸ਼ਰਮਾ ਨੇ ਬਹੁ-ਵਿਸ਼ਈ ਪਹੁੰਚ ਤੇ ਅਧਿਆਪਕ ਸਮਰੱਥਾ ਵਿਕਾਸ 'ਤੇ ਚਰਚਾਵਾਂ ਵਿੱਚ ਸਰਗਰਮ ਯੋਗਦਾਨ ਪਾਇਆ।ਉਨ੍ਹਾਂ ਸਕੂਲ ਦੀਆਂ ਜਾਰੀ ਪਹਿਲਕਦਮੀਆਂ ਜਿਵੇਂ ਸਟੈਮ ਲੈਬਾਂ, ਕਲਾ-ਏਕੀਕ੍ਰਿਤ ਪ੍ਰੋਜੈਕਟ ਤੇ ਕਮਿਊਨਿਟੀ ਆਊਟਰੀਚ ਪ੍ਰੋਗਰਾਮਾਂ ਨੂੰ ਨਵੀਂ ਸਿੱਖਿਆ ਨੀਤੀ ਦੇ ਖੁਸ਼ਹਾਲ ਤੇ ਸਮਾਵੇਸ਼ੀ ਸਿੱਖਿਆ ਵਿਜ਼ਨ ਨਾਲ ਜੋੜਿਆ।ਸਮਾਗਮ ਵਿੱਚ ਸ਼ਹਿਰੀ-ਪੇਂਡੂ ਸਿੱਖਿਆ ਦੇ ਫਰਕ ਨੂੰ ਘਟਾਉਣ 'ਤੇ ਪੈਨਲ ਚਰਚਾਵਾਂ ਵੀ ਹੋਈਆਂ।

## ਵਿਆਹ ਦੀ 50ਵੀਂ ਵਰ੍ਹੇਗੰਢ ਮੌਕੇ ਧਾਰਮਿਕ ਸਮਾਗਮ ਕਰਵਾਇਆ



ਸੰਗਰੂਰ (ਪ੍ਰਵੀਨ ਸਿੰਘ)-ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਜਸਵੀਰ ਸਿੰਘ ਖ਼ਾਲਸਾ ਤੇ ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਅਮਰਜੀਤ ਕੌਰ ਵੱਲੋਂ ਆਪਣੇ ਵਿਆਹ ਦੀ 50ਵੀਂ ਵਰ੍ਹੇਗੰਢ ਦੀ ਖੁਸ਼ੀ ਮੌਕੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਧਾਰਮਿਕ ਸਮਾਗਮ ਕੀਤਾ ਗਿਆ, ਜਿਸ ਵਿੱਚ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੇ ਕੀਰਤਨ ਧਾਰਮਿਕ ਵਿਚਾਰਾਂ ਕੀਤੀਆਂ ਗਈਆਂ। ਫਗਵਾੜਾ ਤੋਂ ਮਹਾਨ ਕਥਾਵਾਚਕ ਜੈ ਇੰਦਰ ਸਿੰਘ ਵੱਲੋਂ ਧਾਰਮਿਕ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਇਸ ਮੌਕੇ ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਤੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਤੇ ਸੂਬਾਈ ਪੈਨਸ਼ਨਰ ਆਗੂ ਰਾਜ ਕੁਮਾਰ ਅਰੋੜਾ ਨੇ ਜਸਵੀਰ ਸਿੰਘ ਖ਼ਾਲਸਾ ਤੇ ਉਨ੍ਹਾਂ ਦੇ ਪਰਵਾਰ ਨੂੰ ਮੁਬਾਰਕਾਂ ਦਿੰਦੇ ਹੋਏ ਕਿਹਾ ਕਿ ਸ੍ਰ. ਜਸਵੀਰ ਸਿੰਘ ਖ਼ਾਲਸਾ ਪੀ. ਡਬਲਯੂ. ਡੀ. ਵਿਭਾਗ ਵਿੱਚੋਂ ਬਤੌਰ ਸੁਪਰਡੈਂਟ ਗ੍ਰੇਡ-1 ਸੇਵਾ ਮੁਕਤ ਹੋਏ ਹਨ।ਸੇਵਾ ਮੁਕਤੀ ਦੌਰਾਨ ਤੇ ਬਾਅਦ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਸੰਸਥਾਵਾਂ ਤੇ ਮੁਲਾਜ਼ਮ ਪੈਨਸ਼ਨਰ ਜਥੇਬੰਦੀਆਂ ਨਾਲ ਜੁੜੇ ਹੋਏ ਹਨ।ਇਸ ਮੌਕੇ ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਦੇ ਪ੍ਰਧਾਨ ਤੇ ਸਾਬਕਾ ਡੀਨ ਕੁਰੂਕਸ਼ੇਤਰਾ ਯੂਨੀਵਰਸਿਟੀ ਡਾ. ਨਰਵਿੰਦਰ ਕੌਸ਼ਲ, ਸਾਬਕਾ ਪ੍ਰਧਾਨ ਨਗਰ ਕੌਂਸ਼ਲ ਰਿਪੂਦਮਨ ਢਿੱਲੋਂ, ਇਕਬਾਲ ਸਿੰਘ ਪੂਨੀਆਂ, ਬੀਜੇਪੀ ਆਗੂ ਅਮਨਦੀਪ ਸਿੰਘ ਪੂਨੀਆਂ, ਸਮਾਜ ਸੇਵੀ ਗੁਰਦਿਆਲ ਸਿੰਘ ਚੱਠਾ ਵੱਲੋਂ ਜਸਵੀਰ ਸਿੰਘ ਖ਼ਾਲਸਾ ਤੇ ਉਨ੍ਹਾਂ ਦੇ ਪਰਵਾਰ ਨੂੰ ਮੁਬਾਰਕਬਾਦ ਦਿੱਤੀ ਗਈ। ਸੰਗਰੂਰ ਸੋਸ਼ਲ ਵੈੱਲਫੇਅਰ ਐਸੋਸੀਏਸ਼ਨ ਤੇ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਜ਼ਿਲ੍ਹਾ ਸੰਗਰੂਰ ਦੇ ਅਹੁਦੇਦਾਰ ਓ ਪੀ ਖਿੱਪਲ, ਕੰਵਲਜੀਤ ਸਿੰਘ, ਆਰ ਐੱਲ ਪਾਂਧੀ, ਡਾ. ਮਨਮੋਹਨ ਸਿੰਘ, ਕਰਨੈਲ ਸਿੰਘ ਸੇਖੋਂ, ਸੁਰਿੰਦਰ ਸਿੰਘ ਸੋਢੀ, ਲਾਲ ਚੰਦ ਸੈਣੀ, ਰਜਿੰਦਰ ਸਿੰਘ ਚੰਗਾਲ, ਕਿਸ਼ੋਰੀ ਲਾਲ, ਰਾਜ ਕੁਮਾਰ ਬਾਂਸਲ, ਓ ਪੀ ਗਰੋਵਰ, ਅਸ਼ੋਕ ਡੱਲਾ, ਤਿਲਕ ਰਾਜ ਸਤੀਜਾ, ਜਨਕ ਰਾਜ ਜੋਸ਼ੀ, ਜਗਜੀਤਇੰਦਰ ਸਿੰਘ ਚੇਅਰਮੈਨ, ਭਾਈਚਾਰਕ ਮੰਚ ਸੁਰਜੀਤ ਸਿੰਘ ਕਾਲੀਆ, ਨਗਨ ਬਾਬਾ ਸਾਹਿਬ ਦਾਸ ਸੇਵਾ ਦਲ ਦੇ ਪ੍ਰਧਾਨ ਹਰੀਸ਼ ਅਰੋੜਾ, ਸਵਤੰਤਰਤਾ ਸੰਗਰਾਮੀ ਆਗੂ ਪਰਮਜੀਤ ਸਿੰਘ ਟਿਵਾਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਮਾਜ ਸੇਵੀ, ਧਾਰਮਿਕ ਮੁਲਾਜ਼ਮ, ਪੈਨਸ਼ਨਰ, ਜਥੇਬੰਦੀਆਂ ਦੇ ਆਗੂ ਮੌਜੂਦ ਸਨ।

## ਮਾਰਕੀਟ ਕਮੇਟੀ ਮਹਿਲ ਕਲਾਂ ਅਧੀਨ ਖਰੀਦ ਕੇਂਦਰਾਂ 'ਤੇ 12 ਲੱਖ ਕੁਇੰਟਲ ਤੋਂ ਵੱਧ ਝੋਨੇ ਦੀ ਖਰੀਦ

ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਮਾਰਕੀਟ ਕਮੇਟੀ ਮਹਿਲ ਕਲਾਂ ਅਧੀਨ ਆਉਂਦੇ ਸਾਰੇ ਖਰੀਦ ਕੇਂਦਰਾਂ 'ਤੇ ਝੋਨੇ ਦੀ ਖਰੀਦ ਵਧੀਆ ਢੰਗ ਨਾਲ ਜਾਰੀ ਹੈ।ਇਹ ਜਾਣਕਾਰੀ ਦਿੰਦਿਆਂ ਮਾਰਕੀਟ ਕਮੇਟੀ ਦੇ ਚੇਅਰਮੈਨ ਸੁਖਵਿੰਦਰ ਦਾਸ ਬਾਵਾ, ਸਕੱਤਰ ਡੀਨਪਾਲ ਸਿੰਘ ਨੇ ਦੱਸਿਆ ਕਿ ਹੁਣ ਤੱਕ ਪਨਗਰੇਨ, ਪਨਸਪ, ਮਾਰਕਫੈੱਡ ਤੇ ਵੇਅਰਹਾਊਸ ਵੱਲੋਂ 12 ਲੱਖ 17,250 ਕੁਇੰਟਲ ਝੋਨੇ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀਆਂ ਸਖਤ ਹਦਾਇਤਾਂ ਅਨੁਸਾਰ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਦੀ ਗਤੀਸ਼ੀਲ ਅਗਵਾਈ ਹੇਠ ਸਾਰੇ ਕੇਂਦਰਾਂ ਵਿੱਚ ਖਰੀਦ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ ਤੇ ਨਾਲੋ ਨਾਲ ਅਦਾਇਗੀਆਂ ਦਾ ਭੁਗਤਾਨ ਵੀ ਕੀਤਾ ਜਾ ਰਿਹਾ ਹੈ।ਉਨ੍ਹਾਂ ਦੱਸਿਆ ਕਿ ਮੌਜੂਦਾ ਸੀਜ਼ਨ ਵਿੱਚ ਝੋਨੇ ਦਾ ਝਾੜ ਪਿਛਲੇ ਸਾਲਾਂ ਦੇ ਮੁਕਾਬਲੇ ਘਟਿਆ ਹੈ, ਜਿਸ ਕਰਕੇ ਮਿੱਥੇ ਟੀਚੇ ਨਾਲੋਂ ਖਰੀਦ ਕੁਝ ਘੱਟ ਰਹਿਣ ਦੀ ਸੰਭਾਵਨਾ ਹੈ।

## ਧਾਂਦਰਾ 'ਚ ਬਿਰਧ ਆਸ਼ਰਮ ਦਾ ਉਦਘਾਟਨ

ਧੂਰੀ (ਸੁਖਦੇਵ ਧੂਰੀ)-ਧੂਰੀ ਨੇੜਲੇ ਪਿੰਡ ਧਾਂਦਰਾ ਵਿਖੇ ਆਸਰਾ ਵੈੱਲਫੇਅਰ ਫਾਊਂਡੇਸ਼ਨ ਧੂਰੀ ਸਮੂਹ ਗ੍ਰਾਮ ਪੰਚਾਇਤ ਪਿੰਡ ਧਾਂਦਰਾ ਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਬਿਰਧ ਆਸ਼ਰਮ ਦਾ ਸ਼ਾਨਦਾਰ ਉਦਘਾਟਨ ਸਮਾਰੋਹ ਕੀਤਾ ਗਿਆ।ਇਸ ਪਵਿੱਤਰ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਤੇ ਬਾਬਾ ਨਵਤੇਜ ਸਿੰਘ ਅੰਮ੍ਰਿਤਸਰ ਵੱਲੋਂ ਕਥਾ ਕੀਤੀ ਗਈ।ਉਦਘਾਟਨ ਸਮਾਰੋਹ ਵਿੱਚ ਹਲਕੇ ਦੇ ਸਰਪੰਚ, ਪੰਚ, ਰਾਜਨੀਤਕ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ।ਇਸ ਮੌਕੇ ਆਸਰਾ ਵੈੱਲਫੇਅਰ ਫਾਊਂਡੇਸ਼ਨ ਵੱਲੋਂ ਹੁਣ ਤੱਕ ਕੀਤੇ ਗਏ ਸਮਾਜ ਭਲਾਈ ਦੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਫਾਊਂਡੇਸ਼ਨ ਦੇ ਪ੍ਰਧਾਨ ਸ੍ਰ. ਪ੍ਰਿਤਪਾਲ ਸਿੰਘ ਢੀਂਡਸਾ ਖਾਲਸਾ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿੱਚ ਫਾਊਂਡੇਸ਼ਨ ਵੱਲੋਂ 21 ਲੜਕੀਆਂ ਦੇ ਵਿਆਹ ਕਰਵਾਏ ਜਾਣਗੇ ਤੇ ਇਹ ਸਮਾਜ ਭਲਾਈ ਦੇ ਕੰਮ ਅਗਾਂਹ ਵੀ ਲਗਾਤਾਰ ਜਾਰੀ ਰਹਿਣਗੇ।ਸਮਾਜ ਸੇਵਾ ਦੇ ਇਸ ਯਤਨ ਲਈ ਪਿੰਡ ਵਾਸੀਆਂ ਤੇ ਆਏ ਹੋਏ ਮਹਿਮਾਨਾਂ ਨੇ ਆਸਰਾ ਫਾਊਂਡੇਸ਼ਨ ਦੇ ਯਤਨਾਂ ਦੀ ਖੁੱਲ੍ਹੇ ਦਿਲ ਨਾਲ ਪ੍ਰਸੰਸਾ ਕੀਤੀ।ਇਸ ਸਮੇਂ ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਐੱਸ ਜੀ ਪੀ ਸੀ, ਸ੍ਰ. ਹਰੀ ਸਿੰਘ ਪ੍ਰੀਤ ਐੱਮ ਡੀ ਪ੍ਰੀਤ ਗਰੁੱਪ, ਭਾਈ ਪ੍ਰਭਜੋਤ ਸਿੰਘ ਖਾਲਸਾ, ਭਾਈ ਜਸਪ੍ਰੀਤ ਸਿੰਘ ਸੰਧੂ, ਮਨਮੋਹਨ ਕੌਸ਼ਿਸ਼ ਤਹਿਸੀਲਦਾਰ, ਅਸ਼ੋਕ ਕੁਮਾਰ ਲੱਖਾ ਚੇਅਰਮੈਨ ਗਊ ਸੇਵਾ ਕਮਿਸ਼ਨ ਪੰਜਾਬ, ਭੁਪਿੰਦਰ ਸਿੰਘ ਭਲਵਾਨ ਮੈਂਬਰ ਸ਼੍ਰੋਮਣੀ ਕਮੇਟੀ, ਕਾਂਗਰਸੀ ਆਗੂ ਸ਼ੁਭਮ ਸ਼ਰਮਾ ਸੂਬੀ, ਨਾਹਰ ਸਿੰਘ ਡੀ ਐੱਸ ਪੀ ਰਿਟਾਇਰ, ਇੰਦਰਪਾਲ ਸਿੰਘ ਗੋਲਡੀ ਕਹੇਰੂ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਕਾਂਗਰਸੀ ਆਗੂ ਹਰਦੀਪ ਸਿੰਘ ਦੌਲਤਪੁਰ, ਹਰਦੀਪ ਸਿੰਘ ਨੰਨੜੇ ਉੱਘੇ ਸਮਾਜ ਸੇਵੀ, ਭਾਜਪਾ ਆਗੂ ਰਣਦੀਪ ਸਿੰਘ ਦਿਓਲ, ਜਗਸੀਰ ਸਿੰਘ ਜੱਗਾ ਪ੍ਰਧਾਨ ਪੰਚਾਇਤ ਯੂਨੀਅਨ ਸਮੇਤ ਹੋਰ ਵੀ ਹਾਜ਼ਰ ਸਨ।ਇਸ ਸਮੇਂ ਸੰਸਥਾ ਨੂੰ ਹਰਦੀਪ ਸਿੰਘ ਬਬਲੂ ਅਮਰੀਕਾ, ਸੁਖਦੀਪ ਸਿੰਘ ਸੀਪਾ ਅਮਰੀਕਾ ਵੱਲੋਂ 51000-51000 ਰੁਪਏ ਤੇ ਹਰੀ ਸਿੰਘ ਵੱਲੋਂ ਸੰਸਥਾ ਨੂੰ ਵਾਟਰ ਕੂਲਰ ਦਾਨ ਕੀਤਾ ਗਿਆ।ਸਟੇਜ ਸਕੱਤਰ ਦੀ ਭੂਮਿਕਾ ਜਗਰੂਪ ਸਿੰਘ ਧਾਂਦਰਾ ਨੇ ਨਿਭਾਈ।

## ਮੁਫ਼ਤ ਮੈਡੀਕਲ ਚੈੱਕਅੱਪ ਕੈਂਪ ਲਾਇਆ



ਪਟਿਆਲਾ (ਰਾਜਿੰਦਰ ਸਿੰਘ ਥਿੰਦ)
ਜਨਹਿਤ ਸਮਿਤੀ ਵੱਲੋਂ ਅਮਰ ਹਸਪਤਾਲ ਨਾਲ ਮਿਲ ਕੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਬਾਰਾਦਰੀ ਗਾਰਡਨ 'ਚ ਲਾਇਆ ਗਿਆ। ਕੈਂਪ ਵਿੱਚ ਤਕਰੀਬਨ 200 ਵਿਅਕਤੀਆਂ ਨੇ ਆਪਣਾ ਮੈਡੀਕਲ ਚੈੱਕਅਪ ਕਰਾਇਆ। ਅਮਰ ਹਸਪਤਾਲ ਦੇ ਸਟਾਫ ਵੱਲੋਂ ਸਾਰੇ ਹੀ ਵਿਅਕਤੀਆਂ ਦਾ ਚੈੱਕਅਪ ਕੀਤਾ ਗਿਆ। ਮਾਨਯੋਗ ਵਿਜੇ ਗੋਇਲ ਪਟਿਆਲਾ ਵੈਲਫੇਅਰ ਸੁਸਾਇਟੀ ਵੱਲੋਂ ਸ਼ਿਰਕਤ ਕੀਤੀ ਗਈ।

ਉਨ੍ਹਾਂ ਸੰਸਥਾ ਦੇ ਕਾਰਜਾਂ ਦੀ ਸ਼ਲਾਘਾ ਕੀਤੀ ਤੇ ਸੰਸਥਾ ਦੇ ਸਮਾਜ ਸੇਵੀ ਕੰਮਾਂ ਲਈ ਹਰੇਕ ਤਰ੍ਹਾਂ ਨਾਲ ਮਦਦ ਕਰਨ ਦਾ ਭਰੋਸਾ ਵੀ ਦਿੱਤਾ। ਉਨ੍ਹਾਂ ਕਿਹਾ ਕਿ ਜਨਹਿਤ ਸਮਿਤੀ ਆਪਣੇ ਆਪ ਵਿੱਚ ਇੱਕ ਪੂਰਨ ਸੰਸਥਾ ਹੈ ਤੇ ਹੋਰ ਸਮਾਜ ਸੇਵੀ ਸੰਸਥਾਵਾਂ ਲਈ ਉਦਾਹਰਣ ਹੈ।ਸਾਨੂੰ ਸਾਰਿਆਂ ਨੂੰ ਜਨਹਿਤ ਸਮਿਤੀ ਦੇ ਮੈਂਬਰ ਬਣਨਾ ਚਾਹੀਦਾ ਹੈ ਤਾਂ ਜੁ ਜਨਹਿਤ ਸਮਿਤੀ ਹੋਰ ਵਧ-ਚੜ੍ਹ ਕੇ ਲੋਕਾਂ ਦੀ ਸੇਵਾ ਕਰ ਸਕੇ। ਸਾਬਕਾ ਡਾਇਰੈਕਟਰ ਜੀ ਐਸ ਆਨੰਦ ਵੱਲੋਂ ਦੱਸਿਆ ਗਿਆ ਕਿ ਸੰਸਥਾ ਹਮੇਸ਼ਾ ਹੀ ਲੋਕਾਂ ਦੇ ਭਲੇ ਦੇ ਕੰਮ ਕਰਦੀ ਹੈ। ਇਸ ਦੇ ਨਾਲ ਹੀ ਲੋਕਾਂ ਨੂੰ ਸਿਹਤ ਸੰਭਾਲ ਲਈ ਜਾਗਰੂਕ ਕਰਨਾ ਸੰਸਥਾ ਦਾ ਟੀਚਾ ਹੈ। ਇਸੇ ਲੜੀ ਤਹਿਤ ਹਰੇਕ ਹਫ਼ਤੇ ਬਾਰਾਂਦਰੀ ਗਾਰਡਨ ਵਿੱਚ ਮੈਡੀਕਲ ਚੈੱਕ ਅਪ ਕੈਂਪ ਲਾਏ ਜਾਂਦੇ ਹਨ।

ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਲਗਾਤਾਰ ਸਮਾਜ ਸੇਵਾ ਦੇ ਭਲਾਈ ਦੇ ਕੰਮ ਜਿਵੇਂ ਮੁਫ਼ਤ ਐਬੂਲੈਂਸ ਸਰਵਿਸ, ਮੁਫ਼ਤ ਕੰਪਿਊਟਰ ਸਿੱਖਿਆ, ਮੁਫ਼ਤ ਸਿਲਾਈ ਸਿੱਖਿਆ ਤੇ ਮਰੀਜ਼ਾਂ ਦੀ ਮਦਦ ਕਰਨਾ ਸ਼ਾਮਲ ਹੈ। ਸੰਸਥਾ ਦੇ ਜਨਰਲ ਸਕੱਤਰ ਵਿਨੋਦ ਸ਼ਰਮਾ ਵੱਲੋਂ ਸੰਸਥਾ ਦੇ ਕੰਮਾਂ ਬਾਰੇ ਦੱਸਦਿਆਂ ਕਿਹਾ ਕਿ ਜਿੱਥੇ ਸੰਸਥਾ ਵੱਲੋਂ ਇਹ ਕੈਂਪ ਲਾਇਆ ਗਿਆ ਹੈ, ਉੱਥੇ ਹੀ ਸੰਸਥਾ ਵੱਲੋਂ ਹੜ੍ਹ ਵਾਲੇ ਏਰੀਏ ਵਿੱਚ ਜਾ ਕੇ ਲੋਕਾਂ ਨੂੰ ਰਾਸ਼ਨ ਤੇ ਹੋਰ ਸਮਾਨ ਵੰਡਿਆ ਜਾਂਦਾ ਹੈ।

## ਲਾਈਟ ਐਂਡ ਸਾਊਂਡ ਸਮਾਗਮ ਦੀਆਂ ਤਿਆਰੀਆਂ ਸੰਬੰਧੀ ਐੱਸ ਡੀ ਐੱਮ ਦੀ ਪ੍ਰਧਾਨਗੀ ਹੇਠ ਮੀਟਿੰਗ



ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਚਾਵਲਾ)-14 ਨਵੰਬਰ ਨੂੰ ਸ਼ਾਮ 5.30 ਵਜੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਤੇ ਬਾਬਾ ਜੈਤਾ ਆਦਿ ਮਹਾਨ ਸ਼ਹੀਦਾਂ ਦੀ ਅਮਰ ਸ਼ਹਾਦਤ ਨੂੰ ਸਮਰਪਤ ਲਾਈਟ ਐਂਡ ਸਾਊਂਡ ਸ਼ੋਅ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਐਸ.ਡੀ.ਐੱਮ. ਸ੍ਰੀਮਤੀ ਬਲਜੀਤ ਕੌਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ ਭਾਗ ਲਿਆ।ਐਸ.ਡੀ.ਐੱਮ. ਨੇ ਜ਼ਿਲ੍ਹੇ ਦੇ ਸਕੂਲ ਖਾਸ ਕਰ ਸਿੱਖਿਆ ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਅਪੀਲ ਕੀਤੀ ਕਿ ਉਹ 14 ਨਵੰਬਰ ਨੂੰ ਸ਼ਾਮ 5.30 ਵਜੇ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਬੱਚਿਆਂ, ਉਨ੍ਹਾਂ ਦੇ ਅਧਿਆਪਕਾਂ, ਮਾਤਾ-ਪਿਤਾ ਨਾਲ ਵੱਧ ਤੋਂ ਵੱਧ ਸ਼ਿਰਕਤ ਕਰਨ।ਉਨ੍ਹਾਂ ਨੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਅਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ ਤੇ ਸਾਡੇ ਗੁਰੂਆਂ ਅਤੇ ਸ਼ਹੀਦਾਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਿਤ ਲਾਈਟ ਐਂਡ ਸਾਊਂਡ ਸਮਾਗਮ ਵਿੱਚ ਪਰਵਾਰਾਂ ਸਮੇਤ ਇਸ ਸਮਾਗਮ ਵਿੱਚ ਸ਼ਿਰਕਤ ਕਰਨ।ਇਸ ਮੌਕੇ ਮਸ਼ਹੂਰ ਢਾਡੀ ਜੱਥੇ ਵੀ ਇਸ ਤੋਂ ਪਹਿਲਾਂ ਸੰਗਤਾਂ ਨੂੰ ਨਿਹਾਲ ਕਰਨਗੇ।ਉਨ੍ਹਾਂ ਕਿਹਾ ਕਿ ਲਾਈਟ ਐਂਡ ਸਾਊਂਡ ਸਮਾਗਮ ਲਈ ਤਿਆਰੀਆਂ ਪੂਰੇ ਜ਼ੋਰ ਨਾਲ ਜਾਰੀ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਵਧ-ਚੜ੍ਹ ਕੇ ਸ੍ਰੀ ਗੁਰੂ ਤੇਗ ਬਹਾਦਰ ਤੇ ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਜੈਤਾ ਆਦਿ ਮਹਾਨ ਸ਼ਹੀਦਾਂ ਦੀ ਅਮਰ ਸ਼ਹਾਦਤ ਨੂੰ ਸਮਰਪਤ ਲਾਈਟ ਐਂਡ ਸਾਊਂਡ ਸ਼ੋਅ ਵਿੱਚ ਆ ਕੇ ਗੁਰੂ ਸਾਹਿਬ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਤੇ ਆਪਣੇ ਸ਼ਹਾਦਤਾਂ ਨਾਲ ਭਰਪੂਰ ਮਹਾਨ ਵਿਰਸੇ ਤੋਂ ਜਾਣੂ ਹੋਣ।

## ਜੌੜਾਮਾਜਰਾ ਵੱਲੋਂ ਡਕਾਲਾ 'ਚ ਵਿਕਾਸ ਕਾਰਜਾਂ ਦਾ ਉਦਘਾਟਨ



ਸਮਾਣਾ (ਇਕਬਾਲ ਸਿੰਘ ਬੱਲ)-ਸਮਾਣਾ ਹਲਕੇ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸੋਮਵਾਰ ਆਪਣੇ ਹਲਕੇ ਦੇ ਪਿੰਡ ਡਕਾਲਾ ਵਿਖੇ 1.50 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰੰਗਲਾ ਪੰਜਾਬ ਤਹਿਤ ਸਮਾਣਾ ਹਲਕੇ ਦੇ ਹਰ ਪਿੰਡ ਤੇ ਸਮਾਣਾ ਸ਼ਹਿਰ ਵਿੱਚ ਬਿਨਾਂ ਕਿਸੇ ਵਿਤਕਰੇ ਤੋਂ ਵਿਕਾਸ ਕਾਰਜ ਜੰਗੀ ਪੱਧਰ 'ਤੇ ਕਰਵਾਏ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਹਲਕੇ ਅੰਦਰ 30 ਖੇਡਾਂ ਦੇ ਮੈਦਾਨ ਬਣਾਏ ਜਾ ਰਹੇ ਹਨ ਤੇ ਇਸ ਲਈ ਟੈਂਡਰ ਲੱਗ ਚੁੱਕਾ ਹੈ।ਵਿਧਾਇਕ ਨੇ ਦੱਸਿਆ ਕਿ ਨਵੇਂ ਤੇ ਪੁਰਾਣੇ ਡਕਾਲਾ ਲਈ ਪੰਚਾਇਤ ਘਰ ਬਣਾਉਣ ਵਾਸਤੇ 25 ਲੱਖ ਰੁਪਏ ਦੀ ਮਨਜ਼ੂਰੀ ਦਾ ਪੱਤਰ ਸੌਂਪਿਆ ਗਿਆ ਹੈ ਤੇ ਪਿੰਡ 'ਚ ਸੀਵਰੇਜ ਪ੍ਰਣਾਲੀ ਸਮੇਤ 78.65 ਲੱਖ ਰੁਪਏ ਦੀ ਲਾਗਤ ਨਾਲ ਕੰਕਰੀਟ ਦੀ ਵੱਡੀ ਫਿਰਨੀ ਬਣਾਈ ਗਈ ਹੈ।ਇਸ ਤੋਂ ਇਲਾਵਾ ਹਲਕੇ ਦੇ ਇਸ ਵੱਡੇ ਪਿੰਡ ਡਕਾਲਾ ਲਈ ਗਰਾਊਂਡ, ਸੀਵਰੇਜ, ਛੱਪੜਾਂ, ਪਾਣੀ ਦੀ ਨਿਕਾਸੀ, ਬਣਨ ਵਾਲੇ ਰਸਤਿਆਂ ਦਾ ਕੋਈ ਵੀ ਕੰਮ ਬਕਾਇਆ ਨਹੀਂ ਰਹੇਗਾ।ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਮਨਿੰਦਰ ਸਿੰਘ ਬਲਾਕ ਪ੍ਰਧਾਨ, ਬੀਡੀਪੀਓ ਸੁਖਵਿੰਦਰ ਸਿੰਘ ਟਿਵਾਣਾ, ਸਰਪੰਚ ਹਰਕਿੰਦਰ ਸਿੰਘ, ਸਰਪੰਚ ਅਮਰਦੀਪ ਸਿੰਘ, ਕੁਲਜੀਤ ਸਿੰਘ ਰੰਧਾਵਾ, ਮਨਬੀਰ ਸਿੰਘ ਡਕਾਲਾ, ਪਵਿੱਤਰ ਸਿੰਘ, ਅੰਮ੍ਰਿਤ ਸਿੰਘ ਤਲਵੰਡੀ, ਜੇਈ ਸੁਨੀਲ ਕੁਮਾਰ, ਪੰਚਾਇਤ ਸਕੱਤਰ ਅਸ਼ੋਕ ਕੁਮਾਰ ਸਮੇਤ ਹੋਰ ਪਿੰਡਾਂ ਦੇ ਮੋਹਤਬਰ ਮੌਜੂਦ ਸਨ।

## ਆਊਟਸੋਰਸ ਮੁਲਾਜ਼ਮ ਯੂਨੀਅਨ ਨੇ ਸਿਵਲ ਸਰਜਨ ਨੂੰ ਮੰਗ ਪੱਤਰ ਸੌਂਪਿਆ



ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਬਠਿੰਡਾ ਵੱਲੋਂ ਆਊਟਸੋਰਸ ਯੂਨੀਅਨ ਦੇ ਸੂਬਾ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਦੀ ਅਗਵਾਈ ਵਿੱਚ ਸਿਵਲ ਸਰਜਨ ਬਠਿੰਡਾ ਨੂੰ ਮੰਗ ਪੱਤਰ ਸੌਂਪਿਆ ਗਿਆ, ਜਿਸ ਵਿੱਚ ਪੰਜਾਬ ਦੇ ਸਰਕਾਰੀ ਹਸਪਤਾਲਾਂ ਦਾ ਨਿੱਜੀਕਰਨ ਬੰਦ ਕਰਨ ਦੀ ਮੰਗ, ਆਊਟਸੋਰਸ ਸਿਹਤ ਵਿਭਾਗ ਦੇ ਮੁਲਾਜ਼ਮਾਂ ਨੂੰ ਕੰਪਨੀਆਂ ਵਿੱਚੋਂ ਬਾਹਰ ਕੱਢ ਕੇ ਪੱਕੇ ਕਰਨ ਦੀ ਮੰਗ, ਬਰਾਬਰ ਕੰਮ ਬਰਾਬਰ ਤਨਖ਼ਾਹ ਦੀ ਮੰਗ, ਚੰਡੀਗੜ੍ਹ ਦਾ ਡੀ ਸੀ ਰੇਟ ਲਾਗੂ ਕਰਨ ਦੀ ਮੰਗ, ਕੱਚੇ ਕਾਮਿਆਂ ਦੀਆਂ ਆਪਸੀ ਬਦਲੀਆਂ ਦੀ ਮੰਗ, 58 ਸਾਲ ਤੱਕ ਦੀ ਉਮਰ ਹੱਦ ਪੂਰੀ ਕਰ ਚੁੱਕੇ ਆਊਟਸੋਰਸ ਕਾਮਿਆਂ ਨੂੰ ਪੈਨਸ਼ਨ ਤੇ ਪਰਿਵਾਰਕ ਮੈਂਬਰ ਨੂੰ ਪਹਿਲ ਦੇ ਆਧਾਰ 'ਤੇ ਰੁਜ਼ਗਾਰ ਦੇਣ ਦੀ ਮੰਗ ਆਦਿ ਮੰਗਾਂ ਦਾ ਮੰਗ ਪੱਤਰ ਮਾਣਯੋਗ ਸਿਹਤ ਮੰਤਰੀ ਪੰਜਾਬ ਨੂੰ ਭੇਜਿਆ ਗਿਆ।ਇਸ ਦੇ ਨਾਲ ਹੀ ਇੱਕ ਮੰਗ ਪੱਤਰ ਆਊਟਸੋਰਸ ਮੁਲਾਜ਼ਮਾਂ ਦਾ ਦਿਵਾਲੀ ਬੋਨਸ ਤੇ ਤਨਖ਼ਾਹਾਂ 14 ਨਵੰਬਰ ਤੱਕ ਜਾਰੀ ਨਾ ਹੋਣ ਦੀ ਸੂਰਤ ਵਿੱਚ 17 ਨਵੰਬਰ ਤੋਂ ਸਿਵਲ ਸਰਜਨ ਦਫ਼ਤਰ ਬਠਿੰਡਾ ਵਿਖੇ ਧਰਨਾ ਲਗਾਉਣ ਦਾ ਨੋਟਿਸ ਵੀ ਦਿੱਤਾ ਗਿਆ।ਇਸ ਰੋਸ ਪ੍ਰਦਰਸ਼ਨ ਵਿੱਚ ਸਿਹਤ ਵਿਭਾਗ ਦੇ ਆਊਟਸੋਰਸ ਕਾਮਿਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਤੇ ਇਨ੍ਹਾਂ ਦੇ ਨਾਲ ਵੱਖ-ਵੱਖ ਜਥੇਬੰਦੀਆਂ ਜਿਵੇਂ ਤਾਲਮੇਲ ਕਮੇਟੀ ਪੈਰਾਮੈਡੀਕਲ ਤੇ ਸਿਹਤ ਕਰਮਚਾਰੀ ਇਕਾਈ ਬਠਿੰਡਾ, ਮਲਟੀਪਰਪਜ਼ ਹੈਲਥ ਇੰਪਲਾਇਜ਼ ਯੂਨੀਅਨ ਬਠਿੰਡਾ, ਪੰਜਾਬ ਸਿਵਲ ਮੈਡੀਕਲ ਸਰਵਿਸਜ਼ ਯੂਨੀਅਨ ਬਠਿੰਡਾ, ਪੰਜਾਬ ਨਰਸਿੰਗ ਐਸੋਸੀਏਸ਼ਨ ਇਕਾਈ ਬਠਿੰਡਾ, ਮੈਡੀਕਲ ਲੈਬੋਰੇਟਰੀ ਟੈਕਨੀਸ਼ੀਅਨ ਇਕਾਈ ਬਠਿੰਡਾ, ਰੇਡੀਓਗ੍ਰਾਫ਼ਰ ਐਸੋਸੀਏਸ਼ਨ ਇਕਾਈ ਬਠਿੰਡਾ, ਦਰਜਾਚਾਰ/ਵਾਰਡ ਅਟੈਂਡੈਂਟ ਕਰਮਚਾਰੀ ਯੂਨੀਅਨ ਬਠਿੰਡਾ ਆਦਿ ਜਥੇਬੰਦੀਆਂ ਹਾਜ਼ਰ ਰਹੀਆਂ।

## ਨਗਰ ਕੀਰਤਨ ਦੇ ਸਵਾਗਤ ਦੀਆਂ ਤਿਆਰੀਆਂ ਨੂੰ ਲੈ ਕੇ ਸਾਂਝੀ ਇਕੱਤਰਤਾ



ਨਾਭਾ (ਵਰਿੰਦਰ ਵਰਮਾ)-ਤਿਲਕ ਜੰਞੂ ਕੇ ਰਾਖੇ ਸਗਲ ਸ੍ਰਿਸ਼ਟੀ ਦੀ ਚਾਦਰ ਨੌਵੇਂ ਪਾਤਸ਼ਾਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਤੇ ਉਨ੍ਹਾਂ ਦੇ ਅਨਿੰਨ ਸੇਵਕ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਲਾਸਾਨੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਉਪਰਾਲੇ ਸਦਕਾ ਵਿਸ਼ਾਲ ਨਗਰ ਕੀਰਤਨ, ਜੋ ਕਿ ਗੁਰਦੁਆਰਾ ਧੋਬੜੀ ਸਾਹਿਬ (ਅਸਾਮ) ਤੋਂ ਰਵਾਨਾ ਹੋ ਕੇ ਪੜਾਅ ਦਰ ਪੜਾਅ ਵੱਖ ਵੱਖ ਰਾਜਾਂ ਵਿੱਚੋਂ ਹੁੰਦਾ ਹੋਇਆ 17 ਨਵੰਬਰ ਨੂੰ ਰਾਤ ਸਮੇਂ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਸਾਹਿਬ ਨਾਭਾ ਵਿਖੇ ਪਹੁੰਚੇਗਾ।ਨਾਭਾ ਦੀ ਧਰਤੀ 'ਤੇ ਨਗਰ ਕੀਰਤਨ ਪਹੁੰਚਣ 'ਤੇ ਸਵਾਗਤ ਦੀਆਂ ਤਿਆਰੀਆਂ ਨੂੰ ਲੈ ਕੇ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਸਾਹਿਬ ਨਾਭਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬੀਬੀ ਹਰਦੀਪ ਕੌਰ ਖੋਖ ਦੇ ਪਤੀ ਜਥੇਦਾਰ ਬਲਤੇਜ ਸਿੰਘ ਖੋਖ ਤੇ ਮੈਨੇਜਰ ਆਤਮ ਪ੍ਰਕਾਸ਼ ਸਿੰਘ ਬੇਦੀ ਦੀ ਅਗਵਾਈ ਹੇਠ ਨਾਭੇ ਇਲਾਕੇ ਦੀਆਂ ਸਮੁੱਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੇ ਸੇਵਾ ਸੁਸਾਇਟੀਆਂ ਦੀ ਸਾਂਝੀ ਇਕੱਤਰਤਾ ਬੁਲਾਈ ਗਈ, ਜਿਸ ਵਿੱਚ ਨਗਰ ਕੀਰਤਨ ਦਾ ਸਵਾਗਤ ਪੂਰੇ ਜੋਸ਼ੋ ਖਰੋਸ਼ ਨਾਲ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਵੱਖ-ਵੱਖ ਸੁਸਾਇਟੀਆਂ ਤੇ ਗੁਰਦੁਆਰਾ ਪ੍ਰਬੰਧਕਾਂ ਕਮੇਟੀਆਂ ਨੂੰ ਸੇਵਾਵਾਂ ਸੌਂਪੀਆਂ ਗਈਆਂ ਤੇ ਸੇਵਾ ਸੁਸਾਇਟੀਆਂ ਵੱਲੋਂ ਪੂਰਨ ਤੌਰ 'ਤੇ ਸਹਿਯੋਗ ਕਰਨ ਦਾ ਭਰੋਸਾ ਦਿੱਤਾ।ਇਸ ਮੌਕੇ ਜਥੇਦਾਰ ਖੋਖ ਤੇ ਮੈਨੇਜਰ ਬੇਦੀ ਨੇ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਨੌਵੇਂ ਪਾਤਸ਼ਾਹ ਦੀ ਲਾਸਾਨੀ ਸ਼ਹੀਦੀ ਸ਼ਤਾਬਦੀ ਨੂੰ ਪਹੁੰਚ ਰਹੇ ਨਗਰ ਕੀਰਤਨ ਨੂੰ ਜੀ ਆਇਆਂ ਨੂੰ ਆਖਣ ਲਈ ਆਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਕੀਆਂ ਨਿਸ਼ਾਨੀਆਂ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਆਪਣੇ ਆਪ ਨੂੰ ਵਡਭਾਗੇ ਬਣਾਈਏ ਅਤੇ ਪੂਰੇ ਜਾਹੋ ਜਲਾਲ ਨਾਲ ਨਗਰ ਕੀਰਤਨ ਦਾ ਸਵਾਗਤ ਕਰੀਏ।ਇਸ ਮੌਕੇ ਵੱਡੀ ਗਿਣਤੀ 'ਚ ਸੋਸਾਇਟੀਆਂ ਦੇ ਆਗੂ ਹਾਜ਼ਰ ਸਨ।

## ਹਿਮੈਟੋਲੋਜੀ ਵਿਭਾਗ ਨੇ ਕਾਨਫਰੰਸਾਂ 'ਚ ਮਾਰੀਆਂ ਮੱਲਾਂ



ਸਮਰਾਲਾ (ਸੁਰਜੀਤ ਸਿੰਘ)-ਪੀਜੀਆਈ ਚੰਡੀਗੜ੍ਹ ਦੇ ਹਿਮੈਟੋਲੋਜੀ ਵਿਭਾਗ ਨੇ ਲਖਨਊ ਵਿਖੇ ਆਯੋਜਿਤ ਹੀਮੈਟੋਕਾਨ 2025 ਦੌਰਾਨ ਕਾਬਿਲ-ਏ-ਤਾਰੀਫ਼ ਸਫਲਤਾ ਪ੍ਰਾਪਤ ਕੀਤੀ।ਡਾ. ਸ੍ਰੀਜੇਸ਼. ਐੱਸ ਐਡੀਸ਼ਨਲ ਪ੍ਰੋਫੈਸਰ ਨੂੰ ਲੈਬ ਹਿਮੈਟੋਲੋਜੀ ਦੇ ਖੇਤਰ ਵਿੱਚ ਪ੍ਰਕਾਸ਼ਿਤ ਸਭ ਤੋਂ ਵਧੀਆ ਮੂਲ ਅਧਿਐਨ ਲਈ ਡਾ. ਕੇ. ਸੀ. ਦਾਸ ਮੈਮੋਰੀਅਲ ਐਵਾਰਡ 2025 ਨਾਲ ਸਨਮਾਨਤ ਕੀਤਾ ਗਿਆ।ਡਾ. ਨਮ੍ਰਤਾ ਕੌਲ ਨੂੰ ਬੈਸਟ ਡੀ. ਐੱਮ. ਡਿਜ਼ਰਟੇਸ਼ਨ ਐਵਾਰਡ ਮਿਲਿਆ, ਜਦਕਿ ਡਾ. ਸਨੰਦਾ ਕੁਮਾਰ, ਡਾ. ਪਾਰਸ ਤੇ ਡਾ. ਅਪਰਨਾ ਨੇ ਰਾਸ਼ਟਰੀ ਡੀ. ਐੱਮ. ਹਿਮੈਟੋਲੋਜੀ ਕਵਿੱਜ਼ ਵਿੱਚ ਜਿੱਤ ਪ੍ਰਾਪਤ ਕੀਤੀ, ਜਿਸ ਨਾਲ ਉਨ੍ਹਾਂ ਦੀ ਕਲੀਨਿਕਲ ਤੇ ਲੈਬੋਰੇਟਰੀ ਗਿਆਨ ਦੀ ਉੱਤਮ ਸਮਰਥਾ ਪ੍ਰਗਟ ਹੋਈ। ਨਿਧੀ ਨੇ ਬੈਸਟ ਔਰਲ ਪ੍ਰਜ਼ੈਂਟੇਸ਼ਨ ਐਵਾਰਡ ਹਾਸਲ ਕੀਤਾ, ਜਦਕਿ ਡਾ. ਸ਼ਿਮਰੀਥ ਹੈਨਾ ਨੂੰ ਮੈਲਿਗਨੈਂਟ ਹਿਮੈਟੋਲੋਜੀ ਸ਼੍ਰੇਣੀ ਵਿੱਚ ਬੈਸਟ ਪੋਸਟਰ ਐਵਾਰਡ ਪ੍ਰਦਾਨ ਕੀਤਾ ਗਿਆ।ਇਸ ਤੋਂ ਇਲਾਵਾ ਡਾ. ਸ਼ਿਵਾਨੀ ਬੰਸਲ ਨੇ ਬੈਂਕਾਕ ਵਿਖੇ ਏ.ਪੀ.-ਆਈ.ਏ.ਪੀ. 2025 ਵਿੱਚ ਔਰਲ ਪ੍ਰਜ਼ੈਂਟੇਸ਼ਨ ਲਈ ਪਹਿਲਾ ਇਨਾਮ ਜਿੱਤਿਆ।ਕੋਲਕਾਤਾ ਵਿਖੇ ਆਯੋਜਿਤ 17ਵੀਂ ਟੀ.ਸੀ.ਐੱਸ. ਸਾਲਾਨਾ ਕਾਨਫਰੰਸ ਵਿੱਚ ਡਾ. ਰਕਸ਼ਿਤਾ ਆਚਾਰਿਆ ਤੇ ਡਾ. ਮੀਨਾ ਕੁਮਾਰੀ ਐੱਸ ਨੂੰ ਕ੍ਰਮਵਾਰ ਬੈਸਟ ਔਰਲ ਪ੍ਰਜ਼ੈਂਟੇਸ਼ਨ ਤੇ ਟਰੈਵਲ ਐਵਾਰਡ ਨਾਲ ਸਨਮਾਨਤ ਕੀਤਾ ਗਿਆ।

12-Nov Page 11-Majha-25.qxd 11/11/2025 10:53 PM Page 1



## ਐੱਨ ਐੱਚ ਐੱਮ ਯੂਨੀਅਨ ਦੇ ਮੁਲਾਜ਼ਮਾਂ ਵੱਲੋਂ ਸਿਹਤ ਅਤੇ ਵਿੱਤ ਮੰਤਰੀ ਪੰਜਾਬ ਨਾਲ ਅਹਿਮ ਮੀਟਿੰਗ



ਚੋਹਲਾ ਸਾਹਿਬ (ਰਮਨ ਚੱਢਾ)-ਐੱਨ ਐੱਚ ਐੱਮ ਯੂਨੀਅਨ ਦੇ ਮੁਲਾਜ਼ਮਾਂ ਨਾਲ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾਂ ਪੰਜਾਬ ਵੱਲੋਂ ਅਹਿਮ ਮੀਟਿੰਗ ਕੀਤੀ ਗਈ। ਇਸ ਸਮੇਂ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਜਸਵੀਰ ਸਿੰਘ ਤਰਨ ਤਾਰਨ ਨੇ ਦੱਸਿਆ ਕਿ ਮੀਟਿੰਗਾਂ ਦੌਰਾਨ ਅਹਿਮ ਵਿੱਤੀ ਮੰਗਾਂ ਬਾਰੇ ਯੂਨੀਅਨ ਦਾ ਪੱਖ ਸੂਬਾ ਕਮੇਟੀ ਮੈਂਬਰ ਡਾਕਟਰ ਵਾਹਿਦ, ਜਸਵੀਰ ਸਿੰਘ ਤਰਨਤਾਰਨ, ਮਨਦੀਪ ਸਿੰਘ ਤਰਨਤਾਰਨ, ਵਿਸ਼ਾਲ ਤਰਨ ਤਾਰਨ ਅਤੇ ਜੁਗਰਾਜ ਸਿੰਘ ਤਰਨ ਤਾਰਨ ਵੱਲੋਂ ਰਖਿਆ ਗਿਆ। ਵਿਭਾਗ ਨੂੰ ਇਸ ਗੱਲ ਲਈ ਸਹਿਮਤ ਕੀਤਾ ਗਿਆ ਕਿ ਰੈਗੂਲਰ ਸਕੇਲ ਅਤੇ ਡੀ ਏ ਸੰਬੰਧੀ ਅਦਾਲਤੀ ਹੁਕਮਾਂ ਅਨੁਸਾਰ ਇਕਸਾਰਤਾ ਨਾਲ ਸਮੂਹ ਮੁਲਾਜ਼ਮਾਂ ਉਪਰ ਲਾਗੂ ਕੀਤਾ ਜਾਵੇਗਾ। ਉਮੀਦ ਹੈ ਕਿ ਆਉਣ ਵਾਲੇ ਸਮੇਂ ਵਿੱਚ ਪਿਛਲੇ 18 ਸਾਲਾਂ ਤੋਂ ਠੇਕਾ ਨਾਮ ਦਾ ਸੰਤਾਪ ਭੋਗ ਰਹੇ ਸਾਡੇ ਸਾਥੀਆਂ ਦੇ ਘਰਾਂ ਵਿੱਚ ਖੁਸ਼ਹਾਲੀ ਆਵੇਗੀ। ਨੈਸ਼ਨਲ ਹੈਲਥ ਮਿਸ਼ਨ ਦੇ ਮੁਲਾਜ਼ਮਾਂ ਨੂੰ ਰੈਗੂਲਰ ਅਸਾਮੀਆਂ ਵਿੱਚ ਵਾਧੂ ਅੰਕ ਦਿੱਤੇ ਜਾਣ ਲਈ ਵੀ ਵਿਸ਼ਵਾਸ ਦਵਾਇਆ ਗਿਆ ਹੈ। ਕਰਮਚਾਰੀਆਂ ਲਈ ਰਿਟਾਇਰਮੈਂਟ ਤੋਂ ਉਪਰੰਤ ਗਰੈਚੁਟੀ ਲਈ ਵੀ ਸਰਕਾਰ ਨੇ ਹਾਂ ਪੱਖੀ ਹੁੰਗਾਰਾ ਭਰਿਆ ਹੈ ਕਿ ਇਸ ਬਾਰੇ ਵੀ ਜਲਦੀ ਹੀ ਫੈਸਲਾ ਲਿਆ ਜਾਵੇਗਾ। ਰਿਟਾਇਰਮੈਂਟ ਉਮਰ ਹੱਦ ਵਿੱਚ ਵਾਧਾ ਕਰਨ ਸੰਬੰਧੀ ਵੀ ਮੰਗ ਕੀਤੀ ਗਈ ਅਤੇ ਇਸ ਬਾਰੇ ਜਲਦੀ ਕਾਰਵਾਈ ਕਰਨ ਲਈ ਯੂਨੀਅਨ ਵੱਲੋਂ ਦਸਤਾਵੇਜ਼ਾਂ ਸਮੇਤ ਪੱਖ ਰੱਖਿਆ ਗਿਆ ਹੈ। ਉਮੀਦ ਕਰਦੇ ਹਾਂ ਕਿ ਸਰਕਾਰ ਇਨ੍ਹਾਂ ਮੰਗਾਂ ਵੱਲ ਜਲਦੀ ਧਿਆਨ ਦੇਵੇਗੀ।

## ਬੀ ਡੀ ਪੀ ਓ ਦਫਤਰ ਤਰਸਿੱਕਾ ਵਿਖੇ ਅੱਜ ਲੱਗਣ ਵਾਲਾ ਧਰਨਾ 24 ਨੂੰ : ਪੰਧੇਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ੋਨ ਟਾਹਲੀ ਸਾਬ੍ਹ, ਜ਼ੋਨ ਤਰਸਿੱਕਾ, ਜ਼ੋਨ ਮਹਿਤਾ ਅਤੇ ਜ਼ੋਨ ਟਾਂਗਰਾ ਵੱਲੋਂ ਬੀਡੀਪੀਓ ਦਫਤਰ ਬਲਾਕ ਤਰਸਿੱਕਾ ਅੱਗੇ ਵੱਖ-ਵੱਖ ਪਿੰਡਾਂ ਦੇ ਮਸਲਿਆਂ ਨੂੰ ਹੱਲ ਕਰਵਾਉਣ ਲਈ 12 ਨਵੰਬਰ ਦੇ ਉਲੀਕੇ ਗਏ ਧਰਨੇ ਨੂੰ 24 ਨਵੰਬਰ ਤੱਕ ਅੱਗੇ ਪਾ ਦਿੱਤਾ ਗਿਆ ਹੈ। ਇਹ ਜਾਣਕਾਰੀ ਮੀਟਿੰਗ ਤੋਂ ਬਾਅਦ ਜਥੇਬੰਦੀ ਦੇ ਸੂਬਾ ਆਗੂ ਸਰਵਣ ਸਿੰਘ ਪੰਧੇਰ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਜ਼ਿਲ੍ਹਾ ਆਗੂ ਬਲਦੇਵ ਸਿੰਘ ਬੱਗਾ ਨੇ ਦਿੱਤੀ।ਇਸ ਮੌਕੇ ਜ਼ਿਲ੍ਹਾ ਆਗੂ ਕੰਧਾਰ ਸਿੰਘ ਭੋਏਵਾਲ, ਸੁਖਦੇਵ ਸਿੰਘ ਚਾਟੀਵਿੰਡ, ਬਲਵਿੰਦਰ ਸਿੰਘ ਰੁਮਾਣਾਚੱਕ ਨੇ ਕਿਹਾ ਕਿ ਜਿੱਥੇ ਜਥੇਬੰਦੀ ਵੱਲੋਂ ਕੌਮੀ ਇਨਸਾਫ ਮੋਰਚੇ ਵੱਲੋਂ ਦਿੱਤੇ ਗਏ ਇਨਸਾਫ ਮਾਰਚ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਗਿਆ ਹੈ ਅਤੇ ਜਿਹੜਾ ਜ਼ੋਨ ਇਸ ਮਾਰਚ ਵਿੱਚ ਭਾਗ ਲੈਣ ਲਈ 14 ਨੂੰ ਰਵਾਨਾ ਹੋ ਰਹੇ ਹਨ, ਓਥੇ ਹੀ ਜਥੇਬੰਦਕ ਵੱਲੋਂ ਕੇ ਮਜ਼ਦੂਰੀ ਅਤੇ ਬਿਜਲੀ ਸੋਧ ਬਿੱਲ -2025 ਖਿਲਾਫ ਸੰਘਰਸ਼ ਦੀਆਂ ਤਿਆਰੀਆਂ ਵੀ ਕੀਤੀਆਂ ਜਾ ਰਹੀਆਂ ਹਨ, ਜਿਸ ਕਾਰਨ ਇਹ ਧਰਨਾ ਕੁਝ ਦਿਨ ਅੱਗੇ ਪਾਉਣ ਦਾ ਫੈਸਲਾ ਕੀਤਾ ਗਿਆ ਹੈ।ਉਨ੍ਹਾਂ ਚੇਤਾਵਨੀ ਦਿੰਦੇ ਕਿਹਾ ਕਿ ਸਬੰਧਿਤ ਅਦਾਰੇ ਮੰਗ ਪੱਤਰ ਵਿੱਚ ਦਿੱਤੇ ਗਏ ਮੰਗ ਦੀਆਂ ਮੰਗਾਂ ਤੇ ਧਿਆਨ ਦੇਣ ਜਾਂ ਲੋਕ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ।ਇਸ ਮੌਕੇ ਜ਼ੂਮ ਮੀਟਿੰਗ ਰਾਹੀਂ ਰਣਜੀਤ ਸਿੰਘ ਚਾਟੀਵਿੰਡ, ਅਮਰਿੰਦਰ ਸਿੰਘ ਮਾਲੋਵਾਲ, ਰਣਧੀਰ ਸਿੰਘ ਬੁੱਟਰ ਵੀ ਹਾਜ਼ਿਰ ਹੋਏ।

## ਸ਼ੈਰੀ ਕਲਸੀ ਨੇ ਕਿਲਾ ਟੇਕ ਸਿੰਘ ਵਿਖੇ ਲਿੰਕ ਸੜਕ ਦਾ ਨੀਂਹ ਪੱਥਰ ਰੱਖਿਆ



ਬਟਾਲਾ, (ਡਾ. ਮਲਵਿੰਦਰ ਸਿੰਘ)-ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਹੇਠ ਬਟਾਲਾ ਹਲਕੇ ਅੰਦਰ ਵਿਕਾਸ ਕਾਰਜਾਂ ਦੀ ਲੜੀ ਤਹਿਤ ਪਿੰਡ ਕਿਲਾ ਟੇਕ ਸਿੰਘ ਵਿਖੇ ਸਰਪੰਚ ਜਗਤਾਰ ਸਿੰਘ ਅਤੇ ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ ਲਿੰਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ ਗਿਆ।ਇਸ ਮੌਕੇ ਸਰਪੰਚ ਜਗਤਾਰ ਸਿੰਘ ਨੇ ਦੱਸਿਆ ਕਿ ਸੜਕ ਬਣਨ ਨਾਲ ਇਸ ਕਿਲਾ ਟੇਕ ਸਿੰਘ ਪਿੰਡ ਸਮੇਤ ਵੱਖ-ਵੱਖ ਪਿੰਡਾਂ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।ਇਸ ਮੌਕੇ ਪਿੰਡ ਵਾਸੀਆਂ ਨੇ ਵਿਧਾਇਕ ਸ਼ੈਰੀ ਕਲਸੀ ਦਾ ਧੰਨਵਾਦ ਕੀਤਾ।

ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਦੀ ਅਗਵਾਈ ਹੇਠ ਪਿੰਡਾਂ ਅੰਦਰ ਵੱਖ-ਵੱਖ ਵਿਕਾਸ ਚੱਲ ਰਹੇ ਹਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਗਈਆਂ ਹਨ।ਉਨ੍ਹਾਂ ਦੱਸਿਆ ਕਿ ਵਿਧਾਇਕ ਸ਼ੈਰੀ ਕਲਸੀ ਵਲੋਂ ਬਟਾਲਾ ਹਲਕੇ ਸਮੇਤ ਨੇੜਲੇ ਕਈ ਪਿੰਡਾਂ ਦੇ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਇੱਕੋ ਛੱਤ ਹੇਠ ਵੱਖ-ਵੱਖ ਸਰਕਾਰੀ ਸੇਵਾਵਾਂ ਮੁਹੱਈਆ ਕਰਵਾਉਣ ਲਈ ਨਵੇਂ ਤਹਿਸੀਲ ਕੰਪਲੈਕਸ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਵੱਲੋਂ ਲੋਕ ਅਰਪਣ ਕਰ ਦਿੱਤਾ ਗਿਆ ਹੈ ਅਤੇ ਕਰੀਬ 314 ਪਿੰਡਾਂ ਦੇ ਲੋਕਾਂ ਨੂੰ ਵੱਡਾ ਅਤੇ ਸ਼ਾਨਦਾਰ ਤੋਹਫਾ ਦਿੱਤਾ ਗਿਆ ਹੈ।

## ਦੁਬਈ ਤੋਂ ਨਿਤੇਸ਼ ਚੋਪੜਾ ਦਾ ਮ੍ਰਿਤਕ ਸਰੀਰ ਭਾਰਤ ਪੁੱਜਾ



ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਮੋਹਾਲੀ ਨਾਲ ਸਬੰਧਿਤ 32 ਸਾਲਾ ਨਿਤੇਸ਼ ਚੋਪੜਾ ਪੁੱਤਰ ਸੁਰੇਸ਼ ਕੁਮਾਰ ਦਾ ਮ੍ਰਿਤਕ ਸਰੀਰ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪੁੱਜਿਆ, ਜਿਸ ਉਪਰੰਤ ਸਰਬੱਤ ਦਾ ਭਲਾ ਟਰੱਸਟ ਦੀ ਮੁਫ਼ਤ ਐਂਬੂਲੈਂਸ ਸੇਵਾ ਰਾਹੀਂ ਉਸ ਦੇ ਘਰ ਭੇਜਿਆ ਗਿਆ। ਜਾਣਕਾਰੀ ਸਾਂਝੀ ਕਰਦਿਆਂ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ. ਪੀ. ਸਿੰਘ ਓਬਰਾਏ ਨੇ ਦੱਸਿਆ ਨਿਤੇਸ਼ ਚੋਪੜਾ ਵੀ ਹੋਰਨਾਂ ਨੌਜਵਾਨਾਂ ਵਾਂਗ ਆਪਣੇ ਪਰਿਵਾਰ ਦੀ ਗੁਰਬਤ ਨੂੰ ਦੂਰ ਕਰਨ ਲਈ ਕਰੀਬ ਪਿਛਲੇ 7 ਸਾਲਾਂ ਤੋਂ ਦੁਬਈ ਵਿਖੇ ਮਿਹਨਤ ਮਜ਼ਦੂਰੀ ਕਰ ਰਿਹਾ ਸੀ।27 ਅਕਤੂਬਰ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਉਸਦੀ ਮੌਤ ਹੋ ਗਈ ਸੀ।ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਨਿੱਜੀ ਸਹਾਇਕ ਬਲਦੀਪ ਸਿੰਘ ਚਾਹਲ ਵੱਲੋਂ ਮ੍ਰਿਤਕ ਦੀ ਕੰਪਨੀ ਦੇ ਮੈਨੇਜਰ ਸਿਮਰਜੀਤ ਸਿੰਘ ਨੂੰ ਨਾਲ ਲੈ ਕੇ ਦੁਬਈ ਅੰਦਰਲੀ ਲੋੜੀਂਦੀ ਕਾਗਜ਼ੀ ਕਾਰਵਾਈ ਮੁਕੰਮਲ ਕਰਵਾਈ ਸੀ। ਡਾ.ਓਬਰਾਏ ਨੇ ਇਹ ਵੀ ਦੱਸਿਆ ਕਿ ਨਿਤੇਸ਼ ਚੋਪੜਾ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਤੇ ਆਇਆ ਸਾਰਾ ਖਰਚ ਉਸਦੀ ਕੰਮ ਵਾਲੀ ਕੰਪਨੀ ਵੱਲੋਂ ਕੀਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਟਰੱਸਟ ਦੀ ਮੋਹਾਲੀ ਜ਼ਿਲ੍ਹੇ ਦੀ ਟੀਮ ਵੱਲੋਂ ਜਲਦ ਹੀ ਪਰਿਵਾਰ ਦੀ ਆਰਥਿਕ ਹਾਲਤ ਤੋਂ ਜਾਣੂ ਕਰਵਾਉਣ ਉਪਰੰਤ ਨਿਤੇਸ਼ ਚੋਪੜਾ ਦੇ ਪਰਿਵਾਰ ਨੂੰ ਲੋੜ ਅਨੁਸਾਰ ਮਹੀਨਾਵਾਰ ਪੈਨਸ਼ਨ ਵੀ ਦਿੱਤੀ ਜਾਵੇਗੀ।

## ਆਰੀਆ ਸਮਾਜ ਬਰਨਾਲਾ ਦੀ ਸਥਾਪਨਾ ਦੇ 51 ਵਰ੍ਹੇ ਪੂਰੇ ਹੋਣ 'ਤੇ ਸੱਤ ਦਿਨਾ ਸਮਾਗਮ

ਗੁਰਦਾਸਪੁਰ, (ਜਨਕ ਮਹਾਜਨ)-ਆਰੀਆ ਸਮਾਜ ਪਿੰਡ ਬਰਨਾਲਾ ਗੁਰਦਾਸਪੁਰ ਵੱਲੋਂ 7 ਦਿਨਾ ਸਮਾਗਮ ਸਫਲਤਾਪੂਰਵਕ ਸਮਾਪਤ ਹੋਇਆ। ਇਹ ਸਮਾਗਮ ਆਰੀਆ ਸਮਾਜ ਦੀ ਸਥਾਪਨਾ ਦੇ 150 ਸਾਲ ਅਤੇ ਆਰੀਆ ਸਮਾਜ ਬਰਨਾਲਾ ਦੀ ਸਥਾਪਨਾ ਦੇ 51 ਸਾਲ ਪੂਰੇ ਹੋਣ 'ਤੇ ਕੀਤਾ ਗਿਆ। ਸਮਾਗਮ ਦੀ ਪ੍ਰਧਾਨਗੀ ਪੂਜਯ ਸਵਾਮੀ ਵੇਦ ਪ੍ਰਕਾਸ਼ ਨੂਰਪੁਰ ਹਿਮਾਚਲ ਵਾਲਿਆਂ ਨੇ ਕੀਤੀ ਜਦੋਂਕਿ ਓਮ ਪ੍ਰਕਾਸ਼ ਆਰੀਆ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ।



ਮਾਸਟਰ ਗੁਰਦਿੱਤ ਸਿੰਘ ਨੇ ਝੰਡਾ ਲਹਿਰਾਇਆ। ਸਵਾਮੀ ਵੇਦ ਪ੍ਰਕਾਸ਼ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਆਰੀਆ ਸਮਾਜ ਦੀ ਸਥਾਪਨਾ 1875 ਵਿਚ ਮਹਾਰਿਸ਼ੀ ਦਯਾਨੰਦ ਸਰਸਵਤੀ ਨੇ ਕੀਤੀ ਸੀ। ਉਦੋਂ ਤੋਂ ਲੈ ਕੇ ਅੱਜ ਤੱਕ ਆਰੀਆ ਸਮਾਜ ਦੇਸ਼ ਵਿਚ ਬੁਰਾਈਆਂ ਅਤੇ ਅਸਮਾਨਤਾਵਾਂ ਵਿਰੁੱਧ ਦ੍ਰਿੜਤਾ ਨਾਲ ਕੰਮ ਕਰ ਰਿਹਾ ਹੈ। ਆਰੀਆ ਸਮਾਜ ਵੈਦਿਕ ਵਿਚਾਰਧਾਰਾ ਦਾ ਸਮਰਥਕ ਰਿਹਾ ਹੈ ਅਤੇ ਸਨਾਤਨ ਸੱਭਿਆਚਾਰ ਦੀ ਰੱਖਿਆ ਲਈ ਇਕ ਪਹਿਰੇਦਾਰ ਵਜੋਂ ਕੰਮ ਕੀਤਾ ਹੈ। ਇਸ ਸਮਾਗਮ ਵਿਚ ਅਮਰੀਕ ਸਿੰਘ ਜੱਗੀ, ਸੋਨੀਆ ਗੁਲਸ਼ਨ, ਮੀਤਲੀ ਗੁਲਸ਼ਨ, ਕਾਂਤਾ ਰਾਣੀ, ਪੰਡਿਤ, ਡਾ. ਅਜੈ ਕੁਮਾਰ ਅਤੇ ਹਿਤੇਸ਼ ਸ਼ਾਸਤਰੀ ਨੇ ਭਜਨਾਂ ਅਤੇ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਤਰਸੇਮ ਲਾਲ ਆਰੀਆ, ਪ੍ਰਧਾਨ ਯਸ਼ਪਾਲ ਠਾਕੁਰ, ਗੁਰਮੀਤ ਸਿੰਘ, ਮੋਹਨ ਲਾਲ, ਰਮੇਸ਼ ਚੰਦਰ, ਸੁਸ਼ੀਲ ਕੁਮਾਰ ਪ੍ਰੈੱਸ ਸਕੱਤਰ, ਜਤਿੰਦਰ ਤ੍ਰੇਹਨ, ਗੁਰਚਰਨ ਸਿੰਘ, ਗੁਰਦਿਆਲ ਸਿੰਘ, ਅਰਵਿੰਦ ਮਹਿਤਾ, ਮਧੁਰਭਾਸ਼ਾਨੀ, ਤਹਿਸੀਲਦਾਰ ਕੇਵਲ ਕ੍ਰਿਸ਼ਨ, ਪ੍ਰਿੰਸ, ਅਸ਼ਵਨੀ ਕੁਮਾਰ ਲਖਵਿੰਦਰ ਸਿੰਘ, ਸਰਵਣ ਕੁਮਾਰ ਅਤੇ ਸ਼ਵਿੰਦਰ ਕੁਮਾਰ ਆਦਿ ਹਾਜ਼ਰ ਸਨ।

## ਸ਼੍ਰੀ ਬ੍ਰਾਹਮਣ ਸਭਾ ਗੁਰਦਾਸਪੁਰ ਵੱਲੋਂ ਲੋੜਵੰਦ ਪਰਿਵਾਰਾਂ ਲਈ ਸਾਲਾਨਾ ਰਾਸ਼ਨ ਵੰਡ ਸਮਾਗਮ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਸ਼੍ਰੀ ਬ੍ਰਾਹਮਣ ਸਭਾ ਗੁਰਦਾਸਪੁਰ ਵੱਲੋਂ ਸਾਲਾਨਾ ਰਾਸ਼ਨ ਵੰਡ ਸਮਾਗਮ ਦਾ ਆਯੋਜਨ ਸਭਾ ਦੇ ਪ੍ਰਧਾਨ ਮੁਕੇਸ਼ ਸ਼ਰਮਾ ਦੀ ਅਗਵਾਈ ਵਿੱਚ ਬਟਾਲਾ ਰੋਡ ਵਿਖੇ ਸਥਿਤ ਸ਼੍ਰੀ ਬ੍ਰਾਹਮਣ ਭਵਨ ਵਿਖੇ ਕੀਤਾ ਗਿਆ।ਸਮਾਗਮ ਵਿਚ ਭਾਰਤ ਭੂਸ਼ਣ ਸ਼ਰਮਾ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜ਼ਰ ਹੋਏ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਭਾ ਦੇ ਪ੍ਰੈੱਸ ਸਕੱਤਰ ਮਨੋਜ ਰੈਣਾ ਨੇ ਦੱਸਿਆ ਕਿ ਰਾਸ਼ਨ ਵੰਡ ਸਮਾਗਮ ਦੀ ਸ਼ੁਰੂਆਤ ਹਵਨ ਯੱਗ ਨਾਲ ਕੀਤੀ ਗਈ ਜਿਸ ਵਿਚ ਵਿਸ਼ੇਸ਼ ਮਹਿਮਾਨ ਭਾਰਤ ਭੂਸ਼ਨ ਸ਼ਰਮਾ ਸਮੇਤ ਸਭਾ ਦੇ ਅਹੁਦੇਦਾਰਾਂ ਦੇ ਨਾਲ ਸਮਾਜ ਦੇ ਪ੍ਰਮੁੱਖ ਲੋਕ ਹਾਜ਼ਰ ਹੋਏ ।ਹਵਨ ਯੱਗ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ।



ਇਸ ਮੌਕੇ ਭਾਰਤ ਭੂਸ਼ਣ ਸ਼ਰਮਾ ਨੇ ਕਿਹਾ ਕਿ ਸ਼੍ਰੀ ਬ੍ਰਾਹਮਣ ਸਭਾ ਵੱਲੋਂ ਆਰਥਿਕ ਤੌਰ ਦੇ ਕਮਜ਼ੋਰ ਵਰਗ ਨੂੰ ਰਾਸ਼ਨ ਵੰਡਣ ਦਾ ਪ੍ਰੋਜੈਕਟ ਸ਼ਲਾਘਾਯੋਗ ਹੈ। ਇਸ ਲਈ ਹਰ ਮੈਂਬਰ ਤੇ ਵਿਅਕਤੀ ਨੂੰ ਇਸ ਪ੍ਰੋਜੈਕਟ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਭਾ ਵੱਲੋਂ ਉਨ੍ਹਾਂ ਦੀ ਪ੍ਰੋਜੈਕਟ ਦੀ ਸਫਲਤਾ ਲਈ ਜਿਹੜੀ ਵੀ ਜ਼ਿੰਮੇਦਾਰੀ ਲਗਾਈ ਜਾਵੇਗੀ ਉਹ ਖੁਸ਼ੀ ਨਾਲ ਅਦਾ ਕਰਨਗੇ। ਸਭਾ ਦੇ ਪ੍ਰਧਾਨ ਮੁਕੇਸ਼ ਸ਼ਰਮਾ ਨੇ ਹਾਜ਼ਰੀਨ ਦਾ ਸਵਾਗਤ ਕੀਤਾ ।ਰਾਸ਼ਨ ਵੰਡਣ ਦੇ ਪ੍ਰੋਜੈਕਟ ਇੰਚਾਰਜ ਵਰਿੰਦਰ ਕੁਮਾਰ ਮੱਟੀ ਨੇ ਕਿਹਾ ਕਿ ਇਹ ਪ੍ਰੋਜੈਕਟ ਹਰ ਮਹੀਨੇ ਜਾਰੀ ਰੱਖਿਆ ਜਾਵੇਗਾ।ਇਸ ਮੌਕੇ ਪੰਡਿਤ ਅਸ਼ੋਕ ਸ਼ਰਮਾ, ਗਣੇਸ਼ ਸ਼ਾਸਤਰੀ, ਕਮਲਜੀਤ ਸ਼ਰਮਾ, ਅਰੁਣ ਸ਼ਰਮਾ, ਆਗਿਆ ਰਾਮ ਸ਼ਰਮਾ, ਵਰਿੰਦਰ ਕੁਮਾਰ ਮੱਟੀ, ਪਵਨ ਰਾਏ, ਬ੍ਰਹਮਪਾਲ ਸ਼ਰਮਾ, ਸ਼ਾਮ ਲਾਲ ਸ਼ਰਮਾ, ਸੁਨੀਲ ਸ਼ਰਮਾ, ਦਿਨੇਸ਼ ਚੰਦਰ, ਮਨੋਜ ਗੌਤਮ, ਗੋਬਿੰਦ ਸ਼ਰਮਾ, ਵਿਨੇ ਸ਼ਰਮਾ, ਨਰੇਸ਼ ਮਹਿਤਾ, ਯੋਗਰਾਜ ਸ਼ਰਮਾ, ਧਰਮਪਾਲ ਸ਼ਰਮਾ, ਮਨੋਹਰ ਲਾਲ ਸ਼ਰਮਾ, ਪ੍ਰਿੰਸੀਪਲ ਪਵਨ ਸ਼ਰਮਾ, ਰਾਕੇਸ਼ ਸ਼ਰਮਾ, ਸਵਰੂਪ ਸ਼ਾਸਤਰੀ, ਦੀਪਕ ਸ਼ਰਮਾ, ਮਨਿੰਦਰ ਸ਼ਰਮਾ, ਪ੍ਰਕਾਸ਼ ਜੋਸ਼ੀ, ਅਨੁਜ ਸ਼ਰਮਾ, ਰਾਜੇਸ਼ ਸ਼ਰਮਾ ਅਤੇ ਰਮੇਸ਼ ਸ਼ਰਮਾ ਆਦਿ ਵੀ ਹਾਜ਼ਰ ਸਨ ।

## ਲੋਹ ਪੁਰਸ਼ ਵੱਲਭ ਭਾਈ ਪਟੇਲ ਦੇ 150ਵੇਂ ਜਨਮ ਦਿਨ 'ਤੇ ਵਿਸ਼ੇਸ਼ ਏਕਤਾ ਦੌੜ ਦਾ ਆਯੋਜਨ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਲੋਹ ਪੁਰਸ਼ ਸਰਦਾਰ ਵਲੱਭ ਭਾਈ ਪਟੇਲ ਦੇ 150ਵੇਂ ਜਨਮ ਦਿਨ ਦੇ ਸਬੰਧ ਵਿੱਚ ਉਨ੍ਹਾਂ ਦੀਆਂ ਦੇਸ਼ ਲਈ ਕੀਤੀਆਂ ਅਦਭੁਤ ਸੇਵਾਵਾਂ ਨੂੰ ਯਾਦ ਕਰਦੇ ਹੋਏ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਇੱਕ ਵਿਸ਼ੇਸ਼ ਏਕਤਾ ਦੌੜ ਕਰਵਾਈ ਗਈ।ਇਹ ਦੌੜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆ) ਦੀਨਾਨਗਰ ਤੋਂ ਸ਼ੁਰੂ ਹੋ ਕੇ (ਲੰਡਨ ਸਪਾਈਸ) ਗੁਰਦਾਸਪੁਰ ਬਾਈਪਾਸ ਵਿਖੇ ਸਮਾਪਤ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਸਕੂਲਾਂ ਅਤੇ ਕਾਲਜਾਂ ਦੇ ਬੱਚਿਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ।ਦੌੜ ਦੀ ਸ਼ੁਰੂਆਤ ਐੱਸ. ਡੀ. ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਵੱਲੋਂ ਹਰੀ ਝੰਡੀ ਦਿਖਾ ਕੇ ਕੀਤੀ ਗਈ।ਬੱਚਿਆਂ ਨੇ ਏਕਤਾ ਵਿੱਚ ਸ਼ਕਤੀ ਹੈ ਅਤੇ ਰਾਸ਼ਟਰੀ ਏਕਤਾ ਅਮਰ ਰਹੇ ਦੇ ਨਾਅਰੇ ਲਗਾ ਕੇ ਸਭ ਦਾ ਮਨ ਮੋਹ ਲਿਆ।ਇਸ ਮੌਕੇ ਗੱਲ ਕਰਦਿਆਂ ਐੱਸ. ਡੀ. ਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ ਨੇ ਕਿਹਾ ਕਿ ਸਰਦਾਰ ਵੱਲਭ ਭਾਈ ਪਟੇਲ ਵੱਲੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਵਿੱਚ ਪਾਏ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।ਉਨ੍ਹਾਂ ਦੇ ਜੀਵਨ ਤੋਂ ਸਾਨੂੰ ਦੇਸ਼ ਪ੍ਰੇਮ, ਸਮਰਪਣ ਅਤੇ ਨਿਸ਼ਕਾਮ ਸੇਵਾ ਦੀ ਪ੍ਰੇਰਣਾ ਮਿਲਦੀ ਹੈ।ਉਨ੍ਹਾਂ ਅੱਗੇ ਕਿਹਾ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਵਿਦਿਆਰਥੀਆਂ ਵਲੋਂ ਸਰਦਾਰ ਵਲੱਭ ਭਾਈ ਪਟੇਲ ਦੇ 150ਵੇਂ ਜਨਮ ਦਿਨ ਦੇ ਸਬੰਧ ਵਿੱਚ ਕਰਵਾਈ ਏਕਤਾ ਦੌੜ ਵਿੱਚ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ।ਇਸ ਮੌਕੇ




ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦਿਵਸ ਦੀ ਮਹੱਤਤਾ ਬਾਰੇ ਵੀ ਜਾਣੂ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਉਹ ਦੇਸ਼ ਦੀ ਏਕਤਾ, ਸਾਂਝ ਅਤੇ ਭਰਾਤਰੀਭਾਵ ਬਣਾਈ ਰੱਖਣ ਵਿੱਚ ਆਪਣਾ ਯੋਗਦਾਨ ਪਾਉਣ।ਦੌੜ ਦੇ ਅੰਤ 'ਚ ਵਿਦਿਆਰਥੀਆਂ ਨੂੰ ਸਰਦਾਰ ਪਟੇਲ ਦੀ ਜੀਵਨੀ ਤੇ ਪ੍ਰੇਰਨਾਦਾਇਕ ਕਹਾਣੀਆਂ ਸੁਣਾਈਆਂ ਗਈਆਂ ਅਤੇ ਉਨ੍ਹਾਂ ਦੀ ਤਸਵੀਰ ਤੇ ਸ਼ਰਧਾ ਦੇ ਫੁੱਲ ਭੇਟ ਕਰਕੇ ਸ਼ਰਧਾਜਲੀ ਦਿੱਤੀ ਗਈ।ਇਸ ਮੌਕੇ ਜਸਪਿੰਦਰ ਸਿੰਘ ਭੁੱਲਰ ਐੱਸਡੀਐੱਮ ਦੀਨਾਨਗਰ, ਮੈਡਮ ਰੇਣੂ ਕਸ਼ਯਪ, ਸੇਵਾਮੁਕਤ ਤਹਿਸੀਲਦਾਰ ਯਸ਼ਪਾਲ ਕੁੰਡਲ, ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ, ਜ਼ਿਲ੍ਹਾ ਯੂਥ ਕੋਆਰਡੀਨੇਟਰ ਅਫ਼ਸਰ ਸੰਦੀਪ ਕੌਰ, ਪ੍ਰਿੰ. ਵਰਿੰਦਰ ਕੁਮਾਰ, ਐੱਨਐੱਸਐੱਸ ਪੋਗਰਾਮ ਅਫ਼ਸਰ ਸੰਗੀਤਾ ਅਤੇ ਰਮਨਜੀਤ ਕੌਰ ਆਦਿ ਹਾਜ਼ਰ ਸਨ।

## ਰੋਆਇਲ ਕੈਂਬ੍ਰਿਜ ਸਕੂਲ ਦਾ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ



ਬਿਆਸ (ਪਰਮਜੀਤ ਸਿੰਘ ਰੱਖੜਾ)-ਰੋਆਇਲ ਕੈਂਬ੍ਰਿਜ ਸਕੂਲ ਬਿਆਸ ਦੇ ਵਿਦਿਆਰਥੀਆਂ ਨੇ ਲੁਧਿਆਣਾ ਵਿੱਚ ਆਯੋਜਿਤ 69ਵੇਂ ਰਾਜ ਪੱਧਰੀ ਖੇਡ ਮੁਕਾਬਲੇ (2025-26) ਵਿੱਚ ਆਪਣੀ ਤਾਕਤ ਦਾ ਲੋਹਾ ਮਨਵਾਇਆ। ਅੰਡਰ-17 ਸ਼੍ਰੇਣੀ ਵਿੱਚ ਸਕੂਲ ਦੇ ਲੜਕਿਆਂ ਦੀ ਟੀਮ ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਸਕੂਲ ਦੇ ਪ੍ਰਤਿਭਾਸ਼ਾਲੀ ਖਿਡਾਰੀ ਅਜੈਪਾਲ ਸਿੰਘ ਅਤੇ ਨਵਰਾਜ ਸਿੰਘ ਭੁੱਲਰ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਦੇ ਦਮ 'ਤੇ ਰਾਸ਼ਟਰੀ ਪੱਧਰ 'ਤੇ ਪਹੁੰਚ ਕਰਕੇ ਸਕੂਲ ਦੇ ਨਾਮ ਨੂੰ ਸਿਤਾਰੇ ਵਾਂਗ ਚਮਕਾਇਆ।

ਇਸ ਮੌਕੇ ਖੇਡਾਂ ਦੇ ਕੋਚ ਨਵਕਿਰਨ ਸਿੰਘ ਅਤੇ ਦਵਿੰਦਰ ਸਿੰਘ ਨੇ ਖ਼ੁਸ਼ੀ ਦਾ ਇਜ਼ਹਾਰ ਕੀਤਾ।ਸਕੂਲ ਦੇ ਪ੍ਰੈਜ਼ੀਡੈਂਟ ਪਰਮਵੀਰ ਅਨੰਦ, ਡਾਇਰੈਕਟਰ ਗੌਰਵ ਅਨੰਦ ਤੇ ਪ੍ਰਿੰਸੀਪਲ ਧਰਵਿੰਦਰ ਕੌਰ ਨੇ ਬੱਚਿਆਂ ਨੂੰ ਸਨਮਾਨਤ ਕੀਤਾ ਤੇ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਅੱਜ ਬਿਜਲੀ ਬੰਦ ਰਹੇਗੀ

ਬਿਆਸ (ਪਰਮਜੀਤ ਸਿੰਘ ਰੱਖੜਾ)-ਐਕਸੀਅਨ ਰਾਜ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੀਂ ਬੁਟਾਰੀ ਤੋਂ ਬਿਆਸ ਟਾਵਰ ਲਾਈਨ ਤੇ ਸੈਕੰਡ ਸਰਕਟ ਦੀ ਉਸਾਰੀ ਲਈ ਪੁਰਾਣੀ 66 ਕੇ ਵੀ ਲਾਈਨ ਐੱਚ ਆਰ ਪੀ ਪੋਲ 'ਤੇ ਲੋਡ ਸ਼ਿਫਟ ਕਰਨ ਲਈ 12 ਨਵੰਬਰ (ਬੁੱਧਵਾਰ) ਨੂੰ ਸ਼ੱਟਡਾਊਨ ਮਨਜ਼ੂਰ ਕੀਤੀ ਗਈ ਹੈ।ਐੱਸਡੀਓ ਵਰਪਾਲ ਦੀ ਟੀਮ ਵੱਲੋਂ ਲੋਡ ਸ਼ਿਫਟ ਕੀਤਾ ਜਾਵੇਗਾ। ਇਸ ਦੌਰਾਨ 66 ਕੇ ਵੀ ਗਰਿਡ ਬਿਆਸ, 66 ਕੇ ਵੀ ਗਰਿਡ ਬੁਤਾਲਾ, 66 ਕੇ ਵੀ ਗਰਿਡ ਸਠਿਆਲਾ, ਸੈਦਪੁਰ ਅਤੇ ਲਿੱਦੜ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹਿਣਗੇ।

### *ਠੱਗੀ ਮਾਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ*

ਗੁਰਦਾਸਪੁਰ, (ਜਨਕ ਮਹਾਜਨ)-ਥਾਣਾ ਸਾਇਬਰ ਕ੍ਰਾਈਮ ਗੁਰਦਾਸਪੁਰ ਨੇ ਆਨਲਾਈਨ ਠੱਗੀ ਮਾਰਨ ਵਾਲੇ ਕੁਝ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਨਵਦੀਪ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ ਗਜਨੀਪੁਰ ਨੇ ਦੱਸਿਆ ਕਿ ਜੂਨ 2025 ਦੇ ਅਖੀਰ ਵਿਚ ਅਣਪਛਾਤੇ ਨੰਬਰਾਂ ਤੋਂ ਮੈਨੂੰ ਫੋਨ ਆਇਆ ਜਿਨ੍ਹਾਂ ਵੱਲੋਂ ਕਰੈਡਿਟ ਕਾਰਡ ਦੀ ਲਿਮਟ ਵਧਾਉਣ ਲਈ ਕਿਹਾ ਗਿਆ। ਮੇਰੇ ਵਲੋਂ ਵੀ ਕਿਹਾ ਗਿਆ ਕਿ ਲਿਮਟ ਵਧਾ ਦਿਓ। ਲਿਮਟ ਵਧਾਉਣ ਦੇ ਚੱਕਰ ਵਿਚ ਨਾ-ਮਾਲੂਮ ਵਿਅਕਤੀ ਨੇ ਮੇਰੇ ਨਾਲ 5 ਲੱਖ 64 ਹਜ਼ਾਰ 195 ਰੁਪਏ ਦੀ ਠੱਗੀ ਮਾਰੀ ਹੈ। ਪੁਲਸ ਨੇ ਠੱਗੀ ਮਾਰਨ ਵਾਲੇ ਨਾ-ਮਾਲੂਮ ਵਿਅਕਤੀ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਅਵਾਂਖਾ ਦੇ ਵੱਡੀ ਗਿਣਤੀ 'ਚ ਨੌਜਵਾਨਾਂ ਵੱਲੋਂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ

ਦੀਨਾਨਗਰ-(ਬਲਵਿੰਦਰ ਸਿੰਘ ਬਿੱਲਾ)-ਵਿਧਾਨਸਭਾ ਹਲਕਾ ਦੀਨਾਨਗਰ ਦੇ ਪਿੰਡ ਅਵਾਂਖਾ 'ਚ ਆਮ ਆਦਮੀ ਪਾਰਟੀ ਦੇ ਕਾਫਲੇ ਨੂੰ ਉਦੋਂ ਹੋਰ ਬਲ ਮਿਲਿਆ ਜਦੋਂ ਪਿੰਡ ਅਵਾਂਖਾ ਨਾਲ ਸਬੰਧਤ ਨੌਜਵਾਨ ਚਾਹਤ ਲੋਧੀ ਅਤੇ ਦੀਨਾਨਗਰ ਦੇ ਸਾਬਕਾ ਕੌਂਸਲਰ ਵਿਜੇ ਕੁਮਾਰ ਪਿੰਕਾ ਦੀ ਪ੍ਰੇਰਨਾ ਸਦਕਾ ਪਿੰਡ ਅਵਾਂਖਾ ਦੇ ਵੱਡੀ ਗਿਣਤੀ ਨੌਜਵਾਨਾਂ ਨੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਪਿੰਡ ਅਵਾਂਖਾ ਦੇ ਨੌਜਵਾਨ ਚਾਹਤ ਲੋਧੀ ਦੀ ਪ੍ਰੇਰਨਾ ਸਦਕਾ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਮੁੱਖ ਤੌਰ ਤੇ ਅਮਰ, ਸ਼ੇਖਰ, ਅਮਨ, ਗੌਰਵ, ਅਭੈ, ਸੱਜਣ, ਗੌਰਵ, ਬਿੰਦਰ, ਛਿੰਦਾ, ਬਲਵਿੰਦਰ ਲੋਧੀ, ਅੰਗਦ ਅਤੇ ਰਾਹੁਲ ਦੇ ਨਾਂ ਸ਼ਾਮਲ ਹਨ।ਜਦੋਂਕਿ ਦੀਨਾਨਗਰ ਸ਼ਹਿਰ ਦੇ ਸਾਬਕਾ ਕੌਂਸਲਰ ਵਿਜੇ ਕੁਮਾਰ ਪਿੰਕਾ ਦੀ ਪ੍ਰੇਰਨਾ ਸਦਕਾ ਆਪ 'ਚ ਸ਼ਾਮਲ ਹੋਣ ਵਾਲਿਆਂ ਵਿੱਚ ਸੰਜੀਵ ਕੁਮਾਰ, ਹਰਪ੍ਰੀਤ ਸਿੰਘ, ਸਾਹਿਲ, ਕਸ਼ਿਸ਼, ਵਿਨੈ ਕੁਮਾਰ, ਅਜੇ ਕੁਮਾਰ ਅਤੇ ਰਾਕੇਸ਼ ਕੁਮਾਰ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਸਨਮਾਨਿਤ ਕਰਦਿਆਂ ਪਾਰਟੀ ਅੰਦਰ ਮਾਨ ਸਤਿਕਾਰ ਦਾ ਭਰੋਸਾ ਦਿਵਾਇਆ।ਇਸ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਉਤਸ਼ਾਹ ਦੱਸਦਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦਾ ਗ੍ਰਾਫ ਲਗਾਤਾਰ ਵਧਦਾ ਜਾ ਰਿਹਾ ਹੈ ਅਤੇ 2027 ਵਿੱਚ ਵੀ ਸੂਬੇ ਦੇ ਲੋਕ ਪੰਜਾਬ ਦੀ ਵਾਗਡੋਰ ਇਕ ਵਾਰ ਮੁੜ ਤੋਂ ਆਮ ਆਦਮੀ ਪਾਰਟੀ ਦੇ ਹੱਥਾਂ ਵਿੱਚ ਸੌਂਪਣਗੇ।ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਲਗਾਤਾਰ ਲੋਕ ਹਿੱਤ ਦੇ ਕੰਮ ਕਰ ਰਹੀ ਹੈ, ਆਮ ਆਦਮੀ ਪਾਰਟੀ ਨੇ ਲੰਘੀਆਂ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਵਿੱਚੋਂ ਮੁਫਤ ਬਿਜਲੀ, ਸਿਹਤ ਸਹੂਲਤਾਂ, ਮਿਆਰੀ ਸਿੱਖਿਆ ਸਣੇ ਬਹੁਤੇ ਵਾਅਦੇ ਸਰਕਾਰ ਦੇ ਮੁੱਢਲੇ ਕਾਰਜਕਾਰ ਦੌਰਾਨ ਹੀ ਪੂਰੇ ਕਰ ਦਿੱਤੇ ਗਏ ਅਤੇ ਜੋ ਕੁਝ ਬਾਕੀ ਰਹਿ ਗਏ ਹਨ, ਉਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਤੇਜ਼ੀ ਨਾਲ ਕੰਮ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਨੂੰ ਬਿਨਾਂ ਕਿਸੇ ਪੱਖਪਾਤ ਅਤੇ ਬਿਨਾਂ ਕਿਸੇ ਭ੍ਰਿਸ਼ਟਾਚਾਰ ਦੇ ਇਮਾਨਦਾਰੀ ਨਾਲ ਦਿੱਤੀਆਂ ਸਰਕਾਰੀ ਨੌਕਰੀਆਂ ਨੇ ਨੌਜਵਾਨ ਵਰਗ ਨੂੰ ਕਾਫੀ ਪ੍ਰਭਾਵਿਤ ਕੀਤਾ ਹੈ ਜਿਸ ਕਾਰਨ ਨੌਜਵਾਨ ਵਰਗ ਆਮ ਆਦਮੀ ਪਾਰਟੀ ਨਾਲ ਜੁੜਨ ਲਈ ਉਤਸ਼ਾਹਿਤ ਹੈ।ਇਸ ਮੌਕੇ ਤੇ ਵਿਜੇ ਕੁਮਾਰ ਪਿੰਕਾ, ਚਾਹਤ ਲੋਧੀ, ਸੰਨੀ ਭੋਗਲ, ਕਮਲ ਕਿਸ਼ੋਰ ਅਤੇ ਲੱਖਾ ਵੀ ਮੌਜੂਦ ਸਨ।



## 'ਰਾਸ਼ਟਰੀ ਏਕਤਾ' ਤੇ 'ਨਸ਼ਾ ਮੁਕਤੀ' ਮੋਟਰਸਾਈਕਲ ਰੈਲੀ ਅਗਲੇ ਪੜਾਅ ਲਈ ਰਵਾਨਾ

**ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)** : ਸੀਮਾ ਸੁਰੱਖਿਆ ਬਲ ਵੱਲੋਂ ਬੀਐੱਸਐੱਫ ਸਥਾਪਨਾ ਦਿਵਸ 2025 ਦੇ ਮੌਕੇ 'ਤੇ ਜੰਮੂ ਤੋਂ ਭੁਜ ਤੱਕ ਇਕ ਵਿਸ਼ਾਲ ਮੋਟਰਸਾਈਕਲ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਰੈਲੀ ਦਾ ਮੁੱਖ ਉਦੇਸ਼ ਦੇਸ਼ ਵਾਸੀਆਂ ਵਿਚ ਰਾਸ਼ਟਰੀ ਏਕਤਾ, ਰਾਸ਼ਟਰੀ ਸੁਰੱਖਿਆ ਵਿਚ ਬੀਐੱਸਐੱਫ ਦੇ ਸ਼ਾਨਦਾਰ ਯੋਗਦਾਨ ਤੇ ਨਸ਼ਿਆਂ ਦੀ ਬੁਰਾਈ ਵਿਰੁੱਧ ਸਮੂਹਿਕ ਸੰਘਰਸ਼ ਪ੍ਰਤੀ ਜਾਗਰੂਕਤਾ ਫੈਲਾਉਣਾ ਹੈ। ਇਹ ਰੈਲੀ 9 ਨਵੰਬਰ 2025 ਤੋਂ ਸ਼ੁਰੂ ਹੋ ਕੇ 20 ਨਵੰਬਰ 2025 ਤੱਕ ਚੱਲੇਗੀ, ਜਿਸ ਦੌਰਾਨ ਇਹ ਜਵਾਨ ਲਗਭਗ 1,742 ਕਿਲੋਮੀਟਰ ਦੀ ਦੂਰੀ ਤੈਅ ਕਰਨਗੇ। ਯਾਤਰਾ ਦੇ ਦੌਰਾਨ 11 ਨਵੰਬਰ 2025 ਨੂੰ ਸਵੇਰੇ 9 ਵਜੇ, ਇਸ ਰੈਲੀ ਨੂੰ ਸੈਕਟਰ ਹੈੱਡਕੁਆਰਟਰ ਬੀਐੱਸਐੱਫ ਫਿਰੋਜ਼ਪੁਰ ਤੋਂ ਸੀਨੀਅਰ ਬੀਐੱਸਐੱਫ ਅਧਿਕਾਰੀਆਂ ਦੁਆਰਾ ਝੰਡੀ ਦਿਖਾ ਕੇ ਅਗਲੇ ਪੜਾਅ ਲਈ ਰਵਾਨਾ ਕੀਤਾ ਗਿਆ। ਇਸ ਮੌਕੇ ਬੀਐੱਸਐੱਫ ਦੇ ਅਧਿਕਾਰੀਆਂ ਤੇ ਜਵਾਨਾਂ ਦੇ ਨਾਲ-ਨਾਲ ਵਿਵੇਕਾਨੰਦ ਵਰਲਡ ਸਕੂਲ ਫਿਰੋਜ਼ਪੁਰ ਦੇ ਅਧਿਆਪਕ ਤੇ ਵਿਦਿਆਰਥੀ ਵੀ ਮੌਜੂਦ ਸਨ। ਝੰਡੀ ਦਿਖਾਉਣ ਦੀ ਰਸਮ ਦੌਰਾਨ ਬੀਐੱਸਐੱਫ ਦੇ ਜਵਾਨਾਂ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕੀਤੇ, ਜਿਸ ਨਾਲ ਪੂਰਾ ਮਾਹੌਲ ਦੇਸ਼ ਭਗਤੀ ਅਤੇ ਉਤਸ਼ਾਹ ਨਾਲ ਭਰ ਗਿਆ। ਸਕੂਲ ਦੇ ਵਿਦਿਆਰਥੀਆਂ ਨੇ ਵੀ ਜੋਸ਼ ਤੇ ਦੇਸ਼ ਪ੍ਰੇਮ ਨਾਲ ਭਰੀਆਂ ਪੇਸ਼ਕਾਰੀਆਂ ਦਿੱਤੀਆਂ, ਜਿਸ ਨਾਲ ਸਮਾਗਮ ਵਿੱਚ ਰਾਸ਼ਟਰੀ ਏਕਤਾ, ਹਿੰਮਤ ਤੇ ਮਾਤ-ਭੂਮੀ ਪ੍ਰਤੀ ਸਮਰਪਣ ਦੀ ਭਾਵਨਾ ਪੈਦਾ ਹੋਈ। ਝੰਡੀ ਦਿਖਾਉਣ ਤੋਂ ਬਾਅਦ, ਮੋਟਰਸਾਈਕਲ ਰੈਲੀ ਰਾਜਸਥਾਨ ਸੀਮਾ ਵੱਲ ਆਪਣੀ ਅਗਲੀ ਯਾਤਰਾ 'ਤੇ ਅੱਗੇ ਵਧ ਗਈ।



## 'ਗੁਰੂ ਲਾਧੋ ਰੇ...' ਸਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦੇਣ ਲਈ ਨਿਵੇਕਲੀ ਪਹਿਲਕਦਮੀ

**ਕਲਾਨੌਰ (ਮਨਦੀਪ ਕੋਹਲੀ)**-ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿਖੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਿੱਤੀਆਂ ਹਦਾਇਤਾਂ ਮੁਤਾਬਿਕ 'ਗੁਰੂ ਲਾਧੋ ਰੇ...' ਸੰਬੰਧੀ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਜਾਣਕਾਰੀ ਦਿੱਤੀ ਗਈ ਜਿਸ ਵਿੱਚ ਮੈਡਮ ਸੁਖਵਿੰਦਰ ਦੀ ਨਿਗਰਾਨੀ ਹੇਠ ਚੌਥੀ ਕਲਾਸ ਦੇ ਵਿਦਿਆਰਥੀਆਂ ਨੇ ਗੁਰੂ ਸਾਹਿਬ ਦੇ ਜੀਵਨ ਤੇ ਉਤੇ ਪ੍ਰਕਾਸ਼ ਪਾਉਂਦਿਆਂ ਹੋਇਆਂ ਆਪਣੇ ਵਿਚਾਰ ਪ੍ਰਗਟਾਏ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਸਬੰਧੀ, ਮਾਤਾ ਗੁਜਰੀ ਦੇ ਜੀਵਨ ਅਤੇ ਸਿੱਖਿਆਵਾਂ ਦਾ ਸੁਨੇਹਾ ਵਿਦਿਆਰਥੀ ਤੱਕ ਪੁੱਜਦਾ ਕਰਨ ਲਈ ਯਤਨ ਕੀਤਾ। ਵਿਦਿਆਰਥੀਆਂ ਦੇ ਵਿਸ਼ਿਆਂ ਉਪਰ ਚਾਨਣਾ ਪਾਉਣ ਤੋਂ ਬਾਅਦ ਪ੍ਰਿੰ. ਬਲਜਿੰਦਰ ਕੌਰ ਵੱਲੋਂ ਵਿਦਿਆਰਥੀਆਂ ਦੇ ਨਾਲ ਪਾਠ ਦੇ ਪਹਿਲੇ ਤੇ ਦੂਜੇ ਭਾਗ ਵਿੱਚੋਂ ਪ੍ਰਸ਼ਨ ਪੁੱਛੇ ਗਏ। ਵਿਦਿਆਰਥੀਆਂ ਨੇ ਸਭਾ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਨਾਲ ਸੰਬੰਧਿਤ ਵੇਰਵਿਆਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਬਾਅਦ ਵਿੱਚ ਪ੍ਰਸ਼ਨ ਉੱਤਰ ਦੇ ਸੈਸ਼ਨ ਦੇ ਵਿੱਚ ਵਿਦਿਆਰਥੀਆਂ ਨੇ ਇਨਾਮ ਵੀ ਹਾਸਿਲ ਕੀਤੇ। ਪ੍ਰਿੰ. ਬਲਜਿੰਦਰ ਕੌਰ ਨੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਦੀ ਅਗਵਾਈ ਹੇਠ ਇਸ ਪ੍ਰੋਗਰਾਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਿਆ ਅਤੇ ਇਹ ਦੱਸਿਆ ਕਿ ਵਿਦਿਆਰਥੀਆਂ ਨੂੰ ਇਸੇ ਤਰੀਕੇ ਦੇ ਨਾਲ ਆਪਣੇ ਇਤਿਹਾਸ ਨਾਲ ਜਾਣੂ ਕਰਾਉਣਾ ਸਾਡੀ ਬਹੁਤ ਵੱਡੀ ਜਿੰਮੇਵਾਰੀ ਬਣਦੀ ਹੈ ਅਤੇ ਨਾਲ ਹੀ ਉਨ੍ਹਾਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਧੰਨਵਾਦ ਕੀਤਾ ਕਿ ਜਿਨਾਂ ਨੇ ਇੱਕ ਬਹੁਤ ਸੋਹਣੇ ਢੰਗ ਨਾਲ ਵਿਦਿਆਰਥੀਆਂ ਦੇ ਸਾਹਮਣੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸਬੰਧੀ ਰੌਸ਼ਨੀ ਪਾਈ ਅਤੇ ਸੁਚੱਜੇ ਢੰਗ ਨਾਲ ਵਿਦਿਆਰਥੀਆਂ ਨੂੰ ਸ਼ਹੀਦੀ ਸਮਾਗਮ ਦੇ ਆਉਣ ਤੱਕ ਤਿਆਰੀ ਕਰਾਉਣ ਦਾ ਬੀੜਾ ਚੁੱਕਿਆ ਅਤੇ ਉਨ੍ਹਾਂ ਨੇ ਨਾਲ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਗੁਜ਼ਾਰਿਸ਼ ਕੀਤੀ ਕਿ ਇਸੇ ਤਰੀਕੇ ਦੇ ਨਾਲ ਵਿਦਿਆਰਥੀਆਂ ਨੂੰ ਇਤਿਹਾਸ ਦੇ ਨਾਲ ਜੋੜਿਆ ਜਾਵੇ ਅਤੇ ਵੱਖੋ-ਵੱਖ ਵਿਸ਼ੇ ਦੇ ਕੇ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾਵੇ ਤਾਂ ਜੋ ਸਿੱਖਿਆ ਦੇ ਖੇਤਰ ਵਿੱਚ ਆ ਰਹੇ ਨਿਘਾਰ ਨੂੰ ਖਤਮ ਕੀਤਾ ਜਾ ਸਕੇ।



## ਸਮਾਜ ਸੇਵੀ ਸੰਦੀਪ ਗੱਟੂ ਦਰਜਨਾਂ ਸਾਥੀਆਂ ਸਣੇ 'ਆਪ' ਵਿੱਚ ਸ਼ਾਮਲ

### * ਸ਼ਾਮਲ ਹੋਣ ਵਾਲਿਆਂ ਨੂੰ ਧਾਲੀਵਾਲ ਵੱਲੋਂ ਵੱਕਾਰੀ ਅਹੁਦੇ ਦੇ ਕੇ ਨਿਵਾਜਣ ਦਾ ਥਾਪੜਾ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਆਮ ਆਦਮੀ ਪਾਰਟੀ ਨੂੰ ਉਸ ਸਮੇਂ ਜ਼ਬਰਦਸਤ ਹੁਲਾਰਾ ਮਿਲਿਆ ਜਦੋਂ ਅਜਨਾਲਾ ਸ਼ਹਿਰੀ ਦੇ ਪ੍ਰਧਾਨ ਅਮਿਤ ਔਲ ਦੀ ਮਿਹਨਤ ਸਦਕਾ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਦੀ ਅਗਵਾਈ 'ਚ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੀਆਂ ਮੋਹਰਲੀਆਂ ਸਫ਼ਾਂ ਦੇ ਨਿਧੜਕ ਚਿਹਰੇ ਸੰਦੀਪ ਕੌਸ਼ਲ ਗੱਟੂ ਜਿਨ੍ਹਾਂ ਦੇ ਮਾਤਾ ਤੇ ਮਹਿਲਾ ਕਾਂਗਰਸ ਆਗੂ ਨੀਲਮ ਰਾਣੀ ਅਜਨਾਲਾ ਸ਼ਹਿਰ ਦੀ ਵਾਰਡ ਨੰਬਰ 11 ਤੋਂ ਕਾਂਗਰਸ ਟਿਕਟ 'ਤੇ ਕਿਸਮਤ ਅਜ਼ਮਾ ਚੁੱਕੇ ਅਤੇ ਸ਼੍ਰੀ ਗੱਟੂ ਜੋ ਖੁਦ ਵੀ ਇਸੇ ਵਾਰਡ ਤੋਂ ਕਾਂਗਰਸ ਦੇ ਵਾਰਡ ਇੰਚਾਰਜ ਰਹਿ ਚੁੱਕੇ ਹਨ, ਵੱਲੋਂ ਆਪਣੇ ਮਾਤਾ ਨੀਲਮ ਰਾਣੀ, ਹੋਰ ਪਰਿਵਾਰਕ ਮੈਂਬਰਾਂ ਤੇ ਦਰਜਨਾਂ ਸਰਗਮ ਸਾਥੀਆਂ ਸਮੇਤ ਆਮ ਆਦਮੀ ਪਾਰਟੀ 'ਚ ਪੂਰੇ ਜੋਸ਼ੋ-ਖਰੋਸ਼ ਨਾਲ ਸ਼ਾਮਲ ਹੋਣ ਦਾ ਐਲਾਨ ਕੀਤਾ ਗਿਆ।'ਆਪ' ਦੀ ਸੀਨੀਅਰ ਮਹਿਲਾ ਆਗੂ ਤੇ ਹਲਕਾ ਪੱਧਰੀ ਸਿੱਖਿਆ ਕੋਆਰਡੀਨੇਟਰ ਐਡਵੋਕੇਟ ਅਮਨਦੀਪ ਕੌਰ ਧਾਲੀਵਾਲ ਦੇ ਉਦਮ ਨਾਲ ਹੋਏ ਪ੍ਰਭਾਵਸ਼ਾਲੀ ਸਮਾਗਮ 'ਚ ਸ਼ਾਮਲ ਹੋਣ ਵਾਲੇ ਸੰਦੀਪ ਕੌਸ਼ਲ ਗੱਟੂ ਸਣੇ ਹੋਰਨਾਂ ਨੂੰ ਮੁੱਖ ਮਹਿਮਾਨ, ਸਾਬਕਾ ਮੰਤਰੀ ਤੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਸਨਮਾਨਿਤ ਕਰਕੇ ਭਰਵਾਂ ਸੁਆਗਤ ਕੀਤਾ ਅਤੇ ਸ਼੍ਰੀ ਗੱਟੂ ਨੂੰ ਪਾਰਟੀ ਫਰੰਟ ਤੋਂ ਯੁਵਾ ਤੇ ਹੋਰ ਵੱਕਾਰੀ ਤੇ ਵੱਡੀਆਂ ਜ਼ਿੰਮੇਵਾਰੀਆਂ ਨਾਲ ਜਲਦੀ ਨਿਵਾਜੇ ਜਾਣ ਲਈ ਥਾਪੜਾ ਦਿੱਤਾ।ਸ. ਧਾਲੀਵਾਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸੂਬਾ ਪ੍ਰਧਾਨ ਅਮਨ ਅਰੋੜਾ ਦੀ ਅਗਵਾਈ ਵਾਲੀ ਪੰਜਾਬ 'ਚ ਇਕੋ ਇੱਕ ਅਜਿਹੀ ਸਿਆਸਤ 'ਚ ਬਦਲਾਅ ਲਿਆਉਣ ਵਾਲੀ ਆਪ ਹੀ ਸਹੀ ਮਾਅਨਿਆਂ 'ਚ ਸਿਆਸੀ ਪਾਰਟੀ ਹੈ। ਸ. ਧਾਲੀਵਾਲ ਨੇ ਆਪ ਵੱਲੋਂ ਸਿਆਸਤ 'ਚ ਨਵਾਂ ਬਦਲਾਅ ਲਿਆਉਣ ਦੇ ਆਪਣੇ ਕਥਨ ਨੂੰ ਹੋਰ ਸਪਸ਼ਟ ਕੀਤਾ। ਸ. ਧਾਲੀਵਾਲ ਨੇ ਆਪ 'ਚ ਸ਼ਾਮਲ ਹੋਏ ਸੰਦੀਪ ਕੌਸ਼ਲ ਗੱਟੂ ਦੀਆਂ ਪਿਛਲੇ ਸਮੇਂ 'ਚ ਹਿੰਦੂ ਧਰਮ ਦੇ ਧਾਰਮਿਕ ਤੇ ਸਮਾਜਿਕ ਸੰਗਠਨਾਂ ਸਮੇਤ ਯੁਵਾ ਫਰੰਟ, ਖੇਡਾਂ ਦੇ ਮੰਚ, ਕਰੋਨਾ ਸਮੇਂ ਤੇ ਹੜ੍ਹਾਂ 'ਚ ਨਿਭਾਈਆਂ ਨਿਸ਼ਕਾਮ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਹੁਣ ਅਜਨਾਲਾ ਸ਼ਹਿਰੀਆਂ ਨੂੰ ਪਾਰਟੀ ਫਰੰਟ ਤੋਂ ਸ਼ਹਿਰੀ ਹਿੰਦੂ ਤੇ ਸਮੂਹ ਵਰਗਾਂ ਦੇ ਹਰਮਨ ਪਿਆਰੇ ਸੰਦੀਪ ਗੱਟੂ ਮਿਲ ਗਏ ਹਨ।ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਕਿ ਪਿਛਲੀਆਂ ਸਰਕਾਰਾਂ ਦੇ ਪੱਛੜੇਪਨ ਵਜੋਂ ਥਪੇੜਿਆਂ ਦੀ ਮਾਰ ਝੱਲ ਰਿਹਾ ਅਜਨਾਲਾ ਜਲਦੀ ਹੀ ਵਿਕਸਤ ਸ਼ਹਿਰਾਂ ਦੀ ਕਤਾਰ 'ਚ ਖੜ੍ਹਾ ਹੋ ਜਾਵੇਗਾ ਕਿਉਂਕਿ ਗ੍ਰਾਂਟਾਂ ਦੇ ਖੁੱਲ੍ਹੇ ਗੱਫਿਆਂ ਨਾਲ ਸ਼ਹਿਰੀਆਂ ਨੂੰ ਨਿਰੰਤਰ ਤੇ ਸੁਚਾਰੂ ਬਿਜਲੀ ਸਪਲਾਈ, ਸ਼ੁੱਧ ਪੀਣ ਵਾਲੇ ਪਾਣੀ, ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ, ਵਧੀਆ ਸੜਕਾਂ ਆਦਿ ਅਨੇਕਾਂ ਸੁੱਖ ਸਹੂਲਤਾਂ ਨਾਲ ਭਰਪੂਰ ਕੀਤਾ ਗਿਆ ਹੈ।



## ਐੱਮ ਡੀ ਰਵਿੰਦਰ ਕੁਮਾਰ ਬਿੱਟੂ ਨੂੰ ਸਦਮਾ, ਮਾਤਾ ਦਾ ਦਿਹਾਂਤ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਂਡਿਡ ਸਟੱਡੀਜ਼ ਫਤਿਹਾਬਾਦ ਦੇ ਮੈਨੇਜਿੰਗ ਡਾਇਰੈਕਟਰ ਰਵਿੰਦਰ ਕੁਮਾਰ ਬਿੱਟੂ ਦੇ ਸਤਿਕਾਰਯੋਗ ਮਾਤਾ ਅਤੇ ਮਾਸਟਰ ਮੰਗਤ ਰਾਮ ਦੇ ਸੁਪਤਨੀ ਸੰਤੋਸ਼ ਕੁਮਾਰੀ ਜੋ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ, ਦਾ ਅੰਤਿਮ ਸਸਕਾਰ ਫਤਿਹਾਬਾਦ ਵਿਖੇ ਕੀਤਾ ਗਿਆ।



ਇਸ ਮੌਕੇ ਮਾਸਟਰ ਮੰਗਤ ਰਾਮ, ਰਵਿੰਦਰ ਕੁਮਾਰ ਬਿੱਟੂ, ਅਨੀਤਾ ਚਤਰਥ ਅਤੇ ਮੈਡਮ ਮਮਤਾ ਰਾਣੀ ਤੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਪ੍ਰਦੀਪ ਕੁਮਾਰ ਚੋਪੜਾ ਮੈਂਬਰ ਪੀਪੀਸੀਸੀ, ਦੀਪਕ ਕੁਮਾਰ ਦਾਰਾ ਚੋਪੜਾ, ਬੇਅੰਤ ਸਿੰਘ ਪੈਟਰੋਲ ਪੰਪ ਵਾਲੇ, ਹਰਪ੍ਰੀਤ ਸਿੰਘ ਧੁੰਨਾ ਡਾਇਰੈਕਟਰ ਮੰਡੀ ਬੋਰਡ ਪੰਜਾਬ, ਸੁਰਿੰਦਰ ਸਿੰਘ ਛਿੰਦਾ ਸਾਬਕਾ ਸਰਪੰਚ, ਮਨੋਹਰ ਸਿੰਘ ਚੌਹਾਨ, ਸੁਖਜਿੰਦਰ ਸਿੰਘ ਸੰਮਤੀ ਮੈਂਬਰ ਖਡੂਰ ਸਾਹਿਬ, ਮਾਸਟਰ ਮੱਖਣ ਸਿੰਘ, ਮਾਸਟਰ ਬਲਵਿੰਦਰ ਸਿੰਘ, ਕੁਲਦੀਪ ਸਿੰਘ ਵਿਰਕ ਖਵਾਸਪੁਰ, ਕੁਲਬੀਰ ਸਿੰਘ ਸਟੂਡੀਓ ਵਾਲੇ, ਅਮਨ ਸੰਧੂ, ਅਵਤਾਰ ਸਿੰਘ ਭੰਗੂ, ਬਾਊ ਸਵਰਨਜੀਤ ਸੋਨੀ, ਪਵਨ ਸੋਨੀ, ਸ਼ਾਲੂ ਸੋਨੀ, ਮਨੀ ਸ਼ਰਮਾ, ਅਰੁਣ ਮੈਡੀਕਲ ਸਟੋਰ ਵਾਲੇ, ਕਿਰਪਾਲ ਸਿੰਘ ਮੈਡੀਕਲ ਸਟੋਰ ਵਾਲੇ, ਹਰਦੀਪ ਸਿੰਘ ਹੈਪੀ, ਰਵਿੰਦਰ ਸਿੰਘ ਹੈਪੀ ਟੈਂਟ ਵਾਲੇ, ਰਮਨ ਕੁਮਾਰ, ਪ੍ਰਭਜੀਤ ਸਿੰਘ ਟੋਨੀ, ਹਰਜੀਤ ਕੌਰ ਪਵਾਰ ਸਤਿਕਾਰਤ ਹਸਪਤਾਲ ਵਾਲੇ, ਹਰਕਿਸ਼ਨ ਸਕੂਲ ਫਤਿਹਾਬਾਦ ਤੇ ਗੋਬਿੰਦਪੁਰੀ ਮਾਡਰਨ ਸਕੂਲ ਗੋਇੰਦਵਾਲ ਸਾਹਿਬ ਦਾ ਸਮੁੱਚਾ ਸਟਾਫ ਹਾਜ਼ਰ ਸੀ।

## ਪੰਜਾਬ ਸਰਕਾਰ ਪੈਨਸ਼ਨਰ ਸੇਵਾ ਮੇਲਾ ਭਲਕ ਤੋਂ 15 ਤੱਕ

**ਤਰਸਿੱਕਾ/ਅੰਮ੍ਰਿਤਸਰ (ਤਰਸੇਮ ਸਿੰਘ ਸਾਧਪੁਰ/ ਜਸਬੀਰ ਸਿੰਘ)**-ਜ਼ਿਲ੍ਹਾ ਖਜਾਨਾ ਅਫਸਰ ਅੰਮ੍ਰਿਤਸਰ ਸੁਖਬੀਰ ਕੌਰ ਵੱਲੋਂ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰ ਸੇਵਾ ਪੋਰਟਲ ਰਾਹੀਂ ਈਕੇਵਾਈਸੀ ਦੀ ਸਹੂਲਤ ਲਈ ਇਕ ਪੰਜਾਬ ਸਰਕਾਰ ਪੈਨਸ਼ਨਰ ਸੇਵਾ ਮੇਲਾ ਤਿੰਨ ਦਿਨਾਂ ਲਈ 13 ਨਵੰਬਰ ਤੋਂ 15 ਨਵੰਬਰ 2025 ਤੱਕ ਤੱਕ ਜ਼ਿਲ੍ਹਾ ਖਜ਼ਾਨਾ ਦਫਤਰ ਅੰਮ੍ਰਿਤਸਰ ਵਿਖੇ ਲਗਾਇਆ ਜਾ ਰਿਹਾ ਹੈ, ਜਿਸ ਦੀ ਸਹੂਲਤ ਲੈਣ ਲਈ ਜ਼ਿਲ੍ਹੇ ਦੇ ਸਮੂਹ ਪੈਨਸ਼ਨਰ/ਫੈਮਿਲੀ ਪੈਨਸ਼ਨਰ ਅਤੇ ਪੈਨਸ਼ਨਰ ਯੂਨੀਅਨਾਂ ਦੇ ਆਗੂ ਸਹਿਬਾਨ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੇ ਦਸਤਾਵੇਜ਼ ਪੀਪੀਓ ਦੀ ਕਾਪੀ, ਆਧਾਰ ਕਾਰਡ, ਪੈਨ ਕਾਰਡ ਅਤੇ ਬੈਂਕ ਪਾਸ ਬੁੱਕ ਲੈ ਕੇ ਇਸ ਮੇਲੇ ਵਿਚ ਸ਼ਾਮਿਲ ਹੋ ਕੇ ਵੱਧ ਤੋਂ ਵੱਧ ਸਹੂਲਤ ਦਾ ਲਾਭ ਉਠਾਇਆ ਜਾਵੇ ।

### *ਭਲਕੇ ਬਿਜਲੀ ਸਪਲਾਈ ਬੰਦ*

ਗੁਰਦਾਸਪੁਰ, (ਜਨਕ ਮਹਾਜਨ)-ਪਾਵਰਕਾਮ ਦੀ ਸਬ ਡਵੀਜ਼ਨ ਪੰਡੋਰੀ ਮਹੰਤਾਂ ਦੇ 66 ਕੇ.ਵੀ. ਤੋਂ ਚੱਲਦੇ 11 ਕੇ.ਵੀ. ਫੀਡਰਾਂ ਦੀ ਜ਼ਰੂਰੀ ਮੁਰੰਮਤ ਕਰਨ ਲਈ ਪੰਡੋਰੀ ਤਾਲਿਬਪੁਰ, ਗਾਜ਼ੀਕੋਟ, ਨਵਾਂ ਪਿੰਡ ਬਹਾਦਰ, ਪੰਡੋਰੀ ਬੈਂਸਾਂ, ਬਿਆਨਪੁਰ, ਕਲੀਚਪੁਰ, ਛੀਨਾ ਬੇਟਾ, ਰਸੂਲਪੁਰ ਅਤੇ ਚੰਦਰਭਾਨ ਤੋਂ ਇਲਾਵਾ ਸ਼ੂਗਰ ਮਿੱਲ ਪਨਿਆੜ ਦੀ ਬਿਜਲੀ ਸਪਲਾਈ 13 ਨਵੰਬਰ ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਹ ਜਾਣਕਾਰੀ ਉਪ ਮੰਡਲ ਅਫ਼ਸਰ ਇੰਜ. ਸੋਮ ਰਾਜ ਨੇ ਪ੍ਰੈੱਸ ਨੂੰ ਲਿਖਤੀ ਬਿਆਨ ਰਾਹੀਂ ਦਿੱਤੀ।

## ਅੰਤਰ ਸਕੂਲ ਖੇਡ ਮੁਕਾਬਲਿਆਂ 'ਚ ਬਿਹਤਰੀਨ ਕਾਰਗੁਜ਼ਾਰੀ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਗੁਰੂ ਗੋਬਿੰਦ ਸਿੰਘ (ਜੀਜੀਐੱਸ) ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਨੇ ਅੰਤਰ ਸਕੂਲ ਜ਼ਿਲ੍ਹਾ ਪੱਧਰੀ ਸਾਇੰਸ ਅਤੇ ਸੱਭਿਆਚਾਰਕ ਮੁਕਾਬਲਿਆਂ ਵਿੱਚ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ ਹਨ। ਇਸ ਸਬੰਧੀ ਸਕੂਲ ਪ੍ਰਿੰਸੀਪਲ ਮੇਜਰ ਸਿੰਘ ਚਾਹਲ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਅਜੈ ਸਿੰਘ ਖਾਲਸਾ ਕਾਲਜ ਗੁਰਦਾਸ ਨੰਗਲ ਵਿਖੇ ਜ਼ਿਲ੍ਹਾ ਪੱਧਰੀ ਅੰਤਰ ਸਕੂਲ ਮੁਕਾਬਲੇ ਕਰਵਾਏ ਗਏ।

ਇਨ੍ਹਾਂ ਮੁਕਾਬਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਮਾਡਰਨ ਸਕੂਲ ਬਖਤਪੁਰ ਦੇ ਵਿਦਿਆਰਥੀਆਂ ਸਿਮਰਨਜੀਤ ਕੌਰ, ਆਗਿਆਪਾਲ ਸਿੰਘ, ਜੈਦੀਪ ਸਿੰਘ, ਹਰਪ੍ਰਤਾਪ ਸਿੰਘ ਅਤੇ ਪ੍ਰਭਜੋਤ ਸਿੰਘ ਨੇ ਸ਼ਬਦ ਕੀਰਤਨ ਵਿੱਚ ਪਹਿਲਾ ਸਥਾਨ, ਬਿਕਰਮਜੀਤ ਸਿੰਘ ਨੇ ਕਵਿਤਾ ਵਿੱਚ ਦੂਜਾ ਸਥਾਨ, ਪਲਕ ਰਾਏ, ਮਹਿਕਪ੍ਰੀਤ ਕੌਰ ਅਤੇ ਗੁਰਲੀਨਪ੍ਰੀਤ ਕੌਰ ਨੇ ਰੰਗੋਲੀ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਤਾ ਪਿਤਾ ਅਤੇ ਸਕੂਲ ਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ।

ਸਕੂਲ ਦੀ ਮੈਨੇਜਮੈਂਟ ਕਮੇਟੀ ਵੱਲੋਂ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਅਤੇ ਧਾਰਮਿਕ ਅਧਿਆਪਕਾ ਸੁਖਮੀਤ ਕੌਰ ਨੂੰ ਮੁਬਾਰਕਬਾਦ ਦਿੱਤੀ। ਇਸ ਮੌਕੇ ਸਕੂਲ ਡਾਇਰੈਕਟਰ ਡਾ: ਮਹਿੰਦਰਪਾਲ ਸਿੰਘ ਕਲੇਰ, ਪ੍ਰਧਾਨ ਰਣਜੀਤ ਕੌਰ, ਸੁਖਵੰਤ ਕੌਰ, ਕੁਲਦੀਪ ਕੌਰ, ਕੁਲਜਿੰਦਰ ਕੌਰ, ਮਨਪ੍ਰੀਤ ਕੌਰ, ਰਮਨਦੀਪ ਕੌਰ ਅਤੇ ਮੈਡਮ ਰੇਨੂ ਬਾਲਾ ਆਦਿ ਹਾਜ਼ਰ ਸਨ।

## ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਮਾਸਿਕ ਇਕੱਤਰਤਾ

### * ਮੁਲਾਜ਼ਮਾਂ/ਪੈਨਸ਼ਨਰਾਂ ਨੇ ਇੱਕ ਵੀ ਮੰਗ ਪੂਰੀ ਨਾ ਹੋਣ ਕਰਕੇ ਸਰਕਾਰ ਖਿਲਾਫ ਕੀਤਾ ਰੋਸ ਪ੍ਰਗਟਾਵਾ

ਅੰਮਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਮਾਸਿਕ ਮੀਟਿੰਗ ਜੌਲੀ ਸਵੀਟ ਸ਼ਾਪ ਪੁਤਲੀਘਰ ਅੰਮ੍ਰਿਤਸਰ ਵਿਖੇ ਜ਼ਿਲ੍ਹਾ ਪ੍ਰਧਾਨ ਬਲਰਾਜ ਸਿੰਘ ਭੰਗੂ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਸੂਬਾ ਡਿਪਟੀ ਜਨਰਲ ਸਕੱਤਰ ਸਤਿਆਪਾਲ ਗੁਪਤਾ ਨੇ ਸ਼੍ਰੀ ਗੁਰੂ ਤੇਗ ਬਹਾਦਰ ਜੀ ਹਿੰਦ ਦੀ ਚਾਦਰ ਦੀਆਂ ਸਿੱਖਿਆਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਵੱਖ-ਵੱਖ ਬੁਲਾਰਿਆਂ ਪ੍ਰਧਾਨ ਬਲਰਾਜ ਸਿੰਘ ਭੰਗੂ, ਜਨਰਲ ਸਕੱਤਰ ਕੁਲਵੰਤ ਸਿੰਘ ਘੁਕੇਵਾਲੀ, ਪ੍ਰੈੱਸ ਸਕੱਤਰ ਕੁਲਦੀਪ ਸਿੰਘ ਬੱਲ, ਜਥੇਬੰਦ ਸਕੱਤਰ ਭੈਣ ਰਜਿੰਦਰਪਾਲ ਕੌਰ, ਸਕੱਤਰ ਪਰਮਜੀਤ ਸਿੰਘ ਨਿੱਝਰ, ਬਲਦੇਵ ਰਾਜ ਸ਼ਰਮਾ, ਚੇਅਰਮੈਨ ਕੁਲਵੰਤ ਸਿੰਘ ਤੋਲਾ ਨੰਗਲ, ਵਿੱਤ ਸਕੱਤਰ ਨਿਰਵੈਰ ਸਿੰਘ, ਸੀਨੀਅਰ ਮੀਤ ਪ੍ਰਧਾਨ ਮੇਲਾ ਰਾਮ ਅਤੇ ਆਡੀਟਰ ਰਾਮ ਮੂਰਤੀ ਸ਼ਰਮਾ ਨੇ ਪੰਜਾਬ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਸਾਢੇ ਤਿੰਨ ਸਾਲਾਂ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀ ਇੱਕ ਮੰਗ ਵੀ ਪੂਰੀ ਨਹੀਂ ਕੀਤੀ ਕੇਂਦਰ ਸਰਕਾਰ ਅਤੇ ਗੁਆਂਢੀ ਸੂਬਿਆਂ ਨੇ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਡੀਏ ਦੀਆਂ ਪੰਜੇ ਕਿਸ਼ਤਾਂ ਭਾਵ 16% ਦੇ ਰਹੀ ਹੈ ਪਰ ਪੰਜਾਬ ਸਰਕਾਰ 42%ਦੇ ਰਹੀ ਹੈ, ਪੇ-ਕਮਿਸ਼ਨ ਵੱਲੋਂ ਰਿਕਮੈਂਡ ਕੀਤਾ 2.59 ਗੁਣਾਂਕ ਲਾਗੂ ਨਹੀਂ ਕੀਤਾ ਪੇ ਕਮਿਸ਼ਨ ਦਾ ਸਾਢੇ ਪੰਜ ਸਾਲਾਂ 1,1,2016 ਤੋਂ 30,6,2021 ਤਕ ਦੇ ਬਕਾਏ ਨੂੰ ਰੋਲ ਕੇ ਰੱਖ ਦਿੱਤਾ ਹੈ। ਮਾਨਯੋਗ ਅਦਾਲਤਾਂ ਦੇ ਫ਼ੈਸਲੇ ਵੀ ਲਾਗੂ ਨਹੀਂ ਕਰ ਰਹੀ। ਕੇਂਦਰ ਸਰਕਾਰ ਨੇ ਅਠਵੇਂ ਪੇ-ਕਮਿਸ਼ਨ ਦਾ ਗਠਨ ਕਰ ਕੇ 1,1,2026 ਤੋਂ ਲਾਗੂ ਕਰਨ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਸਰਕਾਰ ਵੀ ਸਤਵੇਂ ਪੇ-ਕਮਿਸ਼ਨ ਦਾ ਗਠਨ ਕਰ ਕੇ 1,12026 ਤੋਂ ਲਾਗੂ ਕਰੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਪੈਨਸ਼ਨਰਾਂ ਨੇ ਪੰਜਾਬ ਦੀਆਂ ਸਾਰੀਆਂ ਮੁਲਾਜ਼ਮ ਤੇ ਪੈਨਸ਼ਨਰ ਜਥੇਬੰਦੀਆਂ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਅਪੀਲ ਕੀਤੀ ਕਿ ਅਜੇ ਵੀ ਸਮਾਂ ਹੈ ਕਿ ਮਿਨੀਮਮ ਸਾਂਝਾ ਪ੍ਰੋਗਰਾਮ ਬਣਾ ਕੇ ਇਸ ਤਰ੍ਹਾਂ ਦਾ ਸੰਘਰਸ਼ ਕਰੋ ਜਿਸ ਨਾਲ ਗੂੰਗੀ ਬੋਲੀ ਸਰਕਾਰ ਜੋ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ, ਜਾਗਣ ਲਈ ਮਜਬੂਰ ਹੋ ਜਾਵੇ। ਮੀਟਿੰਗ ਵਿੱਚ ਹਰਜੀਤ ਸਿੰਘ ਉਪਲ, ਭਵਾਨੀ ਫੇਰ, ਸੁਰਿੰਦਰ ਕੁਮਾਰ, ਭੈਣ ਨਰਿੰਦਰ ਪਾਲ, ਤੀਰਥ ਰਾਮ, ਤਿਲਕ ਰਾਜ, ਸੁਖਦੇਵ ਸਿੰਘ, ਬਲੌਰ ਸਿੰਘ, ਪਰਮਜੀਤ ਭਾਰਦਵਾਜ, ਪ੍ਰਗਟ ਸਿੰਘ, ਬਲਵੰਤ ਸਿੰਘ, ਗੁਰਦੀਪ ਸਿੰਘ ਮਾਲੂਵਾਲ, ਜਸਬੀਰ ਸਿੰਘ ਰਣੀਕੇ, ਹਰਪਾਲ ਸਿੰਘ, ਮਨਮੋਹਨ ਸਿੰਘ ਆਦਿ ਵੱਡੀ ਗਿਣਤੀ ਵਿਚ ਪੈਨਸ਼ਨਰ ਹਾਜ਼ਰ ਸਨ।



## ਹੜ੍ਹ ਪ੍ਰਭਾਵਿਤ ਦੋ ਸੌ ਪਰਿਵਾਰਾਂ ਨੂੰ ਰਾਹਤ ਕਿੱਟਾਂ ਵੰਡੀਆਂ

**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਹੈਲਪ ਏ ਚਾਈਲਡ ਆਫ ਇੰਡੀਆ ਜੋ ਕਿ ਦੇਸ਼ ਭਰ ਦੇ ਪੱਛੜੇ ਬੱਚਿਆਂ ਦੇ ਸਮੁੱਚੇ ਵਿਕਾਸ ਲਈ ਸਮਰਪਿਤ ਇੱਕ ਅੰਤਰਰਾਸ਼ਟਰੀ ਐਨਜੀਓ ਹੈ, ਨੇ ਸੰਨ ਫਾਊਂਡੇਸ਼ਨ ਦੇ ਸਹਿਯੋਗ ਨਾਲ ਮਲਿਕਪੁਰ ਪਿੰਡ ਅਜਨਾਲਾ ਬਲਾਕ ਜ਼ਿਲ੍ਹਾ ਅੰਮ੍ਰਿਤਸਰ ਵਿੱਚ 200 ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਕਿੱਟਾਂ ਵੰਡੀਆਂ।ਇਸ ਪਹਿਲ ਦਾ ਉਦੇਸ਼ ਉਨ੍ਹਾਂ ਪਰਿਵਾਰਾਂ ਦੀ ਮਦਦ ਕਰਨਾ ਸੀ ਜਿਨ੍ਹਾਂ ਨੇ ਹਾਲ ਹੀ 'ਚ ਆਏ ਹੜ੍ਹਾਂ ਦੌਰਾਨ ਆਪਣਾ ਘਰੇਲੂ ਸਾਮਾਨ ਗੁਆ ਦਿੱਤਾ ਸੀ। ਹਰ ਰਾਹਤ ਕਿੱਟ ਵਿੱਚ ਜ਼ਰੂਰੀ ਘਰੇਲੂ ਸਾਮਾਨ ਸ਼ਾਮਲ ਸੀ, ਜੋ ਪਰਿਵਾਰਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਨੂੰ ਪੱਟੜੀ 'ਤੇ ਲਿਆਉਣ ਲਈ ਸਹਾਇਕ ਸਿੱਧ ਹੋਵੇਗਾ।ਇਸ ਵੰਡ ਪ੍ਰੋਗਰਾਮ ਦੀ ਸ਼ੋਭਾ ਡਾ. ਵਿਕਰਮਜੀਤ ਸਿੰਘ ਸਾਹਨੇ ਮੈਂਬਰ ਆਫ ਪਾਰਲੀਮੈਂਟ ਅਤੇ ਬਲਜਿੰਦਰ ਸਿੰਘ ਸਰਪੰਚ ਮਾਲਿਕਪੁਰ ਨੇ ਵਧਾਈ।ਉਨ੍ਹਾਂ ਨੇ ਪ੍ਰਭਾਵਿਤ ਲੋਕਾਂ ਤੱਕ ਪਹੁੰਚਣ ਲਈ ਦੋਵਾਂ ਸੰਸਥਾਵਾਂ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ।ਇਸ ਮੌਕੇ ਪਵਨ ਮਸੀਹ ਨੇ ਕਿਹਾ ਕਿ ਹੈਲਪ ਏ ਚਾਈਲਡ ਆਫ ਇੰਡੀਆ ਹੜ੍ਹ ਪ੍ਰਭਾਵਿਤ ਪਰਿਵਾਰਾਂ ਦੀ ਮਦਦ ਕਰਨ ਲਈ ਵਚਨਬੱਧ ਹੈ।ਸਾਡੀ ਦਿਲੀ ਮਨਸ਼ਾ ਹੈ ਕਿ ਹਰ ਬੱਚੇ ਦੀ ਸੰਭਾਲ ਹੋਵੇ ਅਤੇ ਆਫ਼ਤਾਂ ਨਾਲ ਪ੍ਰਭਾਵਿਤ ਲੋਕਾਂ ਨੂੰ ਦੁਬਾਰਾ ਪੈਰਾਂ ਸਿਰ ਹੋਣ ਲਈ ਸਹਿਯੋਗ ਮਿਲੇ।

12 Nov Page 12.qxd 11/11/2025 10:55 PM Page 1



## ਜਨਮ ਦਿਨ ਮੁਬਾਰਕ


ਨੀਰਜ ਕਲੇਰ, ਅਮਰੀਕਾ


ਗੁਨਤਾਜ ਸਿੰਘ


ਅਲਾਇਸ਼ਾ ਸ਼ਰਮਾ ਅੰਮ੍ਰਿਤਸਰ


ਰਵਨੀਤ ਕੌਰ ਝਬਾਲ

# ਵਿੱਤ ਮੰਤਰੀ ਵੱਲੋਂ ਵਿਦਿਆਰਥੀਆਂ 'ਤੇ ਅੱਤਿਆਚਾਰ ਦੀ ਸਖ਼ਤ ਨਿਖੇਧੀ

**ਚੰਡੀਗੜ੍ਹ (ਨ ਜ ਸ)**- ਪੰਜਾਬ ਦੇ ਵਿੱਤ ਮੰਤਰੀ ਅਤੇ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ, ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਪੰਜਾਬ ਯੂਨੀਵਰਸਿਟੀ (ਪੀ ਯੂ) ਦੇ ਵਿਦਿਆਰਥੀਆਂ 'ਤੇ ਕੇਂਦਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਵੱਲੋਂ ਕੀਤੇ ਗਏ ਅੱਤਿਆਚਾਰ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਇੱਥੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਜਪਾ 'ਤੇ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਨਫ਼ਰਤ ਰੱਖਣ ਤੇ ਸੂਬੇ ਨੂੰ ਫਿਰ ਤੋਂ ਕਾਲੇ ਦੌਰ ਵਿੱਚ ਧੱਕਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ।



ਉਨ੍ਹਾਂ ਪੰਜਾਬ ਭਾਜਪਾ ਦੇ ਆਗੂਆਂ ਨੂੰ ਇਹ ਵੀ ਚੁਣੌਤੀ ਦਿੱਤੀ ਕਿ ਉਹ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੋਂ ਮੁਆਫ਼ੀ ਮੰਗਣ ਅਤੇ ਸੂਬੇ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਮਾਣ ਦੇਣ। ਵਿੱਤ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਵਾਰ-ਵਾਰ ਪੰਜਾਬੀਆਂ ਦੇ ਹਿੱਤਾਂ, ਅਧਿਕਾਰਾਂ ਅਤੇ ਭਾਵਨਾਵਾਂ 'ਤੇ ਹਮਲਾ ਕਰਕੇ ਸੂਬੇ ਦੇ ਮਾਹੌਲ ਨੂੰ ਖਰਾਬ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ।

# ਸ਼ਿਵ ਸੈਨਾ ਨੇ ਪਾਕਿਸਤਾਨ ਖਿਲਾਫ ਕੀਤੀ ਨਾਅਰੇਬਾਜ਼ੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ਓਕਾਰ ਸਿੰਘ)**- ਬੀਤੇ ਦਿਨ ਨਵੀਂ ਦਿੱਲੀ ਵਿੱਚ ਹੋਏ ਬੰਬ ਧਮਾਕੇ ਨਾਲ ਜਿੱਥੇ ਦਿੱਲੀ ਦੇ ਲੋਕਾਂ ਦੇ ਦਿਲਾਂ ਵਿੱਚ ਡਰ ਪੈਦਾ ਹੋ ਗਿਆ ਉੱਥੇ ਦੇਸ਼ ਦੇ ਹਰ ਸੂਬਿਆਂ ਵਿੱਚ ਵੀ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਪਾਕਿਸਤਾਨੀ ਅੱਤਵਾਦੀਆਂ ਵੱਲੋਂ ਅਜਿਹੀ ਘਨੌਣੀ ਹਰਕਤ ਕਰਨ ਦੇ ਰੋਸ ਵਜੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ

**ਦੇਸ਼ ਦੀ ਸੁਰੱਖਿਆ ਏਜੰਸੀਆਂ 'ਤੇ ਵੀ ਉਠਾਏ ਸਵਾਲ**

ਵਿੱਚ ਸ਼ਿਵ ਸੈਨਾ ਵਰਕਰਾਂ ਨੇ ਪਾਕਿਸਤਾਨ ਖਿਲਾਫ ਨਾਅਰੇਬਾਜ਼ੀ ਕੀਤੀ। ਹਾਜ਼ਰੀ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਪਹਿਲਾਂ ਵੀ ਪਾਕਿਸਤਾਨ ਦੇ ਪ੍ਰਯੋਜਿਤ ਅੱਤਵਾਦੀਆਂ ਨੇ ਪਹਿਲਗਾਮ ਵਿੱਚ ਹਮਲਾ ਕਰਕੇ ਹਿੰਦੂਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ ਅਤੇ ਹੁਣ ਪਾਕਿਸਤਾਨ ਦੇ ਅੱਤਵਾਦੀ ਸੰਗਠਨ ਜੈਸ਼-ਏ-ਮੁਹੰਮਦ ਨੇ ਦਿੱਲੀ ਦੇ ਲਾਲ ਕਿਲਾ ਨਜ਼ਦੀਕ ਬੰਬ ਧਮਾਕਾ ਕਰਕੇ ਜਿਹੜਾ ਕਤਲੇਆਮ ਕੀਤਾ ਹੈ ਉਹ ਨਾ ਕਾਬਿਲੇ ਬਰਦਾਸ਼ਤ ਹੈ। ਉਨ੍ਹਾਂ ਕਿਹਾ ਕਿ ਅੱਤਵਾਦੀ ਵਿਸਫੋਟਕ ਸਮਗਰੀ ਲੈ ਕੇ ਦਿੱਲੀ ਵਿੱਚ ਕਿਵੇਂ ਪਹੁੰਚ ਗਏ ਸਾਡੀਆਂ ਖੁਫੀਆ ਏਜੰਸੀਆਂ ਕੀ ਕਰ ਰਹੀਆਂ ਸਨ ਇਸ ਦੀ ਵੀ ਜਾਂਚ ਪੜਤਾਲ ਹੋਣੀ ਚਾਹੀਦੀ ਹੈ। ਰਾਹੁਲ ਖੰਨਾ ਨੇ ਕਿਹਾ ਕਿ ਜੇਕਰ ਦੇਸ਼ ਦੀ ਰਾਜਧਾਨੀ ਹੀ ਸੁਰੱਖਿਅਤ ਨਹੀਂ ਹੈ ਤਾਂ ਫਿਰ ਬਾਕੀ ਸੂਬਿਆਂ ਦੀ ਸੁਰੱਖਿਆ ਤੇ ਵੀ ਪ੍ਰਸ਼ਨ ਚਿੰਨ ਖੜ੍ਹੇ ਹੋ ਜਾਂਦੇ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਦਿੱਲੀ ਬੰਬ ਧਮਾਕਿਆਂ ਨਾਲ ਜੁੜੇ ਸਾਰੇ ਅੱਤਵਾਦੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਵੇ। ਇਸ ਮੌਕੇ ਤੇ ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜਨ, ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਜ਼ਿਲ੍ਹਾ ਯੂਥ ਪ੍ਰਧਾਨ ਪੁਨੀਤ ਢੀਂਗਰਾ, ਯੂਥ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਸਕੱਤਰ ਪੰਡਿਤ ਮਿਥਲੇਸ਼ ਗਰਗ, ਜ਼ਿਲ੍ਹਾ ਵਾਈਸ ਚੇਅਰਮੈਨ ਜੀਤੇਸ਼ ਖੰਨਾ, ਬਲਾਕ ਪ੍ਰਧਾਨ ਕਰਨ ਬੱਸੀ, ਸੀਨੀਅਰ ਸਿਟੀ ਪ੍ਰਧਾਨ ਰਾਜੀਵ ਖੰਨਾ, ਯੂਥ ਸਿਟੀ ਪ੍ਰਧਾਨ ਗੁਰਨਾਮ ਸਿੰਘ ਗੋਲੀ, ਬਬਲੂ ਕੁਮਾਰ, ਸਿਟੀ ਯੂਥ ਚੇਅਰਮੈਨ ਮਨਜੀਤ ਸਿੰਘ, ਨਵੀ, ਹੈਰੀ, ਰੋਹਿਤ, ਆਕਾਸ਼, ਨਿਤਿਨ ਨੇ ਕਿਹਾ ਕਿ ਪਹਿਲਗਾਮ ਵਿੱਚ ਹੋਏ ਹਮਲੇ ਦੇ ਜਖਮ ਅਜੇ ਸੁੱਕੇ ਵੀ ਨਹੀਂ ਸਨ ਕਿ ਪਾਕਿਸਤਾਨੀ ਅੱਤਵਾਦੀਆਂ ਨੇ ਇੱਕ ਹੋਰ ਜ਼ਖਮ ਦੇ ਦਿੱਤਾ।



# ਖ਼ੂਬਸੂਰਤ ਆਵਾਜ਼ ਦੀ ਮਾਲਕ ਮੁਸਕਾਨ ਕੁਰੈਸ਼ੀ

ਮਲਿਕਾ-ਏ -ਤਰੰਨਮ ਨੂਰ ਜਹਾਂ ਬਾਰੇ ਕਿਸੇ ਨੇ ਆਖਿਆ ਹੈ ਕਿ ਸੁਰਾਂ ਦੀ ਸੱਚਾਈ ਦਾ ਇਜ਼ਹਾਰ ਬੜਾ ਮੁਸ਼ਕਿਲ ਤੇ ਨਾਜ਼ੁਕ ਕੰਮ ਸਮਝਿਆ ਜਾਂਦਾ ਹੈ, ਪਰ ਉਹ ਇਸ ਨੂੰ ਆਸਾਨੀ ਤੇ ਰਵਾਨੀ ਨਾਲ ਕਰਦੀ ਹੈ। ਕਿਸੇ ਨਾ ਕਿਸੇ ਪੱਧਰ 'ਤੇ ਇਹ ਗੱਲ ਸਬਕ ਜਿਹੀ ਤੇ ਗਾਇਕੀ ਦੇ ਸਫ਼ਰ ਵਿੱਚ ਸੰਘਰਸ਼ ਕਰ ਰਹੀ ਮੁਸਕਾਨ ਕੁਰੈਸ਼ੀ 'ਤੇ ਵੀ ਢੁਕਦੀ ਹੈ। ਬਚਪਨ ਤੋਂ ਹੀ ਪਾਕਿਸਤਾਨੀ ਗਾਇਕਾਵਾਂ ਦੀ ਮੁਰੀਦ ਰਹੀ ਮੁਸਕਾਨ ਇਨ੍ਹਾਂ ਸਾਜ਼ਾਂ ਤੋਂ ਹੀ, 'ਤੂੰ ਮੈਨੂੰ ਸਾਰੇ ਗ਼ਮ ਦੇ ਦੇ ਆਪਣੇ, ਮੈਂ ਤੇਰੀ ਖ਼ੁਸ਼ੀ ਬਣ ਜਾਵਾਂ' ਗਾਉਂਦੀ ਹੈ ਤਾਂ ਨਸੀਬੋ ਲਾਲ ਦੀ ਭੈਣ ਜਾਪਦੀ ਹੈ।



ਅੱਜ ਕੱਲ੍ਹ ਹਰ ਫ਼ਨਕਾਰ ਗਾਇਕੀ ਦੀ ਪੌੜੀ ਦੇ ਅਗਲੇ ਡੰਡੇ 'ਤੇ ਪੈਰ ਧਰਨ ਲਈ ਆਮ ਲੋਕਾਂ ਦੇ ਰੁਝਾਨ ਦੀ ਨਬਜ਼ ਟਟੋਲਦਾ ਹੈ। ਸਮਾਜ ਦੇ ਇੱਕ ਹਿੱਸੇ ਦੇ ਬਹੁਤ ਸਾਰੇ ਲੋਕ ਮਾਤਾ ਦੀਆਂ ਭੇਟਾਂ ਸੁਣਨੀਆਂ ਪਸੰਦ ਕਰਦੇ ਹਨ, ਸ਼ਾਇਦ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮੁਸਕਾਨ ਨੇ ਮਾਤਾ ਦੀ ਭੇਟ, 'ਮੈਨੂੰ ਸੱਦ ਆਈਏ ਇੱਕ ਵਾਰੀ' ਪੇਸ਼ ਕੀਤੀ ਹੈ। ਸ਼ੌਕੀ ਫੁਲੇਵਾਲ ਦੀ ਲਿਖੀ ਤੇ ਮਨੀ ਬਾਘਾ ਪੁਰਾਣਾ ਦਾ ਸੰਗੀਤਬੱਧ ਕੀਤੀ ਭੇਟ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਮੁਸਕਾਨ ਕੁਰੈਸ਼ੀ ਦੇ ਪੰਜ ਪਾਣੀ ਰੈਕਰਡਸ ਵੱਲੋਂ ਤਿੰਨ ਟਰੈਕ ਮਾਰਕੀਟ ਵਿੱਚ ਆ ਚੁੱਕੇ ਹਨ।

ਸੰਗੀਤ ਜਗਤ ਵਿੱਚ ਕੁਝ ਵੱਖਰਾ ਨਿਖਾਰ ਕਰਨ ਦੀ ਰੀਝ ਪਾਲਣ ਵਾਲੀ ਇਸ ਗਾਇਕਾ ਨੇ ਸੰਗੀਤ ਦੀ ਐਮ.ਏ. ਕੀਤੀ ਹੋਈ ਹੈ। ਮਹਿਫ਼ਲਾਂ ਵਿੱਚ ਮੁਸਕਾਨ ਜਦੋਂ ਨੂਰ ਜਹਾਂ ਦਾ ਜਗਤ ਪ੍ਰਸਿੱਧ ਗੀਤ, 'ਵੇ ਇੱਕ ਤੇਰਾ ਪਿਆਰ ਮੈਨੂੰ ਮਿਲਿਆ, ਮੈਂ ਦੁਨੀਆਂ 'ਤੇ ਹੋਰ ਕੀ ਲੈਣਾ' ਗਾਉਂਦੀ ਹੈ ਤਾਂ ਸਰੋਤੇ ਵਜਦ ਵਿੱਚ ਆ ਜਾਂਦੇ ਹਨ। ਮੁਸਕਾਨ ਨੂੰ ਮਾਂ ਤਸਲੀਮਾ, ਭਰਾ ਸ਼ਹਿਜ਼ਾਦ ਅਲੀ ਤੇ ਭੈਣ ਫ਼ਰਹੀਨ ਕੁਰੈਸ਼ੀ ਵੱਲੋਂ ਗਾਇਕੀ ਦੇ ਅੰਬਰ ਵਿੱਚ ਪਰਵਾਜ਼ ਭਰਨ ਲਈ ਪੂਰਨ ਸਹਿਯੋਗ ਮਿਲ ਰਿਹਾ ਹੈ। ਇਸ ਦੌਰਾਨ ਇੱਕ ਦਿਨ ਮਹਿਫ਼ਲ-ਏ-ਕਵਾਲੀ ਦੌਰਾਨ ਮੁਸਕਾਨ ਦੀ ਵਾਕਫ਼ੀ ਸਾਂਈ ਚੇਤਨ ਸ਼ਾਹ (ਸ਼ਾਹਕੋਟ) ਨਾਲ ਹੁੰਦੀ ਹੈ। ਉਹ ਸੰਗੀਤ ਦੀਆਂ ਬਰੀਕੀਆਂ ਤੋਂ ਜਾਣੂ ਹਨ। ਉਹ ਚਾਹੁੰਦੇ ਹਨ ਕਿ ਮੁਸਕਾਨ ਦੀ ਆਵਾਜ਼ ਵਿੱਚ ਸੰਗੀਤਿਕ ਸਮਝਦਾਰਾਂ ਨਾਲ ਸੰਗੀਤ ਦੇ ਅੰਬਰੀ ਉਡਾਣ ਭਰੇ, ਇਸ ਲਈ ਉਹ ਸਫ਼ਰ ਵਿੱਚ ਸਹਿਯੋਗੀ ਦੀ ਭੂਮਿਕਾ ਨਿਭਾ ਰਹੇ ਹਨ।

ਅਸੀਂ ਕਾਮਨਾ ਕਰਦੇ ਹਾਂ ਕਿ ਮੁਸਕਾਨ ਆਪਣੀ ਮੰਜ਼ਿਲ ਵੱਲ ਵਧੇ ਤੇ ਚੰਗੀਆਂ ਆਵਾਜ਼ਾਂ ਸੁਣਨ ਵਾਲਿਆਂ ਦੀ ਚਾਹਤ ਨੂੰ ਬੂਰ ਪਵੇ। ਆਮੀਨ

—ਗਿਆਨ ਸੈਦਪੁਰੀ
ਮੋਬਾ : 98725-40447

# ਮੋਡੀਫਾਈਡ ਮੋਟਰਸਾਈਕਲਾਂ, ਟਰਾਲੀਆਂ, ਈ-ਰਿਕਸ਼ਿਆਂ ਤੇ ਫੁੱਟਪਾਥਾਂ 'ਤੇ ਕਬਜ਼ਿਆਂ ਦੀ ਦਹਿਸ਼ਤ : ਗੈਂਦ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਕੁਦਰਤੀ ਅਤੇ ਸਮਾਜਿਕ ਵਾਤਾਵਰਣ ਪ੍ਰੇਮੀ ਠਾਕੁਰ ਵੀਰ ਪ੍ਰਤਾਪ ਤੇ ਨਈ ਸੋਚ ਸੰਸਥਾ ਦੇ ਅਸ਼ਵਨੀ ਗੈਂਦ ਨੇ ਇੱਕ ਸਾਂਝੇ ਬਿਆਨ ਵਿੱਚ ਕਿਹਾ ਕਿ ਇਸ ਸਮੇਂ ਪੰਜਾਬ ਵਿੱਚ ਜੋ ਮੋਡੀਫਾਈਡ ਮੋਟਰ ਸਾਈਕਲ ਅਤੇ ਟਰਾਲੀਆਂ ਸੜਕਾਂ 'ਤੇ ਘੁੰਮ ਰਹੀਆਂ ਹਨ, ਇਨ੍ਹਾਂ ਕਾਰਨ ਆਏ ਦਿਨ ਹਾਦਸੇ ਹੋ ਰਹੇ ਹਨ। ਇਨ੍ਹਾਂ ਕੋਲ ਨਾ ਤਾਂ ਡਰਾਈਵਿੰਗ ਲਾਇਸੈਂਸ ਹੁੰਦਾ ਹੈ, ਨਾ ਹੀ ਜ਼ਰੂਰੀ ਕਾਗਜ਼ਾਤ, ਬੀਮਾ ਵਗੈਰਾ ਅਤੇ ਨਾ ਹੀ ਇਨ੍ਹਾਂ ਨੂੰ ਸੜਕ ਦੇ ਆਵਾਜਾਈ ਨਿਯਮਾਂ ਦੀ ਜਾਣਕਾਰੀ ਹੁੰਦੀ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਇਨ੍ਹਾਂ ਵਾਹਨਾਂ 'ਤੇ ਤੁਰੰਤ ਪਾਬੰਦੀ ਲਗਾਵੇ। ਠਾਕੁਰ ਵੀਰ ਪ੍ਰਤਾਪ ਨੇ ਅੱਗੇ ਕਿਹਾ ਕਿ ਇਸ ਸਮੇਂ ਜੋ ਈ-ਰਿਕਸ਼ਾ ਵੀ ਚੱਲ ਰਹੇ ਹਨ, ਉਹ ਵੀ ਹਰ ਰੋਜ਼ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਇਨ੍ਹਾਂ ਨੂੰ ਚਲਾਉਣ ਵਾਲੇ ਇਸਤਰੀ-ਪੁਰਸ਼ਾਂ ਕੋਲ ਨਾ ਤਾਂ ਲਾਇਸੈਂਸ ਹੁੰਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਸੜਕ ਆਵਾਜਾਈ ਨਿਯਮਾਂ ਦੀ ਜਾਣਕਾਰੀ ਹੁੰਦੀ ਹੈ। ਦੂਜਾ, ਈ-ਰਿਕਸ਼ਾ ਬਣਾਉਣ ਵਾਲੀਆਂ ਕੰਪਨੀਆਂ ਦੂਜੇ ਵਾਹਨਾਂ ਵਾਂਗ ਇਨ੍ਹਾਂ ਦੀ ਸੜਕ ਦੀ ਟੈਸਟਿੰਗ ਵਗੈਰਾ ਨਹੀਂ ਕਰਦੀਆਂ, ਜਿਸ ਨਾਲ ਇਹ ਵੀ ਪਤਾ ਨਹੀਂ ਚੱਲਦਾ ਕਿ ਇਹ ਸੜਕ 'ਤੇ ਚੱਲਣ ਦੇ ਲਾਇਕ ਵਾਹਨ ਹਨ ਵੀ ਜਾਂ ਨਹੀਂ, ਕਿਉਂਕਿ ਇਹ ਜਲਦੀ ਹੀ ਮੋੜ ਕੱਟਣ 'ਤੇ ਪਲਟ ਜਾਂਦੇ ਹਨ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਸਾਰੀਆਂ ਕਿਸਮਾਂ ਦੇ ਵਾਹਨਾਂ ਦੀ ਹਰ ਗਲੀ-ਮੁਹੱਲੇ ਵਿੱਚ ਗਹਿਰਾਈ ਨਾਲ ਜਾਂਚ-ਪੜਤਾਲ ਕਰਕੇ ਇਨ੍ਹਾਂ ਦੇ ਲਾਇਸੈਂਸ ਚੈੱਕ ਕਰੇ, ਬਿਨਾਂ ਲਾਇਸੈਂਸ ਧਾਰਕਾਂ ਅਤੇ ਆਵਾਜਾਈ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।



# ਡੇਰਾ ਪ੍ਰੇਮਪੁਰਾ ਜਗਤਪੁਰ ਵਿਖੇ ਬਰਸੀ ਸਮਾਗਮ ਮੌਕੇ ਰੈਣ ਸਵਾਈ ਕੀਰਤਨ ਕਰਵਾਇਆ

**ਬੰਗਾ (ਅਵਤਾਰ ਕਲੇਰ)**- ਦਰਬਾਰ ਧੰਨ ਧੰਨ ਸਤਿਗੁਰੂ ਬੰਦੀ ਛੋੜ ਈਸਰ ਦਾਸ ਮਹਾਰਾਜ ਡੇਰਾ ਪ੍ਰੇਮਪੁਰਾ ਜਗਤਪੁਰ-ਬਘੌਰਾ ਵਿਖੇ ਸਲਾਨਾ ਸਮਾਗਮ ਧੰਨ ਧੰਨ ਬ੍ਰਹਮਲੀਨ ਸਤਿਗੁਰੂ ਬੰਦੀ ਛੋੜ ਈਸਰ ਦਾਸ ਮਹਾਰਾਜ ਜੀ ਦੀ 81ਵੀਂ ਬਰਸੀ ਮੌਕੇ ਰੈਣ ਸਬਾਈ ਕੀਰਤਨ ਸਮਾਗਮ ਗੱਦੀਨਸ਼ੀਨ ਸੰਤ ਅਮਰੀਕ ਦਾਸ ਦੀ ਸਰਪ੍ਰਸਤੀ ਹੇਠ ਕਰਵਾਇਆ ਗਿਆ। ਇਸ ਮੌਕੇ ਸੰਤ ਮੱਖਣ ਦਾਸ ਨੇ ਆਈਆਂ ਸੰਗਤਾਂ ਅਤੇ ਮਹਾਂਪੁਰਸ਼ਾਂ ਦਾ ਰਸਮੀ ਤੌਰ 'ਤੇ ਸਵਾਗਤ ਕੀਤਾ। ਸਵੇਰ ਤੋਂ ਸਤਿਗੁਰੂ ਬੰਦੀਛੋੜ ਈਸ਼ਰ ਦਾਸ ਮਹਾਰਾਜ ਦੀ ਬਾਣੀ ਦਾ ਕੀਰਤਨ ਅਤੇ ਪਾਠ ਕੀਤਾ ਗਿਆ। ਇਸ ਤੋਂ ਉਪਰੰਤ ਪੰਜਾਬ ਦੇ ਪ੍ਰਸਿੱਧ ਕੀਰਤਨੀਏ, ਕਥਾਵਾਚਕਾਂ ਅਤੇ ਪ੍ਰਚਾਰਕਾਂ ਵੱਲੋਂ ਪੂਰੀ ਰਾਤ ਰੈਣ ਸੁਬਾਈ ਕੀਰਤਨ ਦੀਵਾਨ ਸਜਾਏ ਗਏ ਅਤੇ ਦੂਸਰੇ ਦਿਨ ਦੁਪਹਿਰ ਤੱਕ ਵੱਖ-ਵੱਖ ਸੰਪਰਦਾਵਾਂ ਤੋਂ ਆਏ ਹੋਏ ਸੰਤ ਮਹਾਂਪੁਰਸ਼ ਨੇ ਆਈਆਂ ਸੰਗਤਾਂ ਨੂੰ ਗੁਰੂ ਉਪਦੇਸ਼ ਨਾਲ ਜੋੜਿਆ। ਸਮਾਗਮ ਦਾ ਮੰਚ ਸੰਚਾਲਨ ਸੁੱਚਾ ਸਿੰਘ ਨੇ ਕੀਤਾ।ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ ਵਿਸ਼ੇਸ਼ ਤੌਰ 'ਤੇ ਪਹੁੰਚੇ।ਸਮਾਗਮ ਵਿੱਚ ਸੰਤ ਨਿਰੰਜਣ ਦਾਸ ਡੇਰਾ ਬੱਲਾਂ, ਸੰਤ ਲੇਖਰਾਜ ਡੇਰਾ ਬੱਲਾਂ, ਸੰਤ ਅਸ਼ੋਕ ਦਾਸ, ਸੰਤ ਰਾਗਵਾਨੰਦ, ਸੰਤ ਰਾਜ ਦਾਸ ਰਿਸ਼ੀ, ਸੰਤ ਕਸ਼ਮੀਰ ਸਿੰਘ ਕੋਟ ਫਤੂਹੀ, ਸੰਤ ਜੋਗਿੰਦਰ ਸਿੰਘ, ਬੀਬੀ ਸ਼ਾਂਤੀ ਦੇਵੀ, ਗਿਆਨੀ ਅਜਮੇਰ ਸਿੰਘ, ਸੰਤ ਗੋਪਾਲ ਹਰੀ, ਸੰਤ ਗੁਰਚਰਨ ਦਾਸ, ਸੰਤ ਮੁਕੇਸ਼ਾ ਨੰਦ, ਸੰਤ ਮਹੇਸ਼ ਗਿਰੀ, ਸੰਤ ਕੁਲਦੀਪ ਸਿੰਘ ਬੰਸੀ ਤੋਂ ਇਲਾਵਾ ਅਨੇਕਾਂ ਹੋਰ ਮਹਾਂਪੁਰਸ਼ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਭਾਈ ਪਿਆਰਾ ਸਿੰਘ, ਭਾਈ ਗੋਰਖਾਨੰਦ ਤੂਰਾਂ ਵਾਲੇ, ਭਾਈ ਹੀਰਾ ਸਿੰਘ ,ਭਾਈ ਕਰਮ ਸਿੰਘ ਜਲੰਧਰ, ਭਾਈ ਹੇਰ ਹਰਮੇਲ ਸਿੰਘ ਨੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ।



# ਫਿਰੌਤੀ ਲਈ ਸੁਨਿਆਰੇ ਨੂੰ ਮਿਲੀ ਧਮਕੀ ਭਰੀ ਕਾਲ

## ਪੁਲਸ ਦੀ ਤੁਰੰਤ ਕਾਰਵਾਈ ਨਾਲ ਮੁਲਜ਼ਮ ਕਾਬੂ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**- ਡਾਇਰੈਕਟਰ ਜਨਰਲ ਪੁਲਸ ਪੰਜਾਬ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਤੇ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐੱਸ ਏ ਐੱਸ ਨਗਰ ਦੇ ਹੁਕਮਾਂ ਅਧੀਨ ਗੈਰ-ਕਾਨੂੰਨੀ ਅਨਸਰਾਂ ਅਤੇ ਗੈਂਗਸਟਰਾਂ ਵਿਰੁੱਧ ਚਲ ਰਹੀ ਖਾਸ ਮੁਹਿੰਮ ਤਹਿਤ ਮੋਹਾਲੀ ਪੁਲਸ ਨੇ ਵੱਡੀ ਸਫ਼ਲਤਾ ਹਾਸਲ ਕੀਤੀ ਹੈ।ਦਿਲਪ੍ਰੀਤ ਸਿੰਘ, ਕਪਤਾਨ ਪੁਲਿਸ (ਸਿਟੀ) ਨੇ ਦੱਸਿਆ ਕਿ ਅਕੁੰਸ਼ ਜਿੰਦਲ, ਜੋ ਫੇਜ਼ 3ਬੀ2 ਮਾਰਕੀਟ ਮੋਹਾਲੀ ਵਿੱਚ ਸੁਨਿਆਰੇ ਦੀ ਦੁਕਾਨ ਚਲਾਉਂਦਾ ਹੈ, ਨੂੰ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਮੋਬਾਇਲ ਰਾਹੀਂ ਜਾਨੋਂ ਮਾਰਨ ਦੀ ਧਮਕੀ ਦੇ ਕੇ ਫਿਰੌਤੀ ਮੰਗੀ ਗਈ ਸੀ। ਇਸ ਸਬੰਧੀ ਮਟੌਰ ਥਾਣੇ ਵਿੱਚ ਮੁਕੱਦਮਾ ਦਰਜ ਕੀਤਾ ਗਿਆ।ਉਹਨਾਂ ਦੱਸਿਆ ਕਿ ਪ੍ਰਿਥਵੀ ਸਿੰਘ ਚਹਿਲ, ਡੀ.ਐੱਸ.ਪੀ. ਸਿਟੀ-1, ਮੋਹਾਲੀ ਦੇ ਦਿਸ਼ਾ-ਨਿਰਦੇਸ਼ ਅਤੇ ਨਿਗਰਾਨੀ ਹੇਠ ਇੰਸਪੈਕਟਰ ਅਮਨਦੀਪ ਕੰਬੋਜ਼, ਮੁੱਖ ਅਧਿਕਾਰੀ ਥਾਣਾ ਮਟੌਰ ਦੀ ਅਗਵਾਈ ਹੇਠ ਟੀਮ ਨੇ ਟੈਕਨੀਕਲ ਸੋਰਸਾਂ ਦੀ ਮਦਦ ਨਾਲ ਕਾਰਵਾਈ ਕਰਦਿਆਂ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ।ਗ੍ਰਿਫਤਾਰ ਕੀਤੇ ਗਏ ਦੋਸ਼ੀ ਦੀ ਪਹਿਚਾਣ ਅਜੂਬਾ ਪੁੱਤਰ ਦੀਨਾ ਨਾਥ, ਵਾਸੀ ਪਿੰਡ ਸਤੌਲੀ, ਤਹਿਸੀਲ ਖੇੜਾਗਰ, ਜ਼ਿਲ੍ਹਾ ਆਗਰਾ (ਯੂ.ਪੀ.), ਹਾਲ ਵਾਸੀ ਨੇੜੇ ਡੰਗਰਾਂ ਦਾ ਹਸਪਤਾਲ, ਜੰਝਘਰ, ਪਿੰਡ ਚੰਦੇਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ ਵਜੋਂ ਹੋਈ ਹੈ।ਉਹਨਾਂ ਕਿਹਾ ਕਿ ਦੋਸ਼ੀ ਨੂੰ ਅਦਾਲਤ ਮੋਹਾਲੀ ਵਿਖੇ ਪੇਸ਼ ਕਰਕੇ ਪੁਲਿਸ ਰਿਮਾਂਡ ਪ੍ਰਾਪਤ ਕੀਤਾ ਗਿਆ ਹੈ, ਤਾਂ ਜੋ ਉਸ ਨਾਲ ਡੂੰਘਾਈ ਨਾਲ ਪੁੱਛਗਿੱਛ ਕੀਤੀ ਜਾ ਸਕੇ। ਪੁਲਿਸ ਨੂੰ ਉਮੀਦ ਹੈ ਕਿ ਪੁੱਛਗਿੱਛ ਦੌਰਾਨ ਹੋਰ ਵੀ ਮਹੱਤਵਪੂਰਨ ਖੁਲਾਸੇ ਹੋਣਗੇ।



# ਭੁਪਿੰਦਰ ਸਿੰਘ ਫੀਂਡਾ ਨਮਿਤ ਸ਼ਰਧਾਂਜਲੀ ਸਮਾਗਮ

**ਆਦਮਪੁਰ (ਪਰਮਜੀਤ ਸਿੰਘ)**- ਵਿਧਾਨ ਸਭਾ ਹਲਕਾ ਆਦਮਪੁਰ ਦੇ ਅਕਾਲੀ ਦਲ ਅਮ੍ਰਿਤਸਰ ਦੇ ਸੀਨੀਅਰ ਆਗੂ ਤੇ ਜਿਲ੍ਹਾ ਜਨਰਲ ਸਕੱਤਰ ਜਥੇਦਾਰ ਭੂਪਿੰਦਰ ਸਿੰਘ ਭਿੰਦਾ ਵਾਸੀ ਨੰਗਲ ਫੀਦਾ ਦਾ ਬੀਤੇ ਦਿਨੀ ਆਪਣੀ ਸੰਸਕਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾ ਵਿਚ ਜਾ ਵਿਰਾਜੇ ਸਨ। ਉਨ੍ਹਾਂ ਨਮਿਤ ਰੱਖੇ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਸਿੰਘਾਂ ਵਲੋਂ ਵਿਰਾਗ ਮਈ ਕੀਰਤਨ ਕੀਤਾ ਗਿਆ। ਉਪਰੰਤ ਸ਼ਰਧਾਂਜਲੀ ਸਮਾਗਮ ਦੌਰਾਨ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ, ਸੁਖਜੀਤ ਸਿੰਘ ਡਰੋਲੀ ਜ਼ਿਲ੍ਹਾਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾਕਟਰ ਹਰਜਿੰਦਰ ਸਿੰਘ ਜੱਖੂ, ਸੁੱਚਾ ਸਿੰਘ ਪੰਜਾਬ ਯੂਨੀਵਰਸਿਟੀ, ਬਘੇਲ ਸਿੰਘ ਬਾਬਾ ਨਾਗਰ ਸਿੰਘ ਤਰਨਾ ਦਲ ਹੁਸਿਆਰਪੁਰ, ਅਮਨਦੀਪ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਸ਼ੂਗਰ ਮਿਲ ਭੋਗਪੁਰ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਮਨਿੰਦਰਜੀਤ ਸਿੰਘ, ਰਮਨਦੀਪ ਕੋਰ, ਹਰਕੀਰਤ ਸਿੰਘ ਭੇਲਾ ਕੁਆਰਡੀਨੇਟਰ ਕਿਸਾਨ ਵਿੰਗ ਆਦਮਪੁਰ,ਰਹਜੀਤ ਸਿੰਘ ਢਿਲੋਂ ਯੂ ਐੱਸ ਏ, ਮਹਿੰਦਰ ਸਿੰਘ, ਹਰਪ੍ਰੀਤ ਸਿੰਘ, ਇੰਦਰਜੀਤ ਸਿੰਘ, ਮਨਪ੍ਰੀਤ ਸਿੰਘ, ਬਲਜੀਤ ਸਿੰਘ, ਲਖਵੀਰ ਸਿੰਘ ਗਿਲ, ਗੁਰਪਾਲ ਸਿੰਘ, ਕਰਤਾਰ ਸਿੰਘ ਡਰੋਲੀ, ਦਰਸ਼ਨ ਸਿੰਘ ਕਲਕੱਤਾ ਆਦਿ ਤੇ ਪਾਰਟੀ ਦੇ ਨੁਮਾਇੰਦੇ ਹਾਜ਼ਰ ਸਨ।



# ਜ਼ਿਲ੍ਹਾ ਪੱਧਰੀ ਦੋ ਰੋਜ਼ਾ ਬਾਸਕਿਟਬਾਲ ਟੂਰਨਾਮੈਂਟ ਸ਼ੁਰੂ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਭਗਤ ਸਿੰਘ ਯੂ ਐੱਸ ਏ ਮੈਮੋਰੀਅਲ ਬਾਸਕਿਟਬਾਲ ਕਲੱਬ ਦੁਆਰਾ ਉੱਘੇ ਖੇਡ ਪ੍ਰਮੋਟਰ ਅਤੇ ਰਾਸ਼ਟਰੀ ਪੱਧਰ ਦੇ ਖਿਡਾਰੀ ਭਗਤ ਸਿੰਘ ਦੀ ਯਾਦ ਵਿਚ ਜ਼ਿਲਾ ਪੱਧਰੀ ਬਾਸਕਿਟਬਾਲ ਟੂਰਨਾਮੈਂਟ ਸਕੂਲ ਆਫ ਐਮੀਨੈਂਸ ਦੇ ਮੈਦਾਨ ਸ਼ੁਰੂ ਹੋ ਗਿਆ। ਕੋਚ ਬ੍ਰਿਜ ਮੋਹਨ ਸ਼ਰਮਾ, ਸੁਖਵੀਰ ਸਿੰਘ, ਗੁਰਦੀਪ ਸਿੰਘ ਦੀ ਦੇਖਰੇਖ ਵਿਚ ਕਰਵਾਏ ਜਾ ਰਹੇ ਟੂਰਨਾਮੈਂਟ ਦਾ ਉਦਘਾਟਨ ਡੀ ਐੱਸ ਪੀ ਦਵਿੰਦਰ ਸਿੰਘ ਬਾਜਾਵਾ, ਐੱਸ ਐੱਚ ਓ ਗੁਰਿੰਦਰਜੀਤ ਸਿੰਘ ਨਾਗਰਾ, ਹੈੱਡਮਾਸਟਰ ਸੰਤੋਖ ਸਿੰਘ ਅਤੇ ਇੰਟਰਨੈਸ਼ਨਲ ਕੋਚ ਹਰਜਾਪ ਸਿੰਘ ਨੇ ਕੀਤਾ। ਇਸ ਤੋਂ ਪਹਿਲਾਂ ਸਾਰੇ ਮਹਿਮਾਨਾਂ ਨੇ ਭਗਤ ਸਿੰਘ ਦੀ ਤਸਵੀਰ 'ਤੇ ਫੁੱਲ ਅਰਪਿਤ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਉਨ੍ਹਾਂ ਵੱਲੋਂ ਖੇਡਾਂ ਲਈ ਕੀਤੇ ਗਏ ਇਤਿਹਾਸਿਕ ਕੰਮਾਂ ਦਾ ਜ਼ਿਕਰ ਕੀਤਾ । ਇਸ ਸਮੇਂ ਅੰਡਰ-17 ਵਰਗ ਪਹਿਲਾਂ ਟਾਂਡਾ ਦੀ ਟੀਮ ਨੇ ਬਲੱਗਣ ਬੀ ਟੀਮ ਨੂੰ ਹਰਾਇਆ । ਦੂਜੀ ਗੱਲ ਵਿਚ ਪੁਰਹੀਰਾਂ ਨੇ ਮੜੂਲੀ ਬ੍ਰਾਹਮਣਾ ਦੀ ਟੀਮ ਨੂੰ ਹਰਾਇਆ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਟੂਰਨਾਮੈਂਟ ਵਿਚ ਅੰਡਰ 17 ਅਤੇ ਓਪਨ ਵਰਗ ਦੇ ਮੁਕਾਬਲੇ ਹੋਣਗੇ । ਸਮਾਪਤੀ ਸਮਾਰੋਹ ਦੇ ਮੁੱਖ ਮਹਿਮਾਨ, ਵਿਧਾਇਕ ਜਸਵੀਰ ਸਿੰਘ ਰਾਜਾ, ਐੱਸ .ਪੀ. ਪਰਮਿੰਦਰ ਸਿੰਘ ਹੀਰ ਤੇ ਚੇਅਰਮੈਨ ਤਰਲੋਚਨ ਸਿੰਘ ਬਿੱਟੂ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਣਗੇ ਅਤੇ ਜੇਤੂ ਟੀਮਾਂ ਨੂੰ ਇਨਾਮ ਦੇਣਗੇ। ਇਸ ਮੌਕੇ ਅਜੀਤ ਸਿੰਘ ਗੁਰਾਇਆ, ਸੁਖਵੀਰ ਸਿੰਘ, ਪ੍ਰੋ.ਕੇ.ਕਲੋਟੀ, ਬਲਬੀਰ ਸਿੰਘ, ਹਰਪ੍ਰੀਤ ਹੈਪੀ, ਮੋਨੂੰ, ਗੁਰਮਿੰਦਰ ਸਿੰਘ, ਦਵਿੰਦਰ ਸਿੰਘ, ਅਮਨ, ਰਵਿੰਦਰ ਸਿੰਘ ਸਹਿਬਾਜ਼ਪੁਰ, ਜਗਦੀਪ ਸਿੰਘ, ਜਗਤਾਰ ਸਿੰਘ, ਚਰਨਜੀਤ ਸਿੰਘ ਗੁਰਾਇਆ, ਜਸਪ੍ਰੀਤ ਜੱਸੀ, ਪਵਨ ਚੱਢਾ, ਬਲਦੇਵ ਮਿੱਤਰਾ, ਰੰਮੀ ਕਾਲਕਟ,ਲੋਕੇਸ਼ ਵਸ਼ਿਸ਼ਟ, ਆਕਾਸ਼ ਕਾਲਕਟ, ਸਦੀਪ ਮਿੰਟੂ, ਸਰਬਜੀਤ ਸਿੰਘ, ਵਿਸ਼ਾਲ, ਅਜੇ ਦਸੂਹਾ, ਲਖਵਿੰਦਰ ਸਿੰਘ ਮੁਲਤਾਨੀ, ਹਰਜਾਪ ਸਿੰਘ, ਕੋਚ ਕੁਲਵੰਤ ਸਿੰਘ, ਰਮਨਦੀਪ ਸਿੰਘ ਰੰਮੀ, ਕੈਪਟਨ ਓਂਕਾਰ ਸਿੰਘ, ਵਰਿੰਦਰ ਪੁੰਜ, ਜਤਿੰਦਰ ਕੁਮਾਰ ਕੰਵਰ, ਗੁਰਚਰਨ ਸਿੰਘ, ਜਸਪਾਲ ਸਿੰਘ, ਗੁਰਵਿੰਦਰ ਸਿੰਘ, ਵਿਕਾਸ ਆਨੰਦ, ਸੁਖਜੀਤ ਸਿੰਘ, ਬੂਟਾ ਸਿੰਘ, ਕਰਨਜੀਤ ਸਿੰਘ ਆਦਿ ਹਾਜ਼ਰ ਸਨ।



# ਢਾਹਾਂ ਕਲੇਰਾਂ ਹਸਪਤਾਲ ਵਿਖੇ ਚਮੜੀ ਰੋਗਾਂ ਦਾ ਮੁਫ਼ਤ ਮੈਡੀਕਲ ਕੈਂਪ 16 ਨੂੰ

**ਬੰਗਾ (ਅਵਤਾਰ ਕਲੇਰ)**- ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਚਮੜੀ ਦੇ ਰੋਗਾਂ ਦਾ ਮੁਫਤ ਚੈਕਅਪ ਕੈਂਪ 16 ਨਵੰਬਰ ਨੂੰ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਦਿੰਦਿਆਂ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਦੱਸਿਆ ਕਿ ਹਸਪਤਾਲ ਵੱਲੋਂ ਲੋੜਵੰਦ ਮਰੀਜ਼ਾਂ ਦੀ ਮਦਦ ਲਹਾਂ ਕੈਂਪ ਲਗਾਇਆ ਜਾ ਰਿਹਾ ਹੈ। ਜਿਸ ਵਿਚ ਚਮੜੀ ਰੋਗਾਂ ਦੇ ਮਾਹਰ ਡਾ. ਕਰਨ ਛਾਬੜਾ ਵੱਲੋਂ ਮਰੀਜ਼ਾਂ ਦੀ ਮੁਫਤ ਜਾਂਚ ਕੀਤੀ ਜਾਵੇਗੀ ਅਤੇ ਮੁਫਤ ਦਵਾਈ ਦਿੱਤੀ ਜਾਵੇਗੀ। ਇਸ ਮੌਕੇ ਮਰੀਜ਼ਾਂ ਨੂੰ ਵੱਖ ਵੱਖ ਲੈਬ ਟੈਸਟਾਂ ਜਿਵੇਂ ਸੀ ਬੀ ਸੀ, ਐਲ ਐਫ ਟੀ, ਆਰ ਐਫ ਟੀ, ਵਾਇਰਲ ਮਾਰਕ, ਆਇਰਨ ਫੇਰੀਟਿਨ, ਵਿਟਾਮਿਨ ਬੀ12, ਵਿਟਾਮਿਨ ਡੀ, ਫਾਸਟਿੰਗ ਥਾਇਰਾਇਡ ਪ੍ਰੋਫਾਈਲ ਅਤੇ ਸ਼ੂਗਰ ਦੇ ਟੈਸਟਾਂ ਵਿਚ 50 ਫੀਸਦੀ ਛੋਟ ਦਿੱਤੀ ਜਾਵੇਗੀ। ਉਹਨਾਂ ਦੱਸਿਆ ਕਿ ਚਮੜੀ ਦੀ ਐਲਰਜੀ, ਖਾਰਸ਼, ਫੰਗਲ ਇੰਨਫੈਕਸ਼ਨ, ਨਹੁੰਆਂ ਦੀਆਂ ਬਿਮਾਰੀਆਂ, ਫੁਲਵਹਿਰੀ, ਚਿਹਰੇ ਦੇ ਕਿੱਲਾਂ ਫਿੰਸੀਆਂ, ਚੰਬਲ, ਮੋਹਕੇ, ਸਿਰ ਦੇ ਵਾਲਾਂ ਦੇ ਝੜਨ / ਡਿੱਗਣ ਦਾ ਇਲਾਜ ਕੀਤਾ ਜਾਵੇਗਾ। ਇਸ ਮੌਕੇ ਡਾ. ਜਸਦੀਪ ਸਿੰਘ ਸੈਣੀ ਮੈਡੀਕਲ ਸੁਪਰਡੈਂਟ, ਡਾ. ਕਰਨ ਛਾਬੜਾ ਐਮ. ਡੀ., ਮਹਿੰਦਰਪਾਲ ਸਿੰਘ, ਮੈਡਮ ਦਵਿੰਦਰ ਕੌਰ ਨਰਸਿੰਗ ਸੁਪਰਡੈਂਟ ਵੀ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਵੱਲੋਂ ਸੜਕਾਂ 'ਤੇ ਚਿੱਟੀ ਪੱਟੀ ਲਾਉਣ ਦੇ ਨਿਰਦੇਸ਼

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਆਗਾਮੀ ਠੰਡ ਅਤੇ ਧੁੰਦ ਦੇ ਮੌਸਮ ਦੇ ਮੱਦੇਨਜਰ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜ਼ਿਲ੍ਹੇ ਵਿੱਚ ਪੈਂਦੇ ਰਾਸ਼ਟਰੀ ਮਾਰਗ, ਰਾਜ ਮਾਰਗ ਅਤੇ ਲਿੰਕ ਸੜਕਾਂ ਦੀ ਢੁਕਵੀਂ ਮੁਰੰਮਤ ਦੇ ਨਾਲ-ਨਾਲ ਜਲਦ ਤੋਂ ਜਲਦ ਚਿੱਟੀ ਪੱਟੀ ਲਾਉਣ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਕਿਸੇ ਤਰ੍ਹਾਂ ਦਾ ਗੰਭੀਰ ਹਾਦਸਾ ਨਾ ਵਾਪਰ ਸਕੇ। ਸਥਾਨਕ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਜ਼ਿਲ੍ਹਾ ਰੋਡ ਸੇਫਟੀ ਕਮੇਟੀ ਦੀ ਮਾਸਿਕ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਨੇ ਕਿਹਾ ਕਿ ਹਾਦਸਿਆਂ ਦੀ ਰੋਕਥਾਮ ਲਈ ਲੋੜੀਂਦੇ ਕਦਮ ਚੁੱਕੇ ਜਾਣ । ਉਨ੍ਹਾਂ ਨੇ ਨੈਸ਼ਨਲ ਹਾਈਵੇਜ਼, ਲੋਕ ਨਿਰਮਾਣ ਵਿਭਾਗ ਅਤੇ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿਲ੍ਹੇ ਵਿੱਚ ਵੱਖ-ਵੱਖ ਸੜਕਾਂ 'ਤੇ ਬਲੈਕ ਸਪਾਟ ਦੀ ਸਨਾਖਤ ਕਰਕੇ ਬਣਦੀ ਕਾਰਵਾਈ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ਜਿਸ ਨਾਲ ਅਣਹੋਣੀਆਂ ਘਟਨਾਵਾਂ ਨੂੰ ਵਾਪਰਨ ਤੋਂ ਰੋਕਿਆ ਜਾ ਸਕੇ।



# ਸੁਖਮਨ ਸਿੰਘ ਨੇ ਕਰਾਟੇ 'ਚ ਪੰਜਾਬ ਭਰ 'ਚੋਂ ਦੂਸਰਾ ਸਥਾਨ ਹਾਸਲ ਕੀਤਾ

**ਗੁਰਾਇਆ (ਬਿੰਦਰ ਸੁੰਮਨ)**- ਪੰਜਾਬ ਰਾਜ ਸਕੂਲ ਖੇਡਾਂ 'ਚ ਕਰਾਟੇ ਖੇਡ 'ਚ ਸੁਖਮਨ ਸਿੰਘ ਨੇ ਆਪਣੇ ਭਾਰ ਵਰਗ 'ਚ ਪੰਜਾਬ ਭਰ 'ਚੋਂ ਦੂਸਰਾ ਸਥਾਨ ਹਾਸਲ ਕਰ ਕੇ ਆਪਣੇ ਸਕੂਲ, ਮਾਪਿਆਂ ਅਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਰੋਸ਼ਨ ਕੀਤਾ ਹੈ। ਸਕੂਲ ਪੁੱਜਣ 'ਤੇ ਉਸ ਨੂੰ ਵਧਾਈ ਦਿੰਦੇ ਹੋਏ ਦਸਮੇਸ਼ ਕਾਨਵੈਂਟ ਹਾਈ ਸਕੂਲ ਅੱਟੀ ਦੇ ਪ੍ਰਿੰਸੀਪਲ ਬਲਜਿੰਦਰ ਕੁਮਾਰ, ਵਾਈਸ ਪ੍ਰਿੰਸੀਪਲ ਸੰਦੀਪ ਕੌਰ, ਸੁਖਦੀਪ ਸਿੰਘ ਨੇ ਦੱਸਿਆ ਕਿ ਕੋਚ ਜੱਸ ਮਾਨ ਦੀ ਅਗਵਾਈ 'ਚ ਸਕੂਲ ਦੇ ਵਿਦਿਆਰਥੀ ਕਰਾਟੇ, ਤਾਈਕੋਵਾਂਡੋ ਅਤੇ ਬਾਕਸਿੰਗ ਦੀ ਤਿਆਰੀ ਕਰਦੇ ਹਨ। ਇਸ ਤੋਂ ਪਹਿਲਾਂ ਸਕੂਲ ਦਾ ਖਿਡਾਰੀ ਮੁਨੀਤ ਸਿੰਘ ਨੇ ਬਾਕਸਿੰਗ 'ਚ ਪੰਜਾਬ ਭਰ ਚੋਂ ਤੀਸਰਾ ਸਥਾਨ ਹਾਸਲ ਕੀਤਾ ਹੈ। ਸੁਖਮਨ ਸਿੰਘ ਅਤੇ ਕੋਚ ਜੱਸਮਾਨ ਨੂੰ ਵਧਾਈ ਦਿੰਦੇ ਹੋਏ ਸਕੂਲ ਪ੍ਰਬੰਧਕ ਚਰਨਜੀਤ ਸਿੰਘ ਨੇ ਕਿਹਾ ਕਿ ਸਿੱਖਿਆ ਦੇ ਨਾਲ -ਨਾਲ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਸਕੂਲ ਵਿਦਿਆਰਥੀਆਂ ਖੇਡਾਂ 'ਚ ਸਕੂਲ ਅਤੇ ਇਲਾਕੇ ਦਾ ਨਾਂ ਰੋਸ਼ਨ ਕਰ ਰਹੇ ਹਨ। ਜਿਸ ਦੇ ਲਈ ਕੋਚ ਜੱਸ ਮਾਨ ਅਤੇ ਹਾਕੀ ਕੋਚ ਗੁਰਜੀਤ ਸਿੰਘ ਬੱਚਿਆਂ ਨੂੰ ਵਧੀਆ ਸਿਖਲਾਈ ਦੇ ਰਹੇ ਹਨ। ਸਕੂਲ ਵਲੋਂ ਕੋਚ ਜੱਸਮਾਨ ਨੂੰ ਵੀ ਸਨਮਾਨ ਕੀਤਾ ਗਿਆ। ਇਸ ਸਾਦੇ ਸਮਾਗਮ ਦੌਰਾਨ ਰਵਿੰਦਰਜੀਤ ਕੌਰ, ਮੈਡਮ ਸੁਨੀਤਾ, ਮੈਡਮ ਜਯੋਤੀ, ਮੈਡਮ ਮਨਪ੍ਰੀਤ ਕੌਰ, ਸੰਗੀਤਾ ਅਤੇ ਸਮੂਹ ਸਟਾਫ਼ ਹਾਜ਼ਰ ਸਨ।





# ਸੇਵਾ-ਮੁਕਤ ਕਰਮਚਾਰੀ ਯੂਨੀਅਨ ਦੀ ਮੀਟਿੰਗ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਜੋ ਹਰ ਮਹੀਨੇ 10 ਤਾਰੀਖ ਨੂੰ ਹੁੰਦੀ ਹੈ, ਉਹ ਨਗਰ ਨਿਗਮ ਹੁਸ਼ਿਆਰਪੁਰ ਦੀ ਮੀਟਿੰਗ ਹਾਲ ਵਿਚ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵੱਧ ਚੜ ਕੇ ਸੇਵਾ ਮੁਕਤ ਕਰਮਚਾਰੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਦੀ ਕਾਰਵਾਈ ਸੰਜੀਵ ਅਰੋੜਾ ਸਰਪ੍ਰਸਤ ਵਲੋਂ ਕੀਤੀ ਗਈ। ਵੱਖ-ਵੱਖ ਬੁਲਾਰਿਆਂ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਨਗਰ ਨਿਗਮ ਵਲੋਂ ਉਹਨਾਂ ਦੀ ਮੰਗਾਂ ਮੰਨ ਲਈਆਂ ਗਈਆ ਹਨ, ਜਿਸ ਦਾ ਉਹਨਾਂ ਵਲੋਂ ਧੰਨਵਾਦ ਕੀਤਾ ਗਿਆ। ਬਾਕੀ ਬੁਲਾਰੇ ਅਤੇ ਕੁਲਵੰਤ ਸਿੰਘ ਸੈਣੀ ਚੇਅਰਮੈਨ ਵੱਲੋਂ ਕਿਹਾ ਗਿਆ ਕਿ ਸਰਕਾਰ ਜਿਹਨਾਂ ਮੁੱਦਿਆ ਉਪਰ ਇਹ ਆਈ ਹੈ ਉਹਨਾਂ ਮੁੱਦਿਆ ਤੋਂ ਭਟਕ ਗਈ ਹੈ, ਕਿਉਂਕਿ ਪਹਿਲਾ ਮੁੱਦਾ ਕੱਚੇ ਮੁਲਾਜਮਾਂ ਨੂੰ ਪੱਕਾ ਕਰਨਾ, ਪੱਕੇ ਮੁਲਾਜਮਾਂ ਦੇ ਸਾਰੇ ਹੱਕ ਦੇਣੇ ਅਤੇ ਆਮ ਲੋਕਾਂ ਦੀਆਂ ਸਮੱਸਿਆਵਾ ਪਹਿਲ ਦੇ ਅਧਾਰ ਤੇ ਹੱਲ ਕਰਨੀਆਂ ਜੋ ਮੁੱਖ ਸਨ, ਪਰ ਇਹਨਾਂ ਨੇ ਕੱਚੇ ਮੁਲਾਜਮਾਂ ਦੀ ਕੋਈ ਸਾਰ ਨਹੀਂ ਲਈ। ਪੱਕੇ ਮੁਲਾਜ਼ਮ ਜਿਹਨਾਂ ਦੇ ਨਵੇਂ ਸਕੇਲ ਦਾ ਏਰੀਅਰ ਅਤੇ ਡੀ.ਏ ਜੋ ਕਿ 16 ਪ੍ਰਤੀਸ਼ਤ ਘੱਟ ਦੇ ਰਹੀ ਹੈ ਉਹ ਦੀਵਾਲੀ ਉਪਰ ਵੀ ਕੋਈ ਕਿਸ਼ਤ ਨਾ ਦੇ ਕੇ ਮੁਲਾਜ਼ਮਾਂ ਪ੍ਰਤੀ ਆਪਣਾ ਵਤੀਰਾ ਜਾਹਿਰ ਕੀਤਾ ਹੈ। ਇਸ ਮੀਟਿੰਗ ਵਿਚ ਅਮਰਜੀਤ ਸਿੰਘ, ਮੋਹਨ ਸਿੰਘ, ਮਨਜਿੰਦਰ ਸਿੰਘ, ਕੇਵਲ ਲਾਲ ਹੀਰ, ਰਵਿੰਦਰ ਕਾਕਾ, ਦਸ਼ਰਤ ਲਾਲ, ਬਲਵਿੰਦਰ ਸਿੰਘ, ਹਰੀਸ਼ ਕੁਮਾਰ, ਤਰਲੋਚਨ ਸਿੰਘ, ਨਛੱਤਰ ਲਾਲ, ਸੁਰਜੀਤ ਸਿੰਘ, ਹਰਜਿੰਦਰ ਸਿੰਘ, ਦਰਸ਼ਨ ਸਿੰਘ, ਸੀਤਾ ਰਾਮ, ਬੋਧ ਰਾਜ, ਮਦਨ ਲਾਲ, ਅਸ਼ਵਨੀ ਸ਼ਰਮਾ ਜੇ.ਈ. ਸੁਰਜੀਤ ਬਹਿਲ, ਸੁਰਿੰਦਰ ਕੁਮਾਰ, ਅਵਤਾਰ ਸਿੰਘ, ਏ.ਡੀ.ਐਫ.ਓ. ਨਰੇਸ਼ ਕੁਮਾਰ, ਰਮੇਸ਼ ਕੁਮਾਰ, ਅਸ਼ਵਨੀ ਐਸ.ਡੀ.ਓ ਆਦਿ ਸ਼ਾਮਿਲ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੈਮੀਨਾਰ ਕਰਵਾਇਆ

**ਬਲਾਚੌਰ (ਜਸਵਿੰਦਰ ਬੈਂਸ)**- ਯੁੱਧ ਨਸ਼ਿਆਂ ਵਿਰੁੱਧ ਵਿੱਚ ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ 295 ਬਲਾਕ ਸੜੋਆ ਨੇ ਪਿੰਡ ਬਕਾਪੁਰ ਗੁਰੂ ਨਾਨਕ ਚੈਰੀਟੇਬਲ ਹਸਪਤਾਲ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਤੇ ਐਸ ਐਚ ਓ ਸਦਰ ਬਲਾਚੌਰ ਬਿਕਰਮ ਸਿੰਘ ਰੋੜੀ ਉਹਨਾਂ ਦੇ ਨਾਲ ਭਾਗ ਸਿੰਘ ਪੀ ਐੱਚ ਜੀ ਤੇ ਕਰਨੈਲ ਸਿੰਘ ਪੀ ਐਚ ਜੀ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਨੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਵਿੱਚ ਨਸ਼ੇ ਦੇ ਖ਼ਿਲਾਫ਼ ਜਾਗਰੂਕਤਾ ਫੈਲਾਉਣ ਦਾ ਸੰਦੇਸ਼ ਦਿੱਤਾ। ਸੈਮੀਨਾਰ ਦੌਰਾਨ ਪ੍ਰੈਕਟੀਸ਼ਨਰਾਂ ਨੇ ਵੀ ਲੋਕਾਂ ਨੂੰ ਨਸ਼ਿਆਂ ਦੇ ਨੁਕਸਾਨਾਂ ਬਾਰੇ ਜਾਣਕਾਰੀ ਦਿੱਤੀ ਤੇ ਸਿਹਤਮੰਦ ਜੀਵਨ ਜੀਉਣ ਲਈ ਪ੍ਰੇਰਿਤ ਕੀਤਾ। ਸਬ ਇੰਸਪੈਕਟਰ ਵਿਕਰਮ ਸਿੰਘ ਨੇ ਬੋਲਦੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਨਿਰਨਾਇਕ ਲੜਾਈ ਵਿੱਢੀ ਗਈ ਹੈ ਜਿਸ ਲਈ ਲੋਕਾਂ ਦਾ ਸਾਥ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਆਗੂ ਨੂੰ ਅਪੀਲ ਕੀਤੀ ਹੈ ਕਿ ਉਹ ਵੀ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਵਿੱਚ ਆਪਣਾ ਯੋਗਦਾਨ ਪਾਉਣ। ਧਾਰਮਿਕ ਅਸਥਾਨਾਂ ਉੱਪਰ ਸਵੇਰੇ-ਸ਼ਾਮ ਰੋਜ਼ਾਨਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਣ ਲਈ ਪ੍ਰੇਰਿਤ ਕੀਤਾ ਜਾਵੇ। ਨਸ਼ੇ ਤੋਂ ਪ੍ਰਭਾਵਿਤ ਅਗਰ ਕੋਈ ਵੀ ਵਿਅਕਤੀ ਨਸ਼ੇ ਛੱਡਣਾ ਚਾਹੁੰਦਾ ਹੈ ਤਾਂ ਉਹ ਬੇਝਿਜਕ ਹੋ ਕੇ ਪੁਲਸ ਕੋਲ ਆਵੇ ਜਿਸ ਨੂੰ ਨਸ਼ਾ ਛੁਡਾਊ ਕੇਂਦਰਾਂ ਵਿਖੇ ਭਰਤੀ ਕਰਵਾ ਕੇ ਉਸ ਦਾ ਮੁਫ਼ਤ ਇਲਾਜ ਕਰਵਾਇਆ ਜਾਵੇਗਾ। ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦਾ ਧੰਦਾ ਕਰਨ ਵਾਲੇ ਵਿਅਕਤੀਆਂ ਵਿਰੁੱਧ ਖੁੱਲ ਕੇ ਪੁਲਸ ਨੂੰ ਇਤਲਾਹ ਦੇਣ। ਇਸ ਦੌਰਾਨ, ਮੈਡੀਕਲ ਪ੍ਰੈਕਟੀਸ਼ਨਰ ਅਤੇ ਪਿੰਡ ਦੇ ਲੋਕਾਂ ਨੇ ਪ੍ਰਣ ਲਿਆ ਕਿ ਉਹ ਨਸ਼ਾ ਮੁਕਤੀ ਦੇ ਇਸ ਮਹਾਨ ਅਭਿਆਨ ਵਿੱਚ ਪੁਲਿਸ ਅਤੇ ਪ੍ਰਸ਼ਾਸਨ ਦਾ ਪੂਰਾ ਸਾਥ ਦੇਣਗੇ ਅਤੇ ਆਪਣੇ ਇਲਾਕੇ ਨੂੰ ਨਸ਼ਾ ਮੁਕਤ ਬਣਾਉਣ ਲਈ ਯਤਨਸ਼ੀਲ ਰਹਿਣਗੇ। ਸਰਬ ਸੰਮਤੀ ਨਾਲ ਡਾ. ਦਾਰਾ ਸਿੰਘ ਸੀਨੀਅਰ ਉਪ ਪ੍ਰਧਾਨ, ਡਾ. ਜਤਿੰਦਰ ਕੌਰ ਉਪ ਪ੍ਰਧਾਨ ਤੇ ਡਾ. ਸੀਮਾ ਰਾਣੀ ਨੂੰ ਉਪ ਜਨਰਲ ਸਕੱਤਰ ਚੁਣਿਆ ਗਿਆ ।ਸੈਮੀਨਾਰ ਵਿੱਚ ਸ਼ਾਮਿਲ ਹੋਏ ਸੂਬਾ ਕਮੇਟੀ ਦੇ ਚੇਅਰਮੈਨ ਡਾ. ਦਿਲਦਾਰ ਸਿੰਘ ਚਾਹਲ ,ਤਹਿਸੀਲ ਬਲਾਚੌਰ ਪ੍ਰਧਾਨ ਡਾ. ਤੇਜਿੰਦਰ ਸਿੰਘ ਜੋਤ, ਡਾ. ਬਲਵੀਰ, ਡਾ. ਰਸ਼ਪਾਲ ਸਿੰਘ,ਚੇਅਰਮੈਨ ਲਕਸ਼ਮੀ ਦਾਸ, ਬਗੀਚਾਸਿੰਘ, ਔਰਗਨਾਈਜ਼ਰ ਪਰਸ਼ੋਤਮ ਲਾਲ, , ਜਨਰਲ ਸਕੱਤਰ ਬਲਵੀਰ ਮਾਹੀ, ਖਜਾਨਚੀ ਡਾ ਜਸਵੀਰ ਸਿੰਘ, ਉਪ ਪ੍ਰਧਾਨ ਡਾ ਜੁਝਾਰ ਸਿੰਘ, ਪ੍ਰੈੱਸ ਸਕੱਤਰ ਡਾ. ਗੁਰਬਖਸ਼ ਸਿੰਘ ਸ਼ਾਮਿਲ ਹੋਏ।



# ਅਧਿਆਪਕ ਗ੍ਰਾਂਟਾਂ ਆਉਣ ਤੋਂ ਪਹਿਲਾਂ ਹੀ ਉਸਾਰਨ ਸਕੂਲਾਂ ਦੀਆਂ ਚਾਰਦੀਵਾਰੀਆਂ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸਿੱਖਿਆ ਵਿਭਾਗ ਨੇ ਇੱਕ ਨਵਾਂ ਅਤੇ ਅਨੋਖਾ ਫ਼ਰਮਾਨ ਜਾਰੀ ਕੀਤਾ ਹੈ ਜਿਸ ਅਨੁਸਾਰ ਸਕੂਲਾਂ ਦੇ ਅਧਿਆਪਕ ਗ੍ਰਾਂਟਾਂ ਆਉਣ ਤੋਂ ਪਹਿਲਾਂ ਹੀ ਲੱਖਾਂ ਰੁਪਏ ਖ਼ਰਚ ਕਰਕੇ ਸਕੂਲਾਂ ਵਿੱਚ ਨਵੇਂ ਕਲਾਸਰੂਮ ਅਤੇ ਚਾਰਦੀਵਾਰੀਆਂ ਆਦਿ ਦੀ ਉਸਾਰੀ ਕਰਵਾਉਣਗੇ ਅਤੇ ਫ਼ੇਰ ਪੱਲਿਉਂ ਖ਼ਰਚ ਕੀਤੇ ਇਨ੍ਹਾਂ ਪੈਸਿਆਂ ਦੇ ਬਿੱਲ ਸਿੱਖਿਆ ਵਿਭਾਗ ਦੇ ਦਫ਼ਤਰਾਂ ਵਿੱਚ ਦੇਣਗੇ, ਉਸ ਤੋਂ ਬਾਅਦ ਹੀ ਸਰਕਾਰ ਵਲੋਂ ਗ੍ਰਾਂਟਾਂ ਸਕੂਲਾਂ ਦੇ ਖਾਤਿਆਂ ਵਿੱਚ ਪਾਈਆਂ ਜਾਣਗੀਆਂ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਪੰਜਾਬ (ਡੀ ਟੀ ਐੱਫ਼) ਨੇ ਸਰਕਾਰ ਦੇ ਇਸ ਫ਼ੈਸਲੇ ਪ੍ਰਤੀ ਆਪਣਾ ਵਿਰੋਧ ਜਤਾਇਆ ਹੈ। ਇਸ ਸੰਬੰਧੀ ਜਥੇਬੰਦੀ ਦੇ ਸੂਬਾ ਜੁਆਇੰਟ ਸਕੱਤਰ ਮੁਕੇਸ਼ ਗੁਜਰਾਤੀ, ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਆਦਿ ਆਗੂਆਂ ਨੇ ਕਿਹਾ ਕਿ ਅਧਿਆਪਕ ਸਕੂਲਾਂ ਦੇ ਖਾਤਿਆਂ ਵਿੱਚ ਗ੍ਰਾਂਟਾਂ ਆਉਣ ਤੋਂ ਪਹਿਲਾਂ ਹੀ ਉਸਾਰੀ ਦੇ ਕੰਮ ਕਿਵੇਂ ਸ਼ੁਰੂ ਕਰਵਾ ਸਕਦੇ ਹਨ ਅਤੇ ਉਹ ਦੁਕਾਨਦਾਰਾਂ ਤੋਂ ਅਗਾਊਂ ਬਿੱਲ ਵੀ ਕਿਵੇਂ ਮੰਗਣ ? ਡੀ.ਟੀ.ਐੱਫ਼. ਦੇ ਇੱਕ ਵਫ਼ਦ ਨੇ ਇਸ ਮੁੱਦੇ ਸੰਬੰਧੀ ਜ਼ਿਲ੍ਹਾ ਸਿੱਖਿਆ ਅਫਸਰਾਂ ਦੇ ਨਾਂਅ ਇੱਕ ਮੰਗ ਪੱਤਰ ਦਫ਼ਤਰ ਦੇ ਅਧਿਕਾਰੀਆਂ ਨੂੰ ਸੌਂਪਿਆ।



# ਡਾ. ਅੰਬੇਡਕਰ ਕਾਲਜ ਮੁਖਲਿਆਣਾ 'ਚ ਸ਼ੁਰੂ ਕਰਵਾਏ ਵਿਕਾਸ ਕਾਰਜ

**ਮੇਹਟੀਆਣਾ, ਹੁਸ਼ਿਆਰਪੁਰ (ਜਗਤਾਰ ਸਿੰਘ ਭੁੰਗਰਨੀ, ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਿੱਖਿਆ ਕ੍ਰਾਂਤੀ ਨੂੰ ਨਵੀਆਂ ਉਚਾਈਆਂ ਤੱਕ ਲਿਜਾਣ ਲਈ ਵਚਨਬੱਧ ਹੈ। ਇਹ ਪ੍ਰਗਟਾਵਾ ਵਿਧਾਨ ਸਭਾ ਹਲਕਾ ਚੱਬੇਵਾਲ ਤੋਂ ਆਪ ਦੇ ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਡਾ. ਬੀ.ਆਰ.ਅੰਬੇਡਕਰ ਸਰਕਾਰੀ ਕਾਲਜ ਮੁਖਲਿਆਣਾ ਵਿੱਚ ਸ਼ੁਰੂ ਵੱਖ-ਵੱਖ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਵਾਉਣ ਸਮੇਂ ਕੀਤਾ ਜਿਨ੍ਹਾਂ ਉੱਪਰ ਪੰਜਾਬ ਸਰਕਾਰ ਵੱਲੋਂ 2 ਕਰੋੜ 16 ਲੱਖ ਰੁਪਏ ਖਰਚ ਕੀਤੇ ਜਾਣਗੇ। ਵਿਧਾਇਕ ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਹਲਕੇ ਦੇ ਇਸ ਸਰਕਾਰੀ ਕਾਲਜ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਉੱਥੇ ਹੀ ਆਪ ਦੇ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਵੱਲੋਂ ਲਗਾਤਾਰ ਐੱਮ.ਪੀ.ਫ਼ੰਡ ਵਿੱਚੋਂ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਿਆ ਜਾ ਰਿਹਾ ਹੈ। ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਸਰਕਾਰੀ ਕਾਲਜ ਮੁਖਲਿਆਣਾ ਵਿੱਚ ਇਨਡੋਰ ਸਪੋਰਟਸ ਹਾਲ, ਬਾਸਕਿਟਬਾਲ ਗਰਾਂਊਡ, ਅਥਲੈਟਿਕ ਟਰੈਕ, ਪਾਰਕਿੰਗ, ਸਟੇਜ ਆਦਿ ਦੀ ਉਸਾਰੀ ਕਰਵਾਈ ਜਾਵੇਗੀ ਅਤੇ ਇਸ ਉਪਰੰਤ ਕਾਲਜ ਅੰਦਰ ਹੋਰ ਵੀ ਜਿਹੜੀਆਂ ਸਹੂਲਤਾਂ ਦੀ ਲੋੜ ਪਵੇਗੀ ਉਹ ਸਭ ਮੁਹੱਈਆ ਕਰਵਾਈਆਂ ਜਾਣਗੀਆਂ। ਡਾ. ਇਸ਼ਾਂਕ ਕੁਮਾਰ ਚੱਬੇਵਾਲ ਨੇ ਕਿਹਾ ਕਿ ਕਾਲਜ ਅੰਦਰ ਹੋਰ ਵੀ ਲੈਕਚਰਾਰਾਂ ਦੀ ਨਿਯੁਕਤੀ ਕਰਵਾਈ ਜਾ ਰਹੀ ਹੈ ਅਤੇ ਇਸ ਦੇ ਨਾਲ ਹੀ ਇੱਥੇ ਆਈ.ਟੀ.ਆਈ.ਦੇ ਕੋਰਸ ਸ਼ੁਰੂ ਕਰਵਾਉਣ ਲਈ ਵੀ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ।



# ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ ਭਲਕੇ ਪੰਜਾਬ ਭਰ 'ਚ ਡੀ ਸੀਜ਼ ਨੂੰ ਦਿੱਤੇ ਜਾਣਗੇ ਮੰਗ ਪੱਤਰ : ਨਾਹਰ, ਦਾਊਦ

**ਜਲੰਧਰ (ਰਾਜੇਸ਼ ਥਾਪਾ)**- ਦਿਹਾਤੀ ਮਜ਼ਦੂਰ ਸਭਾ ਦੀ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਸੂਬਾ ਪ੍ਰਧਾਨ ਦਰਸ਼ਨ ਨਾਹਰ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਵਿੱਚ ਸੂਬਾ ਜਨਰਲ ਸਕੱਤਰ ਗੁਰਨਾਮ ਸਿੰਘ ਦਾਊਦ ਨੇ ਦੇਸ਼ ਦੀ ਅਤੇ ਪੰਜਾਬ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਮੀਟਿੰਗ ਦੇ ਫੈਸਲੇ ਪ੍ਰੈੱਸ ਨੂੰ ਜਾਰੀ ਕਰਦਿਆਂ ਪ੍ਰੈੱਸ ਸਕੱਤਰ ਬਲਦੇਵ ਸਿੰਘ ਨੂਰਪੁਰੀ ਨੇ ਦੱਸਿਆ ਕਿ ਮੀਟਿੰਗ ਵਿੱਚ ਮਜ਼ਦੂਰ ਮੰਗਾਂ ਜਿਨ੍ਹਾਂ ਵਿਚ ਹੜਾਂ/ਬਾਰਸ਼ਾਂ ਨਾਲ ਹੋਏ ਭਾਰੀ ਨੁਕਸਾਨ ਦੇ ਫੌਰੀ ਮੁਆਵਜ਼ੇ, ਅਤੇ ਨਰੇਗਾ ਕਾਮਿਆਂ ਨੂੰ ਰੈਗੂਲਰ ਕੰਮ, ਬੇਘਰਿਆਂ ਨੂੰ ਪਲਾਟ ਤੇ ਮਕਾਨ ਬਣਾਉਣ ਲਈ ਗਰਾਂਟ, ਕਰਜ਼ੇ ਦੀ ਮੁਆਫੀ ਆਦਿ ਦੀ ਪ੍ਰਾਪਤੀ ਲਈ ਲਗਾਤਾਰ ਸੰਘਰਸ਼ ਪ੍ਰੋਗਰਾਮ ਉਲੀਕਿਆ ਗਿਆ ਅਤੇ ਜਥੇਬੰਦੀ ਨੂੰ ਮਜਬੂਤ ਕਰਨ ਲਈ ਅਹਿਮ ਵਿਚਾਰਾਂ ਕੀਤੀਆਂ ਗਈਆਂ। ਹੜਾਂ/ ਬਾਰਸ਼ਾਂ ਨਾਲ ਹੋਏ ਭਾਰੀ ਨੁਕਸਾਨ ਦੇ ਮੁਆਵਜ਼ੇ ਲਈ ਅਤੇ ਮਜ਼ਦੂਰ ਮੰਗਾਂ ਦੀ ਪ੍ਰਾਪਤੀ ਲਈ 13 ਨਵੰਬਰ ਨੂੰ ਪੰਜਾਬ ਵਿੱਚ ਸਾਰੇ ਡੀ ਸੀਜ਼ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਨੂੰ ਮਜ਼ਦੂਰ ਮੰਗਾਂ ਦੇ ਮੰਗ ਪੱਤਰ ਸੌਂਪੇ ਜਾਣਗੇ ਤੇ ਜਨਵਰੀ ਮਹੀਨੇ ਵਿੱਚ ਪੰਜਾਬ ਭਰ ਵਿੱਚ ਜ਼ਿਲ੍ਹਿਆਂ ਦੀਆਂ ਜਨਰਲ ਬਾਡੀ ਮੀਟਿੰਗਾਂ ਕੀਤੀਆਂ ਜਾਣਗੀਆਂ ਇਹਨਾਂ ਮੀਟਿੰਗਾਂ ਵਿੱਚ ਯੂਨਿਟ ਪੱਧਰ ਤੋਂ ਲੈ ਕੇ ਏਰੀਆ/ ਤਹਿਸੀਲ/ ਜ਼ਿਲ੍ਹਾ ਅਤੇ ਸਭਾ ਦੇ ਸੂਬਾਈ ਅਹੁਦੇਦਾਰ ਸ਼ਾਮਿਲ ਹੋਣਗੇ। ਸਾਥੀ ਨੂਰਪੁਰੀ ਨੇ ਅੱਗੇ ਦੱਸਿਆ ਫਰਵਰੀ 2026 ਵਿੱਚ ਪੰਜਾਬ ਭਰ ਵਿੱਚ ਸੂਬਾਈ ਟੀਮ ਵੱਲੋਂ ਜੱਥਾ ਮਾਰਚ ਕਰਕੇ ਕਿਰਤੀਆਂ ਨੂੰ ਜਾਗਰੂਕ ਕੀਤਾ ਜਾਵੇਗਾ ਅਤੇ ਅਪ੍ਰੈਲ ਦੇ ਪਹਿਲੇ ਹਫਤੇ ਦਿਹਾਤੀ ਮਜ਼ਦੂਰਾਂ ਦੀ ਸੂਬਾ ਪੱਧਰੀ ਰੈਲੀ ਜਲੰਧਰ ਵਿੱਚ ਕੀਤੀ ਜਾਵੇਗੀ ਜਿਸ ਵਿੱਚ ਪੰਜਾਬ ਭਰ ਚੋਂ ਹਜ਼ਾਰਾਂ ਮਜ਼ਦੂਰ ਪਰਿਵਾਰਾਂ ਸਮੇਤ ਸ਼ਾਮਿਲ ਹੋਣਗੇ।



# ਸ੍ਰੀ ਗੁਰੂ ਤੇਗ ਬਹਾਦਰ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸੈਮੀਨਾਰ

**ਆਦਮਪੁਰ (ਪਰਮਜੀਤ ਸਿੰਘ)**- ਸੰਤ ਬਾਬਾ ਮਲਕੀਤ ਸਿੰਘ (ਬਾਨੀ ਚਾਂਸਲਰ) ਅਤੇ ਸੰਤ ਬਾਬਾ ਦਿਲਾਵਰ ਸਿੰਘ (ਬ੍ਰਹਮ ਜੀ) ਦੇ ਆਸ਼ੀਰਵਾਦ ਨਾਲ, ਮਾਣਯੋਗ ਚਾਂਸਲਰ ਸੰਤ ਮਨਮੋਹਨ ਸਿੰਘ ਦੀ ਪ੍ਰੇਰਨਾ ਨਾਲ ਅਤੇ ਉਪ-ਕੁਲਪਤੀ ਡਾ.ਧਰਮਜੀਤ ਸਿੰਘ ਪਰਮਾਰ ਤੇ ਹਰਦਮਨ ਸਿੰਘ ਮਿਨਹਾਸ (ਸਕੱਤਰ) ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 355 ਸ਼ਹੀਦੀ ਦਿਹਾੜੇ ਨੂੰ ਸਮਰਪਿਤ 10 ਨਵੰਬਰ ਤੋਂ 14 ਨਵੰਬਰ ਤੱਕ ਲੈਕਚਰ / ਸੈਮੀਨਾਰ ਲੜੀ ਉਲੀਕੀ ਗਈ ਹੈ ਜੋ ਕਿ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵੱਲੋਂ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਉਲੀਕੀ ਗਈ ਹੈ। ਇਸ 'ਚ ਯੂਨੀਵਰਸਿਟੀ ਇੰਸਟੀਚਿਊਟ ਆਫ ਹਿਊਮੈਨੀਟੀਜ਼ ਅਤੇ ਸੰਤ ਬਾਬਾ ਮਲਕੀਤ ਸਿੰਘ ਯਾਦਗਾਰੀ ਚੇਅਰ ਵੱਲੋਂ ਸਾਂਝਾ ਉਦਮ ਕੀਤਾ ਗਿਆ ਹੈ। ਇਸੇ ਉਦੇਸ਼ ਨਾਲ ਸੈਮੀਨਾਰ ਦੇ ਦੂਸਰੇ ਦਿਨ ਮੁੱਖ ਮਹਿਮਾਨ ਵਜੋਂ ਸ. ਬਲਜਿੰਦਰ ਸਿੰਘ ਚੀਫ ਆਰਗਨਾਈਜ਼ਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸ਼ਾਮਿਲ ਹੋਏ। ਉਨ੍ਹਾਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਮਨੁੱਖਤਾ, ਧਰਮ ਤੇ ਸੱਚਾਈ ਲਈ ਦਿੱਤਾ ਗਿਆ ਅਨੋਖਾ ਯੋਗਦਾਨ ਕਰਾਰ ਦਿੱਤਾ। ਉਹਨਾਂ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ ਗੁਰੂ ਤੇਗ ਬਹਾਦਰ ਜੀ ਦੇ ਆਦਰਸ਼ਾਂ ਨੂੰ ਆਪਣੇ ਜੀਵਨ ਵਿਚ ਉਤਾਰ ਕੇ ਸੱਚੇ ਵਿਦਿਆਰਥੀ ਬਣਨ।ਇਸ ਮੌਕੇ 'ਤੇ ਡਾ. ਰਜਿੰਦਰ ਕੁਮਾਰ, ਰਜਿਸਟਰਾਰ, ਡਾ. ਵਿਜੈ ਧੀਰ, ਡੀਨ ਅਕਾਦਮਿਕ, ਸ. ਰੂਪ ਸਿੰਘ ਡਿਪਟੀ ਰਜਿਸਟਰਾਰ, ਡਾ. ਅਨੀਤ ਕੁਮਾਰ,ਵੱਖ-ਵੱਖ ਵਿਭਾਗਾਂ ਦੇ ਡੀਨ, ਮੁਖੀ, ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ। ਡਾ ਸੁਰਿੰਦਰ ਕੁਮਾਰ ਅਸਿਸਟੈਂਟ ਪ੍ਰੋਫ਼ੈਸਰ ਪੰਜਾਬੀ ਵਿਭਾਗ ਨੇ ਧੰਨਵਾਦੀ ਸ਼ਬਦ ਆਖੇ । ਇਸ ਮੌਕੇ ਡਾ. ਅਨੀਤਾ ਰਾਣੀ ਨੇ ਮੰਚ ਸੰਚਾਲਨ ਦੀ ਭੂਮਿਕਾ ਬਾਖ਼ੂਬੀ ਨਿਭਾਈ।

